ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

24-30 ਜੂਨ 2026

ਸਾਲ 17ਵਾਂ - ਅੰਕ 26
email : info@sadelok.com
510-706-1300

## ਕੈਨੇਡਾ ਦੇ ਪਾਰਲੀਮੈਂਟ ਮੈਂਬਰ ਲੀ ਤਰਲਾਮਿਸ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

(ਬਾਕੀ ਸਫ਼ਾ 28 'ਤੇ)



COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
TSP
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732

(ਬਾਕੀ ਸਫ਼ਾ 28 'ਤੇ)

# ਇੰਡੋ-ਯੂਐਸ ਟਰੇਡ ਡੀਲ ਖ਼ਿਲਾਫ਼ ਕਿਸਾਨਾਂ ਦਾ ਭਾਰੀ ਰੋਸ ਮੁਜ਼ਾਹਰਾ

### ਅੰਮ੍ਰਿਤਸਰ 'ਚ 'ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ' ਵੱਲੋਂ ਜ਼ੋਰਦਾਰ ਰੋਸ ਮਾਰਚ ਅਤੇ ਨਾਅਰੇਬਾਜ਼ੀ

ਅੰਮ੍ਰਿਤਸਰ : ਭਾਰਤ ਅਤੇ ਅਮਰੀਕਾ ਵਿਚਾਲੇ ਹੋਣ ਵਾਲੇ ਸੰਭਾਵਿਤ ਵਪਾਰਕ ਸਮਝੌਤੇ (Indo-US Trade Deal) ਖ਼ਿਲਾਫ਼ ਕਿਸਾਨਾਂ ਨੇ ਇੱਕ ਵਾਰ ਫਿਰ ਤਿੱਖਾ ਰੁਖ਼ ਅਖਤਿਆਰ ਕਰ ਲਿਆ ਹੈ। ਬੁੱਧਵਾਰ ਨੂੰ ਪੰਜਾਬ ਦੇ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਵਿਖੇ 'ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ' (Kisan Mazdoor Sangharsh Committee) ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਇੱਕ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ ਅਤੇ



ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

ਖੇਤੀਬਾੜੀ ਸੈਕਟਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦਾ ਖ਼ਦਸ਼ਾ : ਰੋਸ ਪ੍ਰਦਰਸ਼ਨ ਦੌਰਾਨ ਕਿਸਾਨ

(ਦੇਖੋ ਸਫ਼ਾ 32 'ਤੇ)

## ਪੰਜਾਬੀ ਛਾ ਗਏ ਓਏ
## ਲਾਸ ਏਂਜਲਸ ਨੇ 6 ਜਨਵਰੀ 2027 ਨੂੰ 'ਦਿਲਜੀਤ ਦੋਸਾਂਝ ਦਿਵਸ' ਐਲਾਨਿਆ

ਲਾਸ ਏਂਜਲਸ : ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੀਆਂ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਹੈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਵਿਸ਼ਵ ਪੱਧਰ 'ਤੇ ਪਛਾਣ ਦਿਵਾਉਣ ਵਾਲੇ ਇਸ ਪੰਜਾਬੀ ਕਲਾਕਾਰ ਨੇ ਹੁਣ ਇੱਕ ਹੋਰ ਵੱਡੀ

(ਦੇਖੋ ਸਫ਼ਾ 7 'ਤੇ)



ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਦੁਨੀਆ ਭਰ ਵਿੱਚ ਪਹੁੰਚਾਉਣ ਲਈ ਮਿਲੀ ਵਿਸ਼ੇਸ਼ ਮਾਨਤਾ

## ਸ੍ਰੀ ਹਜ਼ੂਰ ਸਾਹਿਬ ਐਕਟ 1956 ਰੱਦ ਕਰਨ ਦਾ ਪ੍ਰਸਤਾਵ ਮਨਜ਼ੂਰ

### ਜਥੇਦਾਰ ਗਿਆਨੀ ਕੁਲਵੰਤ ਸਿੰਘ ਤੇ ਹੋਰ ਧਾਰਮਿਕ ਸ਼ਖਸੀਅਤਾਂ ਨੇ ਪ੍ਰਗਟਾਈ ਅਸਹਿਮਤੀ



ਚੰਡੀਗੜ੍ਹ : ਮਹਾਰਾਸ਼ਟਰ ਸਰਕਾਰ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਨ ਵਿੱਚ ਵੱਡੀ ਤਬਦੀਲੀ ਲਈ ਤਿਆਰੀ ਖਿੱਚ

(ਦੇਖੋ ਸਫ਼ਾ 18 'ਤੇ)

# ਵੈਨੇਜ਼ੁਏਲਾ 'ਚ ਆਏ ਭਿਆਨਕ ਭੂਚਾਲ ਕਾਰਨ ਭਾਰੀ ਤਬਾਹੀ

### ਰਾਜਧਾਨੀ ਕਾਰਾਕਸ ਸਮੇਤ ਕਈ ਸ਼ਹਿਰਾਂ 'ਚ ਇਮਾਰਤਾਂ ਡਿੱਗੀਆਂ; ਵੱਡੀ ਗਿਣਤੀ 'ਚ ਜਾਨੀ ਨੁਕਸਾਨ ਦਾ ਖ਼ਦਸ਼ਾ




**ਕਾਰਾਕਸ (ਵੈਨੇਜ਼ੁਏਲਾ):** ਦੱਖਣੀ ਅਮਰੀਕੀ ਦੇਸ਼ ਵੈਨੇਜ਼ੁਏਲਾ ਵਿੱਚ ਆਏ ਲਗਾਤਾਰ ਦੋ ਸ਼ਕਤੀਸ਼ਾਲੀ ਅਤੇ ਭਿਆਨਕ ਭੂਚਾਲਾਂ ਕਾਰਨ ਵੱਡੀ ਤਬਾਹੀ ਮਚੀ ਹੈ। ਯੂ.ਐੱਸ. ਜੀਓਲੋਜੀਕਲ ਸਰਵੇ (USGS) ਮੁਤਾਬਕ ਪਹਿਲਾਂ ਰਾਜਧਾਨੀ ਕਾਰਾਕਸ ਤੋਂ ਲਗਭਗ 160 ਕਿਲੋਮੀਟਰ (100 ਮੀਲ) ਪੱਛਮ ਵੱਲ 7.2 ਤੀਬਰਤਾ ਦਾ ਜ਼ੋਰਦਾਰ ਭੂਚਾਲ ਆਇਆ ਅਤੇ ਉਸ ਤੋਂ ਇੱਕ ਮਿੰਟ ਤੋਂ ਵੀ ਘੱਟ ਸਮੇਂ ਦੇ ਅੰਦਰ 7.5 ਤੀਬਰਤਾ ਦਾ ਦੂਜਾ ਭਿਆਨਕ ਝਟਕਾ ਮਹਿਸੂਸ ਕੀਤਾ ਗਿਆ। ਭੂਚਾਲ ਦੇ ਇਨ੍ਹਾਂ ਤੇਜ਼ ਝਟਕਿਆਂ ਕਾਰਨ ਰਾਜਧਾਨੀ ਕਾਰਾਕਸ ਅਤੇ ਆਲੇ-ਦੁਆਲੇ ਦੇ ਕਈ ਖੇਤਰਾਂ ਵਿੱਚ ਵੱਡੀਆਂ ਇਮਾਰਤਾਂ ਢਹਿ-ਢੇਰੀ ਹੋ ਗਈਆਂ ਹਨ, ਜਿਸ ਕਾਰਨ ਸੈਂਕੜੇ ਲੋਕ ਮਲਬੇ ਹੇਠ ਦੱਬੇ ਗਏ ਹਨ।

**ਸ਼ੁਰੂਆਤੀ ਅੰਕੜੇ:** ਇਮਾਰਤਾਂ ਦੇ ਡਿੱਗਣ ਕਾਰਨ ਹੁਣ ਤੱਕ ਘੱਟੋ-ਘੱਟ 32 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 700 ਤੋਂ ਵੱਧ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ।

**USGS ਦੀ ਚੇਤਾਵਨੀ:** ਹਾਲਾਂਕਿ ਅਧਿਕਾਰਤ ਤੌਰ 'ਤੇ ਨੁਕਸਾਨ ਦੇ

(ਦੇਖੋ ਸਫ਼ਾ 31 'ਤੇ)

## ਚੰਡੀਗੜ੍ਹ ਦੀਆਂ ਗਲੀਆਂ 'ਚ ਸਫ਼ਾਈ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਸਾਬਕਾ ਡੀਆਈਜੀ ਸ. ਇੰਦਰਜੀਤ ਸਿੰਘ ਸਿੱਧੂ (ਆਈਪੀਐਸ) ਸਮੇਤ ਕਈ ਉਘੀਆਂ ਸ਼ਖਸੀਅਤਾਂ ਦਾ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵਲੋਂ 'ਪਦਮ ਸ੍ਰੀ' ਨਾਲ ਸਨਮਾਨ



ਸ. ਇੰਦਰਜੀਤ ਸਿੰਘ ਸਿੱਧੂ

ਨਵੀਂ ਦਿੱਲੀ : ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ 23 ਜੂਨ ਨੂੰ ਨਵੀਂ ਦਿੱਲੀ ਸਥਿਤ ਰਾਸ਼ਟਰਪਤੀ ਭਵਨ ਵਿੱਚ ਆਯੋਜਿਤ ਸਮਾਰੋਹ ਦੌਰਾਨ ਤਿੰਨ ਭਾਰਤੀ-ਅਮਰੀਕੀ ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਇਸ ਸਾਲ ਪ੍ਰਸਿੱਧ

(ਦੇਖੋ ਸਫ਼ਾ 29 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, I-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USTAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno, CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜ਼ਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮੈਰੀਕਨ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਅਮਨਜੋਤ ਨੇ ਮਾਰੀਆਂ ਮੱਲਾਂ

## ਪੰਜਾਬੀ ਭਾਈਚਾਰੇ ਦਾ ਵਧਾਇਆ ਮਾਣ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਆਪਣੀ ਛੋਟੀ ਉਮਰੇ ਐਲੀਮੈਂਟਰੀ ਸਕੂਲ ਵਿੱਚ ਪੜ੍ਹਦਿਆਂ ਅਮਰੀਕਾ ਦਾ ਜੰਮਪਲ ਅਮਨਜੋਤ ਸਿੰਘ ਆਪਣੇ ਪਿਤਾ ਗਾਇਕ ਅਤੇ ਅਦਾਕਾਰ ਬਾਈ ਸੁਰਜੀਤ ਦੀ ਪ੍ਰੇਰਨਾ ਸਦਕਾ ਪੰਜਾਬੀ ਗਾਇਕੀ ਅਤੇ ਸੱਭਿਆਚਾਰਕ ਸਟੇਜਾਂ ਦਾ ਮਾਣ ਬਣਿਆ। ਜਿਸ ਨੇ ਬੱਬੂ ਮਾਨ, ਕਨਵਰ ਗਰੇਵਾਲ ਅਤੇ ਹੋਰ ਵੱਡੇ-ਵੱਡੇ ਗਾਇਕਾਂ ਦੀਆਂ ਸਟੇਜਾਂ ਤੋਂ ਛੋਟੀ ਉਮਰੇ ਆਪਣੀ ਗਾਇਕੀ ਨਾਲ ਨਿਮਾਣਾ ਖੱਟਿਆ।



ਪਰ ਇਸ ਦੇ ਨਾਲ-ਨਾਲ ਸਕੂਲ ਵਿੱਚ ਪੜਦਿਆਂ ਆਪਣੇ ਅਧਿਆਪਕਾਂ ਅਤੇ ਯੋਗ ਕੋਚਾਂ ਦੀ ਅਗਵਾਈ ਅੰਦਰ ਬਾਕਸਿੰਗ ਨੂੰ ਵੀ ਆਪਣਾ ਸ਼ੌਕ ਬਣਾ ਲਿਆ। ਹੁਣ ਗਾਇਕੀ ਦੀਆਂ ਸੁਰਾਂ ਤੋਂ ਬਾਅਦ ਅਮੈਰੀਕਨ ਬਾਕਸਿੰਗ ਵਿੱਚ ਆਪਣੇ ਪੰਚਾਂ ਰਾਹੀਂ ਮਾਸਟਰ ਅਮਨਜੋਤ ਨੇ ਹੋਏ ਟੂਰਨਾਮੈਂਟ ਦੌਰਾਨ ਮੱਲਾਂ ਮਾਰ ਪੰਜਾਬੀ ਭਾਈਚਾਰੇ ਦਾ ਨਾਂ ਚਮਕਾਇਆ।

ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਦੇ "ਸਿਟੀ ਕਾਲਜ਼" ਵਿੱਚ ਹੋਏ ਬਾਕਸਿੰਗ ਚੈਂਪੀਅਨਸ਼ਿਪ ਮੁਕਾਬਲਿਆਂ ਦੌਰਾਨ 18 ਸਾਲ ਤੱਕ ਉਮਰ ਦੇ ਵਰਗ ਵਿੱਚ ਆਪ ਤੋਂ ਵਡੇਰੀ ਉਮਰ ਦੇ ਅਮੈਰੀਕਨ ਗੋਰੇ ਖਿਡਾਰੀ ਨੂੰ ਹਰਾ ਕੇ ਜਿੱਤ ਹਾਸਲ ਕਰਦੇ ਹੋਏ, ਚੈਂਪੀਅਨਸ਼ਿਪ ਦੀ ਟਰਾਫੀ ਆਪਣੇ ਨਾਂ ਦਰਜ਼ ਕਰਵਾ ਕੇ ਪੰਜਾਬੀਅਤ ਦਾ ਮਾਣ ਵਧਾਇਆ। ਇਸ ਸਮੇਂ ਅਮਨਜੋਤ ਦੀ ਉਮਰ 15 ਸਾਲ ਹੈ ਅਤੇ ਇਹ ਬਾਕਸਿੰਗ ਵਿੱਚ ਬਹੁਤ ਮਹਾਰਤ ਰੱਖਦਾ ਹੈ। ਜੋ ਰੋਜ਼ਾਨਾ ਮਾਹਰ ਕੋਚਾਂ ਦੀ ਅਗਵਾਈ ਅਧੀਨ ਪੜਾਈ ਦੇ ਨਾਲ-ਨਾਲ ਬਾਕਸਿੰਗ ਦੀ ਕੋਚਿੰਗ ਵੀ ਲੈ ਰਿਹਾ ਹੈ। ਭਵਿੱਖ ਬਾਰੇ ਪੁੱਛਣ 'ਤੇ ਉਸਨੇ ਦੱਸਿਆ ਕਿ ਉਹ ਆਪਣੇ ਬਾਕਸਿੰਗ ਦੇ ਇਸ ਪੈਸ਼ਨ (ਸ਼ੌਕ) ਨੂੰ ਪ੍ਰੋਫੈਸ਼ਨ ਵਿੱਚ ਜ਼ਰੂਰ ਬਦਲੇਗਾ। ਉਸਨੇ ਨਾਂਮਵਰ ਬਾਕਸਿੰਗ ਖਿਡਾਰੀਆਂ ਦਾ ਨਾਂ ਲੈਂਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਕਿਵੇਂ ਉੱਚੇ ਮੁਕਾਮ ਹਾਸਲ ਕੀਤੇ ਅਤੇ ਦੁਨੀਆਂ ਉਨ੍ਹਾਂ ਨੂੰ ਜਾਣਦੀ ਹੈ। ਇਸ ਟੂਰਨਾਮੈਂਟ ਨੂੰ ਦੇਖਣ ਲਈ ਪੰਜਾਬੀ ਭਾਈਚਾਰੇ ਦੀਆਂ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ।

ਪੰਜਾਬ ਤੋਂ ਅਮਨਜੋਤ ਇਤਿਹਾਸਕ ਸ਼ਹਿਰ ਮਾਛੀਵਾੜਾ ਸਾਹਿਬ ਨਾਲ ਸਬੰਧਤ ਹੈ। ਜਿੱਥੇ ਉਸ ਦੇ ਦਾਦਾ ਸ. ਰਾਮ ਸਿੰਘ ਲੰਮਾ ਸਮਾਂ ਭਾਰਤੀ ਫੌਜ ਵਿੱਚ ਕੈਪਟਨ ਰਹੇ ਅਤੇ ਹੁਣ ਬਤੌਰ ਸਮਾਜਸੇਵੀ ਸੇਵਾਵਾਂ ਨਿਭਾ ਰਹੇ ਹਨ। ਜਦ ਕਿ ਉਸ ਤਾਇਆਂ ਸ. ਸੁਖਦੇਵ ਸਿੰਘ ਬਿੱਟੂ ਇੰਨਸਪੈਕਟਰ ਨਗਰ ਕੌਂਸਲ ਵਜੋਂ ਸੇਵਾਵਾਂ ਨਿਭਾ ਰਿਹਾ ਹੈ। ਅਸੀਂ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਉਸਦੇ ਸੁਨਹਿਰੇ ਭਵਿੱਖ ਲਈ ਕਾਮਨਾਵਾਂ ਭੇਜਦੇ ਹਾਂ ਕਿ ਇਹ ਆਪਣੇ ਬਾਕਸਿੰਗ ਦੀ ਖੇਡ ਨੂੰ ਹੋਰ ਮਜ਼ਬੂਤ ਬਣਾਵੇ ਅਤੇ ਪੰਜਾਬੀ ਭਾਈਚਾਰੇ ਦਾ ਨਾਂ ਚਮਕਾਵੇ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜ਼ਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium




Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com






Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਗ੍ਰੀਨ ਕਾਰਡ ਨੂੰ ਲੈਕੇ ਅਮਰੀਕਾ ਨੇ ਕੀਤਾ ਵੱਡਾ ਬਦਲਾਅ

## ਟਰੰਪ ਪ੍ਰਸ਼ਾਸਨ ਦੀ ਸਖ਼ਤੀ ਤੋਂ ਹੈਰਾਨ ਰਹਿ ਗਏ ਲੋਕ

ਵਾਸ਼ਿੰਗਟਨ ਡੀ.ਸੀ. : ਅਮਰੀਕਾ ਵਿਚ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਲੇ ਲੱਖਾਂ ਇਮੀਗ੍ਰੈਂਟਾਂ ਲਈ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼) ਵੱਲੋਂ ਜਾਰੀ ਕੀਤੇ ਗਏ ਇੱਕ ਨਵੇਂ ਨੀਤੀ ਮੈਮੋ ਨੇ ਇਮੀਗ੍ਰੇਸ਼ਨ ਵਕੀਲਾਂ, ਕਾਰੋਬਾਰੀ ਵਰਗ ਅਤੇ ਪਰਿਵਾਰ-ਆਧਾਰਿਤ ਗ੍ਰੀਨ ਕਾਰਡ ਅਰਜ਼ੀਕਾਰਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ।

"Adjustment of Status as a Matter of Discretion and Administrative Grace" ਨਾਮਕ ਇਸ ਮੈਮੋ ਵਿਚ ਐਡਜਸਮੈਂਟ ਆਫ ਸਟੇਟਸ (ਏ.ਓ.ਐੱਸ.) ਨੂੰ ਇੱਕ ਆਮ ਕਾਨੂੰਨੀ ਹੱਕ ਦੀ ਬਜਾਏ ਇੱਕ ਵਿਸ਼ੇਸ਼ ਰਾਹਤ (ਅਸਾਧਾਰਨ ਉਪਾਅ) ਵਜੋਂ ਦਰਸਾਇਆ ਗਿਆ ਹੈ। ਐਡਜਸਮੈਂਟ ਆਫ ਸਟੇਟਸ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਅਮਰੀਕਾ ਵਿਚ ਮੌਜੂਦ ਯੋਗ ਵਿਅਕਤੀ ਦੇਸ਼ ਛੱਡੇ ਬਿਨਾਂ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਅਰਜ਼ੀ ਦੇ ਸਕਦੇ ਹਨ।




ਕਈ ਦਹਾਕਿਆਂ ਤੋਂ ਇਹ ਪ੍ਰਕਿਰਿਆ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦਾ ਇੱਕ ਸਾਧਾਰਨ ਹਿੱਸਾ ਰਹੀ ਹੈ। ਜੇ ਕੋਈ ਵਿਅਕਤੀ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਦਾਖਲ ਹੋਇਆ ਹੋਵੇ ਅਤੇ ਗ੍ਰੀਨ ਕਾਰਡ ਲਈ ਯੋਗ ਹੋਵੇ, ਤਾਂ ਉਹ ਆਪਣੇ ਪਰਿਵਾਰ ਅਤੇ ਨੌਕਰੀ ਨਾਲ ਜੁੜਿਆ ਰਹਿੰਦੇ ਹੋਏ ਇੱਥੇ ਹੀ ਆਪਣੀ ਅਰਜ਼ੀ ਦੀ ਪ੍ਰਕਿਰਿਆ ਪੂਰੀ ਕਰ ਸਕਦਾ ਸੀ। ਪਰ ਨਵੇਂ ਮੈਮੋ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਹੁਣ ਯੂ.ਐੱਸ.ਸੀ.ਆਈ.ਐੱਸ. ਅਧਿਕਾਰੀਆਂ ਨੂੰ ਇਹ ਹਦਾਇਤ ਦਿੱਤੀ ਜਾ ਰਹੀ ਹੈ ਕਿ ਉਹ ਐਡਜਸਮੈਂਟ ਆਫ ਸਟੇਟਸ ਨੂੰ ਆਮ ਨਿਯਮ ਨਹੀਂ, ਸਗੋਂ ਇੱਕ ਅਪਵਾਦ ਵਜੋਂ ਵੇਖਣ।

ਇਸਦਾ ਅਰਥ ਇਹ ਹੋ ਸਕਦਾ ਹੈ ਕਿ ਕਈ ਅਰਜ਼ੀਕਾਰਾਂ ਨੂੰ ਅਮਰੀਕਾ ਛੱਡ ਕੇ ਆਪਣੇ ਦੇਸ਼ ਵਾਪਸ ਜਾਣਾ ਪਵੇ ਅਤੇ ਉੱਥੇ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਰਾਹੀਂ ਇਮੀਗ੍ਰੈਂਟ ਵੀਜ਼ਾ ਪ੍ਰਕਿਰਿਆ ਪੂਰੀ ਕਰਨੀ ਪਵੇ, ਜਿਸਨੂੰ ਕੌਂਸਲਰ ਪ੍ਰੋਸੈਸਿੰਗ ਕਿਹਾ ਜਾਂਦਾ ਹੈ।

ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ ਦੇ ਪ੍ਰਧਾਨ ਜੈਫ ਜੋਸਫ ਨੇ ਇਸ ਮੈਮੋ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਐਡਜਸਮੈਂਟ ਆਫ ਸਟੇਟਸ ਕੋਈ ਅਸਾਧਾਰਨ ਰਾਹਤ "ਨਹੀਂ ਹੈ। ਉਨ੍ਹਾਂ ਅਨੁਸਾਰ ਇਹ ਪ੍ਰਕਿਰਿਆ ਕਾਂਗਰਸ ਵੱਲੋਂ ਇਮੀਗ੍ਰੇਸ਼ਨ ਐਂਡ ਨੈਸ਼ਨੇਲਿਟੀ ਐਕਟ ਦੀ ਧਾਰਾ 245 ਵਿਚ ਸਪੱਸ਼ਟ ਤੌਰ 'ਤੇ ਪ੍ਰਦਾਨ ਕੀਤੀ ਗਈ ਹੈ ਅਤੇ ਇਹ ਕਈ ਦਹਾਕਿਆਂ ਤੋਂ ਲਾਗੂ ਹੈ।

ਇਸ ਨਵੇਂ ਮੈਮੋ ਦਾ ਸਭ ਤੋਂ ਵੱਡਾ ਅਸਰ ਉਨ੍ਹਾਂ ਲੋਕਾਂ 'ਤੇ ਪੈ ਸਕਦਾ ਹੈ, ਜੋ ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਕੇ ਗ੍ਰੀਨ ਕਾਰਡ ਲੈਣਾ ਚਾਹੁੰਦੇ ਹਨ। ਉਦਾਹਰਨ ਵਜੋਂ, ਜੇ ਕੋਈ ਵਿਅਕਤੀ ਵਿਦਿਆਰਥੀ ਜਾਂ ਟੂਰਿਸਟ ਵੀਜ਼ੇ 'ਤੇ ਅਮਰੀਕਾ ਆਇਆ ਸੀ ਅਤੇ ਬਾਅਦ ਵਿਚ ਉਸਦਾ ਵਿਆਹ ਇੱਕ ਅਮਰੀਕੀ ਨਾਗਰਿਕ ਨਾਲ ਹੋ ਗਿਆ, ਤਾਂ ਪਹਿਲਾਂ ਉਹ ਆਮ ਤੌਰ 'ਤੇ ਅਮਰੀਕਾ ਅੰਦਰ ਹੀ ਐਡਜਸਮੈਂਟ ਆਫ ਸਟੇਟਸ ਰਾਹੀਂ ਗ੍ਰੀਨ ਕਾਰਡ ਲੈ ਸਕਦਾ ਸੀ। ਹੁਣ ਇਮੀਗ੍ਰੇਸ਼ਨ ਮਾਹਿਰਾਂ ਨੂੰ ਚਿੰਤਾ ਹੈ ਕਿ ਅਜਿਹੇ ਲੋਕਾਂ ਨੂੰ ਆਪਣੇ ਦੇਸ਼ ਵਾਪਸ ਜਾ ਕੇ ਕੌਂਸਲਰ ਪ੍ਰੋਸੈਸਿੰਗ ਕਰਨ ਲਈ ਕਿਹਾ ਜਾ ਸਕਦਾ ਹੈ।

ਇਸ ਸਥਿਤੀ ਨਾਲ ਇੱਕ ਵੱਡੀ ਸਮੱਸਿਆ ਪੈਦਾ ਹੋ ਸਕਦੀ ਹੈ। ਜੇ ਕਿਸੇ ਵਿਅਕਤੀ ਨੇ ਇੱਕ ਸਾਲ ਤੋਂ ਵੱਧ ਸਮਾਂ ਵੀਜ਼ਾ ਮਿਆਦ ਤੋਂ ਬਾਅਦ ਅਮਰੀਕਾ ਵਿਚ ਬਿਤਾਇਆ ਹੈ, ਤਾਂ ਦੇਸ਼ ਛੱਡਣ ਨਾਲ ਉਸ 'ਤੇ ਕਾਨੂੰਨੀ ਤੌਰ 'ਤੇ 10 ਸਾਲ ਦੀ ਮੁੜ-ਦਾਖਲਾ ਪਾਬੰਦੀ ਲੱਗ ਸਕਦੀ ਹੈ। ਇਸ ਕਾਰਨ ਕਈ ਪਰਿਵਾਰਾਂ ਨੂੰ ਲੰਬੇ ਸਮੇਂ ਲਈ ਵੱਖ ਹੋਣ ਦਾ ਖ਼ਤਰਾ ਪੈਦਾ ਹੋ ਸਕਦਾ ਹੈ।

ਉੱਚ-ਕੁਸ਼ਲਤਾ ਵਾਲੇ ਕਰਮਚਾਰੀਆਂ ਲਈ ਵੀ ਇਹ ਨੀਤੀ ਚਿੰਤਾ ਦਾ ਕਾਰਨ ਬਣੀ ਹੋਈ ਹੈ। ਐੱਚ-1ਬੀ ਅਤੇ ਐੱਲ-1 ਵਰਗੇ ਵੀਜ਼ਿਆਂ 'ਤੇ ਕੰਮ ਕਰ ਰਹੇ ਹਜ਼ਾਰਾਂ ਇੰਜੀਨੀਅਰਾਂ, ਡਾਕਟਰਾਂ ਅਤੇ ਤਕਨੀਕੀ ਮਾਹਿਰਾਂ ਨੇ ਆਪਣੀ ਜ਼ਿੰਦਗੀ ਅਤੇ ਕਰੀਅਰ ਗ੍ਰੀਨ ਕਾਰਡ ਦੀ ਮੌਜੂਦਾ ਪ੍ਰਕਿਰਿਆ ਦੇ ਆਧਾਰ 'ਤੇ ਯੋਜਿਤ ਕੀਤੇ ਸਨ। ਹੁਣ ਕੰਪਨੀਆਂ ਨੂੰ ਡਰ ਹੈ ਕਿ ਜੇ ਕਰਮਚਾਰੀਆਂ ਨੂੰ ਗ੍ਰੀਨ ਕਾਰਡ ਪ੍ਰਕਿਰਿਆ ਦੌਰਾਨ ਦੇਸ਼ ਤੋਂ ਬਾਹਰ ਜਾਣਾ ਪਿਆ, ਤਾਂ ਅਮਰੀਕਾ ਨੂੰ ਕੀਮਤੀ ਮਾਨਵ ਸੰਸਾਧਨ ਦਾ ਨੁਕਸਾਨ ਹੋ ਸਕਦਾ ਹੈ।

ਇਮੀਗ੍ਰੇਸ਼ਨ ਟੈਕਨੋਲੋਜੀ ਕੰਪਨੀ ਬਾਊਂਡਲੈੱਸ ਇਮੀਗ੍ਰੇਸ਼ਨ ਦੇ ਸੀ.ਈ.ਓ. Xiao Wang ਨੇ ਕਿਹਾ ਕਿ ਹਜ਼ਾਰਾਂ ਲੋਕਾਂ ਅਤੇ ਕੰਪਨੀਆਂ ਨੇ ਕਈ ਸਾਲਾਂ ਦੀਆਂ ਯੋਜਨਾਵਾਂ ਮੌਜੂਦਾ ਇਮੀਗ੍ਰੇਸ਼ਨ ਪ੍ਰਣਾਲੀ ਦੇ ਆਧਾਰ 'ਤੇ ਬਣਾਈਆਂ ਸਨ। ਨਿਯਮਾਂ ਵਿਚ ਅਚਾਨਕ ਤਬਦੀਲੀ ਨਾਲ ਨਾ ਸਿਰਫ਼ ਵਿਅਕਤੀਆਂ, ਸਗੋਂ ਅਮਰੀਕੀ ਅਰਥਵਿਵਸਥਾ ਨੂੰ ਵੀ ਨੁਕਸਾਨ ਹੋ ਸਕਦਾ ਹੈ।

ਇੱਕ ਹੋਰ ਚਿੰਤਾ ਇਹ ਹੈ ਕਿ ਜੇ ਵੱਡੀ ਗਿਣਤੀ ਵਿਚ ਐਡਜਸਮੈਂਟ ਆਫ ਸਟੇਟਸ ਵਾਲੇ ਕੇਸਾਂ ਨੂੰ ਕੌਂਸਲਰ ਪ੍ਰੋਸੈਸਿੰਗ ਵੱਲ ਧੱਕਿਆ ਜਾਂਦਾ ਹੈ, ਤਾਂ ਦੁਨੀਆਂ ਭਰ ਦੇ ਅਮਰੀਕੀ ਦੂਤਾਵਾਸ ਅਤੇ ਕੌਂਸਲੇਟ ਇਸ ਵਾਧੂ ਬੋਝ ਨੂੰ ਸੰਭਾਲਣ ਲਈ ਤਿਆਰ ਨਹੀਂ ਹਨ। ਪਹਿਲਾਂ ਹੀ ਕਈ ਦੇਸ਼ਾਂ ਵਿਚ ਇਮੀਗ੍ਰੈਂਟ ਵੀਜ਼ਿਆਂ ਲਈ ਲੰਬੀਆਂ ਉਡੀਕ ਸੂਚੀਆਂ ਮੌਜੂਦ ਹਨ।

ਇਮੀਗ੍ਰੇਸ਼ਨ ਹਮਾਇਤੀ ਸੰਸਥਾਵਾਂ ਇਸ ਮੈਮੋ ਨੂੰ ਅਦਾਲਤ ਵਿਚ ਚੁਣੌਤੀ ਦੇਣ ਦੀ ਤਿਆਰੀ ਕਰ ਰਹੀਆਂ ਹਨ। ਏ.ਆਈ.ਐੱਲ.ਏ. ਅਤੇ ਹੋਰ ਕਾਨੂੰਨੀ ਗਰੁੱਪਾਂ ਦਾ ਕਹਿਣਾ ਹੈ ਕਿ ਕੋਈ ਵੀ ਪ੍ਰਸ਼ਾਸਨ ਸਿਰਫ਼ ਇੱਕ ਅੰਦਰੂਨੀ ਮੈਮੋ ਰਾਹੀਂ ਕਾਂਗਰਸ ਵੱਲੋਂ ਬਣਾਏ ਗਏ ਕਾਨੂੰਨ ਨੂੰ ਨਹੀਂ ਬਦਲ ਸਕਦਾ। ਕਈ ਵਕੀਲ ਫੈਡਰਲ ਅਦਾਲਤਾਂ ਵਿਚ ਮੁਕੱਦਮੇ ਦਾਇਰ ਕਰਨ ਅਤੇ ਅਸਥਾਈ ਰੋਕ (ਅਸਥਾਈ ਪਾਬੰਦੀ ਆਦੇਸ਼) ਲੈਣ ਦੀ ਯੋਜਨਾ ਬਣਾ ਰਹੇ ਹਨ।

ਹਾਲਾਂਕਿ ਇਹ ਮੈਮੋ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਪਰ ਇਸ ਵੇਲੇ ਐਡਜਸਮੈਂਟ ਆਫ ਸਟੇਟਸ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਖਤਮ ਨਹੀਂ ਹੋਈ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜਦ ਤੱਕ ਅਦਾਲਤਾਂ ਇਸ ਮਾਮਲੇ 'ਤੇ ਫੈਸਲਾ ਨਹੀਂ ਕਰਦੀਆਂ, ਤਦ ਤੱਕ ਗ੍ਰੀਨ ਕਾਰਡ ਅਰਜ਼ੀਦਾਰਾਂ ਨੂੰ ਘਬਰਾਉਣ ਦੀ ਬਜਾਏ ਆਪਣੇ ਕੇਸ ਬਾਰੇ ਯੋਗ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰਨੀ ਚਾਹੀਦੀ ਹੈ।

ਇਹ ਮਾਮਲਾ ਹੁਣ ਸਿਰਫ਼ ਇੱਕ ਨੀਤੀ ਬਦਲਾਅ ਨਹੀਂ, ਸਗੋਂ ਲੱਖਾਂ ਪਰਿਵਾਰਾਂ, ਉੱਚ-ਕੁਸ਼ਲਤਾ ਵਾਲੇ ਕਰਮਚਾਰੀਆਂ ਅਤੇ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦੇ ਭਵਿੱਖ ਨਾਲ ਜੁੜੀ ਵੱਡੀ ਕਾਨੂੰਨੀ ਲੜਾਈ ਬਣਦਾ ਜਾ ਰਿਹਾ ਹੈ।

# ਸਨਵਾਕੀਨ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਤੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਦਿਹਾੜਾ ਮਨਾਇਆ

## ਸਨਵਾਕੀਨ ਦੇ ਪੁਰਾਣੇ ਵਸਨੀਕ ਹੋਏ ਇਕੱਠੇ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਸੈਂਟਰਲ ਵੈਲੀ ਕੈਲੇਫੋਰਨੀਆ ਦੇ ਸਭ ਤੋਂ ਪੁਰਾਣੇ ਇਤਿਹਾਸਕਾਰ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ" ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਬੜੀ ਸ਼ਰਧਾ ਨਾਲ ਇੱਥੋਂ ਦੇ ਵਸਨੀਕ ਰਹਿ ਚੁੱਕੇ ਪਰਿਵਾਰਾਂ ਵੱਲੋਂ ਆਪਸੀ ਇਕੱਤਰਤਾ ਕਰਦੇ ਹੋਏ ਮਨਾਇਆ ਗਿਆ। ਇਸ ਸਮੇਂ 1984 ਦੇ ਸਮੂੰਹ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਸਰਧਾਂਜਲੀਆਂ ਵੀ ਦਿੱਤੀਆਂ ਗਈਆਂ ਅਤੇ ਖੂਨ ਦਾਨ ਕੈਂਪ ਵੀ ਲਗਾਇਆ ਗਿਆ। ਇੱਥੇ ਅਖੰਡ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ, ਕੀਰਤਨ, ਕਥਾ ਅਤੇ ਧਾਰਮਿਕ ਗਾਇਕੀ ਦੇ ਪ੍ਰਵਾਹ ਚੱਲੇ।





ਗੁਰੂਘਰ ਦੇ ਹਜ਼ੂਰੀ ਕੀਰਤਨ ਜੱਥੇ ਦੇ ਭਾਈ ਨਿਰਭੈ ਸਿੰਘ, ਭਾਈ ਮਹਾਵੀਰ ਸਿੰਘ ਅਤੇ ਭਾਈ ਰਾਮ ਸਿੰਘ ਨੇ ਗੁਰਬਾਣੀ ਸਰਵਨ ਕਰਵਾਈ। ਜਦ ਕਿ ਹੈੱਡ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਨੇ ਕਥਾ ਸਰਵਨ ਕਰਵਾਈ। ਭਾਈ ਕੁਲਵੰਤ ਸਿੰਘ ਖੈਹਿਰਾ ਨੇ ਸ਼ਹੀਦਾਂ ਨੂੰ ਸਮਰਪਿਤ ਵਾਰ ਗਾਇਨ ਕੀਤੀ। ਇਸ ਬਾਅਦ ਦਿਲਦਾਰ ਬ੍ਰਦਰਜ਼ ਦੇ ਗਾਇਕ ਕਲਾਕਾਰ ਅਵਤਾਰ ਸਿੰਘ ਗਰੇਵਾਲ ਨੇ ਗੁਰੂ ਜੀ ਦੀ ਸ਼ਹਾਦਤ ਨੂੰ ਸਮਰਪਿਤ ਆਪਣੇ ਬਹਾਦਰੀ ਭਰੇ ਧਾਰਮਿਕ ਗੀਤ ਗਾਏ। ਗੁਰੂਘਰ ਦੇ ਸਕੱਤਰ ਸੁਖਦੇਵ ਸਿੰਘ ਭੁੱਲਰ ਨੇ ਸੰਗਤਾਂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ।

ਗੁਰੂਘਰ ਵੱਲੋਂ ਹਰ ਸਾਲ ਦੀ ਤਰ੍ਹਾਂ ਬਾਹਰ ਮੁੱਖ ਸੜਕ ਉੱਪਰ ਰਾਹਗੀਰਾਂ ਲਈ ਛਬੀਲ ਲਾਈ ਹੋਈ ਸੀ। ਇਸ ਤੋਂ ਇਲਾਵਾ ਗੁਰੂਘਰ ਅੰਦਰ ਖੂਨਦਾਨ ਕੈਂਪ ਵੀ ਚੱਲ ਰਿਹਾ ਸੀ। ਜਿੱਥੇ ਹਾਜ਼ਰ ਸੰਗਤਾਂ ਨੇ ਖੂਨਦਾਨ ਕਰਕੇ ਆਪਣਾ ਇਨਸਾਨੀਅਤ ਪ੍ਰਤੀ ਫਰਜ਼ ਨਿਭਾਇਆ। ਇਸੇ ਤਰ੍ਹਾਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ "ਫ਼ਾਦਰ ਡੇ" ਵੀ ਗੁਰੂ ਦਾ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ ਮਨਾਇਆ ਗਿਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਅੱਜ ਤੋਂ ਚਾਰ-ਪੰਜ ਦਹਾਕੇ ਪਹਿਲਾਂ ਪੰਜਾਬ ਤੋਂ ਆਉਣ ਵਾਲੇ ਪਰਿਵਾਰਾਂ ਲਈ ਯੂਬਾ ਸਿਟੀ ਤੋਂ ਬਾਅਦ ਖੇਤੀਬਾੜੀ ਦਾ ਏਨੀਆਂ ਹੋਣ ਕਰਕੇ ਪਸੰਦੀਦਾ ਕਸਬਾ ਰਿਹਾ ਹੈ। ਇੱਥੇ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਰਹਿਣ ਕਰਕੇ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਵੀ ਇਲਾਕੇ ਵਿੱਚ ਸਭ ਤੋਂ ਪਹਿਲਾਂ ਹੋਈ ਸੀ। ਇਹੀ ਕਾਰਨ ਹੈ ਕਿ ਇਸ ਗੁਰਦੁਆਰਾ ਸਾਹਿਬ ਨੂੰ ਸਰਕਾਰੀ ਤੌਰ ਤੇ ਹੈਰੀਟੇਜ਼ ਹੋਣ ਦਾ ਮਾਣ ਪ੍ਰਾਪਤ ਹੈ। ਬੇਸ਼ੱਕ ਉੱਚ ਵਿੱਦਿਆ ਅਤੇ ਚੰਗੇ ਰੋਜ਼ਗਾਰ ਕਰਕੇ ਸਥਾਨਕ ਪੰਜਾਬੀ ਵਸਨੀਕ ਵੱਡੇ ਸ਼ਹਿਰਾਂ ਵਿੱਚ ਜਾ ਵਸੇ ਹਨ, ਪਰ ਧਾਰਮਿਕ ਤੌਰ ਤੇ ਉਨ੍ਹਾਂ ਦੀਆਂ ਭਾਵਨਾਵਾਂ ਇਸੇ ਗੁਰੂਘਰ ਨਾਲ ਜੁੜੀਆਂ ਹੋਈਆਂ ਹਨ। ਉਹ ਆਪਣੇ ਸਾਰੇ ਧਾਰਮਿਕ ਅਤੇ ਪਰਿਵਾਰਕ ਕਾਰਜ ਇੱਥੇ ਆ ਕੇ ਕਰਦੇ ਹਨ।

# ਅਮਰੀਕਾ 'ਚ ਭਾਰਤੀ ਪ੍ਰਵਾਸੀਆਂ ਨੂੰ ਰਾਜਨੀਤੀ 'ਚ ਆਉਣ ਦੀ ਅਪੀਲ

ਵਾਸ਼ਿੰਗਟਨ : ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਭਾਰਤ ਵਿਰੋਧੀ ਨਫ਼ਰਤ ਦੀਆਂ ਵਧਦੀਆਂ ਘਟਨਾਵਾਂ ਦੇ ਵਿਚਕਾਰ, ਭਾਰਤੀ-ਅਮਰੀਕੀ ਕਾਨੂੰਨਸਾਜ਼ਾਂ ਨੇ ਭਾਈਚਾਰੇ ਦੇ ਮੈਂਬਰਾਂ ਨੂੰ ਚੋਣਾਂ ਲੜਨ ਅਤੇ ਜਨਤਕ ਜੀਵਨ ਵਿੱਚ ਵਧੇਰੇ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਉਨ੍ਹਾਂ ਦੀ ਆਵਾਜ਼ ਸੁਣੀ ਜਾ ਸਕੇ। ਮੰਗਲਵਾਰ ਨੂੰ ਕੈਪੀਟਲ ਹਿੱਲ 'ਤੇ ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (FIIDS) ਦੁਆਰਾ ਆਯੋਜਿਤ ਇੱਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਦੇਸ਼ ਦੇ ਸਭ ਤੋਂ ਪੜ੍ਹੇ-ਲਿਖੇ ਅਤੇ ਖੁਸ਼ਹਾਲ ਭਾਈਚਾਰਿਆਂ ਵਿੱਚੋਂ ਹੋਣ ਦੇ ਬਾਵਜੂਦ, ਭਾਰਤੀ-ਅਮਰੀਕੀ 'ਨਵੀਆਂ ਚੁਣੌਤੀਆਂ' ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੇ ਭਾਈਚਾਰੇ ਦੇ ਮੈਂਬਰਾਂ ਨੂੰ ਰਾਜਨੀਤਿਕ ਪ੍ਰਕਿਰਿਆ ਵਿੱਚ ਵਧੇਰੇ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ, ਹਿੰਦੂਵਿਰੋਧੀ, ਭਾਰਤ-ਵਿਰੋਧੀ ਅਤੇ ਦੇਸੀ-ਵਿਰੋਧੀ ਨਫ਼ਰਤ ਵਧ ਰਹੀ ਹੈ।



ਇਲੀਨੋਇਸ ਦੇ ਇੱਕ ਕਾਨੂੰਨਸਾਜ਼ ਕ੍ਰਿਸ਼ਨਾਮੂਰਤੀ ਨੇ ਕਿਹਾ, ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਰਗਰਮ ਹੋਣ ਦਾ ਸਮਾਂ ਹੈ। ਤੁਹਾਨੂੰ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ, ਬੋਲਣਾ ਪਵੇਗਾ ਅਤੇ ਅੱਗੇ ਆਉਣਾ ਪਵੇਗਾ। ਤੁਹਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਤੁਹਾਡੀ ਆਵਾਜ਼ ਹਰ ਜਗ੍ਹਾ ਸੁਣੀ ਜਾਵੇ। ਕ੍ਰਿਸ਼ਨਾਮੂਰਤੀ ਨੇ ਭਾਰਤੀ-ਅਮਰੀਕੀਆਂ ਨੂੰ ਰਾਜਨੀਤਿਕ ਪਾਰਟੀ ਨਾਲ ਸਬੰਧਤ ਹੋਣ ਦੀ ਪਰਵਾਹ ਕੀਤੇ ਬਿਨਾਂ, ਹਰ ਪੱਧਰ 'ਤੇ ਅਹੁਦੇ ਲਈ ਚੋਣ ਲੜਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ, ਮੈਂ ਚਾਹੁੰਦਾ ਹਾਂ ਕਿ ਤੁਸੀਂ ਅਹੁਦੇ ਲਈ ਚੋਣ ਲੜਨ ਬਾਰੇ ਵਿਚਾਰ ਕਰੋ, ਭਾਵੇਂ ਇਹ ਸਿਟੀ ਕੌਂਸਲ ਲਈ ਹੋਵੇ। ਭਾਵੇਂ ਤੁਸੀਂ ਰਿਪਬਲਿਕਨ ਹੋ, ਡੈਮੋਕ੍ਰੇਟ ਹੋ, ਜਾਂ ਸੁਤੰਤਰ, ਇਸ ਨਾਲ ਮੇਰੇ ਲਈ ਕੋਈ ਫ਼ਰਕ ਨਹੀਂ ਪੈਂਦਾ। ਕ੍ਰਿਸ਼ਨਾਮੂਰਤੀ ਨੇ ਕਿਹਾ, ਵਾਸ਼ਿੰਗਟਨ, ਡੀ.ਸੀ. ਵਿੱਚ ਇੱਕ ਪੁਰਾਣੀ ਕਹਾਵਤ ਹੈ ਕਿ ਜੇਕਰ ਤੁਹਾਡੇ ਕੋਲ ਫੈਸਲਾ ਲੈਣ ਵਾਲੀ ਮੇਜ਼ 'ਤੇ ਜਗ੍ਹਾ ਨਹੀਂ ਹੈ, ਤਾਂ ਤੁਸੀਂ ਇੱਕ ਨਿਸ਼ਾਨਾ ਹੋ। ਤੁਹਾਡੇ ਵਿੱਚੋਂ ਕੋਈ ਵੀ, ਸਾਡੇ ਪਰਿਵਾਰ ਅਤੇ ਸਾਡੇ ਹਿੱਤ ਨਿਸ਼ਾਨਾ ਬਣਨ ਦਾ ਜੋਖਮ ਨਹੀਂ ਉਠਾ ਸਕਦੇ।

ਕਾਂਗਰਸਮੈਨ ਸੁਹਾਸ ਸੁਬਰਾਮਨੀਅਮ ਨੇ ਵੀ ਇਸੇ ਤਰ੍ਹਾਂ ਦੀ ਭਾਵਨਾ ਪ੍ਰਗਟ ਕਰਦੇ ਹੋਏ ਕਿਹਾ ਕਿ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਦਾ ਸਭ ਤੋਂ ਵਧੀਆ ਤਰੀਕਾ ਫੈਸਲਾ ਲੈਣ ਵਾਲੀਆਂ ਸੰਸਥਾਵਾਂ ਵਿੱਚ ਪ੍ਰਤੀਨਿਧਤਾ ਹੋਣਾ ਹੈ। ਕਾਂਗਰਸਮੈਨ ਸ਼੍ਰੀ ਥਾਨੇਦਾਰ ਨੇ ਕਿਹਾ ਕਿ ਦੇਸ਼ ਵਿੱਚ ਪ੍ਰਵਾਸੀਆਂ ਵਿਰੁੱਧ ਨਫ਼ਰਤ ਵਧ ਰਹੀ ਹੈ। ਉਨ੍ਹਾਂ ਨੇ ਭਾਰਤੀ ਭਾਈਚਾਰੇ ਨੂੰ ਇਸ ਸਮੱਸਿਆ ਨੂੰ ਹੱਲ ਕਰਨ ਲਈ ਇੱਕਜੁੱਟ ਰਹਿਣ ਦੀ ਅਪੀਲ ਕੀਤੀ। ਕੰਸਾਸ ਤੋਂ ਰਿਪਬਲਿਕਨ ਸੈਨੇਟਰ ਰੋਜਰ ਮਾਰਸ਼ਲ ਨੇ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਵਧ ਰਹੀ ਭਾਈਵਾਲੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦੁਵੱਲੇ ਵਪਾਰ ਸਮਝੌਤੇ ਨਾਲ ਦੋਵਾਂ ਦੇਸ਼ਾਂ ਦੇ ਕਿਸਾਨਾਂ ਨੂੰ ਲਾਭ ਹੋਵੇਗਾ, ਖਾਸ ਕਰਕੇ ਉਨ੍ਹਾਂ ਦੇ ਗ੍ਰਹਿ ਰਾਜ। ਸੈਨਫੋਰਡ ਬਿਸ਼ਪ, ਜੇਮਜ਼ ਵਾਕਿਨਸ਼ਾ, ਬ੍ਰੈਡ ਸ਼ਰਮਨ ਅਤੇ ਬਿਲ ਹੁਇਜ਼ੇਂਗਾ ਸਮੇਤ ਕਈ ਹੋਰ ਡੈਮੋਕ੍ਰੇਟਿਕ ਪਾਰਟੀ ਦੇ ਕਾਨੂੰਨਸਾਜ਼ਾਂ ਨੇ ਵੀ ਇਮੀਗ੍ਰੇਸ਼ਨ ਅਤੇ ਸਥਾਈ ਨਿਵਾਸ ਅਰਜ਼ੀਆਂ ਦੇ ਬੈਕਲਾਗ ਸੰਬੰਧੀ ਭਾਰਤੀ-ਅਮਰੀਕੀ ਭਾਈਚਾਰੇ ਦੀਆਂ ਚਿੰਤਾਵਾਂ ਨੂੰ ਹੱਲ ਕਰਨ ਵਿੱਚ ਸਹਿਯੋਗ ਦਾ ਭਰੋਸਾ ਦਿੱਤਾ। ਭਾਰਤੀ-ਅਮਰੀਕੀ ਨੇਤਾਵਾਂ ਅਤੇ ਭਾਈਚਾਰਕ ਵਕਾਲਤ ਸੰਗਠਨਾਂ ਨੇ ਹਾਲ ਹੀ ਦੇ ਸਾਲਾਂ ਵਿੱਚ ਸੰਯੁਕਤ ਰਾਜ ਦੇ ਕੁਝ ਹਿੱਸਿਆਂ ਵਿੱਚ ਵਧਦੀ ਹਿੰਦੂ ਵਿਰੋਧੀ ਭਾਵਨਾ ਅਤੇ ਭਾਰਤ ਵਿਰੋਧੀ ਬਿਆਨਬਾਜ਼ੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਇਨ੍ਹਾਂ ਘਟਨਾਵਾਂ ਵਿੱਚ ਹਿੰਦੂ ਮੰਦਰਾਂ 'ਤੇ ਹਮਲੇ ਅਤੇ ਭੰਨਤੋੜ, ਹਿੰਦੂ ਵਿਰੋਧੀ ਨਾਅਰੇ, ਧਾਰਮਿਕ ਸਮਾਗਮਾਂ ਵਿੱਚ ਵਿਘਨ, ਅਤੇ ਕਾਰਪੋਰੇਟ ਸੰਗਠਨਾਂ ਵਿੱਚ ਭਾਰਤੀ ਪ੍ਰਤੀਨਿਧਤਾ ਦਾ ਵਿਰੋਧ ਕਰਨ ਵਾਲੀਆਂ ਮੁਹਿੰਮਾਂ ਸ਼ਾਮਲ ਹਨ। ਅਮਰੀਕੀ ਜਨਗਣਨਾ ਬਿਊਰੋ ਦੇ ਅਨੁਸਾਰ, 2023 ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਦੀ ਆਬਾਦੀ ਲਗਭਗ 52 ਲੱਖ ਸੀ। ਇਹ ਅਮਰੀਕਾ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਅਤੇ ਪ੍ਰਭਾਵਸ਼ਾਲੀ ਨਸਲੀ ਭਾਈਚਾਰਿਆਂ ਵਿੱਚੋਂ ਇੱਕ ਹੈ ਅਤੇ ਕਾਰੋਬਾਰ, ਅਕਾਦਮਿਕ ਖੇਤਰ ਅਤੇ ਜਨਤਕ ਸੇਵਾ ਵਿੱਚ ਇਸਦੀ ਪ੍ਰਤੀਨਿਧਤਾ ਵੱਧ ਰਹੀ ਹੈ।

### ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ

# ਗੁਜਰਾਤ ਦੀ ਆਖਰੀ ਜੰਗ (21 ਫਰਵਰੀ 1849): ਜਦੋਂ ਤੋਪਾਂ ਦੇ ਖੜਕਿਆਂ ਨੇ ਪੰਜਾਬ ਦੀ ਤਕਦੀਰ ਬਦਲ ਦਿੱਤੀ

# ਇਤਿਹਾਸ ਦਾ ਉਹ ਕਾਲਾ ਦਿਨ ਜਿਸਨੇ ਖਾਲਸਾ ਰਾਜ ਦਾ ਅੰਤ ਕਰ ਦਿੱਤਾ

## ਗੁਜਰਾਤ ਦੀ ਲੜਾਈ: ਦੂਜੀ ਐਂਗਲੋ-ਸਿੱਖ ਜੰਗ ਦਾ ਉਹ ਆਖ਼ਰੀ ਖ਼ੂਨੀ ਅਧਿਆਏ, ਜਿਸ ਨੂੰ 'ਤੋਪਾਂ ਦੀ ਲੜਾਈ' ਵੀ ਕਿਹਾ ਜਾਂਦਾ ਹੈ

ਪੰਜਾਬ ਦੇ ਗੌਰਵਮਈ ਅਤੇ ਦਰਦਨਾਕ ਇਤਿਹਾਸ ਵਿੱਚ 'ਗੁਜਰਾਤ ਦੀ ਲੜਾਈ' (Battle of Gujrat) ਇੱਕ ਅਜਿਹਾ ਮੋੜ ਹੈ, ਜਿਸ ਨੇ ਪੂਰੇ ਹਿੰਦੁਸਤਾਨ ਅਤੇ ਖ਼ਾਸਕਰ ਸਿੱਖ ਰਾਜ ਦੀ ਤਕਦੀਰ ਬਦਲ ਕੇ ਰੱਖ ਦਿੱਤੀ। ਇਹ ਲੜਾਈ 19ਵੀਂ ਸਦੀ ਦੇ ਅੱਧ ਦੇ ਆਖ਼ਰੀ ਸਾਲ (1849) ਵਿੱਚ ਲੜੀ ਗਈ ਸੀ. ਉਸ ਦੌਰ ਵਿੱਚ ਭਾਰਤ ਦੀ ਮੁਗ਼ਲ ਹਕੂਮਤ ਪੂਰੀ ਤਰ੍ਹਾਂ ਪਤਨ ਵੱਲ ਸੀ ਅਤੇ ਅੰਗਰੇਜ਼ ਪੂਰੇ ਹਿੰਦੁਸਤਾਨ 'ਤੇ ਕਬਜ਼ਾ ਕਰਨ ਦੇ ਆਪਣੇ ਆਖ਼ਰੀ ਯਤਨਾਂ ਵਿੱਚ ਸਨ।

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ, ਉਨ੍ਹਾਂ ਦੇ ਵਾਰਸ ਅਤੇ ਪੁੱਤਰ ਸਥਾਨਕ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਏ. ਇਸੇ ਸੁਨਹਿਰੀ ਮੌਕੇ ਦਾ ਫ਼ਾਇਦਾ ਉਠਾਉਂਦਿਆਂ ਬ੍ਰਿਟਿਸ਼ ਫ਼ੌਜਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ। ਪਹਿਲੀ ਐਂਗਲੋ-ਸਿੱਖ ਜੰਗ (1845-46) ਤੋਂ ਬਾਅਦ ਦੂਜੀ ਐਂਗਲੋ-ਸਿੱਖ ਜੰਗ (1848-49) ਸ਼ੁਰੂ ਹੋ ਚੁੱਕੀ ਸੀ.

**ਚੇਲਿਆਂਵਾਲਾ ਤੋਂ ਗੁਜਰਾਤ ਤੱਕ ਦਾ ਸਫ਼ਰ**




13 ਜਨਵਰੀ 1849 ਨੂੰ ਲੜੀ ਗਈ 'ਚੇਲਿਆਂਵਾਲਾ ਦੀ ਖ਼ੂਨੀ ਲੜਾਈ' ਵਿੱਚ ਦੋਵਾਂ ਧਿਰਾਂ ਦੇ ਜ਼ਖ਼ਮ ਅਜੇ ਪੂਰੀ ਤਰ੍ਹਾਂ ਹਰੇ ਹੀ ਸਨ ਕਿ ਜੰਗ ਦਾ ਨਵਾਂ ਮੈਦਾਨ ਗੁਜਰਾਤ (ਮੌਜੂਦਾ ਪਾਕਿਸਤਾਨੀ ਪੰਜਾਬ ਦਾ ਹਿੱਸਾ) ਬਣਿਆ। ਚੇਲਿਆਂਵਾਲਾ ਦੀ ਜੰਗ ਤੋਂ ਬਾਅਦ ਸਰਦਾਰ ਸ਼ੇਰ ਸਿੰਘ ਅਟਾਰੀਵਾਲਾ ਨੇ ਗੁਜਰਾਤ ਦੀ ਧਰਤੀ 'ਤੇ ਅੰਗਰੇਜ਼ਾਂ ਦਾ ਸਾਹਮਣਾ ਕਰਨ ਦਾ ਫ਼ੈਸਲਾ ਕੀਤਾ।




ਮੇਜਰ ਜਨਰਲ ਸਰ ਡਬਲਯੂ. ਆਰ. ਗਿਲਬਰਟ, ਕੇ.ਸੀ.ਬੀ. ਇਤਿਆਦਿ, ਇਤਿਆਦਿ, ਇਤਿਆਦਿ, ਕਮਾਂਡਿੰਗ... ਨੂੰ। ਇਹ ਪਲੇਟ (ਤਸਵੀਰ) ਉਨ੍ਹਾਂ ਦੇ ਸਭ ਤੋਂ ਵੱਧ ਸ਼ੁਕਰਗੁਜ਼ਾਰ... ਆਗਿਆਕਾਰੀ ਸੇਵਕ, ... 29ਵੀਂ ਰੈਜੀਮੈਂਟ ਫੁੱਟ (ਪੈਦਲ ਫੌਜ) ਦੁਆਰਾ ਬਹੁਤ ਹੀ ਆਦਰਪੂਰਵਕ ਸਮਰਪਿਤ ਕੀਤੀ ਗਈ ਹੈ।



ਗੁਜਰਾਤ ਦੀ ਜੰਗ (1849) ਦੇ ਇਤਿਹਾਸਕ ਅਵਸ਼ੇਸ਼ ਅਤੇ ਪੁਰਾਣੀਆਂ ਕਬਰਾਂ। ਰਾਤ ਦੇ ਹਨੇਰੇ ਅਤੇ ਧੁੰਦ ਵਿੱਚ ਲਿਪਟਿਆ ਇੱਕ ਖਾਮੋਸ਼ ਇਤਿਹਾਸ, ਦੂਜੀ ਐਂਗਲੋ-ਸਿੱਖ ਜੰਗ ਦੇ ਦੌਰਾਨ ਸ਼ਹੀਦ ਹੋਏ ਫੌਜੀਆਂ ਦੀਆਂ ਪੁਰਾਣੀਆਂ ਇੱਟਾਂ ਵਾਲੀਆਂ ਇਤਿਹਾਸਕ ਕਬਰਾਂ।

**ਪੰਜਾਬੀ ਫ਼ੌਜ ਦਾ ਗਠਜੋੜ ਅਤੇ ਤਾਕਤ**

ਇਸ ਇਤਿਹਾਸਕ ਮੁਕਾਬਲੇ ਲਈ ਸਿੱਖ ਫ਼ੌਜਾਂ ਨੇ ਵੱਡੀ ਲਾਮਬੰਦੀ ਕੀਤੀ:

ਅਟਾਰੀਵਾਲਾ ਪਰਿਵਾਰ ਦਾ ਇਕੱਠ: ਇਸ ਦੌਰਾਨ ਸਰਦਾਰ ਚਤਰ ਸਿੰਘ ਅਟਾਰੀਵਾਲਾ ਵੀ ਆਪਣੇ ਪੁੱਤਰ ਸ਼ੇਰ ਸਿੰਘ ਅਟਾਰੀਵਾਲਾ ਦੀ ਮਦਦ ਲਈ ਗੁਜਰਾਤ ਪਹੁੰਚ ਗਏ।

ਭਾਈ ਮਹਾਰਾਜ ਸਿੰਘ ਦੀ ਮਦਦ: ਪ੍ਰਸਿੱਧ ਸਿੱਖ ਕ੍ਰਾਂਤੀਕਾਰੀ ਭਾਈ ਮਹਾਰਾਜ ਸਿੰਘ ਨੇ ਵੀ ਆਪਣੀ ਫ਼ੌਜੀ ਟੁਕੜੀ ਗੁਜਰਾਤ ਭੇਜੀ।

ਅਫ਼ਗਾਨਿਸਤਾਨ ਦਾ ਸਹਿਯੋਗ: ਅਫ਼ਗਾਨਿਸਤਾਨ ਦੇ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਵੀ ਸਿੱਖਾਂ ਦੀ ਮਦਦ ਲਈ ਆਪਣੇ ਪੁੱਤਰ ਅਕਰਮ ਖ਼ਾਨ ਦੀ ਅਗਵਾਈ ਵਿੱਚ 3,000 ਘੋੜਸਵਾਰ ਸੈਨਿਕ ਭੇਜੇ।

ਫ਼ੌਜਾਂ ਦੀ ਗਿਣਤੀ: ਇਸ ਸਹਿਯੋਗ ਨਾਲ ਪੰਜਾਬੀ (ਸਿੱਖ) ਫ਼ੌਜ ਦੀ ਕੁੱਲ ਗਿਣਤੀ ਲਗਭਗ 40,000 ਦੇ ਕਰੀਬ ਪਹੁੰਚ ਗਈ, ਜਿਨ੍ਹਾਂ ਕੋਲ 59 ਜੰਗੀ ਤੋਪਾਂ ਸਨ। ਦੂਜੇ ਪਾਸੇ, ਬ੍ਰਿਟਿਸ਼ ਫ਼ੌਜ ਦੀ ਗਿਣਤੀ 24,000 ਸੀ, ਪਰ ਉਨ੍ਹਾਂ ਕੋਲ 66 ਤੋਪਾਂ ਦਾ ਆਧੁਨਿਕ ਖ਼ਜ਼ਾਨਾ ਸੀ।

21 ਫਰਵਰੀ 1849: 'ਤੋਪਾਂ ਦੀ ਲੜਾਈ' (Battle of the Artillery)

21 ਫਰਵਰੀ 1849 ਦੀ ਸਵੇਰ ਨੂੰ ਦੋਵੇਂ ਫ਼ੌਜਾਂ ਗੁਜਰਾਤ ਦੇ 'ਕਲਾਰਾ' (Kalara) ਨਾਮਕ ਸਥਾਨ 'ਤੇ ਆਹਮੋ-ਸਾਹਮਣੇ ਹੋਈਆਂ. ਉਸ ਸਮੇਂ ਇਸ ਜਗ੍ਹਾ ਨੂੰ 'ਛੋਟਾ ਕਲਾਰਾ' ਅਤੇ 'ਵੱਡਾ ਕਲਾਰਾ' ਕਿਹਾ ਜਾਂਦਾ ਸੀ, ਜਿਸ ਨੂੰ ਅੱਜ ਦੇ ਦੌਰ ਵਿੱਚ 'ਕਲਾਰਾ ਪਾਂਵਾਂ' (Kalara Panwan) ਵਜੋਂ ਜਾਣਿਆ ਜਾਂਦਾ ਹੈ।

ਇਸ ਜੰਗ ਵਿੱਚ ਦੋਵਾਂ ਪਾਸਿਆਂ ਤੋਂ ਤੋਪਾਂ ਦੀ ਇੰਨੀ ਭਾਰੀ ਅਤੇ ਭਿਆਨਕ ਵਰਤੋਂ ਕੀਤੀ ਗਈ ਕਿ ਇਤਿਹਾਸ ਵਿੱਚ ਇਸ ਲੜਾਈ ਨੂੰ 'ਤੋਪਾਂ ਦੀ ਲੜਾਈ' (Battle of the Artillery) ਦੇ ਨਾਂ ਨਾਲ ਹਮੇਸ਼ਾ ਲਈ ਦਰਜ ਕਰ ਦਿੱਤਾ ਗਿਆ। ਇਹ ਦੂਜੀ ਐਂਗਲੋ-ਸਿੱਖ ਜੰਗ ਦੀ ਆਖ਼ਰੀ ਅਤੇ ਫ਼ੈਸਲਾਕੁੰਨ ਲੜਾਈ ਸਾਬਿਤ ਹੋਈ, ਜਿਸ ਤੋਂ ਬਾਅਦ ਪੰਜਾਬ 'ਤੇ ਬ੍ਰਿਟਿਸ਼ ਸਾਮਰਾਜ ਦਾ ਸਿੱਧਾ ਕਬਜ਼ਾ ਹੋ ਗਿਆ।

### ਇੰਫਾਲ 'ਚ ਭੜਕੀ ਵਿਰੋਧ ਦੀ ਅੱਗ

# ਅਰਾਮਬਾਈ ਤੇਂਗੋਲ ਦੇ ਮੈਂਬਰਾਂ ਦੀ ਰਿਹਾਈ ਲਈ 'ਇਮਾ ਕੈਥਲ' ਦੀਆਂ ਮਹਿਲਾਵਾਂ ਸੜਕਾਂ 'ਤੇ!







ਇੰਫਾਲ (ਮਣੀਪੁਰ) : ਮਣੀਪੁਰ ਦੀ ਰਾਜਧਾਨੀ ਇੰਫਾਲ ਵਿੱਚ ਤਣਾਅ ਇੱਕ ਵਾਰ ਫਿਰ ਵਧ ਗਿਆ ਹੈ। ਇਤਿਹਾਸਕ 'ਖਵਾਇਰਾਮਬੰਦ ਇਮਾ ਕੈਥਲ' (ਸਿਰਫ਼ ਮਹਿਲਾਵਾਂ ਦੁਆਰਾ ਚਲਾਇਆ ਜਾਣ ਵਾਲਾ ਮਸ਼ਹੂਰ ਬਾਜ਼ਾਰ) ਦੀਆਂ ਸੈਂਕੜੇ ਮਹਿਲਾ ਵਿਕਰੇਤਾਵਾਂ ਨੇ ਮੰਗਲਵਾਰ ਨੂੰ ਇੰਫਾਲ ਦੇ ਵਿਚਕਾਰ ਇੱਕ ਜ਼ੋਰਦਾਰ ਧਰਨਾ ਪ੍ਰਦਰਸ਼ਨ ਕੀਤਾ।

ਪ੍ਰਦਰਸ਼ਨਕਾਰੀ ਮਹਿਲਾਵਾਂ ਹਾਲ ਹੀ ਵਿੱਚ ਗ੍ਰਿਫ਼ਤਾਰ ਕੀਤੇ ਗਏ 'ਅਰਾਮਬਾਈ ਤੇਂਗੋਲ' ਜਥੇਬੰਦੀ ਦੇ ਮੈਂਬਰਾਂ ਦੀ ਤੁਰੰਤ ਰਿਹਾਈ ਦੀ ਮੰਗ ਕਰ ਰਹੀਆਂ ਹਨ। ਹੱਥਾਂ ਵਿੱਚ ਤਖ਼ਤੀਆਂ ਫੜੀ ਇਨ੍ਹਾਂ ਮਹਿਲਾਵਾਂ ਨੇ ਪ੍ਰਸ਼ਾਸਨ ਖ਼ ?ਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੇ ਮੈਂਬਰਾਂ ਨੂੰ ਜਲਦ ਰਿਹਾਅ ਨਾ ਕੀਤਾ ਗਿਆ ਤਾਂ ਇਹ ਅੰਦੋਲਨ ਹੋਰ ਤਿੱਖਾ ਰੂਪ ਅਖਤਿਆਰ ਕਰ ਲਵੇਗਾ। ਇਸ ਵਿਰੋਧ ਪ੍ਰਦਰਸ਼ਨ ਕਾਰਨ ਸਥਾਨਕ ਬਾਜ਼ਾਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



### ਕੈਲੀਫੋਰਨੀਆ ਦੇ ਕਿਸਾਨਾਂ ’ਤੇ ਵਧ ਰਿਹਾ ਚੌਤਰਫ਼ਾ ਦਬਾਅ

# ਖੇਤੀਬਾੜੀ ਹੇਠਲੀ ਜ਼ਮੀਨ ਬਚਾਉਣ ਅਤੇ ਸਥਾਨਕ ਉਤਪਾਦਾਂ ਨੂੰ ਅਪਨਾਉਣ ਲਈ ਨਾਗਰਿਕਾਂ ਨੂੰ ਵੱਡੀ ਅਪੀਲ

ਸੈਕਰਾਮੈਂਟੋ (ਕੈਲੀਫੋਰਨੀਆ): ਅਮਰੀਕਾ ਵਿੱਚ ‘ਗੋਲਡਨ ਸਟੇਟ’ ਵਜੋਂ ਜਾਣੇ ਜਾਂਦੇ ਕੈਲੀਫੋਰਨੀਆ ਸੂਬੇ ਦੇ ਕਿਸਾਨਾਂ ਨੇ ਵੱਡੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਇਸ ਵੇਲੇ ਚੌਤਰਫ਼ਾ ਗੰਭੀਰ ਚੁਣੌਤੀਆਂ ਅਤੇ ਦਬਾਅ ਦਾ ਸਾਹਮਣਾ ਕਰ ਰਹੇ ਹਨ। ਖੇਤੀਬਾੜੀ ਦੇ ਲਗਾਤਾਰ ਵਧ ਰਹੇ ਸੰਚਾਲਨ ਖਰਚੇ (Operating Costs), ਵਿਦੇਸ਼ਾਂ ਤੋਂ ਹੋਣ ਵਾਲੀ ਖਾਧ ਪਦਾਰਥਾਂ ਦੀ ਆਯਾਤ, ਪਾਣੀ ਦੀ ਕਿੱਲਤ ਅਤੇ ਤੇਜ਼ੀ ਨਾਲ ਹੋ ਰਹੇ ਉਦਯੋਗਿਕ ਵਿਕਾਸ ਨੇ ਸੂਬੇ ਦੀ ਖੇਤੀਬਾੜੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ।

ਇਸ ਚਿੰਤਾਜਨਕ ਸਥਿਤੀ ਦੇ ਮੱਦੇਨਜ਼ਰ, ਕੈਲੀਫੋਰਨੀਆ ਦੇ ਬਹੁਤ ਸਾਰੇ ਕਿਸਾਨਾਂ ਨੇ ਸਥਾਨਕ ਲੋਕਾਂ ਅਤੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਸੂਬੇ ਦੇ ਖੇਤਾਂ ਵਿੱਚ ਪੈਦਾ ਹੋਣ ਵਾਲੇ ਫਲਾਂ, ਸਬਜ਼ੀਆਂ, ਡੇਅਰੀ ਉਤਪਾਦਾਂ, ਨਟਸ (ਮੇਵੇ) ਅਤੇ ਹੋਰ ਫ਼ਸਲਾਂ ਨੂੰ ਖਰੀਦ ਕੇ ਸਥਾਨਕ ਖੇਤੀਬਾੜੀ ਅਤੇ ਮਿਹਨਤਕਸ਼ ਕਿਸਾਨ ਪਰਿਵਾਰਾਂ ਦੀ ਬਾਂਹ ਫੜਨ।

**ਉਪਜਾਊ ਜ਼ਮੀਨਾਂ ਨਿਗਲ ਰਿਹਾ ਹੈ ਕੰਕਰੀਟ ਦਾ ਜੰਗਲ** : ਸੂਬੇ ਦੇ ਸਭ ਤੋਂ ਵੱਧ ਉਪਜਾਊ ਅਤੇ ਪ੍ਰਮੁੱਖ ਖੇਤੀਬਾੜੀ ਖੇਤਰਾਂ ਵਿੱਚ ਜ਼ਮੀਨਾਂ ਦੀ ਹੋ ਰਹੀ ਵਰਤੋਂ ਨੂੰ ਲੈ ਕੇ ਚਿੰਤਾ ਲਗਾਤਾਰ ਡੂੰਘੀ ਹੁੰਦੀ ਜਾ ਰਹੀ ਹੈ। ਕਿਸਾਨਾਂ ਮੁਤਾਬਕ ਖੇਤੀਯੋਗ ਉਪਜਾਊ ਜ਼ਮੀਨਾਂ ’ਤੇ ਹੇਠ ਲਿਖੇ ਨਿਰਮਾਣਾਂ ਦਾ ਦਬਾਅ ਲਗਾਤਾਰ ਵਧ ਰਿਹਾ ਹੈ:

**ਰਿਹਾਇਸ਼ੀ ਪ੍ਰੋਜੈਕਟ:** ਤੇਜ਼ੀ ਨਾਲ ਫੈਲ ਰਹੀਆਂ ਹਾਊਸਿੰਗ ਡਿਵੈਲਪਮੈਂਟਸ (Housing Developments)।

**ਵਪਾਰਕ ਉਸਾਰੀਆਂ:** ਵੱਡੇ-ਵੱਡੇ ਵੇਅਰਹਾਊਸ (ਗੋਦਾਮ) ਅਤੇ ਉਦਯੋਗਿਕ ਇਮਾਰਤਾਂ (Industrial Construction)।

**ਊਰਜਾ ਪ੍ਰੋਜੈਕਟ:** ਖੇਤਾਂ ਦੇ ਵੱਡੇ ਹਿੱਸਿਆਂ ਵਿੱਚ ਲੱਗ ਰਹੇ ਸੋਲਰ ਪ੍ਰੋਜੈਕਟ (Solar Projects)।




‘ਇੱਕ ਵਾਰ ਜ਼ਮੀਨ ਚਲੀ ਗਈ, ਤਾਂ ਵਾਪਸ ਨਹੀਂ ਆਉਣੀ’

ਆਪਣੀ ਡੂੰਘੀ ਚਿੰਤਾ ਸਾਂਝੀ ਕਰਦਿਆਂ ਕੈਲੀਫੋਰਨੀਆ ਦੇ ਇੱਕ ਸਥਾਨਕ ਕਿਸਾਨ ਨੇ ਬਹੁਤ ਹੀ ਭਾਵੁਕ ਸ਼ਬਦਾਂ ਵਿੱਚ ਕਿਹਾ:

‘ਜੇਕਰ ਇੱਕ ਵਾਰ ਸਾਡੀ ਖੇਤੀਯੋਗ ਉਪਜਾਊ ਜ਼ਮੀਨ ਸਾਡੇ ਹੱਥਾਂ ਵਿੱਚੋਂ ਚਲੀ ਗਈ, ਤਾਂ ਇਸ ਨੂੰ ਮੁੜ ਉਸੇ ਰੂਪ ਵਿੱਚ ਵਾਪਸ ਲਿਆਉਣਾ ਬੇਹੱਦ ਮੁਸ਼ਕਲ, ਲਗਭਗ ਅਸੰਭਵ ਹੋ ਜਾਵੇਗਾ। ਸਾਡੇ ਖੇਤਾਂ ਅਤੇ ਫਾਰਮਾਂ ਦੀ ਰਾਖੀ ਕਰਨ ਦਾ ਸਿੱਧਾ ਮਤਲਬ ਹੈ ਕਿ ਅਸੀਂ ਆਪਣੇ ਭਵਿੱਖ ਦੀ ਭੋਜਨ ਸਪਲਾਈ (Food Supply) ਨੂੰ ਸੁਰੱਖਿਅਤ ਕਰ ਰਹੇ ਹਾਂ।’ ਕੈਲੀਫੋਰਨੀਆ ਆਪਣੀਆਂ ਵਿਸ਼ਾਲ ਅਤੇ ਹਰੀਆਂ-ਭਰੀਆਂ ਖੇਤੀਬਾੜੀ ਘਾਟੀਆਂ (Valleys), ਅੰਗੂਰਾਂ ਦੇ ਬਾਗਾਂ (Vineyards), ਫਲਾਂ ਦੇ ਬਗੀਚਿਆਂ, ਡੇਅਰੀ ਫਾਰਮਾਂ ਅਤੇ ਅਪਣੀ ਅਮੀਰ ਖੇਤੀਬਾੜੀ ਵਿਰਾਸਤ ਲਈ ਦੁਨੀਆ ਭਰ ਵਿੱਚ ਪ੍ਰਸਿੱਧ ਹੈ। ਹੁਣ, ਸੂਬੇ ਭਰ ਦੇ ਕਿਸਾਨ ਸਥਾਨਕ ਨਾਗਰਿਕਾਂ ਵੱਲ ਦੇਖ ਰਹੇ ਹਨ ਤਾਂ ਜੋ ਇਸ ਤੋਂ ਪਹਿਲਾਂ ਕਿ ਕੀਮਤੀ ਖੇਤੀਯੋਗ ਜ਼ਮੀਨਾਂ ਹਮੇਸ਼ਾ ਲਈ ਗਾਇਬ ਹੋ ਜਾਣ, ਸਥਾਨਕ ਖੇਤੀਬਾੜੀ ਨੂੰ ਬਚਾਇਆ ਜਾ ਸਕੇ।

# ਹੁਣ ਗੈਰ ਕਾਨੂੰਨੀ ਪ੍ਰਵਾਸੀ ਧੜਾਧੜ ਹੋਣਗੇ ਡਿਪੋਰਟ : ਟਰੰਪ

ਵਾਸ਼ਿੰਗਟਨ : ਅਮਰੀਕਾ ਵਿਚ ਰਹਿ ਰਹੇ ਗੈਰ ਕਾਨੂੰਨੀ ਪ੍ਰਵਾਸੀ ਤੁਰੰਤ ਦੇਸ਼ ਵਿਚੋਂ ਕੱਢ ਦਿੱਤੇ ਜਾਣਗੇ। ਅਮਰੀਕਾ ਦੀ ਇਕ ਸੰਘੀ ਅਪੀਲ ਅਦਾਲਤ ਨੇ ਮੰਗਲਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੂੰ ਨਾ ਸਿਰਫ ਸਰਹੱਦੀ ਖੇਤਰਾਂ ਵਿੱਚ, ਸਗੋਂ ਦੇਸ਼ ਭਰ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਤੇਜ਼ੀ ਨਾਲ ਦੇਸ਼ ਨਿਕਾਲੇ ਨੂੰ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰਨ ਦੀ ਆਗਿਆ ਦੇ ਦਿੱਤੀ। ਡਿਸਟ੍ਰਿਕਟ ਆਫ਼ ਕੋਲੰਬੀਆ ਸਰਕਟ ਲਈ ਅਪੀਲ ਅਦਾਲਤ ਦੇ ਤਿੰਨ ਜੱਜਾਂ ਦੇ ਪੈਨਲ ਨੇ ਹੇਠਲੀ ਅਦਾਲਤ ਦੇ ਉਸ ਆਦੇਸ਼ ਨੂੰ ਰੱਦ ਕਰ ਦਿੱਤਾ, ਜਿਸ ਨੇ ਟਰੰਪ ਪ੍ਰਸ਼ਾਸਨ ਦੇ ਤੁਰੰਤ ਦੇਸ਼ ਨਿਕਾਲੇ ਦੇ ਵਿਸਥਾਰ ਨੂੰ ਅਸਥਾਈ ਤੌਰ ’ਤੇ ਰੋਕ ਦਿੱਤਾ ਸੀ।

ਸੰਸਥਾ ਏਸੀਐਲਯੂ ਦੇ ਇਮੀਗ੍ਰੈਂਟ ਰਾਈਟਸ ਪ੍ਰੋਜੈਕਟ ਦੇ ਸੀਨੀਅਰ ਸਟਾਫ ਅਟਾਰਨੀ ਆਨੰਦ ਬਾਲਕ੍ਰਿਸ਼ਨਨ ਨੇ ਇੱਕ ਬਿਆਨ ਵਿੱਚ ਕਿਹਾ, ‘ਟਰੰਪ ਪ੍ਰਸ਼ਾਸਨ ਦੇ ਤੁਰੰਤ ਦੇਸ਼ ਨਿਕਾਲੇ ’ਤੇ ਜ਼ੋਰ ਦੇਣ ਨਾਲ ਲੋਕ ਇੱਕ ਪੱਖਪਾਤੀ ਅਤੇ ਨੁਕਸਦਾਰ ਪ੍ਰਣਾਲੀ ਦੇ ਸ਼ਿਕਾਰ ਬਣਨਗੇ।’ ਪੈਨਲ ਦੇ ਮੈਂਬਰ ਜੱਜ ਜਸਟਿਨ ਆਰ. ਵਾਕਰ ਨੇ ਕਿਹਾ ਕਿ ਮੁਦਈ ਇਹ ਸਾਬਤ ਕਰਨ ਵਿੱਚ ਅਸਫਲ ਰਹੇ ਕਿ ਤੁਰੰਤ ਦੇਸ਼ ਨਿਕਾਲੇ ਦੇ ਦਾਇਰੇ ਦਾ ਵਿਸਥਾਰ ਕਰਨ ਨਾਲ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਉਨ੍ਹਾਂ ਨੇ ਆਪਣੇ ਫੈਸਲੇ ਵਿੱਚ ਲਿਖਿਆ ਕਿ ਪ੍ਰਵਾਸੀਆਂ ਨੂੰ ਦੇਸ਼ ਨਿਕਾਲੇ ਸਬੰਧੀ ਕਾਰਵਾਈ ਬਾਰੇ ਸੂਚਿਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਜੱਜ ਵਾਕਰ ਨੇ ਕਿਹਾ ਕਿ ਪ੍ਰਸ਼ਾਸਨ ’ਤੇ ਇਹ ਜਾਣਕਾਰੀ ਪ੍ਰਦਾਨ ਕਰਨ ਦੀ ਕੋਈ ਸੰਵਿਧਾਨਕ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਸੰਯੁਕਤ ਰਾਜ



ਵਿੱਚ ਰਹਿ ਰਹੇ ਪ੍ਰਵਾਸੀਆਂ ਨੂੰ ਤੇਜ਼ੀ ਨਾਲ ਦੇਸ਼ ਨਿਕਾਲੇ ਤੋਂ ਰਾਹਤ ਮਿਲ ਸਕਦੀ ਹੈ।

ਉਨ੍ਹਾਂ ਨੇ ਹੁਕਮ ਵਿਚ ਕਿਹਾ, ‘ਸੰਵਿਧਾਨ ਦੇ ਤਹਿਤ ਜ਼ਰੂਰੀ ਹੈ ਕਿ ਸਰਕਾਰ ਜਿਸ ਕਾਰਵਾਈ ਨੂੰ ਅੰਜਾਮ ਦੇ ਰਹੀ ਹੈ, ਇਸਦੇ ਆਧਾਰਾਂ ਦਾ ਸਪੱਸ਼ਟ ਨੋਟਿਸ ਦੇਵੇ ਅਤੇ ਸਬੰਧਤ ਵਿਅਕਤੀ ਨੂੰ ਜਵਾਬ ਦੇਣ ਦਾ ਮੌਕਾ ਦਿੱਤਾ ਜਾਵੇ।’ ਇਸ ਫੈਸਲੇ ਨੂੰ ਰਿਪਬਲਿਕਨ ਪ੍ਰਸ਼ਾਸਨ ਲਈ ਇੱਕ ਵੱਡੀ ਜਿੱਤ ਮੰਨਿਆ ਜਾਂਦਾ ਹੈ, ਜੋ ਤੁਰੰਤ ਦੇਸ਼ ਨਿਕਾਲੇ ਦੀ ਵਿਵਸਥਾ ਦੇ ਵਿਸਥਾਰ ਨੂੰ ਆਪਣੀ ਵਿਆਪਕ ਡਿਪੋਰਟੇਸ਼ਨ ਨੀਤੀ ਨੂੰ ਲਾਗੂ ਕਰਨ ਦੇ ਮੁੱਖ ਸਾਧਨ ਵਜੋਂ ਦੇਖਦਾ ਹੈ। ਤੇਜ਼ੀ ਨਾਲ ਦੇਸ਼ ਨਿਕਾਲਾ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਦੇ ਤਹਿਤ ਇੱਕ ਪ੍ਰਵਾਸੀ ਨੂੰ ਅਦਾਲਤ ਵਿੱਚ ਜੱਜ ਦੇ ਸਾਹਮਣੇ ਆਪਣਾ ਕੇਸ ਪੇਸ਼ ਕਰਨ ਦਾ ਮੌਕਾ ਦਿੱਤੇ ਬਿਨਾਂ ਦੇਸ਼ ਤੋਂ ਬਾਹਰ ਕੱਢਿਆ ਜਾ ਸਕਦਾ ਹੈ। ਹੁਣ ਤੱਕ ਇਹ ਪ੍ਰਣਾਲੀ ਮੁੱਖ ਤੌਰ ’ਤੇ ਸਮੁੰਦਰ ਰਾਹੀਂ ਪਹੁੰਚਣ ਵਾਲੇ ਪ੍ਰਵਾਸੀਆਂ ਜਾਂ ਸਰਹੱਦ ਪਾਰ ਕਰਨ ਤੋਂ ਥੋੜ੍ਹੀ ਦੇਰ ਬਾਅਦ ਜਾਂ ਨੇੜੇ ਫੜੇ ਗਏ ਪ੍ਰਵਾਸੀਆਂ ’ਤੇ ਲਾਗੂ ਕੀਤੀ ਜਾਂਦੀ ਰਹੀ ਹੈ। ਜਨਵਰੀ ਵਿੱਚ ਟਰੰਪ ਪ੍ਰਸ਼ਾਸਨ ਨੇ ਇਸ ਪ੍ਰਣਾਲੀ ਦਾ ਵਿਸਥਾਰ ਪੂਰੇ ਸੰਯੁਕਤ ਰਾਜ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ’ਤੇ ਲਾਗੂ ਕਰ ਦਿੱਤਾ ਸੀ।

### ਪੰਜਾਬੀ ਛਾ ਗਏ ਓਏ

# ਲਾਸ ਏਂਜਲਸ ਨੇ 6 ਜਨਵਰੀ 2027 ਨੂੰ ‘ਦਿਲਜੀਤ ਦੋਸਾਂਝ ਦਿਵਸ’ ਐਲਾਨਿਆ

## ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਦੁਨੀਆ ਭਰ ਵਿੱਚ ਪਹੁੰਚਾਉਣ ਲਈ ਮਿਲੀ ਵਿਸ਼ੇਸ਼ ਮਾਨਤਾ; ਸੋਸ਼ਲ ਮੀਡੀਆ ’ਤੇ ਪ੍ਰਸ਼ੰਸਕਾਂ ਵਿੱਚ ਖੁਸ਼ੀ ਦੀ ਲਹਿਰ; ਦਿਲਜੀਤ ਨੂੰ ਦਿੱਤੀਆਂ ਵਧਾਈਆਂ

ਲਾਸ ਏਂਜਲਸ : ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੀਆਂ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਹੈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਵਿਸ਼ਵ ਪੱਧਰ ‘ਤੇ ਪਛਾਣ ਦਿਵਾਉਣ ਵਾਲੇ ਇਸ ਪੰਜਾਬੀ ਕਲਾਕਾਰ ਨੇ ਹੁਣ ਇੱਕ ਹੋਰ ਵੱਡੀ ਕਾਮਯਾਬੀ ਆਪਣੇ ਨਾਮ ਕਰ ਲਈ ਹੈ।

ਲਾਸ ਏਂਜਲਸ ਸਿਟੀ ਕੌਂਸਲ ਨੇ ਅਧਿਕਾਰਕ ਤੌਰ ’ਤੇ ਇੱਕ ਪ੍ਰਸਤਾਵ ਪਾਸ ਕਰਕੇ 6 ਜਨਵਰੀ 2027 ਨੂੰ ‘ਦਿਲਜੀਤ ਦੋਸਾਂਝ ਦਿਵਸ’ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਹ ਪ੍ਰਸਤਾਵ ਕੌਂਸਲਵੁਮਨ ਮੋਨਿਕਾ ਰੌਡਰਿਗਜ਼ ਵੱਲੋਂ ਪੇਸ਼ ਕੀਤਾ ਗਿਆ ਸੀ।

ਇਸ ਪ੍ਰਸਤਾਵ ਰਾਹੀਂ ਭਾਰਤ ਵਿੱਚ ਜੰਮੇ ਗਾਇਕ, ਅਦਾਕਾਰ ਅਤੇ ਨਿਰਮਾਤਾ ਦਿਲਜੀਤ ਦੋਸਾਂਝ ਨੂੰ ਪੰਜਾਬੀ ਸੰਗੀਤ ਨੂੰ ਦੁਨੀਆ ਭਰ ਤੱਕ ਪਹੁੰਚਾਉਣ ਅਤੇ ਅਮਰੀਕੀ ਮੁੱਖਧਾਰਾ ਸੱਭਿਆਚਾਰ ਵਿੱਚ ਦੱਖਣੀ ਏਸ਼ਿਆਈ



ਭਾਈਚਾਰੇ ਦੀ ਨੁਮਾਇੰਦਗੀ ਨੂੰ ਮਜ਼ਬੂਤ ਕਰਨ ਲਈ ਸਨਮਾਨਿਤ ਕੀਤਾ ਗਿਆ ਹੈ।

ਦਿਲਜੀਤ ਦੋਸਾਂਝ ਨੇ ਆਪਣੇ ਸੰਗੀਤ, ਫਿਲਮਾਂ ਅਤੇ ਅੰਤਰਰਾਸ਼ਟਰੀ ਮੰਚਾਂ ’ਤੇ ਪੇਸ਼ਕਾਰੀਆਂ ਰਾਹੀਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਨਵੀਂ ਪਛਾਣ ਦਿੱਤੀ ਹੈ। ਉਨ੍ਹਾਂ ਦੀ ਲੋਕਪ੍ਰਿਅਤਾ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਉਹ ਦੁਨੀਆ ਭਰ ਦੇ ਪੰਜਾਬੀਆਂ ਅਤੇ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਖਾਸ ਥਾਂ ਬਣਾ ਚੁੱਕੇ ਹਨ।

ਇਸ ਐਲਾਨ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਪ੍ਰਸ਼ੰਸਕਾਂ ਵੱਲੋਂ ਖੁਸ਼ੀ ਜਤਾਈ ਜਾ ਰਹੀ ਹੈ। ਇੱਕ ਯੂਜ਼ਰ ਨੇ ਲਿਖਿਆ, “ਬੱਲੇ ਬੱਲੇ, ਮੁਬਾਰਕਾਂ।” ਇਕ ਹੋਰ ਨੇ ਟਿੱਪਣੀ ਕੀਤੀ, “ਕਿੱਥੋਂ ਕੋਈ ਕਰ ਲਵੇ ਮੁਕਾਬਲਾ, ਮਾਣ ਹੈ ਤੁਹਾਡੇ ’ਤੇ ਦੋਸਾਂਝ ਸਾਹਿਬ।” ਜਦਕਿ ਇੱਕ ਹੋਰ ਪ੍ਰਸ਼ੰਸਕ ਨੇ ਲਿਖਿਆ, “ਪੰਜਾਬੀ ਛਾ ਗਏ ਓਏ।

ਲਾਸ ਏਂਜਲਸ ਵੱਲੋਂ ਦਿੱਤਾ ਗਿਆ ਇਹ ਸਨਮਾਨ ਨਾ ਸਿਰਫ਼ ਦਿਲਜੀਤ ਦੋਸਾਂਝ ਦੀ ਨਿੱਜੀ ਉਪਲਬਧੀ ਹੈ, ਸਗੋਂ ਪੰਜਾਬੀ ਭਾਸ਼ਾ, ਸੰਗੀਤ ਅਤੇ ਸੱਭਿਆਚਾਰ ਲਈ ਵੀ ਮਾਣ ਵਾਲਾ ਪਲ ਮੰਨਿਆ ਜਾ ਰਿਹਾ ਹੈ।

# ਨਿਊਯਾਰਕ ’ਚ ਗ਼ੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

## 4 ਮੁਲਜ਼ਮ ਨਾਮਜ਼ਦ, ਅੰਡਰਕਵਰ ਆਪ੍ਰੇਸ਼ਨ ਦੌਰਾਨ 70 ਤੋਂ ਵੱਧ ਹਥਿਆਰ ਬਰਾਮਦ






ਨਿਊਯਾਰਕ : ਨਿਊਯਾਰਕ ਸ਼ਹਿਰ (NYC) ਨੂੰ ਹਥਿਆਰਾਂ ਦੀ ਹਿੰਸਾ ਤੋਂ ਮੁਕਤ ਅਤੇ ਸੁਰੱਖਿਅਤ ਰੱਖਣ ਦੀ ਦਿਸ਼ਾ ਵਿੱਚ ਸੁਰੱਖਿਆ ਏਜੰਸੀਆਂ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਨਿਊਯਾਰਕ ਪੁਲਿਸ ਵਿਭਾਗ (NYPD), ਮੈਨਹਟਨ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਅਤੇ ਏ.ਟੀ.ਐੱਫ. (ATF - Bureau of Alcohol, Tobacco, Firearms and Explosives) ਨੇ ਸਾਂਝੇ ਤੌਰ ’ਤੇ ਕਾਰਵਾਈ ਕਰਦਿਆਂ ਨਿਊਯਾਰਕ ਸ਼ਹਿਰ ਵਿੱਚ ਹਥਿਆਰਾਂ ਦੀ ਵੱਡੇ ਪੱਧਰ ’ਤੇ ਤਸਕਰੀ (Guns Trafficking) ਕਰਨ ਦੇ ਦੋਸ਼ ਹੇਠ 4 ਲੋਕਾਂ ਖ਼ਿਲਾਫ਼ ਅਦਾਲਤੀ ਇੰਡਾਈਟਮੈਂਟ (ਦੋਸ਼-ਪੱਤਰ) ਜਾਰੀ ਕਰਨ ਦਾ ਐਲਾਨ ਕੀਤਾ ਹੈ।

**NYPD ਦੇ ਅੰਡਰਕਵਰ ਅਫ਼ਸਰਾਂ ਨੇ ਜਾਨ ਜੋਖ਼ਮ ’ਚ ਪਾ ਕੇ ਚਲਾਇਆ ਆਪ੍ਰੇਸ਼ਨ** : ਇਸ ਪੂਰੇ ਨੈੱਟਵਰਕ ਨੂੰ ਤੋੜਨ ਲਈ ਪੁਲਿਸ ਅਧਿਕਾਰੀਆਂ ਨੇ ਬੇਹੱਦ ਖ਼ਤਰਨਾਕ ਅਤੇ ਗੁਪਤ ਮਿਸ਼ਨ ਨੂੰ ਅੰਜਾਮ ਦਿੱਤਾ:

**70 ਤੋਂ ਵੱਧ ਹਥਿਆਰ ਜ਼ਬਤ:** NYPD ਦੇ ਅੰਡਰਕਵਰ (ਗੁਪਤ) ਅਫ਼ਸਰਾਂ ਨੇ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਤਸਕਰਾਂ ਨਾਲ ਡੀਲ ਕੀਤੀ ਅਤੇ ਸ਼ਹਿਰ ਦੀਆਂ ਸੜਕਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ 70 ਤੋਂ ਵੱਧ ਗ਼ੈਰ-ਕਾਨੂੰਨੀ ਹਥਿਆਰ ਖ਼ਰੀਦ ਕੇ ਜ਼ਬਤ ਕੀਤੇ।

**ਵੱਡੀ ਹਿੰਸਾ ਟਲੀ:** ਅਧਿਕਾਰੀਆਂ ਮੁਤਾਬਕ ਜੇਕਰ ਇਹ ਹਥਿਆਰ ਸ਼ਹਿਰ ਦੇ ਅਪਰਾਧੀਆਂ ਤੱਕ ਪਹੁੰਚ ਜਾਂਦੇ, ਤਾਂ ਇਸ ਨਾਲ ਨਿਊਯਾਰਕ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਵੱਡਾ ਖ਼ਤਰਾ ਪੈਦਾ ਹੋ ਸਕਦਾ ਸੀ।

**ਸ਼ਹਿਰ ਦੀ ਸੁਰੱਖਿਆ ਲਈ ਵਚਨਬੱਧਤਾ** : ਮੈਨਹਟਨ ਡਿਸਟ੍ਰਿਕਟ ਅਟਾਰਨੀ ਅਤੇ ਪੁਲਿਸ ਪ੍ਰਸ਼ਾਸਨ ਨੇ ਸਾਂਝੇ ਬਿਆਨ ਵਿੱਚ ਆਖਿਆ ਕਿ ਵੱਖ-ਵੱਖ ਸੁਰੱਖਿਆ ਏਜੰਸੀਆਂ ਦਾ ਇਹ ਆਪਸੀ ਤਾਲਮੇਲ ਹੀ ਸ਼ਹਿਰ ਨੂੰ ਸੁਰੱਖਿਅਤ ਰੱਖਣ ਦਾ ਸਭ ਤੋਂ ਕਾਰਗਰ ਤਰੀਕਾ ਹੈ। ਅਪਰਾਧੀਆਂ ਅਤੇ ਹਥਿਆਰਾਂ ਦੇ ਸਮਗਲਰਾਂ ਖ਼ਿਲਾਫ਼ ਅਜਿਹੀਆਂ ਸਖ਼ਤ ਕਾਨੂੰਨੀ ਕਾਰਵਾਈਆਂ ਨਿਰੰਤਰ ਜਾਰੀ ਰਹਿਣਗੀਆਂ ਤਾਂ ਜੋ ਆਮ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

# ਅਮਰੀਕੀ ਨਾਗਰਿਕਤਾ ਫੀਸ ’ਚ 75 ਫੀਸਦੀ ਵਾਧੇ ਦਾ ਪ੍ਰਸਤਾਵ !

ਅਮਰੀਕੀ ਸਰਕਾਰ ਦੇ ਇਕ ਫ਼ੈਸਲੇ ਨਾਲ ਭਾਰਤੀ ਲੋਕਾਂ ਖ਼ਾਸ ਕਰ ਕੇ ਪੰਜਾਬੀਆਂ ਦੇ ਅਮਰੀਕਾ ਜਾਣ ਦੇ ਸੁਫਨੇ ਨੂੰ ਵੱਡਾ ਝਟਕਾ ਲੱਗ ਸਕਦਾ ਹੈ। ਹਾਲ ਹੀ ਵਿਚ ਅਮਰੀਕੀ ਘਰੇਲੂ ਸੁਰੱਖਿਆ ਵਿਭਾਗ (DHS) ਨੇ ਨੈਚੁਰਲਾਈਜ਼ੇਸ਼ਨ ਅਰਜ਼ੀਆਂ ਲਈ ਫਾਈਲਿੰਗ ਫੀਸਾਂ ਵਿੱਚ ਤੇਜ਼ੀ ਨਾਲ ਵਾਧਾ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਹ ਇੱਕ ਅਜਿਹਾ ਕਦਮ ਹੈ ਜੋ ਸਥਾਈ ਨਿਵਾਸੀਆਂ (ਗ੍ਰੀਨ ਕਾਰਡ ਧਾਰਕਾਂ) ਲਈ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦੀ ਲਾਗਤ ਨੂੰ ਕਾਫ਼ੀ ਵਧਾ ਸਕਦਾ ਹੈ, ਜਿਸ ਵਿੱਚ ਹਰ ਸਾਲ ਅਰਜ਼ੀ ਦੇਣ ਦੇ ਯੋਗ ਹਜ਼ਾਰਾਂ ਭਾਰਤੀ ਸ਼ਾਮਲ ਹਨ।

ਪ੍ਰਸਤਾਵ ਦੇ ਤਹਿਤ, ਫਾਰਮ N-400 (ਨੈਚੁਰਲਾਈਜ਼ੇਸ਼ਨ ਲਈ ਅਰਜ਼ੀ), ਜੋ ਕਿ ਅਮਰੀਕੀ ਨਾਗਰਿਕਤਾ ਦੀ ਮੰਗ ਕਰਨ ਵਾਲੇ ਗ੍ਰੀਨ ਕਾਰਡ ਧਾਰਕਾਂ ਦੁਆਰਾ ਵਰਤੀ ਜਾਂਦੀ ਮੁੱਖ ਅਰਜ਼ੀ ਹੈ, ਦੀ ਫੀਸ ਕਾਗਜ਼ੀ ਫਾਈਲਿੰਗ ਲਈ 760 ਡਾਲਰ ਤੋਂ ਵੱਧ ਕੇ 1,330 ਡਾਲਰ ਹੋ ਜਾਵੇਗੀ, ਜੋ ਕਿ 75% ਦਾ ਵਾਧਾ ਹੈ। ਔਨਲਾਈਨ ਫਾਈਲਿੰਗ ਲਈ, ਫੀਸ ਵਿੱਚ ਲਗਭਗ 80% ਵਾਧਾ ਹੋਵੇਗਾ, ਜੋ ਕਿ 710 ਡਾਲਰ ਤੋਂ ਵੱਧ ਕੇ 1,280 ਡਾਲਰ ਹੋ ਜਾਵੇਗੀ।

ਇਸ ਪ੍ਰਸਤਾਵ ਨਾਲ ਘੱਟ ਆਮਦਨ ਵਾਲੇ ਬਿਨੈਕਾਰਾਂ




ਲਈ ਮੌਜੂਦਾ ਸਮੇਂ ਵਿੱਚ ਉਪਲਬਧ ਘਟੀ ਹੋਈ ਫੀਸ ਦਾ ਵਿਕਲਪ ਵੀ ਖਤਮ ਹੋ ਜਾਵੇਗਾ ਅਤੇ ਇਹ ਨੈਚੁਰਲਾਈਜ਼ੇਸ਼ਨ ਫਾਈਲਿੰਗ ਲਈ ਫੀਸ ਛੋਟਾਂ ਨੂੰ ਪੂਰੀ ਤਰ੍ਹਾਂ ਖਤਮ ਕਰ ਦੇਵੇਗਾ। ਵਰਤਮਾਨ ਵਿੱਚ ਸੀਮਤ ਵਿੱਤੀ ਸਾਧਨਾਂ ਵਾਲੇ ਕੁਝ ਬਿਨੈਕਾਰ ਫੀਸ ਘਟਾਉਣ ਜਾਂ ਪੂਰੀ ਛੋਟ ਦੀ ਮੰਗ ਕਰ ਸਕਦੇ ਹਨ। ਇਹ ਪ੍ਰਸਤਾਵ ਉਸ ਸਮੇਂ ਆਇਆ ਹੈ ਜਦੋਂ ਭਾਰਤੀ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਸਭ ਤੋਂ ਵੱਡੇ ਸਮੂਹਾਂ ਵਿੱਚੋਂ ਇੱਕ ਬਣੇ ਹੋਏ ਹਨ। DHS ਦੇ ਅੰਕੜਿਆਂ ਅਨੁਸਾਰ, ਵਿੱਤੀ ਸਾਲ 2022 (30 ਸਤੰਬਰ ਨੂੰ ਖਤਮ ਹੋਇਆ ਵਿੱਤੀ ਸਾਲ) ਵਿੱਚ 65,960 ਭਾਰਤੀਆਂ ਨੇ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ, ਵਿੱਤੀ ਸਾਲ 2023 ਵਿੱਚ 59,100 ਅਤੇ ਵਿੱਤੀ ਸਾਲ 2024 ਵਿੱਚ 49,700 ਨੇ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ। ਪਿਛਲੇ ਦੋ ਸਾਲਾਂ ਤੋਂ ਗਿਣਤੀ ਵਿੱਚ ਗਿਰਾਵਟ ਦੇ ਬਾਵਜੂਦ ਭਾਰਤ ਵਿੱਤੀ ਸਾਲ 2024 ਵਿੱਚ ਨਵੇਂ ਅਮਰੀਕੀ ਨਾਗਰਿਕਾਂ ਲਈ ਦੂਜਾ ਸਭ ਤੋਂ ਵੱਡਾ ਸਰੋਤ ਦੇਸ਼ ਰਿਹਾ।

DHS ਨੇ ਫਾਰਮ N-336 (ਨੈਚੁਰਲਾਈਜ਼ੇਸ਼ਨ ਕਾਰਵਾਈਆਂ ਵਿੱਚ ਫੈਸਲੇ ’ਤੇ ਸੁਣਵਾਈ ਲਈ ਬੇਨਤੀ) ਲਈ ਫੀਸ ਵਧਾਉਣ ਦਾ ਵੀ ਪ੍ਰਸਤਾਵ ਰੱਖਿਆ ਹੈ; ਇਹ ਫਾਰਮ ਉਹਨਾਂ ਬਿਨੈਕਾਰਾਂ ਦੁਆਰਾ ਵਰਤਿਆ ਜਾਂਦਾ ਹੈ ਜੋ ਆਪਣੀਆਂ ਨਾਗਰਿਕਤਾ ਅਰਜ਼ੀਆਂ ਦੇ ਇਨਕਾਰ ਨੂੰ ਚੁਣੌਤੀ ਦੇਣਾ ਚਾਹੁੰਦੇ ਹਨ। ਇਸ ਫਾਰਮ ਲਈ ਫਾਈਲਿੰਗ ਫੀਸ ਕਾਗਜ਼ੀ ਜਮ੍ਹਾਂ ਕਰਵਾਉਣ ਲਈ 830 ਡਾਲਰ ਤੋਂ 1,475 ਡਾਲਰ ਅਤੇ ਔਨਲਾਈਨ ਫਾਈਲਿੰਗ ਲਈ 780 ਡਾਲਰ ਤੋਂ 1,425 ਡਾਲਰ ਤੱਕ ਵਧ ਜਾਵੇਗੀ।

DHS ਦੇ ਅਨੁਸਾਰ ਵਾਧੇ ਦਾ ਉਦੇਸ਼ ਫਾਈਲਿੰਗ ਫੀਸਾਂ ਨੂੰ ਏਜੰਸੀ ਦੇ ਨੈਚੁਰਲਾਈਜ਼ੇਸ਼ਨ-ਸਬੰਧਤ ਅਰਜ਼ੀਆਂ ਦੀ ਪ੍ਰਕਿਰਿਆ ਅਤੇ ਨਿਰਣਾ ਕਰਨ ਦੇ ਖਰਚਿਆਂ ਨਾਲ ਬਿਹਤਰ ਢੰਗ ਨਾਲ ਇਕਸਾਰ ਕਰਨਾ ਹੈ। ਏਜੰਸੀ 60 ਦਿਨਾਂ ਲਈ ਜਨਤਕ ਟਿੱਪਣੀਆਂ ਸਵੀਕਾਰ ਕਰੇਗੀ, ਅੰਤਿਮ ਨਿਯਮ ਲਾਗੂ ਕਰਨ ਤੋਂ ਪਹਿਲਾਂ ਇਹਨਾਂ ਦੀ ਸਮੀਖਿਆ ਕੀਤੀ ਜਾਵੇਗੀ।

# ਨਦੀਆਂ ਦਾ ਜ਼ਹਿਰੀਲਾ ਹੁੰਦਾ ਪਾਣੀ

ਦੇਸ਼ ਭਰ 'ਚ ਵਾਤਾਵਰਨ ਸੰਬੰਧੀ ਨਿਯਮਾਂ ਤੇ ਕਾਨੂੰਨਾਂ ਦੀ ਵੱਡੀ ਪੱਧਰ 'ਤੇ ਹੋ ਰਹੀ ਉਲੰਘਣਾ ਦੇ ਚੱਲਦਿਆਂ ਕਈ ਸੂਬਿਆਂ 'ਚ ਨਦੀਆਂ ਦਾ ਪਾਣੀ ਬਹੁਤ ਜ਼ਹਿਰੀਲਾ ਹੋ ਗਿਆ ਹੈ। ਕਈ ਸੂਬਿਆਂ 'ਚ ਇਹ ਪਾਣੀ ਇਨਸਾਨ ਹੀ ਨਹੀਂ, ਸਗੋਂ ਪੰਛੀਆਂ ਤੇ ਜਾਨਵਰਾਂ ਦੇ ਵੀ ਪੀਣ ਯੋਗ ਨਹੀਂ ਰਿਹਾ। ਇਨ੍ਹਾਂ ਸੂਬਿਆਂ ਦੇ ਉਦਯੋਗਿਕ ਖੇਤਰਾਂ, ਸੀਵਰੇਜ ਵਿਭਾਗ ਤੇ ਖਾਸ ਕਰਕੇ ਸਥਾਨਕ ਸਰਕਾਰਾਂ ਵਿਭਾਗ ਦੀ ਲਾਪ੍ਰਵਾਹੀ ਦੇ ਚੱਲਦਿਆਂ ਉਦਯੋਗਾਂ ਦਾ ਗੰਦਾ ਤੇ ਜ਼ਹਿਰੀਲਾ ਪਾਣੀ ਤੇ ਸੀਵਰੇਜ ਦਾ ਮਲ-ਮੂਤਰ ਨਾਲ ਭਰਿਆ ਪਾਣੀ ਬਿਨਾਂ ਸਾਫ਼ ਕੀਤੇ ਨਦੀਆਂ-ਨਾਲਿਆਂ 'ਚ ਸੁੱਟਿਆ ਜਾ ਰਿਹਾ ਹੈ। ਇਸ ਤੋਂ ਵੀ ਵੱਡਾ ਦੁਖਦਾਈ ਪਹਿਲੂ ਇਹ ਹੈ ਕਿ ਇਹ ਗੰਦਾ ਪਾਣੀ ਅੰਤ 'ਚ ਗਾਰ ਦਾ ਰੂਪ ਧਾਰਨ ਕਰਕੇ ਨਦੀਆਂ-ਨਾਲਿਆਂ ਨੂੰ ਭਰ ਦਿੰਦਾ ਹੈ। ਇਹ ਸਥਿਤੀ ਪੂਰੇ ਦੇਸ਼ ਲਈ ਤੇ ਖਾਸ ਕਰਕੇ ਉਦਯੋਗਿਕ ਕ੍ਰਾਂਤੀ ਤੇ ਖੇਤੀ ਖੇਤਰ ਵਾਲੇ ਸੂਬਿਆਂ ਲਈ ਬੇਹੱਦ ਖ਼ਤਰਨਾਕ ਹੋ ਚੁੱਕੀ ਹੈ ।

ਬਿਨਾਂ ਸ਼ੱਕ ਇਹ ਸਥਿਤੀ ਸੂਬਿਆਂ ਦੇ ਪ੍ਰਸ਼ਾਸਨ ਦੀ ਕਾਰਜ ਪ੍ਰਣਾਲੀ ਨੂੰ ਲੈ ਕੇ ਅਨੇਕਾਂ ਸਵਾਲ ਖੜ੍ਹੇ ਕਰਦੀ ਹੈ। ਕੇਂਦਰੀ ਵਾਤਾਵਰਨ ਤੇ ਵਣ ਮੰਤਰਾਲੇ ਦੀ ਇਕ ਰਿਪੋਰਟ ਅਨੁਸਾਰ ਨਦੀਆਂ ਦੇ ਇਸ ਪ੍ਰਦੂਸ਼ਣ ਨੇ ਵਾਤਵਰਨ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਰਿਪੋਰਟ 'ਚ ਇਹ ਵੀ ਦੱਸਿਆ ਗਿਆ ਹੈ ਕਿ ਨਦੀਆਂ ਦੇ ਇਸ ਪ੍ਰਦੂਸ਼ਣ ਦੇ ਵਾਤਾਵਰਨ 'ਤੇ ਪਏ ਮਾੜੇ ਅਸਰ ਕਾਰਨ ਦੇਸ਼ 'ਚ ਮੌਸਮ ਦਾ ਕੁਦਰਤੀ ਵਰਤਾਰਾ ਵੀ ਪ੍ਰਭਾਵਿਤ ਹੋਇਆ ਹੈ। ਰਿਪੋਰਟ ਅਨੁਸਾਰ ਇਸੇ ਪ੍ਰਭਾਵ ਦੇ ਚੱਲਦਿਆਂ ਹੁਣ ਦੇਸ਼ ਦੇ ਕਿਸੇ ਸੂਬੇ 'ਚ ਸੋਕਾ ਪੈ ਰਿਹਾ ਹੈ ਤੇ ਕਿਸੇ ਹੋਰ 'ਚ ਹੜ੍ਹ ਆ ਰਹੇ ਹਨ । ਕੁਝ ਸੂਬਿਆਂ ਦੇ ਨਦੀ-ਨਾਲਿਆਂ 'ਚ ਤਾਂ ਸੀਵਰੇਜ ਦਾ ਪਾਣੀ ਇੰਨੀ ਲਾਪ੍ਰਵਾਹੀ ਨਾਲ ਸੁੱਟਿਆ ਜਾਂਦਾ ਹੈ ਕਿ ਹਰ ਪੱਧਰ 'ਤੇ ਨਿਯਮ ਤੇ ਕਾਨੂੰਨਾਂ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾਂਦੀਆਂ ਹਨ। ਰਿਪੋਰਟ ਅਨੁਸਾਰ ਦੇਸ਼ 'ਚ 4,498 ਉਦਯੋਗ ਬੇਹੱਦ ਪ੍ਰਦੂਸ਼ਿਤ ਹਨ ਤੇ ਇਨ੍ਹਾਂ 'ਚੋਂ 601 ਉਦਯੋਗ ਅਜਿਹੇ ਹਨ, ਜੋ ਬਹੁਤ ਜ਼ਿਆਦਾ ਪ੍ਰਦੂਸ਼ਣ ਪੈਦਾ ਕਰਨ ਵਾਲੇ ਹਨ ਅਤੇ ਇਹ ਉਦਯੋਗਿਕ ਇਕਾਈਆਂ ਬੇਹੱਦ ਪ੍ਰਦੂਸ਼ਿਤ ਤੇ ਜ਼ਹਿਰੀਲੇ ਪਾਣੀ ਨੂੰ ਸੂਬਿਆਂ ਦੀਆਂ ਨਦੀਆਂ, ਨਹਿਰਾਂ ਤੇ ਨਾਲਿਆਂ 'ਚ ਪੂਰੇ ਧੜੱਲੇ ਨਾਲ ਸੁੱਟਦੀਆਂ ਹਨ। ਨਦੀਆਂ 'ਚ ਸੀਵਰੇਜ ਤੇ ਉਦਯੋਗਾਂ ਦਾ ਪ੍ਰਦੂਸ਼ਿਤ ਪਾਣੀ ਸੁੱਟਣ ਦੇ ਬਾਅਦ ਅੱਜ ਸਥਿਤੀ ਇਹ ਹੋ ਗਈ ਹੈ ਕਿ ਧਰਮ ਤੇ ਆਸਥਾ ਨੂੰ ਪਹਿਲ ਦੇਣ ਵਾਲੇ ਸਾਡੇ ਦੇਸ਼ 'ਚ 296 ਨਦੀਆਂ ਦਾ ਪਾਣੀ ਪੀਣ ਤਾਂ ਕੀ ਇਸ਼ਨਾਨ ਕਰਨ ਦੇ ਵੀ ਯੋਗ ਨਹੀਂ ਰਿਹਾ। ਇਸ ਸਥਿਤੀ ਨੂੰ ਲੈ ਕੇ ਸਮਾਜਿਕ, ਧਾਰਮਿਕ ਤੇ ਨਾਗਰਿਕ ਸੰਸਥਾਵਾਂ ਸਮੇਂ-ਸਮੇਂ 'ਤੇ ਆਵਾਜ਼ ਉਠਾਉਂਦੀਆਂ ਰਹਿੰਦੀਆਂ ਹਨ, ਜਿਸ ਕਾਰਨ ਕੇਂਦਰ ਤੇ ਸੂਬਾ ਸਰਕਾਰਾਂ ਵੀ ਕਈ ਵਾਰ ਹਰਕਤ 'ਚ ਆਉਂਦੀਆਂ ਹਨ, ਪਰ ਅਖੀਰ 'ਚ ਮਾਮਲਾ ਮੁੜ ਅਣਗੌਲਿਆ ਹੋ ਕੇ ਰਹਿ ਜਾਂਦਾ ਹੈ।

ਇਸ ਸਥਿਤੀ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਗੰਭੀਰ ਸ਼ਿਕਾਇਤਾਂ ਹੋਣ ਦੇ ਬਾਵਜੂਦ ਜ਼ਿਆਦਾਤਰ ਦੋਸ਼ੀਆਂ ਜਾਂ ਪ੍ਰਦੂਸ਼ਣ ਲਈ ਜ਼ਿੰਮੇਵਾਰ ਲੋਕਾਂ ਦੇ ਵਿਰੁੱਧ ਕਾਰਵਾਈ 'ਕਾਰਨ ਦੱਸੋ' ਨੋਟਿਸ ਜਾਰੀ ਹੋਣ ਤੋਂ ਅੱਗੇ ਨਹੀਂ ਵਧ ਪਾਉਂਦੀ ਹੈ। ਕੇਂਦਰੀ ਮੰਤਰਾਲੇ ਦੀ ਇਸ ਰਿਪੋਰਟ ਦੇ ਅਨੁਸਾਰ ਇਸ ਸਮੇਂ ਦੇਸ਼ 'ਚ 271 ਨਦੀਆਂ ਪ੍ਰਦੂਸ਼ਣ ਮੰਤਰਾਲੇ ਦੀ ਰਾਡਾਰ 'ਤੇ ਹਨ। ਇਹ ਨਦੀਆਂ ਜਿਹੜੇ ਵੀ ਸੂਬਿਆਂ 'ਚੋਂ ਹੋ ਕੇ ਲੰਘਦੀਆਂ ਹਨ ਉਨ੍ਹਾਂ ਦੇ ਜ਼ਿਆਦਾਤਰ ਸਥਾਨਾਂ 'ਤੇ ਇਨ੍ਹਾਂ ਨਦੀਆਂ ਦਾ ਪਾਣੀ ਲੋਕਾਂ ਦੇ ਨਹਾਉਣ ਯੋਗ ਵੀ ਨਹੀਂ ਹੈ। ਇਹ ਸਥਿਤੀ ਉਸ ਦੇਸ਼ 'ਚ ਹੈ, ਜਿੱਥੇ ਧਾਰਮਿਕ ਆਸਥਾ ਦੇ ਤਹਿਤ ਨਦੀਆਂ 'ਚ ਇਸ਼ਨਾਨ ਕਰਨਾ ਅਤਿ ਜ਼ਰੂਰੀ ਮੰਨਿਆ ਜਾਂਦਾ ਹੈ। ਭਾਵੇਂ ਪ੍ਰਦੂਸ਼ਣ ਮੰਤਰਾਲਾ ਸਮੇਂ-ਸਮੇਂ 'ਤੇ ਦੇਸ਼ ਦੀਆਂ ਨਦੀਆਂ ਦੇ ਪ੍ਰਦੂਸ਼ਣ ਪੱਧਰ ਦੀ ਜਾਂਚ ਕਰਦਾ ਰਹਿੰਦਾ ਹੈ ਤੇ ਪ੍ਰਦੂਸ਼ਣ ਫੈਲਾਉਣ ਲਈ ਜ਼ਿੰਮੇਵਾਰ ਇਕਾਈਆਂ ਦੇ ਵਿਰੁੱਧ ਸ਼ਿਕਾਇਤਾਂ ਵੀ ਨੋਟ ਕਰਦਾ ਹੈ, ਪਰ ਇਹ ਸਭ ਸ਼ਿਕਾਇਤਾਂ ਅਖੀਰ 'ਚ ਬਿਨਾਂ ਕੋਈ ਕਾਰਵਾਈ ਕੀਤੇ ਨਜ਼ਰਅੰਦਾਜ਼ ਕਰ ਦਿੱਤੀਆਂ ਜਾਂਦੀਆਂ ਹਨ। ਕਾਨੂੰਨ ਦੇ ਅਨੁਸਾਰ ਸੂਬਿਆਂ 'ਚ ਲੱਗੇ ਸਭ ਵੱਡੇ ਉਦਯੋਗਾਂ 'ਚ 'ਟਰੀਟਮੈਂਟ ਪਲਾਂਟ' ਲਗਾਉਣੇ ਜ਼ਰੂਰੀ ਹਨ, ਪਰ ਜ਼ਿਆਦਾਤਰ ਸੂਬਿਆਂ 'ਚ ਬਹੁਤੇ ਉਦਯੋਗ ਇਸ ਲਾਜ਼ਮੀ ਸ਼ਰਤ ਦੀ ਅਣਦੇਖੀ ਕਰਕੇ ਚਲਾਏ ਜਾ ਰਹੇ ਹਨ।

ਅਸੀਂ ਸਮਝਦੇ ਹਾਂ ਕਿ ਇਹ ਸਥਿਤੀ ਆਮ ਲੋਕਾਂ ਤੇ ਖਾਸ ਕਰਕੇ ਬੱਚਿਆਂ, ਬਜ਼ੁਰਗਾਂ ਤੇ ਗਰਭਵਤੀ ਔਰਤਾਂ ਦੀ ਸਿਹਤ ਦੇ ਬਿਲਕੁਲ ਵੀ ਅਨੁਕੂਲ ਨਹੀਂ ਹੈ। ਪ੍ਰਸ਼ਾਸਨਿਕ ਕੁਤਾਹੀਆਂ, ਭ੍ਰਿਸ਼ਟਾਚਾਰ ਤੇ ਲਾਲਚ ਦੀ ਘਟੀਆ ਪ੍ਰਵਿਰਤੀ ਦੇ ਚੱਲਦਿਆਂ ਦੇਸ਼ ਦੇ ਨਦੀਆਂ-ਨਾਲਿਆਂ ਦਾ ਪਾਣੀ ਬਹੁਤ ਹੀ ਗੰਦਾ ਹੋ ਚੁੱਕਾ ਹੈ। ਇਸ ਪ੍ਰਦੂਸ਼ਿਤ ਪਾਣੀ 'ਚ ਪਲਦੀਆਂ ਮੱਛੀਆਂ ਤੇ ਇਸ ਗੰਦੇ ਪਾਣੀ ਨੂੰ ਪੀਣ ਵਾਲੇ ਦੁਧਾਰੂ ਪਸ਼ੂਆਂ ਦੇ ਕਾਰਨ ਸਮਾਜ 'ਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਲੱਗਦੀਆਂ ਹਨ, ਜੋ ਕਿਸੇ ਵੀ ਹਾਲਤ 'ਚ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਤ 'ਚ ਨਹੀਂ ਹਨ। ਅਸੀਂ ਸਮਝਦੇ ਹਾਂ ਕਿ ਇਸ ਸਥਿਤੀ ਨਾਲ ਨਜਿੱਠਣ ਲਈ ਸਭ ਤੋਂ ਪਹਿਲੀ ਜ਼ਰੂਰਤ ਉਦਯੋਗਾਂ ਤੇ ਸੀਵਰੇਜ ਦੇ ਗੰਦੇ ਪਾਣੀ ਨੂੰ ਸਾਫ਼ ਕਰਕੇ ਇਸ ਨੂੰ ਖੇਤਾਂ 'ਚ ਸਿੰਚਾਈ ਲਈ ਵਰਤਣ ਯੋਗ ਬਣਾਉਣ ਲਈ ਢੁਕਵੀਂ ਯੋਜਨਾ ਬਣਾਉਣ ਦੀ ਹੈ। ਨਦੀਆਂ-ਨਾਲਿਆਂ ਵਿਚ ਗੰਦੇ ਪਾਣੀਆਂ ਦਾ ਵਹਾਅ ਵੀ ਸਖ਼ਤੀ ਨਾਲ ਰੋਕਿਆ ਜਾਣਾ ਚਾਹੀਦਾ ਹੈ। ਅਜਿਹੇ ਯਤਨਾਂ ਨਾਲ ਹੀ ਦੇਸ਼ 'ਚ ਗੰਦੇ ਤੇ ਜ਼ਹਿਰੀਲੇ ਪਾਣੀ ਦੀ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ।

# ਖੇਤੀਬਾੜੀ ਨੂੰ ਦਰਪੇਸ਼ ਚੁਣੌਤੀਆਂ ਤੇ ਸੰਭਾਵੀ ਹੱਲ



- ਡਾ. ਬਲਵਿੰਦਰ ਸਿੰਘ ਸਿੱਧੂ

ਸਰਕਾਰੀ ਅੰਕੜਿਆਂ ਦੀ ਚਮਕ ਅਤੇ ਪੇਂਡੂ ਭਾਰਤ ਦੀ ਅਸਲੀਅਤ ਵਿਚਕਾਰ ਪਾੜਾ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਚਾਲੂ ਵਿੱਤੀ ਸਾਲ ਦੌਰਾਨ ਦੇਸ਼ ਦੀ ਸਮੁੱਚੀ ਆਰਥਿਕ ਵਿਕਾਸ ਦਰ 7.7 ਫ਼ੀਸਦ ਦੇ ਆਸ-ਪਾਸ ਰਹਿਣ ਦਾ ਅਨੁਮਾਨ ਹੈ, ਜੋ ਕਿ ਇਕ ਉਤਸ਼ਾਹਜਨਕ ਸੰਕੇਤ ਹੈ ਪਰ ਜਦੋਂ ਅਸੀਂ ਇਸ ਦੇ ਅੰਦਰ ਝਾਤ ਮਾਰਦੇ ਹਾਂ, ਤਾਂ ਖੇਤੀਬਾੜੀ ਖੇਤਰ ਦੀ ਵਿਕਾਸ ਦਰ ਮਹਿਜ਼ 3 ਫ਼ੀਸਦ ਦੇ ਆਸਪਾਸ ਸਿਮਟਦੀ ਨਜ਼ਰ ਆਉਂਦੀ ਹੈ।

ਇਹ ਵੱਡਾ ਅੰਤਰ ਇਹ ਸਪੱਸ਼ਟ ਕਰਦਾ ਹੈ ਕਿ ਦੇਸ਼ ਦੀ ਉਦਯੋਗਿਕ ਅਤੇ ਸੇਵਾ ਖੇਤਰ ਦੀ ਪ੍ਰਗਤੀ ਦਾ ਲਾਭ ਖੇਤੀਬਾੜੀ ਅਤੇ ਪੇਂਡੂ ਅਰਥਵਿਵਸਥਾ ਤੱਕ ਨਹੀਂ ਪਹੁੰਚ ਰਿਹਾ। ਕਿਉਂਕਿ ਭਾਰਤ ਦੀ ਅੱਧੀ ਤੋਂ ਵੱਧ ਆਬਾਦੀ ਅੱਜ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਹੈ, ਇਸ ਲਈ ਖੇਤੀ ਖੇਤਰ ਦਾ ਇਹ ਠਹਿਰਾਅ ਪੂਰੇ ਦੇਸ਼ ਦੀ ਖਪਤ ਸ਼ਕਤੀ, ਉਦਯੋਗਿਕ ਮੰਗ ਅਤੇ ਸਭ ਤੋਂ ਮਹੱਤਵਪੂਰਨ, ਦੇਸ਼ ਦੀ ਭੋਜਨ ਸੁਰੱਖਿਆ ਲਈ ਇੱਕ ਵੱਡਾ ਖ਼ਤਰਾ ਬਣ ਸਕਦਾ ਹੈ। ਸਾਲ 2026, ਦੇਸ਼ ਦੇ ਖੇਤੀਬਾੜੀ ਖੇਤਰ ਅਤੇ ਇਸ ਨਾਲ ਜੁੜੇ ਕਰੋੜਾਂ ਕਿਸਾਨਾਂ ਲਈ ਇਕ ਬੇਹੱਦ ਗੰਭੀਰ ਪ੍ਰੀਖਿਆਂ ਦਾ ਸਮਾਂ ਸਾਬਤ ਹੋ ਰਿਹਾ ਹੈ। ਇਕ ਪਾਸੇ ਮਾਨਸੂਨ ਦੀ ਬੇਰੁਖ਼ੀ ਅਤੇ ਮੌਸਮੀ ਤਬਦੀਲੀਆਂ ਨੇ ਫ਼ਸਲਾਂ ਦੇ ਉਤਪਾਦਨ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ, ਉੱਥੇ ਹੀ ਦੂਜੇ ਪਾਸੇ ਡੀਜ਼ਲ, ਤੇਲ, ਗੈਸ ਅਤੇ ਖਾਦਾਂ ਵਰਗੀਆਂ ਬੁਨਿਆਦੀ ਵਸਤਾਂ ਦੀਆਂ ਕੀਮਤਾਂ 'ਚ ਹੋ ਰਿਹਾ ਵਾਧਾ ਕਿਸਾਨਾਂ ਦਾ ਲੱਕ ਤੋੜ ਰਿਹਾ ਹੈ। ਵਿਰੋਧਾਭਾਸ ਇਹ ਹੈ ਕਿ ਜਿੱਥੇ ਖੇਤੀ ਦੀ ਲਾਗਤ ਲਗਾਤਾਰ ਅਸਮਾਨ ਛੂਹ ਰਹੀ ਹੈ, ਉੱਥੇ ਹੀ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦਾ ਸਹੀ ਅਤੇ ਲਾਭਦਾਇਕ ਮੁੱਲ ਨਹੀਂ ਮਿਲ ਰਿਹਾ। ਅਜਿਹੀ ਸਥਿਤੀ 'ਚ, ਭਾਰਤੀ ਖੇਤੀਬਾੜੀ ਸਿਰਫ਼ ਇਕ ਆਰਥਿਕ ਮੰਦਹਾਲੀ ਦੇ ਦੌਰ 'ਚੋਂ ਹੀ ਨਹੀਂ ਗੁਜ਼ਰ ਰਹੀ, ਸਗੋਂ ਇਹ ਇਕ ਡੂੰਘੇ ਢਾਂਚਾਗਤ ਸੰਕਟ ਦੇ ਮੁਹਾਨੇ 'ਤੇ ਆ ਖੜ੍ਹੀ ਹੋਈ ਹੈ, ਜਿਸ ਦਾ ਤੁਰੰਤ ਹੱਲ ਲੱਭਣਾ ਲਾਜ਼ਮੀ ਹੋ ਗਿਆ ਹੈ। ਇਸ ਸਾਲ ਖੇਤੀਬਾੜੀ ਦੇ ਸਾਹਮਣੇ ਸਭ ਤੋਂ ਪਹਿਲੀ ਅਤੇ ਤਤਕਾਲੀ ਚੁਣੌਤੀ ਮੌਸਮ ਦੀ ਬੇਭਰੋਸਗੀ ਹੈ।

ਭਾਰਤੀ ਮੌਸਮ ਵਿਭਾਗ ਦੇ ਅਨੁਮਾਨਾਂ ਮੁਤਾਬਿਕ ਇਸ ਵਾਰ ਮਾਨਸੂਨ ਆਮ ਨਾਲੋਂ ਘੱਟ ਰਹਿਣ ਦੀ ਸੰਭਾਵਨਾ ਹੈ। ਅਜੇ ਵੀ ਦੇਸ਼ ਦਾ ਲਗਭਗ 50 ਪ੍ਰਤੀਸ਼ਤ ਖੇਤੀਬਾੜੀ ਖੇਤਰ ਪੈਦਾਵਾਰ ਲਈ ਪੂਰੀ ਤਰ੍ਹਾਂ ਮੀਂਹ ਦੇ ਪਾਣੀ 'ਤੇ ਨਿਰਭਰ ਕਰਦਾ ਹੈ। ਮਾਨਸੂਨ ਦੀ ਇਸ ਸੰਭਾਵਿਤ ਕਮੀ ਕਾਰਨ ਸਾਉਣੀ ਦੀਆਂ ਮੁੱਖ ਫ਼ਸਲਾਂ, ਜਿਵੇਂ ਕਿ ਝੋਨਾ, ਸੋਇਆਬੀਨ, ਕਪਾਹ ਅਤੇ ਦਾਲਾਂ ਦੇ ਉਤਪਾਦਿਕਤਾਂ 'ਤੇ ਸਿੱਧਾ ਅਸਰ ਪੈਣ ਦਾ ਖਦਸ਼ਾ ਹੈ। ਇਸ ਦੇ ਨਾਲ-ਨਾਲ 'ਅਲਨੀਨੋ' ਦੇ ਪ੍ਰਭਾਵ ਕਾਰਨ ਮੌਸਮੀ ਚੱਕਰ ਹੋਰ ਵੀ ਗੁੰਝਲਦਾਰ ਹੋ ਸਕਦਾ ਹੈ। ਇਹ ਸਮੱਸਿਆ ਸਿਰਫ਼ ਮਾਨਸੂਨ ਤੱਕ ਹੀ ਸੀਮਿਤ ਨਹੀਂ, ਸਗੋਂ ਸਰਦੀਆਂ ਦੇ ਮੌਸਮ ਦੌਰਾਨ ਤਾਪਮਾਨ ਵਧਣ ਅਤੇ ਬੇਮੌਸਮੀ ਬਾਰਿਸ਼ ਜਾਂ ਸੋਕੇ ਵਰਗੀ ਸਥਿਤੀ ਕਰਕੇ ਹਾੜੀ ਦੀਆਂ ਫ਼ਸਲਾਂ ਵੀ ਪ੍ਰਭਾਵਿਤ ਹੋ ਸਕਦੀਆਂ ਹਨ। ਮੌਸਮ ਦੇ ਇਸ ਬਦਲਦੇ ਮਿਜ਼ਾਜ ਕਾਰਨ ਕਿਸਾਨ ਪੂਰੀ ਤਰ੍ਹਾਂ ਕੁਦਰਤ ਦੇ ਰਹਿਮੋ-ਕਰਮ 'ਤੇ ਹਨ,ਅਤੇ ਅਜਿਹੇ ਨਾਜ਼ੁਕ ਹਾਲਾਤ 'ਚ ਸਰਕਾਰ ਵੱਲੋਂ ਸਮੇਂ ਸਿਰ ਰਾਹਤ ਅਤੇ ਸਹਾਇਤਾ ਲਈ ਢੁਕਵੀਆਂ ਯੋਜਨਾਵਾਂ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ। ਕੁਦਰਤੀ ਆਫ਼ਤਾਂ ਦੇ ਨਾਲ-ਨਾਲ ਦੂਸਰੀ ਵੱਡੀ ਚੁਣੌਤੀ ਪੱਛਮੀ ਏਸ਼ੀਆ 'ਚ ਚੱਲ ਰਹੀਆਂ ਜੰਗਾਂ ਅਤੇ ਖ਼ਾਸ ਕਰਕੇ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਵਧਦੇ ਤਣਾਅ ਨੇ ਪੈਦਾ ਕੀਤੀ ਹੈ ਅਤੇ ਦੇਸ਼ ਦਾ ਕਿਸਾਨ ਅੰਤਰਰਾਸ਼ਟਰੀ ਭੂ-ਰਾਜਨੀਤੀ ਦੀ ਮਾਰ ਵੀ ਝੱਲ ਰਿਹਾ ਹੈ। ਹੋਰਮੁਜ਼ ਜਲਮਾਰਗ ਜੋ ਕਿ ਵਿਸ਼ਵ ਵਪਾਰ ਅਤੇ ਊਰਜਾ ਸਪਲਾਈ ਦੀ ਜੀਵਨ-ਰੇਖਾ ਹੈ, 'ਚ ਪੈਦਾ ਹੋਏ ਵਿਘਨ ਕਾਰਨ ਕੱਚੇ ਤੇਲ, ਕੁਦਰਤੀ ਗੈਸ ਅਤੇ ਖਾਦਾਂ ਦੇ ਕੱਚੇ ਮਾਲ ਅਤੇ ਤਿਆਰ ਵਸਤੂਆਂ ਦੀ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਦੇ ਸਿੱਟੇ ਵਜੋਂ, ਭਾਰਤ ਵਰਗੇ ਦੇਸ਼ਾਂ ਨੂੰ ਆਪਣੀਆਂ ਆਯਾਤ ਲੋੜਾਂ ਦੀ ਪੂਰਤੀ ਲਈ ਵੱਧ ਕੀਮਤ ਅਦਾ ਕਰਨੀ ਪੈ ਰਹੀ ਹੈ। ਦੇਸ਼ ਨੇ ਭਾਵੇਂ ਸਾਲ 2025-26 ਦੌਰਾਨ ਯੂਰੀਆਂ ਦਾ 297.86 ਲੱਖ ਟਨ ਦਾ ਘਰੇਲੂ ਉਤਪਾਦਨ ਕੀਤੀ ਹੈ ਪਰ ਅਜੇ ਵੀ ਅਸੀਂ ਆਪਣੀ ਕੁੱਲ ਯੂਰੀਆ ਦੀ ਲੋੜ ਦਾ ਲਗਭਗ 20 ਪ੍ਰਤੀਸ਼ਤ ਅਤੇ ਡੀਏਪੀ ਸਮੇਤ ਹੋਰ ਖਾਦਾਂ ਦਾ ਇੱਕ ਬਹੁਤ ਵੱਡਾ ਹਿੱਸਾ ਸਿੱਧਾ ਦਰਾਮਦ ਕਰਦੇ ਹਾਂ। ਦੇਸ਼ ਵਿੱਚ ਯੂਰੀਆ ਬਣਾਉਣ ਲਈ ਵਰਤੀ ਜਾਣ ਵਾਲੀ ਤਰਲ ਕੁਦਰਤੀ ਗੈਸ ਦਾ ਵੀ ਇਕ ਵੱਡਾ ਹਿੱਸਾ ਵਿਦੇਸ਼ਾ ਤੋਂ ਮੰਗਵਾਇਆ ਜਾਂਦਾ ਹੈ ਅਤੇ ਅੰਤਰਰਾਸ਼ਟਰੀ ਬਾਜ਼ਾਰ 'ਚ ਕੁਦਰਤੀ ਗੈਸ ਦੀਆਂ ਕੀਮਤਾਂ ਵਧਣ ਕਾਰਨ ਘਰੇਲੂ ਪੱਧਰ 'ਤੇ ਤਿਆਰ ਹੋਣ ਵਾਲੇ ਯੂਰੀਆ ਦੀ ਉਤਪਾਦਨ ਲਾਗਤ ਖੁਦ-ਬ-ਖੁਦ ਵਧ ਜਾਂਦੀ ਹੈ। ਹਾਲੀਆ ਸਮੇਂ 'ਚ ਯੂਰੀਆ ਦੀਆਂ ਗਲੋਬਲ ਕੀਮਤਾਂ 'ਚ ਜੋ ਉਛਾਲ ਆਇਆ ਹੈ, ਉਹ ਚਿੰਤਾਜਨਕ ਹੈ। ਹਾਲਾਂਕਿ ਕੀਮਤਾਂ ਹੁਣ ਪਹਿਲਾਂ ਨਾਲੋਂ ਕੁਝ ਸਥਿਰ ਹੋਈਆਂ ਹਨ, ਪਰ ਖ਼ਤਰਾ ਟਲਿਆ ਨਹੀਂ ਹੈ। ਇਸ ਮਹਿੰਗਾਈ ਦਾ ਸਿੱਧਾ ਬੋਝ ਸਰਕਾਰ ਦੇ ਖਜ਼ਾਨੇ 'ਤੇ ਖਾਦ ਸਬਸਿਡੀ ਦੇ ਰੂਪ ਵਿੱਚ ਪਵੇਗਾ ,ਜੋ ਕਿ ਵੱਧ ਕੇ 2.4 ਲੱਖ ਕਰੋੜ ਰੁਪਏ ਹੋ ਸਕਦੀ ਹੈ।

ਦੇਸ਼ ਦੀ ਖੇਤੀਬਾੜੀ ਦੀ ਇੱਕ ਹੋਰ ਵੱਡੀ ਵਿਡੰਬਨਾ ਇਹ ਹੈ ਕਿ ਸਾਡੀਆਂ ਨੀਤੀਆਂ ਬਾਜ਼ਾਰ ਦੀ ਮੰਗ ਅਤੇ ਸਪਲਾਈ ਦੇ ਅਨੁਕੂਲ ਨਹੀਂ ਹਨ। ਦੇਸ਼ ਵਿੱਚ ਕਣਕ ਅਤੇ ਝੋਨੇ ਵਰਗੀਆਂ ਰਵਾਇਤੀ ਫਸਲਾਂ ਦਾ ਬੰਪਰ ਉਤਪਾਦਨ ਹੁੰਦਾ ਹੈ, ਜਿਸ ਕਾਰਨ ਬਾਜ਼ਾਰ ਵਿੱਚ ਇਨ੍ਹਾਂ ਦੀਆਂ ਕੀਮਤਾਂ ਘੱਟ ਰਹਿੰਦੀਆਂ ਹਨ ਅਤੇ ਕਿਸਾਨਾਂ ਨੂੰ ਲਾਗਤ ਵੀ ਪੂਰੀ ਨਹੀਂ ਮਿਲਦੀ। ਦੂਜੇ ਪਾਸੇ, ਖਾਣ ਵਾਲੇ ਤੇਲ, ਦਾਲਾਂ ਅਤੇ ਉੱਚ ਗੁਣਵੱਤਾ ਵਾਲੀ ਕਪਾਹ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਭਾਰਤ ਨੂੰ ਹਰ ਸਾਲ ਅਰਬਾਂ ਡਾਲਰ ਖਰਚ ਕਰਕੇ ਇਨ੍ਹਾਂ ਵਸਤੂਆਂ ਦਾ ਦਰਾਮਦ ਕਰਨਾ ਪੈਂਦਾ ਹੈ। ਇਹ ਵਿਰੋਧਾਭਾਸੀ ਸਥਿਤੀ ਇਹ ਦਰਸਾਉਂਦੀ ਹੈ ਕਿ ਸਾਡੀਆਂ ਖੇਤੀਬਾੜੀ ਨੀਤੀਆਂ ਵਿੱਚ ਵੱਡੇ ਸੁਧਾਰਾਂ ਦੀ ਲੋੜ ਹੈ। ਮੌਜੂਦਾ ਸੰਕਟ ਨੇ ਇੱਕ ਗੱਲ ਸਾਫ਼ ਕਰ ਦਿੱਤੀ ਹੈ ਕਿ ਖੇਤੀਬਾੜੀ ਖੇਤਰ ਦੀਆਂ ਸਮੱਸਿਆਵਾਂ ਦਾ ਹੱਲ ਕਿਸ਼ਤਾ 'ਚ ਸੋਚਣ ਦੀ ਬਜਾਏ ਸਮੁੱਚਤਾ ਨਾਲ ਹੀ ਕੀਤਾ ਜਾ ਸਕਦਾ ਹੈ। ਸਾਲ 2010 ਵਿੱਚ ਕੇਂਦਰ ਸਰਕਾਰ ਨੇ ਪੌਸ਼ਟਿਕ ਤੱਤ ਅਧਾਰਿਤ ਸਬਸਿਡੀ ਪ੍ਰਣਾਲੀ ਲਾਗੂ ਕੀਤੀ ਸੀ, ਪਰ ਸਿਆਸੀ ਕਾਰਨਾਂ ਕਰਕੇ ਯੂਰੀਆ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਇਸ ਦੇ ਨਤੀਜੇ ਵਜੋਂ ਯੂਰੀਆ ਦੀਆਂ ਕੀਮਤਾਂ ਨਿਯੰਤਰਿਤ ਹਨ ਅਤੇ ਇਹਨਾਂ ਵਿੱਚ ਕੋਈ ਵਾਧਾ ਨਹੀਂ ਹੋਇਆ, ਜਦੋਂ ਕਿ ਬਾਕੀ ਖਾਦਾਂ ਮਹਿੰਗੀਆਂ ਹੋ ਗਈਆਂ। ਸਸਤਾ ਹੋਣ ਕਾਰਨ ਕਿਸਾਨ ਫ਼ਸਲਾਂ ਲਈ ਲੋੜ ਤੋਂ ਵੱਧ ਯੂਰੀਆ ਦੀ ਵਰਤੋਂ ਕਰ ਰਹੇ ਹਨ। ਅਤੇ ਕਈ ਇਲਾਕਿਆਂ ਵਿੱਚ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਦਾ ਆਦਰਸ਼ ਸੰਤੁਲਿਤ ਅਨੁਪਾਤ (4:2:1) ਪੂਰੀ ਤਰ੍ਹਾਂ ਵਿਗੜ ਚੁੱਕਿਆ ਹੈ। ਇਸ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਖ਼ਰਾਬ ਹੋ ਰਹੀ ਹੈ, ਜ਼ਮੀਨਦੋਜ਼ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਫ਼ਸਲਾਂ ਦੀ ਲੰਬੇ ਸਮੇਂ ਦੀ ਉਤਪਾਦਕਤਾ ਪ੍ਰਭਾਵਿਤ ਹੋ ਰਹੀ ਹੈ। ਇਸ ਲਈ ਖਾਦ ਸਬਸਿਡੀ ਨੀਤੀ 'ਚ ਕਾਫੀ ਸੁਧਾਰਾਂ ਦੀ ਲੋੜ ਹੈ। ਭਾਰਤ ਸਰਕਾਰ ਨੇ ਘਰੇਲੂ ਯੂਰੀਆ ਉਤਪਾਦ ਨੂੰ ਵਧਾਉਣ ਲਈ 2013 ਦੀ ਨਵੀਂ ਨਿਵੇਸ਼ ਨੀਤੀ ਅਤੇ 2015 ਦੀ ਯੂਰੀਆ ਨੀਤੀ ਤਹਿਤ ਕਈ ਬੰਦ ਪਏ ਪਲਾਂਟਾਂ ਨੂੰ ਦੁਬਾਰਾ ਚਾਲੂ ਕੀਤਾ ਹੈ। ਇਸ ਨਾਲ ਸਾਡਾ ਉਤਪਾਦਨ ਤਾਂ ਵਧਿਆ ਹੈ, ਪਰ ਇਨ੍ਹਾਂ ਪਲਾਂਟਾਂ ਨੂੰ ਚਲਾਉਣ ਲਈ ਕੱਚਾ ਮਾਲ ਅਜੇ ਵੀ ਬਾਹਰੋਂ ਹੀ ਆਉਂਦਾ ਹੈ। ਅਸਲ ਅਰਥਾਂ 'ਚ ਦੇਸ਼ ਨੂੰ ਖਾਦਾਂ ਦੇ ਖੇਤਰ 'ਚ ਆਤਮਨਿਰਭਰਤਾ ਪ੍ਰਾਪਤ ਕਰਨ ਲਈ ਢੁੱਕਵੇਂ ਕਦਮ ਚੁੱਕਣ ਦੀ ਲੋੜ ਹੈ। ਇਸਦੇ ਨਾਲ-ਨਾਲ ਸਾਨੂੰ ਖਾਦ ਅਤੇ ਸਿੰਚਾਈ ਦੇ ਪਾਣੀ ਦੀ ਵਰਤੋਂ ਕੁਸ਼ਲਤਾ ਵਧਾਉਣ ਦੀ ਲੋੜ ਹੈ। ਅੱਜ ਵੀ ਖੇਤਾਂ ਵਿੱਚ ਪਾਈ ਜਾਣ ਵਾਲੀ ਯੂਰੀਆ ਦਾ ਵੱਡਾ ਹਿੱਸਾ ਬੂਟਿਆਂ ਦੁਆਰਾ ਵਰਤਿਆ ਨਹੀਂ ਜਾਂਦਾ ਜੋ ਕਿ ਜ਼ਮੀਨਦੋਜ਼ ਪਾਣੀ ਦੀ ਗੁਣਵੱਤਾ ਅਤੇ ਸਾਡੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦਾ ਹੈ। ਜੇਕਰ ਸਰੋਤਾਂ ਦੀ ਕੁਸ਼ਲ ਵਰਤੋਂ ਵਧਾਈ ਜਾਵੇ ਤਾਂ ਲਾਗਤ ਘਟਣ ਦੇ ਨਾਲ ਉਤਪਾਦਕਤਾ ਵੀ ਵਧ ਸਕਦੀ ਹੈ। ਦੂਸਰਾ, ਦੇਸ਼ ਨੂੰ ਪਣ ਬਿਜਲੀ, ਹਵਾ, ਸੂਰਜੀ, ਬਾਇਓਊਰਜਾ ਅਤੇ ਹੋਰ ਨਵਿਆਉਣਯੋਗ ਊਰਜਾ ਸਰੋਤਾਂ ਦਾ ਵੱਡੇ ਰੂਪ ਵਿਚ ਵਿਕਾਸ ਕਰਨਾ ਚਾਹੀਦਾ ਹੈ। ਤੀਸਰਾ, ਮਿੱਟੀ ਦੀ ਸਿਹਤ ਸੁਧਾਰਨ ਲਈ ਜੈਵਿਕ ਖਾਦਾਂ, ਹਰੀ ਖਾਦ ਅਤੇ ਹੋਰ ਟਿਕਾਊ ਤਕਨੀਕਾਂ ਨੂੰ ਉਤਸ਼ਾਹਿਤ ਕਰਨਾ ਲਾਜ਼ਮੀ ਹੈ। ਜਿਵੇਂ ਕਿ 'ਸੂਖਮ ਸਿੰਚਾਈ' ਭਾਵ ਤੁਪਕਾ ਸਿੰਚਾਈ ਅਤੇ ਫੁਹਾਰਾ ਪ੍ਰਣਾਲੀ ਰਾਹੀਂ ਪਾਣੀ ਅਤੇ ਖਾਦ ਦੀ ਹਰ ਇੱਕ ਬੂੰਦ ਦਾ ਸਹੀ ਉਪਯੋਗ ਯਕੀਨੀ ਬਣਾਇਆ ਜਾਵੇ। ਇਸ ਨਾਲ ਕਿਸਾਨਾਂ ਦੇ ਉਤਪਾਦਾਂ ਦੀ ਗੁਣਵੱਤਾ ਵਧੇਗੀ ਅਤੇ ਉਹਨਾਂ ਨੂੰ ਮੰਡੀਕਰਨ 'ਚ ਵੀ ਸਹਾਇਤਾ ਮਿਲੇਗੀ। ਸਾਲ 2026 ਦਾ ਇਹ ਖੇਤੀਬਾੜੀ ਸੰਕਟ ਸਿਰਫ਼ ਇੱਕ ਚੁਣੌਤੀ ਨਹੀਂ ਹੈ, ਸਗੋਂ ਇਹ ਦੇਸ਼ ਲਈ ਇਕ ਅਜਿਹਾ ਮੌਕਾ ਵੀ ਹੈ ਜਿੱਥੇ ਅਸੀਂ ਪੁਰਾਣੀਆਂ ਖਾਮੀਆਂ ਨੂੰ ਦੂਰ ਕਰਕੇ ਇਕ ਨਵੀਂ, ਮਜ਼ਬੂਤ ਅਤੇ ਆਤਮਨਿਰਭਰ ਖੇਤੀਬਾੜੀ ਪ੍ਰਣਾਲੀ ਦੀ ਨੀਂਹ ਰੱਖ ਸਕਦੇ ਹਾਂ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰ, ਨੀਤੀ ਨਿਰਮਾਤਾ, ਖੇਤੀਬਾੜੀ ਵਿਗਿਆਨੀ ਅਤੇ ਕਿਸਾਨ ਇਕਜੁੱਟ ਹੋ ਕੇ ਕੰਮ ਕਰਨ। ਦੇਸ਼ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦਾ ਰਾਹ ਖੇਤਾਂ ਵਿੱਚੋਂ ਹੀ ਹੋ ਕੇ ਗੁਜ਼ਰਦਾ ਹੈ; ਜੇਕਰ ਕਿਸਾਨ ਖੁਸ਼ਹਾਲ ਹੋਵੇਗਾ, ਖੇਤੀ ਲਾਭਦਾਇਕ ਹੋਵੇਗੀ ਅਤੇ ਸਾਡੇ ਕੁਦਰਤੀ ਸਰੋਤ ਸੁਰੱਖਿਅਤ ਰਹਿਣਗੇ, ਤਾਂ ਹੀ ਦੇਸ਼ ਅਸਲ ਮਾਇਨੇ ਵਿੱਚ ਇੱਕ ਵਿਕਸਿਤ ਰਾਸ਼ਟਰ ਬਣ ਸਕੇਗਾ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਇੰਡੋ ਯੂ.ਐਸ. ਹੈਰੀਟੇਜ ਵੱਲੋਂ ਪੰਜਾਬੀ ਮਾਂ-ਬੋਲੀ ਜਾਗਰੂਕਤਾ ਦਿਹਾੜਾ ਸ਼ਾਨੋ-ਸ਼ੌਕਤ ਨਾਲ ਮਨਾਇਆ

## ਪੰਜਾਬੀ ਭਾਸ਼ਾ ਦੇ ਪ੍ਰਚਾਰ-ਪਸਾਰ ਲਈ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਗਾਇਕਾਂ ਅਤੇ ਨੌਜਵਾਨਾਂ ਨੇ ਲਾਈਆਂ ਭਰਪੂਰ ਹਾਜ਼ਰੀਆਂ

ਫਰਿਜ਼ਨੋ (ਕੈਲੀਫੋਰਨੀਆ) (ਨੀਟਾ ਮਾਛੀਕੇ / ਕੁਲਵੰਤ ਉੱਭੀ ਧਾਲੀਆਂ) : ਇੰਡੋ ਯੂ.ਐਸ. ਹੈਰੀਟੇਜ ਫਰਿਜ਼ਨੋ ਵੱਲੋਂ ਪੰਜਾਬੀ ਮਾਂ-ਬੋਲੀ ਜਾਗਰੂਕਤਾ ਦਿਹਾੜਾ ਫਰਿਜ਼ਨੋ ਸਥਿਤ ਇੰਡੀਆ ਓਵਨ ਰੈਸਟੋਰੈਂਟ ਵਿਖੇ ਬਹੁਤ ਹੀ ਉਤਸ਼ਾਹ, ਜੋਸ਼ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਜੁੜੀਆਂ ਵੱਖ-ਵੱਖ ਸ਼ਖ਼ਸੀਅਤਾਂ ਨੇ ਭਰਪੂਰ ਸ਼ਮੂਲੀਅਤ ਕਰਦਿਆਂ ਪੰਜਾਬੀ ਭਾਸ਼ਾ ਦੀ ਮਹੱਤਤਾ ਅਤੇ ਇਸ ਦੇ ਭਵਿੱਖ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।



ਸਮਾਗਮ ਦੀ ਸ਼ੁਰੂਆਤ ਗਾਇਕ ਰਾਜ ਬਰਾੜ ਵੱਲੋਂ ਇੱਕ ਸੱਭਿਆਚਾਰਕ ਗੀਤ ਦੀ ਪੇਸ਼ਕਾਰੀ ਨਾਲ ਹੋਈ, ਜਿਸ ਨੇ ਹਾਜ਼ਰੀਨ ਨੂੰ ਪੰਜਾਬੀ ਸੱਭਿਆਚਾਰ ਦੇ ਰੰਗਾਂ ਨਾਲ ਜੋੜ ਦਿੱਤਾ। ਇਸ ਤੋਂ ਬਾਅਦ ਸੰਸਥਾ ਦੇ ਕਨਵੀਨਰ ਸਾਧੂ ਸਿੰਘ ਸੰਘਾ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਸੰਸਥਾ ਦੇ ਉਦੇਸ਼ਾਂ ਅਤੇ ਪੰਜਾਬੀ ਭਾਸ਼ਾ ਦੀ ਸੇਵਾ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ।

ਸਮਾਗਮ ਦੇ ਮੁੱਖ ਬੁਲਾਰੇ ਪ੍ਰਿੰਸੀਪਲ ਦਲਜੀਤ ਸਿੰਘ ਨੇ ਆਪਣੇ ਵਿਚਾਰਾਂ ਰਾਹੀਂ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਅਤੇ ਇਸ ਨੂੰ ਹਾਸ਼ੀਏ ’ਤੇ ਧੱਕਣ ਲਈ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਉੱਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਪੰਜਾਬੀ ਸਿਰਫ਼ ਇੱਕ ਭਾਸ਼ਾ ਨਹੀਂ, ਸਗੋਂ ਸਾਡੀ ਪਹਿਚਾਣ, ਇਤਿਹਾਸ ਅਤੇ ਵਿਰਾਸਤ ਹੈ, ਜਿਸ ਦੀ ਸੰਭਾਲ ਹਰ ਪੰਜਾਬੀ ਦਾ ਫਰਜ਼ ਹੈ।

ਸਮਾਗਮ ਦਾ ਖਾਸ ਆਕਰਸ਼ਣ ਬਾਬਾ ਦੀਪ ਸਿੰਘ ਜੀ ਖਾਲਸਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਦਿੱਤੀਆਂ ਗਈਆਂ ਮਿਆਰੀ ਅਤੇ ਪ੍ਰਭਾਵਸ਼ਾਲੀ ਸਪੀਚਾਂ ਰਹੀਆਂ। ਹਰਸ਼ਾਨ ਸਿੰਘ ਸਰਾਂ, ਹਿੰਮਤ ਸਿੰਘ ਸਰਾਂ, ਪ੍ਰਭਸ਼ਰਨ ਸਿੰਘ ਅਤੇ ਫਤਿਹਵੀਰ ਸਿੰਘ ਨੇ ਪੰਜਾਬੀ ਭਾਸ਼ਾ ਦੇ ਮਹੱਤਵ ਬਾਰੇ ਬੇਹੱਦ ਦਿਲਚਸਪ ਅਤੇ ਗਿਆਨਵਾਨ ਵਿਚਾਰ ਪੇਸ਼ ਕਰਕੇ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਬੱਚਿਆਂ ਦੀ ਪ੍ਰਤਿਭਾ ਅਤੇ ਪੰਜਾਬੀ ਪ੍ਰਤੀ ਉਨ੍ਹਾਂ ਦੇ ਪਿਆਰ ਦੀ ਹਾਜ਼ਰੀਨ ਵੱਲੋਂ ਖ਼ੂਬ ਪ੍ਰਸ਼ੰਸਾ ਕੀਤੀ ਗਈ।

ਸਕੂਲ ਦੇ ਪ੍ਰਬੰਧਕ ਸ. ਜਗਰੂਪ ਸਿੰਘ ਨੇ ਸਕੂਲ ਵਿੱਚ ਪੰਜਾਬੀ ਪੜ੍ਹਾਉਣ ਦੇ ਉਪਰਾਲਿਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਪਰਿਵਾਰਾਂ ਲਈ ਆਪਣੀ ਮਾਂ-ਬੋਲੀ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੀਆਂ ਵਿਸ਼ੇਸ਼ ਸੇਵਾਵਾਂ ਦੇ ਮੱਦੇਨਜ਼ਰ ਸੰਸਥਾ ਵੱਲੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ।

ਲਹਿੰਦੇ ਪੰਜਾਬ ਤੋਂ ਪੰਜਾਬੀ ਰੇਡੀਓ ਯੂ. ਐਸਏ ਦੇ ਹੋਸਟ ਮਕਸੂਦ ਮੱਲ੍ਹੀ ਨੇ ਆਪਣੀ ਭਾਵਪੂਰਤ ਕਵਿਤਾ ਨਾਲ ਸਮਾਗਮ ਨੂੰ ਰੂਹਾਨੀ ਰੰਗ ਬਖ਼ਸ਼ਿਆ, ਜਦਕਿ ਉਨ੍ਹਾਂ ਦੀ ਬੇਟੀ ਮਕਸ਼ਾਂਦ ਮੱਲ੍ਹੀ ਨੇ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣ ਦੇ ਕੇ ਸਰੋਤਿਆਂ ਨੂੰ ਮੋਹ ਲਿਆ। ਸੰਸਥਾ ਵੱਲੋਂ ਇਨ੍ਹਾਂ ਬੱਚਿਆਂ ਨੂੰ ਨਕਦ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਗਿਆ।

ਪ੍ਰੋ. ਹਰਿੰਦਰ ਕੌਰ ਰਾਏ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਅਮਰੀਕਾ ਵਰਗੇ ਬਹੁ-ਸੱਭਿਆਚਾਰਕ ਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਬੱਚਿਆਂ ਲਈ ਪੰਜਾਬੀ ਪੜ੍ਹਨੀ, ਲਿਖਣੀ ਅਤੇ ਬੋਲਣੀ ਕਿਉਂ ਜ਼ਰੂਰੀ ਹੈ। ਪੰਜਾਬੀ ਭਾਸ਼ਾ ਅਤੇ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸੰਸਥਾ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਮਾਗਮ ਦੌਰਾਨ ਕਮਲਜੀਤ ਬੈਨੀਪਾਲ ਅਤੇ ਰਣਜੀਤ ਗਿੱਲ ਨੇ ਕਵਿਸ਼ਰੀ ਰਾਹੀਂ ਪੰਜਾਬੀ ਲੋਕ-ਰੰਗਾਂ ਦੀ ਪੇਸ਼ਕਾਰੀ ਕਰਕੇ ਵਾਹ-ਵਾਹ ਖੱਟੀ। ਸੰਸਥਾ ਦੇ ਸਕੱਤਰ ਹੈਰੀ ਮਾਨ ਨੇ ਵੀ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪੰਜਾਬੀ ਬੋਲੀ ਵਿੱਚੋਂ ਗਾਇਬ ਹੋ ਰਹੇ ਸ਼ਬਦਾਂ, ਤੇ ਹੋਰ ਐਡ ਹੋ ਰਹੇ ਗੈਰ-ਪੰਜਾਬੀ ਸ਼ਬਦਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਇਸ ਮੌਕੇ ਸ਼ਾਇਰ ਹਰਜਿੰਦਰ ਕੰਗ, ਕਹਾਣੀਕਾਰ ਕਰਮ ਸਿੰਘ ਮਾਨ, ਗੋਗੀ ਸੰਧੂ, ਸੁਖਦੇਵ ਸਿੰਘ ਸਿੱਧੂ, ਮਹਿੰਦਰ ਸਿੰਘ ਸੰਧਾਵਾਲੀਆ ਅਤੇ ਮਾਸਟਰ ਸੁਰਜੀਤ ਸਿੰਘ ਸਾਹਨੇਵਾਲ ਆਦਿ ਸੱਜਣਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੰਜਾਬੀ ਭਾਸ਼ਾ ਨੂੰ ਮਜ਼ਬੂਤ ਕਰਨ ਲਈ ਸਮੂਹਕ ਯਤਨਾਂ ਦੀ ਲੋੜ ’ਤੇ ਜ਼ੋਰ ਦਿੱਤਾ।

ਸੰਗੀਤਕ ਪੇਸ਼ਕਾਰੀਆਂ ਦੌਰਾਨ ਪੱਪੀ ਭਦੌੜ, ਕਮਲਜੀਤ ਬੈਨੀਪਾਲ ਅਤੇ ਗੁਰਦੀਪ ਧਾਲੀਵਾਲ ਨੇ ਆਪਣੇ ਗੀਤਾਂ ਨਾਲ ਹਾਜ਼ਰੀਨ ਦਾ ਮਨੋਰੰਜਨ ਕੀਤਾ। ਇਸੇ ਤਰ੍ਹਾਂ ਸ਼ਾਇਰ ਦਲਜੀਤ ਰਿਆੜ, ਹਰਜਿੰਦਰ ਢੇਸੀ ਅਤੇ ਰਜਿੰਦਰ ਕੁਮਾਰ ਨੇ ਆਪਣੀਆਂ ਮਿਆਰੀ ਕਵਿਤਾਵਾਂ ਰਾਹੀਂ ਪੰਜਾਬੀ ਸਾਹਿਤ ਦੀ ਸੁਗੰਧ ਫੈਲਾਈ।


ਸਮਾਗਮ ਦਾ ਸਟੇਜ ਸੰਚਾਲਨ ਪੱਤਰਕਾਰ ਗੁਰਿੰਦਰਜੀਤ ਸਿੰਘ “ਨੀਟਾ ਮਾਛੀਕੇ” ਨੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਕੀਤਾ।

ਅਖੀਰ ਵਿੱਚ ਇਸ ਯਾਦਗਾਰੀ ਸਮਾਗਮ ਨੂੰ ਸਫਲ ਬਣਾਉਣ ਲਈ ਸੰਸਥਾ ਦੇ ਅਣਥੱਕ ਮੈਂਬਰਾਂ ਨਿਰਮਲ ਸਿੰਘ ਧਨੌਲਾ (ਪ੍ਰਧਾਨ), ਸਾਧੂ ਸਿੰਘ ਸੰਘਾ (ਕਨਵੀਨਰ), ਮਨਜੀਤ ਸਿੰਘ (ਖਜ਼ਾਨਚੀ), ਰਣਜੀਤ ਗਿੱਲ (ਸੈਕਟਰੀ), ਹੈਰੀ ਮਾਨ (ਜਨਰਲ ਸਕੱਤਰ), ਰਾਜ ਵੈਰੋਕੇ, ਸੰਤੋਖ ਸਿੰਘ ਢਿੱਲੋਂ, ਸਤਵੰਤ ਵਿਰਕ, ਕਮਲਜੀਤ ਬੈਨੀਪਾਲ ਅਤੇ ਕੁਲਵਿੰਦਰ ਸਿੰਘ ਢੀਂਡਸਾ, ਸੁਲੱਖਣ ਸਿੰਘ ਗਿੱਲ ਅਤੇ ਨੀਟਾ ਮਾਛੀਕੇ ਆਦਿ ਦੇ ਨਾਮ ਜਿਕਰਯੋਗ ਹਨ।

ਇਸ ਮੌਕੇ ਇੰਡੋ ਅਮੈਰਿਕਨ ਹੈਰੀਟੇਜ ਅਤੇ ਖਾਲੜਾ ਪਾਰਕ ਨਾਲ ਜੁੜੀਆਂ ਸ਼ਖ਼ਸੀਅਤਾਂ ਦੀ ਹਾਜ਼ਰੀ ਨੇ ਸਮਾਗਮ ਨੂੰ ਹੋਰ ਵੀ ਰੌਣਕਮਈ ਬਣਾ ਦਿੱਤਾ। ਪੰਜਾਬੀ ਮਾਂ-ਬੋਲੀ ਨੂੰ ਸਮਰਪਿਤ ਇਹ ਸਮਾਗਮ ਹਾਜ਼ਰੀਨ ਦੇ ਮਨਾਂ ’ਤੇ ਅਮਿੱਟ ਛਾਪ ਛੱਡਦਾ ਹੋਇਆ ਯਾਦਗਾਰੀ ਹੋ ਨਿੱਬੜਿਆ।

# ਅਮਰੀਕਾ ਦੇ ਟੈਕਸਾਸ ’ਚ ਸਬ-ਵੇ ਰੈਸਟੋਰੈਂਟ ’ਚ ਚੋਰੀ ਕਰਨ ਦੇ ਮਾਮਲੇ ’ਚ ਪੰਜਾਬੀ ਗ੍ਰਿਫ਼ਤਾਰ

ਨਿਊਯਾਰਕ, (ਗੋਗਨਾ) : ਬੀਤੇ ਦਿਨ ਅਮਰੀਕਾ ਦੇ ਟੈਕਸਾਸ ਸੂਬੇ ਵਿੱਚ ਇੱਕ ਸਬ-ਵੇ ਰੈਸਟੋਰੈਂਟ ਵਿੱਚ ਹੋਈ ਕਥਿਤ ਚੋਰੀ ਦੇ ਮਾਮਲੇ ਵਿੱਚ ਪੁਲਿਸ ਨੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਦੀ ਪਛਾਣ ਮਨਜਿੰਦਰ ਸਿੰਘ ਦੇ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਪਾਰਕਵੇ ਦੇ 24900 ਬਲਾਕ ਵਿੱਚ ਸਥਿਤ ਇਸ ਸਬਵੇ ਰੈਸਟੋਰੈਂਟ ਵਿੱਚ ਹੋਈ ਚੋਰੀ ਦੀ ਜਾਂਚ ਲਈ ਮੌਕੇ ’ਤੇ ਪਹੁੰਚੀ ਪੁਲਿਸ ਨੇ ਜਾਂਚ ਦੇ ਦੌਰਾਨ ਪੁਲਿਸ ਅਧਿਕਾਰੀਆਂ ਨੇ ਰੈਸਟੋਰੈਂਟ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਸਮੀਖਿਆ ਕੀਤੀ, ਜਿਸ ਦੇ ਆਧਾਰ ’ਤੇ ਸ਼ੱਕੀ ਨੂੰ ਲੱਭ ਕੇ ਗ੍ਰਿਫਤਾਰ ਕਰ ਲਿਆ ਜਿਸ ਦੀ ਪਛਾਣ ਮਨਜਿੰਦਰ ਸਿੰਘ ਵਜੋਂ ਕੀਤੀ ਗਈ।



ਪੁਲਿਸ ਦੇ ਮੁਤਾਬਕ ਜਾਂਚ ਦੇ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਇਸ ਮੁਲਜ਼ਮ ਖ਼ਿਲਾਫ਼ ਪਹਿਲਾਂ ਵੀ ਚੋਰੀ ਅਤੇ ਇਸ ਤਰ੍ਹਾਂ ਦੇ ਹੋਰ ਮਾਮਲਿਆਂ ਵਿੱਚ ਅਪਰਾਧਿਕ ਰਿਕਾਰਡ ਮੌਜੂਦ ਹੈ। ਜਿਸ ਵਿਰੁੱਧ ਚੋਰੀ ਦਾ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰਕੇ ਹੈਰਿਸ ਕਾਉਂਟੀ ਦੀ ਜੇਲ ’ਚ ਭੇਜ ਦਿੱਤਾ ਹੈ। ਅਦਾਲਤ ਵਲੋਂ ਉਸ ਦੀ ਜ਼ਮਾਨਤ 10,000 ਹਜ਼ਾਰ ਅਮਰੀਕੀ ਡਾਲਰ ਨਿਰਧਾਰਤ ਕੀਤੀ ਗਈ ਹੈ।

# ਅਮਰੀਕਾ ’ਚ ਭਾਰਤੀ ਨੌਜਵਾਨ ਦੇ ਨਾਂ ’ਤੇ ਬਣੇਗਾ ‘ਕਾਨੂੰਨ’; ਘੋੜਾ-ਗੱਡੀਆਂ ’ਤੇ ਪਾਬੰਦੀ ਦੀ ਤਿਆਰੀ

ਨਿਊਯਾਰਕ : ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਸਥਿਤ ਮਸ਼ਹੂਰ ਸੈਂਟਰਲ ਪਾਰਕ ਵਿੱਚ ਘੋੜਾ-ਗੱਡੀਆਂ ’ਤੇ ਪਾਬੰਦੀ ਲਗਾਉਣ ਵਾਲੇ ਇੱਕ ਅਹਿਮ ਬਿੱਲ ਦਾ ਨਾਂ ਹੁਣ ਇੱਕ ਭਾਰਤੀ ਨੌਜਵਾਨ ਦੇ ਸਨਮਾਨ ਵਿੱਚ ਬਦਲਿਆ ਜਾਵੇਗਾ। ਇਸ ਵਿਧੇਅਕ ਦਾ ਨਾਂ ਹੁਣ ‘ਰੋਮਾਂਚ ਲਾਅ’ ਰੱਖਿਆ ਜਾਵੇਗਾ, ਜੋ 18 ਸਾਲਾ ਭਾਰਤੀ ਨੌਜਵਾਨ ਰੋਮਾਂਚ ਮਹਾਜਨ ਨੂੰ ਸਮਰਪਿਤ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਪਠਾਨਕੋਟ ਤੋਂ ਆਏ ਪਰਿਵਾਰ ਨਾਲ ਸੈਂਟਰਲ ਪਾਰਕ ਵਿੱਚ ਬੇਹੱਦ ਦਰਦਨਾਕ ਹਾਦਸਾ ਵਾਪਰਿਆ ਸੀ। ਰੋਮਾਂਚ ਮਹਾਜਨ ਆਪਣੀ ਮਾਂ ਨਾਲ ਘੋੜਾ-ਗੱਡੀ ਦੀ ਸਵਾਰੀ ਕਰ ਰਿਹਾ ਸੀ ਕਿ ਅਚਾਨਕ ਘੋੜਾ ਬੇਕਾਬੂ ਹੋ ਗਿਆ। ਘੋੜੇ ਦੇ ਬੇਕਾਬੂ ਹੋਣ ਕਾਰਨ ਰੋਮਾਂਚ ਦੀ ਮਾਂ ਗੱਡੀ ਤੋਂ ਹੇਠਾਂ ਡਿੱਗ ਗਈ ਸੀ, ਜਿਸ ਤੋਂ ਬਾਅਦ ਆਪਣੀ ਮਾਂ ਨੂੰ ਬਚਾਉਣ ਲਈ ਰੋਮਾਂਚ ਨੇ ਚਲਦੀ ਗੱਡੀ ਤੋਂ ਛਲਾਂਗ ਲਗਾ ਦਿੱਤੀ। ਇਸ ਦੌਰਾਨ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਅਤੇ ਬੁੱਧਵਾਰ ਨੂੰ ਉਸਦੀ ਮੌਤ ਹੋ ਗਈ। ਹਾਦਸੇ ਵਿੱਚ ਰੋਮਾਂਚ ਦੀ ਮਾਂ ਨੂੰ ਮਾਮੂਲੀ ਸੱਟਾਂ ਆਈਆਂ ਹਨ।



ਨਿਊਯਾਰਕ ਸਿਟੀ ਕੌਂਸਲ ਦੇ ਮੈਂਬਰ ਕ੍ਰਿਸਟੋਫਰ ਮਾਰਟੇ ਨੇ ਸੋਮਵਾਰ ਨੂੰ ਸੈਂਟਰਲ ਪਾਰਕ ਵਿੱਚ ਆਯੋਜਿਤ ਇੱਕ ਸ਼ਰਧਾਂਜਲੀ ਸਭਾ ਦੌਰਾਨ ਇਸ ਫੈਸਲੇ ਦਾ ਐਲਾਨ ਕੀਤਾ। ਮਾਰਟੇ ਨੇ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਇਸ ਬਿੱਲ ਦਾ ਨਾਂ ‘ਰਾਈਡਰਜ਼ ਲਾਅ’ ਰੱਖਿਆ ਸੀ। ਇਹ ਨਾਂ ‘ਰਾਈਡਰ’ ਨਾਮਕ ਇੱਕ 26 ਸਾਲਾ ਘੋੜੇ ਦੇ ਨਾਂ ’ਤੇ ਸੀ, ਜਿਸ ਨੂੰ ਅਗਸਤ 2022 ਵਿੱਚ ਜ਼ਬਰਦਸਤੀ ਗੱਡੀ ਖਿੱਚਣ ਲਈ ਮਜਬੂਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਉਸਦੀ ਮੌਤ ਹੋ ਗਈ ਸੀ। ਹੁਣ ਰੋਮਾਂਚ ਦੀ ਕੁਰਬਾਨੀ ਨੂੰ ਦੇਖਦਿਆਂ ਇਸ ਦਾ ਨਾਂ ਬਦਲ ਦਿੱਤਾ ਗਿਆ ਹੈ। ਹੁਣ ਇਸ ਨਵੇਂ ਕਾਨੂੰਨ ਰਾਹੀਂ ਘੋੜਾ-ਗੱਡੀਆਂ ’ਤੇ ਮੁਕੰਮਲ ਪਾਬੰਦੀ ਲਗਾ ਕੇ ਭਵਿੱਖ ਵਿੱਚ ਅਜਿਹੇ ਹਾਦਸਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਸ਼ਰਧਾਂਜਲੀ ਸਭਾ ਦੌਰਾਨ ਰੋਮਾਂਚ ਦੇ ਪਰਿਵਾਰ ਦਾ ਇੱਕ ਭਾਵੁਕ ਪੱਤਰ ਵੀ ਪੜ੍ਹਿਆ ਗਿਆ। ਪਰਿਵਾਰ ਨੇ ਸਵਾਰੀ ਸੇਵਾਵਾਂ ਨੂੰ ਤੁਰੰਤ ਬੰਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜਦੋਂ ਉਹ ਆਪਣੇ ਬੱਚੇ ਦੇ ਅੰਤਿਮ ਸੰਸਕਾਰ ਦੀਆਂ ਤਿਆਰੀਆਂ ਕਰ ਰਹੇ ਹਨ, ਉਸੇ ਸਮੇਂ ਘੋੜਾ-ਗੱਡੀਆਂ ਦਾ ਦੁਬਾਰਾ ਸੜਕਾਂ ’ਤੇ ਆਉਣਾ ਉਨ੍ਹਾਂ ਦਾ ਅਪਮਾਨ ਹੈ। ਪੱਤਰ ਵਿੱਚ ਲਿਖਿਆ ਗਿਆ ਕਿ ਇਹ ਉਦਯੋਗ ਨਿਊਯਾਰਕ ਦੇ ਹਰ ਵਸਨੀਕ ਅਤੇ ਸੈਲਾਨੀ ਦੀ ਸੁਰੱਖਿਆ ਲਈ ਖ਼ਤਰਾ ਹੈ। ਨਿਊਯਾਰਕ ਸਥਿਤ ਭਾਰਤੀ ਦੂਤਾਵਾਸ ਨੇ ਵੀ ਰੋਮਾਂਚ ਦੇ ਅਚਾਨਕ ਦਿਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਦੂਤਾਵਾਸ ਨੇ ਸੋਸ਼ਲ ਮੀਡੀਆ ’ਤੇ ਪੋਸਟ ਕਰਦਿਆਂ ਕਿਹਾ ਕਿ ਉਹ ਇਸ ਔਖੀ ਘੜੀ ਵਿੱਚ ਪਰਿਵਾਰ ਦੇ ਨਾਲ ਹਨ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਹੇ ਹਨ।

# ਅਮਰੀਕਾ ਨੂੰ ਭਾਰੀ ਪਈ ਈਰਾਨ ਜੰਗ ! ਖਰਚਿਆਂ ਦੀ ਭਰਪਾਈ ਲਈ ਮੰਗੇ ਗਏ 80 ਅਰਬ ਡਾਲਰ


ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਈਰਾਨ ਨਾਲ ਜੰਗ ਕਾਫੀ ਭਾਰੀ ਪੈ ਰਹੀ ਹੈ। ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫਤਰ ਪੈਂਟਾਗਨ ਨੇ ਕਾਨੂੰਨਸਾਜ਼ਾਂ ਨੂੰ ਦੱਸਿਆ ਹੈ ਕਿ ਈਰਾਨ ਵਿਰੁੱਧ ਅਮਰੀਕੀ ਯੁੱਧ ਦੀ ਲਾਗਤ ਨੂੰ ਪੂਰਾ ਕਰਨ ਲਈ ਉਸਨੂੰ ਲਗਭਗ 80 ਬਿਲੀਅਨ ਡਾਲਰ ਦੀ ਲੋੜ ਹੈ। ਵ੍ਹਾਈਟ ਹਾਊਸ, ਜੋ ਕਿ ਅਮਰੀਕੀ ਰਾਸ਼ਟਰਪਤੀ ਦਾ ਦਫਤਰ ਅਤੇ ਸਰਕਾਰੀ ਨਿਵਾਸ ਹੈ, ਨੇ ਅਜੇ ਤੱਕ ਕਾਂਗਰਸ ਨੂੰ ਰਸਮੀ ਬੇਨਤੀ ਨਹੀਂ ਕੀਤੀ ਹੈ, ਪਰ ਰੱਖਿਆ ਸਕੱਤਰ ਪੀਟ ਹੇਗਸੇਥ ਅਕਸਰ ਕੈਪੀਟਲ ਹਿੱਲ ਦਾ ਦੌਰਾ ਕਰਦੇ ਰਹੇ ਹਨ।



ਦੋ ਅਧਿਕਾਰੀਆਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਬੋਲਦਿਆਂ ਕਿਹਾ ਕਿ ਇੱਕ ਸੀਨੀਅਰ ਮੰਤਰੀ ਨੇ ਪਿਛਲੇ ਹਫ਼ਤੇ ਸੰਸਦ ਮੈਂਬਰਾਂ ਨੂੰ ਈਰਾਨ ਯੁੱਧ ਲਈ ਵਾਧੂ ਫੰਡਿੰਗ ਦੀ ਬੇਨਤੀ ਬਾਰੇ ਜਾਣਕਾਰੀ ਦਿੱਤੀ ਸੀ। ਵਾਲ ਸਟਰੀਟ ਜਰਨਲ ਨੇ ਸਭ ਤੋਂ ਪਹਿਲਾਂ ਘਟਨਾਕ੍ਰਮ ਦੀ ਖ਼ਬਰ ਦਿੱਤੀ। ਈਰਾਨ ਯੁੱਧ ਦੀ ਲਾਗਤ ਨੂੰ ਪੂਰਾ ਕਰਨ ਲਈ ਅਰਬਾਂ ਡਾਲਰ ਵਾਧੂ ਫੰਡਿੰਗ ਦੀ ਮੰਗ ਕਰਨ ਦੀ ਇਹ ਕੋਸ਼ਿਸ਼ ਵਧੇ ਹੋਏ ਰਾਜਨੀਤਿਕ ਤਣਾਅ ਦੇ ਸਮੇਂ ਆਈ ਹੈ। ਕਾਨੂੰਨਸਾਜ਼ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਯੁੱਧ ਨੂੰ ਖਤਮ ਕਰਨ ਲਈ ਈਰਾਨ ਨਾਲ ਸਮਝੌਤੇ ਬਾਰੇ ਸ਼ੱਕੀ ਹਨ ਅਤੇ ਭਵਿੱਖ ਦੇ ਕਦਮਾਂ ਲਈ ਸਾਵਧਾਨੀ ਵਾਲਾ ਰਵੱਈਆ ਅਪਣਾ ਰਹੇ ਹਨ। ਵ੍ਹਾਈਟ ਹਾਊਸ ਨੇ ਪੈਂਟਾਗਨ ਲਈ 1.5 ਟ੍ਰਿਲੀਅਨ ਡਾਲਰ ਦੇ ਵੱਡੇ ਫੰਡਿੰਗ ਦੀ ਬੇਨਤੀ ਕੀਤੀ ਹੈ। ਸੈਨੇਟ ਦੇ ਬਹੁਮਤ ਨੇਤਾ ਜੌਨ ਥੂਨ ਨੇ ਕਿਹਾ ਕਿ ਉਸਨੂੰ ਇੱਕ ਵਾਧੂ ਖਰਚ ਪ੍ਰਸਤਾਵ ਮਿਲ ਸਕਦਾ ਹੈ। ਉਸ ਨੇ ਕਿਹਾ, ‘ਜਦੋਂ ਉਹ ਪ੍ਰਸਤਾਵ ਸਾਹਮਣੇ ਆਵੇਗਾ, ਅਸੀਂ ਇਸ ’ਤੇ ਵਿਚਾਰ ਕਰਾਂਗੇ ਅਤੇ ਦੇਖਾਂਗੇ ਕਿ ਇਸਨੂੰ ਕਿੰਨਾ ਸਮਰਥਨ ਮਿਲਦਾ ਹੈ।’

# ਪ੍ਰਧਾਨ ਮੰਤਰੀ ਕਾਰਨੀ ਨੇ ਕਨਿਸ਼ਕ ਦੇ ਪੀੜਤਾਂ ਨੂੰ ਕੀਤਾ ਯਾਦ

ਓਟਾਵਾ : ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮੰਗਲਵਾਰ ਨੂੰ 41 ਸਾਲ ਪਹਿਲਾਂ ਏਅਰ ਇੰਡੀਆ ਉਡਾਣ 182 ਕਨਿਸ਼ਕ ਬੰਬ ਧਮਾਕੇ ਦੇ ਪੀੜਤਾਂ ਨੂੰ ਯਾਦ ਕਰਦੇ ਹੋਏ ਇਸ ਨੂੰ ‘ਦੇਸ਼ ਦੇ ਇਤਿਹਾਸ ’ਚ ਸਭ ਤੋਂ ਘਾਤਕ ਹਮਲਾ’ ਦੱਸਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ ਕੈਨੇਡਾ ਹਰ ਤਰ੍ਹਾਂ ਦੇ ਹਿੰਸਕ ਕੱਟੜਵਾਦ ਦੇ ਵਿਰੁੱਧ ਖੜ੍ਹਾ ਹੈ। ਮਾਂਟਰੀਅਲ-ਨਵੀਂ ਦਿੱਲੀ ਏਅਰ ਇੰਡੀਆ ‘ਕਨਿਸ਼ਕ’ ਫਲਾਈਟ 182 ’ਚ 23 ਜੂਨ, 1985 ਨੂੰ ਲੰਡਨ ਦੇ ਹੀਥਰੋ ਹਵਾਈ ਅੱਡੇ ’ਤੇ ਉਤਰਨ ਤੋਂ 45 ਮਿੰਟ ਪਹਿਲਾਂ ਧਮਾਕਾ ਹੋ ਗਿਆ ਸੀ। ਜਿਸ ’ਚ ਸਵਾਰ ਸਾਰੇ 329 ਲੋਕ ਮਾਰੇ ਗਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤੀ ਮੂਲ ਦੇ ਕੈਨੇਡੀਅਨ ਸਨ। ‘ਆਪ੍ਰੇਸ਼ਨ ਬਲੂਸਟਾਰ’ ਦੇ ਬਦਲੇ ’ਚ ਸਿੱਖ ਕਾਰਕੂਨਾਂ ’ਤੇ ਇਸ ਬੰਬ ਧਮਾਕੇ ਦਾ ਦੋਸ਼ ਲਗਾਇਆ ਗਿਆ ਸੀ। ਇਸ ਮੌਕੇ ਪ੍ਰਧਾਨ ਮੰਤਰੀ ਨੇ ਇਕ ਬਿਆਨ ਵਿਚ ਕਿਹਾ ਕਿ ਇਸ ਰਾਸ਼ਟਰੀ ਯਾਦਗਾਰੀ ਦਿਵਸ ’ਤੇ ਅਸੀਂ ਫਲਾਈਟ 182 ਦੇ ਪੀੜਤਾਂ ਤੇ ਉਨ੍ਹਾਂ ਸਾਰਿਆਂ ਦਾ ਸਨਮਾਨ ਕਰਦੇ ਹਾਂ ਜਿਨ੍ਹਾਂ ਨੇ ਹਿੰਸਕ ਕੱਟੜਵਾਦ ਦੀਆਂ ਕਾਰਵਾਈਆਂ ’ਚ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਪ੍ਰੋਫੈਸਰ ਗੰਗਾ ਸਿੰਘ ਜੀ, ਪ੍ਰੋ. ਤੇਜਾ ਸਿੰਘ, ਸੰਤ ਤੇਜਾ ਸਿੰਘ ਜੀ, ਭਾਈ ਸਾਹਿਬ ਕਾਹਨ ਸਿੰਘ ਜੀ, ਗਿਆਨੀ ਨਾਹਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਕਰਤਾਰ ਸਿੰਘ ਜੀ, ਸ੍ਰ. ਗੁਰਪਾਲ ਸਿੰਘ ਸਿੰਘ ਜੀ ਆਦਿ ਸੱਜਣਾਂ ਨੇ ਦੱਸਿਆ ਕਿ ਪੁਰਾਤਨ ਮਰਯਾਦਾ ਅਨੁਸਾਰ ਜੋ ਪੁਰਾਣੇ ਗੁਟਕਿਆਂ, ਪੰਜ ਗ੍ਰੰਥੀਆਂ, ਸੂਰਜ ਪ੍ਰਕਾਸ਼, ਮਹਿਮਾ ਪ੍ਰਕਾਸ਼ ਆਦਿ ਵਿਚ ਦਰਜ ਹੈ। ਤਿੰਨ ਬਾਣੀਆਂ ਅੰਮ੍ਰਿਤ ਵੇਲੇ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਚਉਪਈ ਤੇ ਛੇ ਪਉੜੀਆਂ ਦਾ ਅਨੰਦ ਸਾਹਿਬ ਸੋਦਰ ਨਾਲ ਸ਼ਾਮ ਨੂੰ ਪੜ੍ਹੇ ਜਾਣੇ ਚਾਹੀਦੇ ਹਨ।

ਸ. ਨਗਿੰਦਰ ਸਿੰਘ ਜੀ ਕੰਦੋਲਾ ਨੇ ੪੦ ਪਉੜੀਆਂ ਵਾਲੇ ਅਨੰਦ ਸਾਹਿਬ ਤੇ ਬਹੁਤ ਜ਼ੋਰ ਦਿੱਤਾ।

ਪ੍ਰਧਾਨ ਸਾਹਿਬ ਨੇ ਰਾਵਾਂ ਲਈਆਂ ਕਿ ਅਨੰਦ ਸਾਹਿਬ ਸਵੇਰੇ ਪੜ੍ਹਨਾ ਚਾਹੀਦਾ ਹੈ ਕਿ ਸ਼ਾਮ ਨੂੰ। ੭੦ ਰਾਵਾਂ ਸਵੇਰੇ ਪੜ੍ਹਨ ਦੇ ਹੱਕ ਵਿਚ ਅਤੇ ੩੦ ਸ਼ਾਮ ਨੂੰ ਪੜ੍ਹਨ ਦੇ ਹੱਕ ਵਿਚ ਨਿਕਲੀਆਂ। ਪ੍ਰਧਾਨ ਜੀ ਨੇ ਰੂਲਿੰਗ ਦਿੱਤਾ ਕਿ ਇਹ ਮਾਮਲਾ ਰੁਹਰੀਤੀ ਸਬ ਕਮੇਟੀ ਦੇ ਸਪੁਰਦ ਕੀਤਾ ਜਾਂਦਾ ਹੈ।

ਬਹਿਸ ਛਿੜਨ ਤੇ ਇਹ ਭੀ ਪਾਸ ਹੋਇਆ ਕਿ ਸਮਾਗਮ ਵਿਚ ਓਹ ਗੱਲ ਪਾਸ ਹੋਈ ਸਮਝੀ ਜਾਵੇਗੀ ਜੋ ੯੦ ਫੀਸਦੀ ਰਾਵਾਂ ਨਾਲ ਪਾਸ ਹੋਵੇ।

ਇਸ ਉਪਰੰਤ ਸ. ਸੁਰਮੁਖ ਸਿੰਘ ਜੀ ਚਮਕ ਦੀ ਤਜਵੀਜ਼ ਅਤੇ ਰਛਪਾਲ ਸਿੰਘ ਦਰਦੀ ਦੀ ਤਾਈਦ ਤੇ ਬਹੁਸੰਮਤੀ ਨੂੰ ਮੁੱਖ ਰੱਖਦੇ ਤਕਰੀਬਨ ਪੌਣੇ ਚਾਰ ਵਜੇ ਪ੍ਰਧਾਨ ਜੀ ਨੇ ਸਮਾਗਮ ਅਨਿਸਚਿਤ ਸਮੇਂ ਲਈ ਮੁਲਤਵੀ ਕਰ ਦਿੱਤਾ।

ਸਮਾਪਤੀ ਸਮੇਂ ਹੁਕਮ ਦੀ ਪਹਿਲੀ ਤੁਰ ਇਸ ਪ੍ਰਕਾਰ ਹੈ।

ਸੂਹੀ ਮਹਲਾ ੧ ਕਾਫ਼ੀ ਘਰੁ ੧੦

ੴ ਸਤਿਗੁਰ ਪ੍ਰਸਾਦਿ॥

**ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥**

**ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥੧॥** (ਪੰਨਾ ੭੫੧)

ਲਾਲ ਸਿੰਘ ਮੀਤ ਸਕੱਤਰ,


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

(੧-੧-੩੪)

ਵਿਚ ਹੋਈ ਲਿਖਾ ਪੜ੍ਹੀ ਸਮੇਤ ਪੇਸ਼ ਹੋਇਆ ਅਤੇ ਪ੍ਰਵਾਨ ਕੀਤਾ ਗਿਆ।

੧੩੭. ਪ੍ਰਵਾਨ ਹੋਇਆ ਕਿ ਗੁ. ਛੇਵੀਂ ਪਾਤਸ਼ਾਹੀ ਪਿੰਡ ਅਸਾਲੀ ਕਲਾਂ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਲਈ ਸੂਬੇਦਾਰ ਦਲ ਸਿੰਘ ਜੀ ਸਪੁੱਤ੍ਰ ਸ. ਨਿਹਾਲਿ ਸੰਘ ਜੀ ਪਿੰਡ ਤੇ ਡਾਕ ਘਰ ਅਯਾਲੀ ਕਲਾਂ ਜ਼ਿਲ੍ਹਾ ਲੁਧਿਆਣਾ ਨੂੰ ਗੁ. ਐਕਟ ਦੀ ਦਵਾ ੮੭ ਅਨੁਸਾਰ ਪੰਜਵਾਂ ਮੈਂਬਰ ਨਾਮਜ਼ਦ ਕੀਤਾ ਜਾਂਦਾ ਹੈ।

੧੩੯. ਸ. ਵਸਾਖਾ ਸਿੰਘ ਜੀ ਸਕੱਤ੍ਰ ਗੁ. ਕਮੇਟੀ ਲਾਹੌਰ ਦੀ ਗੁ. ਐਕਟ ਦੀ ਦਫ਼ਾ ੧੩੫ (੪) ਹੇਠ ਅਪੀਲ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਗੁ. ਕਮੇਟੀ ਲਾਹੌਰ ਵਲੋਂ ਇਸ ਕੰਮ ਲਈ ਬਕਾਇਦਾ ਨੀਯਤ ਹੋਏ ਪ੍ਰਤੀਨਿਧ ਅਤੇ ਸਰਦਾਰ ਵਸਾਖਾ ਸਿੰਘ ਨੂੰ ਸਦ ਕੇ ਪੁੱਛਗਿੱਛ ਕਰਨ ਲਈ ਉਨ੍ਹਾਂ ਨੂੰ ਅੰਤ੍ਰਿੰਗ ਕਮੇਟੀ ਦੀ ਇਕੱਤ੍ਰਤਾ ਵਿਚ ਸੱਦਿਆ ਜਾਵੇ। ਬਿਆਨ ਲੈਣ ਅਤੇ ਇਸ ਸਬੰਘੀ ਤਾਰੀਖ ਨੀਅਤ ਕਰਨ ਦੇ ਅਧਿਕਾਰ ਸ. ਲਾਲ ਸਿੰਘ ਜੀ ਮੀਤ ਸਕੱਤਰ ਸ਼੍ਰੋ. ਗੁ. ਪ੍ਰ. ਕਮੇਟੀ ਨੂੰ ਦਿੱਤੇ ਜਾਂਦੇ ਹਨ।




੧੪੪. ਪ੍ਰਵਾਨ ਹੋਇਆ ਕਿ ਸ. ਗੋਪਾਲ ਸਿੰਘ ਜੀ ਜਿਨ੍ਹਾਂ 'ਤੇ ਗੁਰ. ਸ਼ਹੀਦ ਗੰਜ ਦੇ ਸਬੰਧ ਵਿਚ ਇਕ ਫੌਜਦਾਰੀ ਮੁਕੱਦਮਾ ਲਾਹੌਰ ਚਲ ਰਿਹਾ ਹੈ, ਦੇ ਮੁਕੱਦਮੇ ਦਾ ਪ੍ਰਬੰਧ ਕੀਤਾ ਜਾਵੇ। ਇਸ ਸਬੰਧੀ ਲੋੜੀਂਦਾ ਖਰਚ ਗੁ. ਸ਼ਹੀਦ ਗੰਜ ਫੰਡ ਵਿਚੋਂ ਕੀਤਾ ਜਾਵੇ।

੧੪੫. ਪ੍ਰਵਾਨ ਹੋਇਆ ਕਿ ਗੁ. ਕਮੇਟੀਆਂ ਦੇ ਨਾਮ ਇਕ ਸਰਕੂਲਰ ਜਾਰੀ ਕੀਤਾ ਜਾਵੇ ਕਿ ਉਹ ਆਪਣੇ ਪੂਰੇ ਵਕਤ ਦੇ ਮੁਲਾਜ਼ਮਾਂ ਨੂੰ ਹਦਾਇਤ ਕਰ ਦੇਣ ਕਿ ਉਹ ਮੁਲਾਜ਼ਮਤ ਵਿਚ ਹੁੰਦਿਆਂ ਹੋਇਆਂ ਛੁਟੀ 'ਤੇ ਜਾ ਕੇ ਭੀ ਨਿਜ ਲਈ ਉਗਰਾਹੀ ਜਾਂ ਕੋਈ ਭੇਟਾ ਵਸੂਲ ਨਹੀਂ ਕਰ ਸਕਦੇ ਅਤੇ ਨਾ ਹੀ ਕੋਈ ਹੋਰ ਨੌਕਰੀ ਜਾਂ ਕਾਰੋਬਾਰ (ਜਿਸ ਨਾਲ ਕੋਈ ਮਾਇਕ ਲਾਭ ਪੁੱਜੇ) ਕਰ ਸਕਦੇ ਹਨ।

੧੪੯. ਸਰਬ ਹਿੰਦ ਸਿੱਖ ਮਿਸ਼ਨ ਬੋਰਡ ਦਾ ਮਤਾ ਨੰ. ੧ ਮਿਤੀ ੧.੮.੩੬ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਜਦ ਤੱਕ ਜਨਰਲ ਕਮੇਟੀ ਕੋਈ ਹੋਰ ਫੈਸਲਾ ਨਾ ਕਰੇ ਤਦ ਤੱਕ ਸਮੂਹ ਗੁਰਦੁਆਰਿਆਂ ਵਿਚ ਰਹੁਰੀਤੀ ਅਤੇ ਰਹਿਤ ਮਰਯਾਦਾ ਹੇਠ ਲਿਖੇ ਅਨੁਸਾਰ ਕੀਤੀ ਜਾਇਆ ਕਰੇ।

ੴ ਸਤਿਗੁਰ ਪ੍ਰਸਾਦਿ॥

ਸਿੱਖ ਰਹਿਤ ਮਰਯਾਦਾ

ਸਿੱਖ ਦੀ ਤਾਰੀਫ਼

ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਸਿੱਖ ਦੀ ਰਹਿਣੀ ਦੋ ਤਰ੍ਹਾਂਦੀ ਹੈ, ਸ਼ਖਸੀ ਤੇ ਪੰਥਕ

ਸ਼ਖਸੀ ਰਹਿਣੀ

(੧) ਨਾਮ ਬਾਣੀ ਦਾ ਅਭਿਆਸ, (ਗੁਰਮਤ ਦੀ ਰਹਿਣੀ), (੩) ਸੇਵਾ

**(ਚਲਦਾ)**

# ਕ੍ਰੈਸ਼ ਹੋ ਕੇ ਜੰਗਲ 'ਚ ਜਾ ਡਿੱਗਾ ਕੋਸਟ ਗਾਰਡ ਦਾ ਹੈਲੀਕਾਪਟਰ

## ਹਾਰਬਰ ਮਾਊਂਟੇਨ ਨੇੜੇ ਮਚੀ ਹਾਹਾਕਾਰ



ਜੂਨੋ : ਅਲਾਸਕਾ ਵਿੱਚ ਸੋਮਵਾਰ ਨੂੰ ਇੱਕ ਅਮਰੀਕੀ ਤੱਟ ਰੱਖਿਅਕ ਹੈਲੀਕਾਪਟਰ ਦੇ ਹਾਦਸਾਗ੍ਰਸਤ ਹੋਣ ਦੀ ਸੂਚਨਾ ਮਿਲੀ। ਇਸ ਹਾਦਸੇ ਦੌਰਾਨ ਹੈਲੀਕਾਪਟਰ ਵਿਚ ਸਵਾਰ ਚਾਲਕ ਦਲ ਦੇ ਸਾਰੇ ਚਾਰ ਮੈਂਬਰ ਜ਼ਖਮੀ ਹੋ ਗਏ। ਮਿਲੀ ਜਾਣਕਾਰੀ ਮੁਤਾਬਕ MH-60 ਜੈਹਾਕ ਹੈਲੀਕਾਪਟਰ ਸਿਟਕਾ ਦੇ ਹਾਰਬਰ ਮਾਊਂਟੇਨ ਨੇੜੇ ਹਾਦਸਾਗ੍ਰਸਤ ਹੋਇਆ ਹੈ। ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਹਾਦਸੇ ਦਾ ਕਾਰਨ ਕੀ ਸੀ। ਇਸ ਘਟਨਾ ਦੇ ਸਬੰਧ ਵਿਚ ਕੋਸਟ ਗਾਰਡ ਨੇ ਇੱਕ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਬਚਾਅ ਟੀਮਾਂ ਸਥਾਨਕ ਸਮੇਂ ਅਨੁਸਾਰ ਸਵੇਰੇ 11 ਵਜੇ, ਹਾਦਸੇ ਤੋਂ ਲਗਭਗ ਇੱਕ ਘੰਟੇ ਬਾਅਦ ਪਹੁੰਚੀਆਂ ਹਨ। ਹੈਲੀਕਾਪਟਨ ਦੇ ਕ੍ਰੈਸ਼ ਹੋਣ ਤੋਂ ਬਾਅਦ ਸਾਰੇ ਚਾਰ ਚਾਲਕ ਦਲ ਦੇ ਮੈਂਬਰਾਂ ਨੂੰ ਤੁਰੰਤ ਮਾਊਂਟ ਐਜਕੰਬ ਮੈਡੀਕਲ ਸੈਂਟਰ ਲਿਜਾਇਆ ਗਿਆ ਹੈ। ਫੋਰਸ ਨੇ X 'ਤੇ ਇੱਕ ਪੋਸਟ ਵਿੱਚ ਕਿਹਾ ਕਿ ਚਾਲਕ ਦਲ ਦੇ ਮੈਂਬਰਾਂ ਦੀ ਸੁਰੱਖਿਆ ਸਾਡੀ ਤਰਜੀਹ ਹੈ। ਕੋਸਟ ਗਾਰਡ ਦੇ ਅਧਿਕਾਰੀ ਐਸ਼ਲੇ ਮਰਫੀ ਨੇ ਕਿਹਾ ਕਿ ਇਹ ਹਾਦਸਾ ਇੱਕ ਨਿਯਮਤ ਸਿਖਲਾਈ ਉਡਾਣ ਦੌਰਾਨ ਵਾਪਰਿਆ ਹੈ।

# ਭਾਰਤੀ ਐਥਲੈਟਿਕਸ ਅਵਾਰਡਜ਼ 'ਚ ਦਿੱਗਜ ਐਥਲੀਟ ਗੁਰਬਚਨ ਸਿੰਘ ਰੰਧਾਵਾ ਨੂੰ ਮਿਲਿਆ 'ਲਾਈਫਟਾਈਮ ਅਚੀਵਮੈਂਟ ਅਵਾਰਡ'

ਨਵੀਂ ਦਿੱਲੀ : ਐਥਲੈਟਿਕਸ ਫੈਡਰੇਸ਼ਨ ਆਫ਼ ਇੰਡੀਆ (AFI) ਵੱਲੋਂ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਵਿਖੇ ਸ਼ਨੀਵਾਰ (20 ਜੂਨ) ਨੂੰ ਆਯੋਜਿਤ ਕੀਤੇ ਗਏ ਪਹਿਲੇ 'ਇੰਡੀਅਨ ਐਥਲੈਟਿਕਸ ਅਵਾਰਡਜ਼ 2025' (Indian Athletics Awards) ਸਮਾਰੋਹ ਦੌਰਾਨ ਭਾਰਤ ਦੇ ਮਹਾਨ ਖਿਡਾਰੀ ਗੁਰਬਚਨ ਸਿੰਘ ਰੰਧਾਵਾ (Gurbachan Singh Randhawa) ਨੂੰ ਖੇਡਾਂ ਦੇ ਖੇਤਰ ਵਿੱਚ ਦਿੱਤੇ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਲਈ ਵੱਕਾਰੀ 'ਲਾਈਫਟਾਈਮ ਅਚੀਵਮੈਂਟ ਅਵਾਰਡ' (Lifetime Achievement Award) ਨਾਲ ਸਨਮਾਨਿਤ ਕੀਤਾ ਗਿਆ ਹੈ।



**ਖੇਡ ਜਗਤ ਦੀਆਂ ਹੋਰ ਪ੍ਰਮੁੱਖ ਹਸਤੀਆਂ ਦਾ ਵੀ ਹੋਇਆ ਸਨਮਾਨ** : ਇਸ ਸ਼ਾਨਦਾਰ ਇਨਾਮ ਵੰਡ ਸਮਾਰੋਹ ਵਿੱਚ ਦੇਸ਼ ਭਰ ਤੋਂ ਖੇਡ ਜਗਤ ਦੀਆਂ ਕਈ ਵੱਡੀਆਂ ਹਸਤੀਆਂ ਅਤੇ ਮੌਜੂਦਾ ਖਿਡਾਰੀਆਂ ਨੇ ਸ਼ਿਰਕਤ ਕੀਤੀ:

ਲਾਈਫਟਾਈਮ ਅਚੀਵਮੈਂਟ ਅਵਾਰਡਜ਼: ਗੁਰਬਚਨ ਸਿੰਘ ਰੰਧਾਵਾ ਦੇ ਨਾਲ-ਨਾਲ ਉੱਡਣ ਪਰੀ ਪੀ.ਟੀ. ਊਸ਼ਾ, ਸ਼ਾਟਪੁੱਟ ਦਿੱਗਜ ਬਹਾਦਰ ਸਿੰਘ ਚੌਹਾਨ ਅਤੇ ਲੌਂਗ ਜੰਪ ਵਿਸ਼ਵ ਚੈਂਪੀਅਨਸ਼ਿਪ ਦੀ ਤਗ਼ਮਾ ਜੇਤੂ ਅੰਜੂ ਬੌਬੀ ਜਾਰਜ ਨੂੰ ਵੀ 'ਲਾਈਫਟਾਈਮ ਅਚੀਵਮੈਂਟ ਅਵਾਰਡ' ਦਿੱਤਾ ਗਿਆ।

ਸਾਲ ਦੇ ਸਰਵੋਤਮ ਐਥਲੀਟ: ਭਾਰਤ ਦੇ ਸਟਾਰ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੂੰ 'ਬੈਸਟ ਮੇਲ ਐਥਲੀਟ' (Best Male Athlete) ਅਤੇ ਸਟੀਪਲਚੇਜ਼ ਸਟਾਰ ਪਾਰੁਲ ਚੌਧਰੀ ਨੂੰ 'ਬੈਸਟ ਫੀਮੇਲ ਐਥਲੀਟ' (Best Female Athlete) ਦੇ ਪੁਰਸਕਾਰ ਨਾਲ ਨਿਵਾਜਿਆ ਗਿਆ।

ਗੁਰਬਚਨ ਸਿੰਘ ਰੰਧਾਵਾ ਦਾ ਸ਼ਾਨਦਾਰ ਸਫ਼ਰ

ਗੁਰਬਚਨ ਸਿੰਘ ਰੰਧਾਵਾ ਭਾਰਤੀ ਐਥਲੈਟਿਕਸ ਦੇ ਇਤਿਹਾਸ ਵਿੱਚ ਇੱਕ ਚਮਕਦਾ ਸਿਤਾਰਾ ਰਹੇ ਹਨ:

**ਏਸ਼ੀਆਈ ਖੇਡਾਂ 'ਚ ਸੋਨ ਤਗ਼ਮਾ:** ਉਨ੍ਹਾਂ ਨੇ ਸਾਲ 1962 ਦੀਆਂ ਜਕਾਰਤਾ ਏਸ਼ੀਆਈ ਖੇਡਾਂ (Asian Games) ਵਿੱਚ ਡੈਕਾਥਲਨ (Decathlon) ਈਵੈਂਟ ਵਿੱਚ ਭਾਰਤ ਲਈ ਸੋਨ ਤਗ਼ਮਾ ਜਿੱਤਿਆ ਸੀ।

**ਓਲੰਪਿਕ 'ਚ ਇਤਿਹਾਸਕ ਪ੍ਰਦਰਸ਼ਨ:** ਉਨ੍ਹਾਂ ਨੇ 1964 ਦੀਆਂ ਟੋਕੀਓ ਓਲੰਪਿਕ ਖੇਡਾਂ ਵਿੱਚ 110 ਮੀਟਰ ਹਰਡਲਜ਼ (Hurdles) ਦੇ ਫਾਈਨਲ ਵਿੱਚ ਪਹੁੰਚ ਕੇ ਪੰਜਵਾਂ ਸਥਾਨ ਹਾਸਲ ਕੀਤਾ ਸੀ, ਜੋ ਕਿ ਉਸ ਦੌਰ ਦਾ ਇੱਕ ਬੇਹੱਦ ਇਤਿਹਾਸਕ ਮੁਕਾਮ ਸੀ।ਇਸ ਸਮਾਰੋਹ ਦਾ ਮੁੱਖ ਉਦੇਸ਼ ਮੌਜੂਦਾ ਅਤੇ ਸਾਬਕਾ ਖਿਡਾਰੀਆਂ, ਕੋਚਾਂ ਅਤੇ ਅਧਿਕਾਰੀਆਂ ਦੀ ਮਿਹਨਤ ਨੂੰ ਸਲਾਹੁਣਾ ਹੈ, ਤਾਂ ਜੋ ਦੇਸ਼ ਦੀ ਨਵੀਂ ਪੀੜ੍ਹੀ ਅਤੇ ਉੱਭਰਦੀ ਹੋਈ ਪ੍ਰਤਿਭਾ ਨੂੰ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਦੀ ਵੱਡੀ ਪ੍ਰੇਰਨਾ ਮਿਲ ਸਕੇ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**



### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more

### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਭੂਖੇ ਕਉ ਦੇਵਤ ਅਧਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਬਾਬਾ ਜੀ ਨਿੱਤਨੇਮ ਦੇ ਨਾਲ ਹਰ ਰੋਜ਼ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੁਣਦੇ ਜਾਂ ਆਪ ਕਰਿਆ ਕਰਦੇ ਸਨ। ਇੱਕ ਦਿਹਾੜੇ ਲਿਵਲੀਨ ਬਿਰਤੀ ਨਾਲ ਆਪ ਜੀ ਪਾਠ ਕਰ ਰਹੇ ਸਨ, ਜਦੋਂ ਇਹਨਾਂ ਪੰਗਤੀਆਂ ਤੇ ਪਾਠ ਆਇਆ:

**ਮਿਰਤਕ ਕਉ ਜੀਵਾਲਨਹਾਰ ॥**
**ਭੂਖੇ ਕਉ ਦੇਵਤ ਅਧਾਰ ॥**
**(ਸੁਖਮਨੀ ਸਾਹਿਬ, ਅੰਗ ੨੮੩)**

ਆਪ ਜੀ ਇੱਥੇ ਹੀ ਰੁਕ ਗਏ। ਇਹੋ ਪੰਗਤੀਆਂ ਹੀ ਬਾਰ-ਬਾਰ ਕਈ ਵਾਰੀ ਦੁਹਰਾਈਆਂ। ਗੁਰਬਾਣੀ ਵਿੱਚ ਅੰਕਤ ਆਸ਼ੇ ਦੀ ਵੀਚਾਰ ਮਨ ਵਿੱਚ ਪ੍ਰਬਲ ਹੋ ਰਹੀ ਸੀ ਕਿ ਪਰਮੇਸ਼ਰ ਦੇ ਨਾਮ ਵਿੱਚ ਕਿੰਨੀ ਵੱਡੀ ਸ਼ਕਤੀ ਹੈ! ਜੋ ਮਰੇ ਹੋਏ ਨੂੰ ਵੀ ਜੀਵਤ ਕਰ ਦਿੰਦੀ ਹੈ ਅਤੇ ਅੰਨ-ਜਲ ਦੀ ਥਾਂ ਸਰੀਰ ਨੂੰ ਅਧਾਰ ਵੀ ਦਿੰਦੀ ਹੈ। ਆਪ ਜੀ ਦੇ ਮਨ ਵਿੱਚ ਵੀਚਾਰ ਬਣਿਆ ਕਿ ਕਿਉਂ ਨਾ ਇਹਨਾਂ ਤੁਕਾਂ ਨੂੰ ਅਮਲੀ ਤੌਰ ਤੇ ਪਰਖ ਲਈਏ ਤਾਂ ਜੋ ਅਗਾਂਹ ਕਿਸੇ ਵੀ ਜਗਿਆਸੂ ਨੂੰ ਡੰਕੇ ਦੀ ਚੋਟ ਨਾਲ ਕਹਿ ਸਕੀਏ ਕਿ ਭਾਈ! ਨਾਮੀ ਅਤੇ ਉਸ ਦੇ ਨਾਮ ਵਿੱਚ ਕਿੰਨੀ ਵੱਡੀ ਮਹਾਨਤਾ ਹੈ ਕਿ ਸਰੀਰ ਦੀਆਂ ਸਾਰੀਆਂ ਲੋੜਾਂ ਨਾਮ ਆਸਰੇ ਪੂਰੀਆਂ ਹੁੰਦੀਆਂ ਹਨ। ਪੂਰੀਆਂ ਹੀ ਨਹੀਂ ਹੁੰਦੀਆਂ ਉਹ ਸਰੀਰ ਜੋ ਸਰੀਰਕ ਲੋੜਾਂ ਮਹਿਸੂਸ ਕਰਦਾ ਹੈ, ਉਸਨੂੰ ਜਿਉਂਦਾ (ਕਾਇਮ) ਰੱਖਣ ਵਾਸਤੇ ਜੋ ਸਰੀਰਕ ਅਹਾਰ ਹੈ, ਉਹ ਵੀ ਨਾਮ ਦੁਆਰਾ ਪੂਰਾ ਹੋ ਸਕਦਾ ਹੈ।

ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ, ਗਰਮੀ ਦੇ ਦਿਨ ਸਨ। ਉਸੇ ਵੇਲੇ ਬਾਬਾ ਜੀ ਉੱਤਰ ਵਾਲੇ ਪਾਸੇ ਜੋ ਭਾਈ ਬਾਵਾ ਸਿੰਘ ਜੀ ਦਾ ਡੇਰਾ ਸੀ, ਉੱਥੇ ਨੂੰ ਚਲ ਪਏ ਤੇ ਸੁਨੇਹਾ ਦੇ ਆਏ ਕਿ ਜਦੋਂ ਸੁਰਜੀਤ ਸਿੰਘ (ਸ. ਬਾਵਾ ਸਿੰਘ ਦਾ ਲੜਕਾ) ਆਵੇ, ਉਸ ਨੂੰ ਸਾਡੇ ਪਾਸ ਭੇਜ ਦੇਣਾ। ਉਸ ਨਾਲ ਕੋਈ ਜ਼ਰੂਰੀ ਕੰਮ ਹੈ। ਬਾਬਾ ਜੀ ਨੇ ਮਨ ਵਿੱਚ ਫ਼ੈਸਲਾ ਤਾਂ ਪਹਿਲਾਂ ਹੀ ਕਰ ਲਿਆ ਸੀ ਕਿ ਇਸ ਪੰਗਤੀ ਦੀ ਪਰਖ ਕੱਲ੍ਹ ਤੋਂ ਅਰੰਭ ਕਰ ਦੇਣੀ ਹੈ।

ਸ਼ਾਮ ਪਈ, ਕੰਮ ਤੋਂ ਵਿਹਲਾ ਹੋ ਕੇ ਸੁਰਜੀਤ ਸਿੰਘ, ਬਾਬਾ ਜੀ ਪਾਸ ਪੁੱਜ ਗਿਆ। ਆਪ ਜੀ ਨੇ ਭਾਈ ਸੁਰਜੀਤ ਸਿੰਘ ਨੂੰ ਕਿਹਾ ਕਿ ਸੁਰਜੀਤ ਸਿੰਘ! ਅਸੀਂ ਚਾਲ੍ਹੀ ਦਿਨ ਵਾਸਤੇ ਇਸ ਗੁਫ਼ਾ ਵਿੱਚ ਸਿਮਰਨ-ਭਜਨ ਕਰਨਾ ਹੈ ਅਤੇ ਕੋਈ ਅੰਨ-ਜਲ ਗ੍ਰਹਿਣ ਨਹੀਂ ਕਰਨਾ। ਤੁਸੀਂ ਚਾਰ-ਪੰਜ ਦਿਨ ਧਿਆਨ ਰੱਖਣਾ, ਸ਼ਾਮ ਨੂੰ ਜਾਂ ਸਵੇਰੇ ਆ ਕੇ ਇਹ ਜੋ ਗੁਫ਼ਾ ਦਾ ਰੋਸ਼ਨਦਾਨ ਹੈ, ਇਸ ਵਿੱਚ ਦੀ ਸਾਡੇ ਸਰੀਰ ਨੂੰ ਦੇਖ ਜਾਇਆ ਕਰੋ। ਜੇ ਸਾਡਾ ਸਰੀਰ ਛੁੱਟ ਗਿਆ ਤਾਂ ਦਾਹ-ਸਸਕਾਰ ਕਰ ਦੇਵੀਂ ਐਵੇਂ ਸਰੀਰ ਖ਼ਰਾਬ ਨਾ ਹੋਵੇ। ਜੇ ਚਾਰ-ਪੰਜ ਦਿਨ ਠੀਕ ਰਿਹਾ, ਫੇਰ ਕੋਈ ਖੇਚਲ ਕਰਨ ਦੀ ਲੋੜ ਨਹੀਂ। ਇਹ ਬਚਨ ਸੁਣ ਕੇ ਪ੍ਰੇਮੀ ਦਾ ਮਨ ਭਰ ਗਿਆ ਕਿ ਸ਼ਾਇਦ ਸੱਚਮੁਚ ਹੀ ਕੋਈ ਭਾਣਾ ਨਾ ਵਰਤ ਜਾਵੇ ਪਰ ਬਾਬਾ ਜੀ ਨੇ ਦਿਲਾਸਾ ਦਿੱਤਾ ਤੇ ਕਿਹਾ ਕਿ ਪਰਮੇਸ਼ਰ ਦੇ ਭਾਣੇ ਵਿੱਚ ਹੀ ਰਹਿਣਾ ਠੀਕ ਹੈ। ਸਾਨੂੰ ਪੱਕਾ ਦ੍ਰਿੜ੍ਹ ਨਿਸ਼ਚਾ ਹੈ ਕਿ ਸਾਡੇ ਸਰੀਰ ਨੂੰ ਕੁਝ ਨਹੀਂ ਹੋਵੇਗਾ। ਇਹ ਤਾਂ ਕੇਵਲ ਤੈਨੂੰ ਗਿਆਤ ਵਜੋਂ ਦੱਸਿਆ ਹੈ ਕਿ ਸ਼ਾਇਦ ਜੇ ਕੋਈ ਭਾਣਾ ਵਰਤ ਜਾਵੇ ਤਾਂ ਸਰੀਰ ਐਵੇਂ ਪਿਆ ਖ਼ਰਾਬ ਨਾ ਹੋਵੇ।

**ਅੰਨ ਜਲ ਤੋਂ ਬਗ਼ੈਰ ਜਾਪ**

ਸੋ ਅਗਲੇ ਦਿਨ ਸਵੇਰ ਦਾ ਨਿੱਤਨੇਮ ਕਰ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ, ਕਿ 'ਹੇ ਗ਼ਰੀਬ ਨਿਵਾਜ਼! ਆਪ ਜੀ ਦੇ ਬਚਨਾਂ ਦੀ ਕਮਾਈ ਕਰ ਕੇ ਵੇਖਣ ਵਾਸਤੇ ਚਾਲ੍ਹੀ ਦਿਨ ਲਈ ਆਪ ਜੀ ਦੇ ਚਰਨਾਂ ਵਿੱਚ ਸਾਡਾ ਇਹ ਨਿਮਾਣਾ ਸਰੀਰ ਹਾਜ਼ਰ ਹੈ। ਆਪ ਜੀ ਨਾਮ ਦਾ ਆਹਾਰ ਬਖ਼ਸ਼ਿਸ਼ ਕਰਕੇ ਮਿਹਰਾਂ ਵਰਸਾਵੋ।' ਸਿਮਰਨ ਅਰੰਭ ਕਰ ਦਿੱਤਾ। ਆਪ ਜੀ ਤੜਕੇ ਦੋ ਵਜੇ ਉਠ ਖਲੋਂਦੇ, ਇਸ਼ਨਾਨ ਕਰਨ ਉਪ੍ਰੰਤ ਗੁਰੂ ਮਹਾਰਾਜ ਜੀ ਵੱਲੋਂ ਬਖ਼ਸ਼ਿਸ਼ ਕੀਤਾ ਹੋਇਆ ਨਿੱਤਨੇਮ ਕਰਦੇ। ਉਸ ਤੋਂ ਪਿੱਛੋਂ ਸੁਖਮਨੀ ਸਾਹਿਬ ਜੀ ਦਾ ਪਾਠ ਬੜੇ ਰੰਗ ਵਿੱਚ ਸਹਿਜ-ਸਹਿਜ ਨਾਲ ਕਰਦੇ, ਸਾਰਾ ਦਿਨ ਵਾਹਿਗੁਰੂ ਗੁਰਮੰਤ੍ਰ ਦਾ ਜਾਪ ਕਰਦੇ। ਸੋਦਰ ਦੇ ਪਾਠ ਦੀ ਹਾਜ਼ਰੀ ਲਵਾ ਕੇ ਦਸ ਵਜੇ ਰਾਤ ਤੱਕ ਫਿਰ ਸਿਮਰਨ ਵਿੱਚ ਜੁੱਟ ਜਾਂਦੇ ਉਪ੍ਰੰਤ ਅੱਧਾ ਕੁ ਘੰਟਾ ਇਸ ਗੁਫ਼ਾ ਵਿੱਚੋਂ ਰਾਤ ਨੂੰ ਬਾਹਰ ਨਿਕਲ ਕੇ ਥੋੜ੍ਹਾ ਫਿਰ ਤੁਰ ਲੈਂਦੇ। ਗਿਆਰਾਂ ਵਜੇ ਦੇ ਕਰੀਬ ਸੋਹਿਲੇ ਦਾ ਪਾਠ ਕਰ ਕੇ ਥੋੜ੍ਹਾ ਅਰਾਮ ਕਰਦੇ। ਇਸ ਪ੍ਰਕਾਰ ਨਿੱਤ ਦੀ ਕਿਰਿਆ ਬਣਾ ਲਈ। ਬਾਬਾ ਜੀ ਦੱਸਦੇ ਹੁੰਦੇ ਸਨ ਕਿ ਚਾਲ੍ਹੀ ਦਿਨ ਦਾ ਸਮਾਂ ਐਸੇ ਅਨੰਦ ਵਿੱਚ ਬੀਤਿਆ, ਜਿਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਅੰਨ ਦੀ ਭੁੱਖ ਜਾਂ ਜਲ ਦੀ ਪਿਆਸ ਲੱਗਣੀ ਤਾਂ ਇੱਕ ਪਾਸੇ ਰਹੀ, ਅੰਦਰੋਂ ਇਹਨਾਂ ਨੂੰ ਗ੍ਰਹਿਣ ਕਰਨ ਵਾਸਤੇ ਮਨ ਵਿੱਚ ਵਾਸ਼ਨਾ ਤੱਕ ਵੀ ਪੈਦਾ ਨਹੀਂ ਹੋਈ। ਨਾ ਹੀ ਸਰੀਰ ਵਿੱਚ ਕਿਸੇ ਕਿਸਮ ਦੀ ਕੋਈ ਕਮਜ਼ੋਰੀ ਮਹਿਸੂਸ ਹੋਈ। ਚੰਗੀ ਤਰ੍ਹਾਂ ਆਪਣੇ ਸਰੀਰ ਦੁਆਰਾ ਪਰਖ ਲਿਆ ਕਿ :


ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ?

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ: +91-1886-260334, 98767-60334
Website : www.RamPurKhera.com | Email : RamPurKhera@yahoo.ca

3

**ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥**
**(ਮ: ੩, ਅੰਗ ੫੯੩)**

ਚਾਲ੍ਹੀ ਦਿਨਾਂ ਬਾਅਦ ਅਰਦਾਸ ਕਰਕੇ ਗੁਰੂ ਮਹਾਰਾਜ ਜੀ ਦਾ ਧੰਨਵਾਦ ਕੀਤਾ। ਇਹਨਾਂ ਦਿਨਾਂ ਵਿੱਚ ਸਤਿਗੁਰੂ ਜੀ ਨੇ ਹੋਰ ਬੇਅੰਤ ਆਤਮਿਕ ਉੱਨਤੀ ਅਤੇ ਨਾਮ ਦਾ ਰਸ ਪ੍ਰਦਾਨ ਕੀਤਾ ਜੋ ਦੱਸਿਆ ਨਹੀਂ ਜਾ ਸਕਦਾ, ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਚੰਗੀ ਤਰ੍ਹਾਂ ਨਿਸ਼ਚਾ ਹੋ ਗਿਆ ਕਿ ਸਤਿਗੁਰੂ ਜੀ ਨੇ ਗੁਰੂ ਕੀ ਬਾਣੀ ਵਿੱਚ ਜੋ ਵੀ ਅੱਖਰ-ਅੱਖਰ ਲਿਖਣਾ ਕੀਤਾ ਹੈ ਉਹ ਪੱਥਰ ਉੱਪਰ ਲਕੀਰ ਵਾਂਗ ਅਮਿੱਟ ਹੈ। ਅਜੇ ਪੱਥਰ ਦੀ ਲਕੀਰ ਤਾਂ ਸ਼ਾਇਦ ਮਿਟ ਜਾਵੇ ਪਰ ਗੁਰਬਾਣੀ ਦੇ ਜੋ ਬਚਨ ਹਨ ਸਦੀਵ ਕਾਲ ਅਟੱਲ ਸਚਾਈ ਹਨ।

**ਗਿਰਿ ਬਸੁਧਾ ਜਲ ਪਵਨ ਜਾਇਗੋ**
**ਇਕਿ ਸਾਧ ਬਚਨ ਅਟਲਾਧਾ ॥੧॥**
**(ਸਾਰੰਗ ਮ: ੫, ਅੰਗ ੧੨੦੪)**

ਉਣਤਾ ਕੇਵਲ ਸਾਡੇ ਆਪਣੇ ਵਿੱਚ ਹੀ ਹੈ। ਜੋ ਪ੍ਰਾਣੀ ਦ੍ਰਿੜ੍ਹਤਾ ਦੇ ਨਾਲ ਗੁਰਬਾਣੀ ਦੇ ਵਾਕਾਂ ਉੱਪਰ ਨਿਸਚਾ ਕਰ ਲਵੇ, ਉਸ ਉੱਤੇ ਜ਼ਰੂਰ ਗੁਰਬਾਣੀ ਦੀ ਪਾਰਸ ਕਲਾ ਵਰਤਦੀ ਹੈ। ਲੋੜ ਕੇਵਲ ਗੁਰੂ ਕੇ ਬਚਨਾਂ ਨੂੰ ਸਤਿ ਕਰ ਕੇ ਮੰਨਣ ਦੀ ਹੈ ਤਾਂ ਹੀ ਗੁਰਦੇਵ ਚੌਥੇ ਪਾਤਸ਼ਾਹ ਜੀ ਨੇ ਗੁਰਸਿੱਖਾਂ ਪ੍ਰਤੀ ਹੁਕਮ ਕੀਤਾ ਹੈ ਕਿ :

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥**
**(ਮ: ੪, ਅੰਗ ੩੦੮)**

ਜੇ ਕਿਸੇ ਨੂੰ ਕੋਈ ਸ਼ੱਕ ਹੈ, ਤਾਂ ਉਹ ਆਪਣੇ ਜੀਵਨ ਵਿੱਚ ਗੁਰਬਾਣੀ ਦੇ ਸਿਧਾਂਤ ਨੂੰ ਪਰਖ ਕੇ ਵੇਖ ਲਵੇ। ਬਿਨਾਂ ਪਰਖ ਕੀਤੇ ਪਰਮੇਸ਼ਰ ਜੀ ਦੀ ਬਾਣੀ ਪ੍ਰਤੀ ਤਰਕ ਕਰਨੀ ਆਪਣੇ ਆਪ ਨਾਲ ਬਹੁਤ ਵੱਡਾ ਧ੍ਰੋਹ ਹੈ, ਪਾਪ ਹੈ, ਮਹਾਂ ਪਾਪ ਹੈ। ਜੋ ਗੁਰੂ ਬਚਨਾਂ ਨੂੰ ਸੱਚ ਮੰਨ ਕੇ, ਯਕੀਨ ਭਰੋਸੇ ਸਹਿਤ ਗੁਰਬਾਣੀ ਉੱਪਰ ਨਿਸਚਾ ਕਰਦਾ ਹੈ; ਉਹ ਵਾਹਿਗੁਰੂ ਜੀ ਵਿੱਚ ਲੀਨ ਹੋ ਕੇ ਉਸ ਦਾ ਰੂਪ ਬਣ ਜਾਂਦਾ ਹੈ।

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ
**ਇਉ ਆਤਮ ਰਾਮੈ ਲੀਨਾ ਹੇ ॥੧੪॥**
**(ਮਾਰੂ ਮ: ੧, ਅੰਗ ੧੦੨੮)**

**ਅਤੇ**

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥** (ਮ: ੪ ਪਉੜੀ, ਅੰਗ ੩੦੪)

ਸਤਿਗੁਰੂ ਜੀ ਦੀ ਬਾਣੀ ਸੱਚ ਦਾ ਸਰੂਪ ਹੈ। ਗੁਰਬਾਣੀ ਉੱਪਰ ਭਰੋਸਾ ਕਰਨ ਨਾਲ ਹੀ 'ਸਤਿ-ਸਰੂਪ' ਦਾ ਰੂਪ ਬਣ ਸਕੀਦਾ ਹੈ। ਇਸ ਘਟਨਾ ਪ੍ਰਥਾਇ ਬਾਬਾ ਜੀ ਨੇ ਆਪਣੀ ਰਸਨਾ ਤੋਂ ਉਹਨਾਂ ਦੀ ਆਪਣੀ ਜੀਵਨੀ ਜੋ ਕੈਸਟ ਵਿੱਚ ਰੀਕਾਰਡ ਹੈ, ਉਸ ਵਿੱਚ ਵੀ ਦੱਸਿਆ ਹੈ।

(ਚਲਦਾ)

# ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਦਾ ਬਿਆਨ ਵਾਇਰਲ

## ਆਖਿਆ - 'ਜ਼ਿੰਦਗੀ 'ਚ ਦੋ ਸਭ ਤੋਂ ਅਹਿਮ ਲੋਕ ਨੇ, ਇੱਕ ਭਾਰਤੀ ਤੇ ਇੱਕ ਪਾਕਿਸਤਾਨੀ; ਭਾਰਤੀ ਮੇਰੀ ਪਤਨੀ ਹੈ ਤੇ ਪਾਕਿਸਤਾਨੀ ਫੀਲਡ ਮਾਰਸ਼ਲ ਮੁਨੀਰ'

ਬਰਗਨਸਟੌਕ (ਸਵਿਟਜ਼ਰਲੈਂਡ): ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਇਤਿਹਾਸਕ ਸ਼ਾਂਤੀ ਵਾਰਤਾ (US-Iran Peace Talks) ਦੇ ਦੌਰਾਨ ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ (JD Vance) ਵੱਲੋਂ ਦਿੱਤਾ ਗਿਆ ਇੱਕ ਬੇਹੱਦ ਦਿਲਚਸਪ ਅਤੇ ਹਲਕਾ-ਫੁਲਕਾ ਬਿਆਨ ਇੰਟਰਨੈੱਟ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ. ਸਵਿਟਜ਼ਰਲੈਂਡ ਦੇ ਆਲਪਾਈਨ ਰਿਜ਼ੋਰਟ ਬਰਗਨਸਟੌਕ (ਲੇਕ ਲੂਸਰਨ ਸਮਿਟ) ਵਿਖੇ ਮੀਡੀਆ ਅਤੇ ਡਿਪਲੋਮੈਟਾਂ ਨੂੰ ਸੰਬੋਧਨ ਕਰਦਿਆਂ ਜੇ.ਡੀ. ਵੈਂਸ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਅਤੇ ਪਾਕਿਸਤਾਨੀ ਫ਼ੌਜ ਦੇ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਦੀ ਮੌਜੂਦਗੀ ਵਿੱਚ ਇਹ ਗੱਲ ਆਖੀ.

**'ਮੇਰੀ ਜ਼ਿੰਦਗੀ ਦੇ ਦੋ ਸਭ ਤੋਂ ਮਹੱਤਵਪੂਰਨ ਲੋਕ'** : ਜੇ.ਡੀ. ਵੈਂਸ ਨੇ ਅਮਰੀਕਾ-ਈਰਾਨ ਸਮਝੌਤੇ ਵਿੱਚ ਪਾਕਿਸਤਾਨ ਵੱਲੋਂ ਨਿਭਾਈ ਗਈ ਵਿਚੋਲਗੀ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਇੱਕ ਨਿੱਜੀ ਕਿੱਸਾ ਸਾਂਝਾ ਕੀਤਾ:

ਭਾਰਤੀ ਪਤਨੀ ਅਤੇ ਪਾਕਿਸਤਾਨੀ ਜਨਰਲ: ਵੈਂਸ ਨੇ ਮੁਸਕਰਾਉਂਦੇ ਹੋਏ ਆਖਿਆ, 'ਜਦੋਂ ਤੋਂ ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਇਸਲਾਮਾਬਾਦ ਵਿੱਚ ਸਾਡਾ ਸਵਾਗਤ ਕੀਤਾ ਹੈ, ਮੈਂ ਅਕਸਰ ਮਜ਼ਾਕ ਵਿੱਚ ਕਹਿੰਦਾ ਹਾਂ ਕਿ ਮੇਰੀ ਜ਼ਿੰਦਗੀ ਵਿੱਚ ਦੋ ਬਹੁਤ ਹੀ ਮਹੱਤਵਪੂਰਨ ਲੋਕ ਹਨ— ਇੱਕ ਭਾਰਤੀ ਅਤੇ ਇੱਕ ਪਾਕਿਸਤਾਨੀ। ਭਾਰਤੀ ਮੇਰੀ ਪਤਨੀ (ਊਸ਼ਾ ਵੈਂਸ) ਹੈ, ਅਤੇ ਪਾਕਿਸਤਾਨੀ ਫੀਲਡ ਮਾਰਸ਼ਲ ਮੁਨੀਰ ਹਨ।'

**ਸਭ ਤੋਂ ਵੱਧ ਰਾਬਤਾ:** ਉਪ-ਰਾਸ਼ਟਰਪਤੀ ਨੇ ਖ਼ੁਲਾਸਾ ਕੀਤਾ ਕਿ ਪਿਛਲੇ ਤਿੰਨ ਮਹੀਨਿਆਂ ਦੌਰਾਨ ਉਨ੍ਹਾਂ ਨੇ ਆਪਣੀ ਪਤਨੀ ਤੋਂ ਇਲਾਵਾ ਸ਼ਾਇਦ ਸਭ ਤੋਂ ਵੱਧ ਗੱਲਬਾਤ ਪਾਕਿਸਤਾਨੀ ਫ਼ੌਜ ਮੁਖੀ ਫੀਲਡ ਮਾਰਸ਼ਲ ਮੁਨੀਰ ਨਾਲ ਹੀ ਕੀਤੀ ਹੈ।

**ਪਾਕਿਸਤਾਨ ਦੀ ਕੂਟਨੀਤੀ ਅਤੇ ਰਾਸ਼ਟਰਪਤੀ ਟਰੰਪ ਵੱਲੋਂ ਸ਼ਲਾਘਾ** : ਇਸ ਇਤਿਹਾਸਕ ਗੱਲਬਾਤ ਰਾਹੀਂ ਅਮਰੀਕਾ ਅਤੇ ਈਰਾਨ ਵਿਚਾਲੇ ਸਫ਼ਲਤਾਪੂਰਵਕ ਸਮਝੌਤਾ (MoU) ਸਿਰੇ ਚੜ੍ਹਿਆ ਹੈ, ਜਿਸ ਵਿੱਚ ਸਟਰੇਟ ਆਫ਼ ਹਾਰਮੁਜ਼ (Strait of Hormuz) ਦੀ ਨਾਕਾਬੰਦੀ ਹਟਾਉਣ ਦਾ ਫ਼ੈਸਲਾ ਹੋਇਆ ਹੈ.

**ਮੁਨੀਰ ਇੱਕ ਮਹਾਨ ਡਿਪਲੋਮੈਟ:** ਵੈਂਸ ਨੇ ਆਖਿਆ ਕਿ ਜੇਕਰ ਫੀਲਡ ਮਾਰਸ਼ਲ ਆਸਿਮ ਮੁਨੀਰ ਦੀ ਸ਼ਾਨਦਾਰ ਕੂਟਨੀਤੀ ਅਤੇ ਲੀਡਰਸ਼ਿਪ ਨਾ ਹੁੰਦੀ, ਤਾਂ ਅਮਰੀਕਾ-ਈਰਾਨ ਅੱਜ ਇਸ ਸ਼ਾਂਤੀ ਸਮਝੌਤੇ ਤੱਕ ਨਹੀਂ ਪਹੁੰਚ ਸਕਦੇ ਸਨ। ਉਨ੍ਹਾਂ ਨੇ ਮੁਨੀਰ ਨੂੰ ਇੱਕ ਬਿਹਤਰੀਨ ਫ਼ੌਜੀ ਆਗੂ ਦੇ ਨਾਲ-ਨਾਲ ਇੱਕ ਮਹਾਨ ਡਿਪਲੋਮੈਟ ਦੱਸਿਆ.




**ਟਰੰਪ ਨੇ ਵੀ ਕੀਤੀ ਤਾਰੀਫ਼:** ਵੈਂਸ ਤੋਂ ਇਲਾਵਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਪਾਕਿਸਤਾਨ ਅਤੇ ਕਤਰ ਦੀਆਂ ਡਿਪਲੋਮੈਟਿਕ ਟੀਮਾਂ ਦੀ ਸ਼ਲਾਘਾ ਕੀਤੀ ਹੈ, ਜਿਨ੍ਹਾਂ ਨੇ ਕਈ ਦਹਾਕਿਆਂ ਦੇ ਤਣਾਅ ਤੋਂ ਬਾਅਦ ਵਾਸ਼ਿੰਗਟਨ ਅਤੇ ਤਹਿਰਾਨ ਨੂੰ ਇੱਕ ਮੇਜ਼ 'ਤੇ ਲਿਆਂਦਾ।

**ਊਸ਼ਾ ਵੈਂਸ ਅਤੇ ਇੰਟਰਫੇਥ ਮੈਰਿਜ ਦੀ ਚਰਚਾ** ਜੇ.ਡੀ. ਵੈਂਸ ਦੀ ਪਤਨੀ ਊਸ਼ਾ ਵੈਂਸ (Usha Vance) ਭਾਰਤੀ ਪ੍ਰਵਾਸੀ ਪਰਿਵਾਰ (ਆਂਧਰਾ ਪ੍ਰਦੇਸ਼) ਨਾਲ ਸਬੰਧਿਤ ਹਨ. ਵੈਂਸ ਅਕਸਰ ਜਨਤਕ ਮੰਚਾਂ 'ਤੇ ਆਪਣੀ ਪਤਨੀ ਦੇ ਭਾਰਤੀ ਪਿਛੋਕੜ ਅਤੇ ਆਪਣੇ 12 ਸਾਲਾਂ ਦੇ ਵਿਆਹੁਤਾ ਜੀਵਨ ਬਾਰੇ ਦਿਲਚਸਪ ਗੱਲਾਂ ਸਾਂਝੀਆਂ ਕਰਦੇ ਰਹਿੰਦੇ ਹਨ, ਜਿਸ ਕਾਰਨ ਭਾਰਤੀ-ਅਮਰੀਕੀ ਭਾਈਚਾਰੇ ਵਿੱਚ ਵੀ ਉਨ੍ਹਾਂ ਦੇ ਇਸ ਤਾਜ਼ਾ ਬਿਆਨ ਨੂੰ ਬੇਹੱਦ ਦਿਲਚਸਪੀ ਨਾਲ ਦੇਖਿਆ ਜਾ ਰਿਹਾ ਹੈ।

# ਫੰਡਾਂ ਦੀ ਦੁਰਵਰਤੋਂ ਨੂੰ ਲੈ ਕੇ ਕੈਨੇਡਾ ਬੀਸੀ ਦੇ ਕਲੋਨਾ ਦੀ ਮੰਦਰ ਕਮੇਟੀ ਵਿਵਾਦਾਂ ਦੇ ਘੇਰੇ ਵਿੱਚ

## ਕਲੋਨਾ ਹਿੰਦੂ ਕਲਚਰਲ ਸੁਸਾਇਟੀ ਦੇ ਮੰਦਰ ਦੇ ਪ੍ਰਧਾਨ ਸਮੇਤ ਸੱਤ ਆਗੂਆਂ ਵੱਲੋਂ ਅਸਤੀਫੇ

ਬੀਸੀ (ਗੁਰਵਿੰਦਰ ਸਿੰਘ ਧਾਲੀਵਾਲ) ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕਲੋਨਾ ਵਿੱਚ ਬਣਨ ਵਾਲੇ ਹਿੰਦੂ ਮੰਦਰ ਦੀ ਸਥਾਪਨਾ ਤੋਂ ਪਹਿਲਾਂ ਹੀ ਕਮੇਟੀ 'ਤੇ ਫੰਡਾਂ ਦੀ ਗ਼ਲਤ ਵਰਤੋਂ ਦੇ ਦੋਸ਼ ਲੱਗਣ ਕਾਰਨ ਤਿਖਾ ਵਿਵਾਦ ਛਿੜ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਕਲੋਨਾ ਹਿੰਦੂ ਕਲਚਰਲ ਸੁਸਾਇਟੀ ਦੇ ਪ੍ਰਧਾਨ ਰਾਜ ਅਹੂਜਾ ਅਤੇ ਸੱਤ ਹੋਰਨਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਜਾਣਕਾਰੀ ਅਨੁਸਾਰ ਹੋਰਨਾਂ ਕਈ ਮੁੱਦਿਆਂ ਤੋਂ ਇਲਾਵਾ ਮੁੱਖ ਮਾਮਲਾ ਫੰਡਾਂ ਦੀ ਦੁਰਵਰਤੋਂ ਦਾ ਹੈ। ਕਮੇਟੀ ਦੇ ਸਾਬਕਾ ਪ੍ਰਧਾਨ ਰਾਜ ਅਹੂਜਾ ਤੇ ਉਹਨਾਂ ਦੇ ਸਾਥੀਆਂ ਨੇ ਦੋਸ਼ ਲਾਇਆ ਹੈ ਕਿ ਕਮੇਟੀ ਉੱਪਰ ਕਾਬਜ਼ ਧਿਰ ਵੱਲੋਂ ਸੰਗਤਾਂ ਦੇ ਦਾਨ ਦੀ ਸਹੀ ਵਰਤੋਂ ਨਾ ਹੋਣਾ, ਲੋਕਤੰਤਰੀ ਢੰਗ ਨੂੰ ਛਿੱਕੇ ਟੰਗਣਾ ਤੇ ਫੰਡਾਂ ਦੇ ਮਾਮਲੇ ਵਿੱਚ ਪਾਰਦਰਸ਼ਤਾ ਦੀ ਕਮੀ ਗੰਭੀਰ ਮੁੱਦੇ ਹਨ।

ਰਾਜ ਅਹੂਜਾ ਅਨੁਸਾਰ ਫੰਡਾਂ ਨੂੰ ਲੈ ਕੇ ਸੁਆਲ ਪੁੱਛਣ ਤੇ ਅਸ਼ੋਕ ਤਿਆਗੀ ਵੱਲੋਂ ਧੱਕੇਸ਼ਾਹੀ ਵਾਲਾ ਰਵੱਈਆ ਦਿਖਾਇਆ ਜਾ ਰਿਹਾ ਸੀ। ਨਤੀਜੇ ਵਜੋਂ ਉਹਨਾਂ ਆਪਣੇ ਸਾਥੀਆਂ ਸਣੇ ਮੰਦਰ ਦੀ ਪ੍ਰਧਾਨਗੀ ਅਤੇ ਪ੍ਰਮੁੱਖ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਦੂਜੇ ਪਾਸੇ ਕਾਬਜ਼ ਧਿਰ ਦੇ ਮੈਂਬਰਾਂ ਨੇ ਪ੍ਰਤੀਕਰਮ ਚ ਕਿਹਾ ਹੈ ਕਿ







ਪਿਛਲੇ ਦੋ ਸਾਲਾਂ ਤੋਂ ਸਾਬਕਾ ਪ੍ਰਧਾਨ ਰਾਜ ਅਹੂਜਾ ਕੋਲ ਖਜ਼ਾਨਚੀ ਦਾ ਅਹੁਦਾ ਸੀ ਤੇ ਸਾਰੇ ਫੰਡ ਉਹਨਾਂ ਦੇ ਅਖਤਿਆਰ ਵਿੱਚ ਸਨ, ਇਸ ਕਰਕੇ ਉਹਨਾਂ ਵੱਲੋਂ ਲਾਏ ਦੋਸ਼ ਨਿਰਮੂਲ ਹਨ। ਅਸਤੀਫ਼ਾ ਦੇਣ ਵਾਲੀ ਧਿਰ ਵੱਲੋਂ ਲਾਏ ਗੰਭੀਰ ਦੋਸ਼ਾਂ ਨੂੰ ਲੈ ਕੇ ਅਸ਼ੋਕ ਤਿਆਗੀ ਦਾ ਪੱਖ ਜਾਨਣ ਲਈ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹਨਾਂ ਵੱਲੋਂ ਕੋਈ ਉੱਤਰ ਨਹੀਂ ਦਿੱਤਾ ਗਿਆ। ਇਸ ਦੌਰਾਨ ਸਾਬਕਾ ਪ੍ਰਧਾਨ ਰਾਜ ਅਹੂਜਾ ਨੇ ਅਸ਼ੋਕ ਤਿਆਗੀ 'ਤੇ ਇਹ ਵੀ ਦੋਸ਼ ਲਾਇਆ ਕਿ ਉਹਨਾਂ ਆਪਣੇ ਅਸਤੀਫੇ ਦੀ ਸੱਚਾਈ ਦੱਸਣ ਲਈ ਸਾਂਝੇ ਗਰੁੱਪ ਵਿੱਚ ਜਾਣਕਾਰੀ ਦਿੱਤੀ, ਜਿਸ ਨੂੰ ਅਸ਼ੋਕ ਤਿਆਗੀ ਵੱਲੋਂ ਡਿਲੀਟ ਕਰ ਦਿੱਤਾ ਗਿਆ ਅਤੇ ਉਹਨਾਂ ਦਾ ਪੱਖ ਲੋਕਾਂ ਤੱਕ ਨਹੀਂ ਜਾਣ ਦਿੱਤਾ ਗਿਆ ਅਤੇ ਉਹਨਾਂ ਨੂੰ ਐਡਮਿਨ ਤੋਂ ਹੀ ਹਟਾ ਦਿੱਤਾ ਗਿਆ।

ਕਲੋਨਾ ਹਿੰਦੂ ਕਲਚਰਲ ਕਮੇਟੀ ਤੋਂ ਅਸਤੀਫੇ ਦੇਣ ਵਾਲਿਆਂ ਵਿੱਚ ਸਮਰਲੈਂਡ ਹਿੰਦੂ ਮੰਦਿਰ ਦੇ ਲੰਮਾ ਸਮਾਂ ਪ੍ਰਧਾਨ ਰਹੇ ਅਸ਼ੋਕ ਮੋਹਨ, ਕਮਲੇਸ਼ ਪਟੇਲ, ਪਵਨ ਗਾਂਧਾ, ਹਿਤੇਸ਼ ਠਾਕੁਰ ਅਜੇ ਗਰੋਵਰ ਅਤੇ ਮਨੀਸ਼ਾ ਵੀ ਸ਼ਾਮਿਲ ਹਨ। ਉਧਰ ਕਲੋਨਾ ਹਿੰਦੂ ਕਲਚਰਲ ਸੋਸਾਇਟ ਦੇ ਮੁਢਲੇ ਮੈਂਬਰਾਂ ਵਿੱਚੋਂ ਸੰਦੀਪ, ਸ਼ਸ਼ੀ ਸ਼ਰਮਾ, ਜਿਮ ਖੁਰਾਣਾ ਤੇ ਹੋਰਨਾਂ ਨੇ ਵੀ ਮੰਦਰ ਉੱਪਰ ਕਾਬਜ਼ ਧੜੇ 'ਤੇ ਗੰਭੀਰ ਦੋਸ਼ ਲਾਏ ਹਨ ਅਤੇ ਫੰਡਾਂ ਦੀ ਦੁਰਵਰਤੋਂ ਨੂੰ ਗੰਭੀਰ ਕਰਾਰ ਦਿੱਤਾ ਹੈ।

ਉਹਨਾਂ ਚੁਣੌਤੀ ਦਿੱਤੀ ਹੈ ਕਿ ਸਾਰਾ ਮਾਮਲਾ ਲੋਕਾਂ ਵਿੱਚ ਲਿਆਂਦਾ ਜਾਏ, ਤਾਂ ਕਿ ਸੱਚਾਈ ਸਾਹਮਣੇ ਆਏ। ਇਹ ਮਸਲਾ ਕਾਫੀ ਗਰਮਾਇਆ ਹੋਇਆ ਹੈ ਤੇ ਲੋਕਾਂ ਦਾ ਕਹਿਣਾ ਹੈ ਕਿ ਅਜੇ ਮੰਦਰ ਬਣਿਆ ਨਹੀਂ ਤੇ ਪਹਿਲਾਂ ਹੀ ਫੰਡਾਂ ਦੀ ਦੁਰਵਰਤੋਂ ਸ਼ੁਰੂ ਹੋ ਗਈ ਹੈ, ਤਾਂ ਅੱਗੇ ਕੀ ਹੋਏਗਾ। ਕੀ ਮੰਦਰ ਲਈ ਫੰਡ ਦੇਣ ਵਾਲੇ ਸ਼ਰਧਾਲੂ ਅਸਤੀਫਾ ਦੇਣ ਵਾਲੇ ਵਿਅਕਤੀਆਂ ਵੱਲੋਂ ਲਾਏ ਸੰਗੀਨ ਇਲਜ਼ਾਮਾਂ 'ਤੇ ਭਰੋਸਾ ਕਰਨਗੇ ਅਤੇ ਕਾਬਜ਼ ਧਿਰ ਦੇ ਤਾਨਾਸ਼ਾਹ ਰਵਈਏ ਖਿਲਾਫ਼ ਸਖ਼ਤ ਕਦਮ ਪੁੱਟਣਗੇ, ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਹੈ।

# ਪੱਪੀ ਭਦੌੜ ਤੇ ਦਿਲਪ੍ਰੀਤ ਦਾ ਗੀਤ "ਛੱਡਦੇ ਟਰੱਕ ਹਾਣੀਆਂ" ਸ਼ਾਨਦਾਰ ਸਮਾਗਮ ਦੌਰਾਨ ਰਲੀਜ਼

ਫਰਿਜ਼ਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਪੰਜਾਬੀ ਗਾਇਕੀ ਦੇ ਖੇਤਰ ਵਿੱਚ ਇੱਕ ਹੋਰ ਨਵਾਂ ਕਦਮ ਉਸ ਵੇਲੇ ਸਾਹਮਣੇ ਆਇਆ ਜਦੋਂ ਗਾਇਕ ਪੱਪੀ ਭਦੌੜ ਅਤੇ ਦਿਲਪ੍ਰੀਤ ਦਾ ਨਵਾਂ ਗੀਤ "ਛੱਡਦੇ ਟਰੱਕ ਹਾਣੀਆਂ" ਵਿਸਟਰਨ ਟਰੱਕਿੰਗ ਦੇ ਮਾਲਕ ਮਿੰਟੂ ਉੱਪਲੀ ਦੇ ਦਫ਼ਤਰ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਰਲੀਜ਼ ਕੀਤਾ ਗਿਆ। ਇਸ ਸਮਾਗਮ ਵਿੱਚ ਫਰਿਜ਼ਨੋ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਦੇ ਮੈਂਬਰਾਂ ਨੇ ਸ਼ਿਰਕਤ ਕਰਕੇ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ।





ਸਮਾਗਮ ਦੌਰਾਨ ਗੀਤ ਦਾ ਪੋਸਟਰ ਰਲੀਜ਼ ਕੀਤਾ ਗਿਆ ਅਤੇ ਗੀਤ ਦੇ ਬੋਲ ਸੁਣਨ ਤੋਂ ਬਾਅਦ ਹਾਜ਼ਰ ਮਹਿਮਾਨਾਂ ਨੇ ਪੱਪੀ ਭਦੌੜ ਅਤੇ ਦਿਲਪ੍ਰੀਤ ਨੂੰ ਨਵੇਂ ਗੀਤ ਲਈ ਦਿਲੋਂ ਵਧਾਈਆਂ ਦਿੱਤੀਆਂ। ਇਸ ਮੌਕੇ ਪ੍ਰਸਿੱਧ ਸਾਹਿਤਕ ਰਸਾਲੇ "ਪੰਜਾਬੀਅਤ" ਦਾ ਨਵਾਂ ਅੰਕ ਵੀ ਰਲੀਜ਼ ਕੀਤਾ ਗਿਆ।

ਉੱਘੇ ਸਮਾਜ ਸੇਵੀ ਸੰਤੋਖ ਮਨਿਹਾਸ ਨੇ ਆਪਣੇ ਸੰਬੋਧਨ ਦੌਰਾਨ ਪੱਪੀ ਭਦੌੜ ਅਤੇ ਦਿਲਪ੍ਰੀਤ ਨੂੰ ਵਧਾਈ ਦਿੰਦਿਆਂ ਗੀਤ ਦੀ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨਾਲ ਹੀ ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ" ਦੀ ਮਿਹਨਤ, ਦ੍ਰਿੜਤਾ ਅਤੇ ਕੰਮ ਕਰਨ ਦੇ ਵਿਲੱਖਣ ਅੰਦਾਜ਼ ਦੀ ਵੀ ਖੁੱਲ੍ਹ ਕੇ ਸਰਾਹਣਾ ਕੀਤੀ।

ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਕਮਲਜੀਤ ਬੈਨੀਪਾਲ, ਡਾ. ਜੈਪਾਲ ਸਿੱਧੂ, ਬਾਵਾ, ਮੰਨਾ ਸ਼ਿਕਾਰੀ, ਗੁਰਦੀਪ ਧਾਲੀਵਾਲ ਅਤੇ ਰਾਣੀ ਦਿਲਦਾਰ ਗਰੁੱਪ ਸਮੇਤ ਕਈ ਕਲਾਕਾਰਾਂ ਨੇ ਆਪਣੇ ਗੀਤਾਂ ਰਾਹੀਂ ਹਾਜ਼ਰੀ ਲਵਾਈ ਅਤੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।

ਸਮਾਗਮ ਦੇ ਅੰਤ ਵਿੱਚ ਪੱਪੀ ਭਦੌੜ ਅਤੇ ਦਿਲਪ੍ਰੀਤ ਨੇ ਆਪਣੇ ਗੀਤਾਂ ਦੀ ਐਸੀ ਝੜੀ ਲਾਈ ਕਿ ਸਰੋਤੇ ਅਸ਼-ਅਸ਼ ਕਰ ਉੱਠੇ ਅਤੇ ਪੂਰਾ ਹਾਲ ਤਾਲੀਆਂ ਨਾਲ ਗੂੰਜ ਉੱਠਿਆ। ਪੂਰੇ ਸਮਾਗਮ ਦੌਰਾਨ ਹਰਮੋਨੀਅਮ ਮਾਸਟਰ ਕਮਲਜੀਤ "ਕਮਲ" ਵੀ ਸਟੇਜ ਤੇ ਡਟੇ ਰਹੇ ਤੇ ਆਪਣੀਆਂ ਉਂਗਲਾਂ ਦਾ ਜਾਦੂ ਵਿਖੇਰਦੇ ਰਹੇ।

ਚਾਹ-ਪਕੌੜਿਆਂ ਦੇ ਲੰਗਰ ਦੀ ਸੇਵਾ ਜਸਵਿੰਦਰ ਸਿੰਘ "ਨਿਊ ਇੰਡੀਆ ਸਵੀਟਸ" ਵੱਲੋਂ ਕੀਤੀ ਗਈ, ਜਦਕਿ ਰਾਤ ਦੇ ਭੋਜਨ ਦਾ ਵਿਸ਼ੇਸ਼ ਪ੍ਰਬੰਧ ਮਿੰਟੂ ਉੱਪਲੀ ਵੱਲੋਂ ਕੀਤਾ ਗਿਆ। ਇਸ ਗੀਤ ਦੀ ਤਿਆਰੀ ਅਤੇ ਰਲੀਜ਼ ਲਈ ਡਾ. ਜੈਪਾਲ ਸਿੱਧੂ ਅਤੇ ਮਹਾਂ ਸਿੰਘ ਦਾ ਵਿਸ਼ੇਸ਼ ਸਹਿਯੋਗ ਵੀ ਰਿਹਾ।

ਫਰਿਜ਼ਨੋ ਸ਼ਹਿਰ ਦੀਆਂ ਕਈ ਸਿਰਮੌਰ ਸ਼ਖ਼ਸੀਅਤਾਂ ਦੀ ਹਾਜ਼ਰੀ ਨਾਲ ਸਜਿਆ ਇਹ ਸਮਾਗਮ ਪੰਜਾਬੀ ਸੱਭਿਆਚਾਰ, ਸੰਗੀਤ ਅਤੇ ਭਾਈਚਾਰਕ ਏਕਤਾ ਦੀ ਸੁੰਦਰ ਮਿਸਾਲ ਬਣਿਆ। ਅਖੀਰ ਵਿੱਚ ਯਾਦਗਾਰੀ ਪਲਾਂ ਅਤੇ ਅਮਿੱਟ ਪੈੜਾਂ ਛੱਡਦਾ ਇਹ ਸਮਾਗਮ ਸਫਲਤਾਪੂਰਵਕ ਸੰਪੰਨ ਹੋਇਆ। ਸੰਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ।

# SC ਕਮਿਸ਼ਨ ਅੱਗੇ ਪੇਸ਼ ਹੋਏ ਰਵਨੀਤ ਬਿੱਟੂ, ਮਾਮਲੇ ਨੂੰ ਲੈ ਕੇ ਦਿੱਤਾ ਸਪੱਸ਼ਟੀਕਰਨ

ਚੰਡੀਗੜ੍ਹ : ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਅੱਗੇ ਪੇਸ਼ ਹੋਏ ਅਤੇ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਦੇ ਮਾਮਲੇ 'ਚ ਕਮਿਸ਼ਨ ਨੂੰ ਆਪਣਾ ਸਪੱਸ਼ਟੀਕਰਨ ਦਿੱਤਾ। ਇਸ ਸੁਣਵਾਈ ਤੋਂ ਬਾਅਦ ਰਵਨੀਤ ਬਿੱਟੂ ਨੂੰ ਚਾਰ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਕਮਿਸ਼ਨ ਦੇ ਹੁਕਮਾਂ ਮੁਤਾਬਕ ਰਵਨੀਤ ਬਿੱਟੂ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ), ਫਿਲੌਰ ਸਥਿਤ ਡੇਰਾ ਬ੍ਰਹਮਦਾਸ, ਰਾਮਤੀਰਥ (ਅੰਮ੍ਰਿਤਸਰ) ਵਿਖੇ ਭਗਵਾਨ ਵਾਲਮੀਕਿ ਜੀ ਦੇ ਡੇਰੇ ਅਤੇ ਡੇਰਾ ਬੱਲਾਂ ਵਿਖੇ ਮੱਥਾ ਟੇਕ ਕੇ ਅਸ਼ੀਰਵਾਦ ਪ੍ਰਾਪਤ ਕਰਨਗੇ। ਇਹ ਵੀ ਦੱਸ ਦੇਈਏ ਕਿ ਇਸ ਮਾਮਲੇ 'ਚ ਰਵਨੀਤ ਬਿੱਟੂ ਨੇ ਆਪਣੀਆਂ ਟਿੱਪਣੀਆਂ ਲਈ ਜਨਤਕ ਤੌਰ 'ਤੇ ਮੁਆਫ਼ੀ ਵੀ ਮੰਗ ਲਈ ਸੀ।



**2 ਸੁਣਵਾਈਆਂ ਮੌਕੇ ਨਹੀਂ ਹੋਏ ਪੇਸ਼ :** ਰਵਨੀਤ ਬਿੱਟੂ ਨੂੰ ਇਸ ਮਾਮਲੇ ਸਬੰਧੀ ਕਮਿਸ਼ਨ ਨੇ ਬੀਤੀ 4 ਜੂਨ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਸਨ ਪਰ ਆਪਣੀ ਜ਼ਰੂਰੀ ਰੁਝੇਵਿਆਂ ਕਾਰਨ ਬਿੱਟੂ ਨਿੱਜੀ ਤੌਰ 'ਤੇ ਪੇਸ਼ ਨਹੀਂ ਹੋ ਸਕੇ। ਇਸ ਤੋਂ ਬਾਅਦ ਕਮਿਸ਼ਨ ਨੇ ਉਨ੍ਹਾਂ ਨੂੰ 15 ਜੂਨ ਨੂੰ ਤਲਬ ਕੀਤਾ ਪਰ ਇਸ ਤਾਰੀਖ਼ ਨੂੰ ਵੀ ਰਵਨੀਤ ਬਿੱਟੂ ਨਿੱਜੀ ਕਾਰਨਾਂ ਕਰਕੇ ਪੇਸ਼ ਨਹੀਂ ਹੋ ਸਕੇ ਅਤੇ ਉਨ੍ਹਾਂ ਦੇ ਵਕੀਲ ਨੇ ਕੇਸ ਨਾਲ ਜੁੜੇ ਜ਼ਰੂਰੀ ਦਸਤਾਵੇਜ਼ ਅਤੇ ਰਿਕਾਰਡ ਕਮਿਸ਼ਨ ਨੂੰ ਜਮ੍ਹਾਂ ਕਰਵਾਏ ਸਨ, ਜਿਸ ਤੋਂ ਬਾਅਦ ਕਮਿਸ਼ਨ ਵਲੋਂ ਰਵਨੀਤ ਬਿੱਟੂ ਨੂੰ ਪੇਸ਼ ਹੋਣ ਲਈ ਅੱਜ ਦੀ ਤਾਰੀਖ਼ ਦਿੱਤੀ ਗਈ ਸੀ।

# 30 ਜੂਨ ਤੋਂ ਮੁੜ ਸ਼ੁਰੂ ਹੋਵੇਗੀ ਈਰਾਨ-ਅਮਰੀਕਾ ਗੱਲਬਾਤ : ਪਾਕਿਸਤਾਨ

ਇਸਲਾਮਾਬਾਦ : ਪਾਕਿਸਤਾਨ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਈਰਾਨ ਅਤੇ ਅਮਰੀਕਾ ਵਿਚਕਾਰ ਗੱਲਬਾਤ ਅਗਲੇ ਮੰਗਲਵਾਰ ਮਤਲਬ 30 ਜੂਨ ਨੂੰ ਇੱਕ ਅਸਥਾਈ ਵਿਰਾਮ ਤੋਂ ਬਾਅਦ ਮੁੜ ਸ਼ੁਰੂ ਹੋਵੇਗੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਤਾਹਿਰ ਅੰਦਰਾਬੀ ਨੇ ਇੱਥੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਫੈਸਲਾ ਸੋਮਵਾਰ ਨੂੰ ਸਵਿਟਜ਼ਰਲੈਂਡ ਦੇ ਬਰਗੇਨਸਟੌਕ ਵਿੱਚ ਦੋਵਾਂ ਦੇਸ਼ਾਂ ਦੇ ਪ੍ਰਤੀਨਿਧੀਆਂ ਵਿਚਕਾਰ ਕਈ ਘੰਟਿਆਂ ਦੀ ਚਰਚਾ ਤੋਂ ਬਾਅਦ ਲਿਆ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਇੱਕ ਛੋਟਾ ਜਿਹਾ ਬ੍ਰੇਕ ਹੈ ਅਤੇ ਗੱਲਬਾਤ ਜਾਰੀ ਰਹੇਗੀ।

ਵਿਚੋਲਗੀ ਕਰਨ ਵਾਲੇ ਦੇਸ਼ਾਂ ਪਾਕਿਸਤਾਨ ਅਤੇ ਕਤਰ ਦੀਆਂ ਤਕਨੀਕੀ ਟੀਮਾਂ ਆਉਣ ਵਾਲੇ ਹਫ਼ਤਿਆਂ ਵਿੱਚ ਅਮਰੀਕਾ ਅਤੇ ਈਰਾਨ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖਣਗੀਆਂ। ਇਸ ਪੂਰੇ ਅਭਿਆਸ ਦਾ ਮੁੱਖ ਉਦੇਸ਼ ਅਗਲੇ 60 ਦਿਨਾਂ ਦੇ ਅੰਦਰ ਇੱਕ ਅੰਤਿਮ ਅਤੇ ਵਿਆਪਕ ਸ਼ਾਂਤੀ ਸਮਝੌਤਾ ਤਿਆਰ ਕਰਨਾ ਹੈ,



ਜੋ ਪਿਛਲੇ ਹਫ਼ਤੇ ਅਮਰੀਕਾ ਅਤੇ ਈਰਾਨੀ ਰਾਸ਼ਟਰਪਤੀਆਂ ਦੁਆਰਾ ਦਸਤਖਤ ਕੀਤੇ ਗਏ 'ਇਸਲਾਮਾਬਾਦ ਸਮਝੌਤਾ ਪੱਤਰ' (ਐਮਓਯੂ) ਦੇ ਤਹਿਤ ਹੈ। ਸਰਕਾਰੀ ਨਿਊਜ਼ ਏਜੰਸੀ ਆਈਆਰਐਨਏ ਨੇ ਈਰਾਨੀ ਸਰਕਾਰੀ ਮੀਡੀਆ ਅਤੇ ਉਪ ਵਿਦੇਸ਼ ਮੰਤਰੀ ਕਾਜ਼ਮ ਗ਼ਰੀਬਾਬਾਦੀ ਦੇ ਹਵਾਲੇ ਨਾਲ ਇਸ ਕੂਟਨੀਤਕ ਪ੍ਰਗਤੀ ਦੀ ਪੁਸ਼ਟੀ ਵੀ ਕੀਤੀ।

ਮੰਗਲਵਾਰ ਨੂੰ ਸਵਿਟਜ਼ਰਲੈਂਡ ਵਿੱਚ ਹੋਈ ਤਕਨੀਕੀ-ਪੱਧਰੀ ਗੱਲਬਾਤ ਵਿੱਚ, ਦੋਵੇਂ ਦੇਸ਼ ਗੱਲਬਾਤ ਨੂੰ ਅੱਗੇ ਵਧਾਉਣ ਲਈ ਚਾਰ ਵਿਸ਼ੇਸ਼ ਕਾਰਜ ਸਮੂਹ ਸਥਾਪਤ ਕਰਨ 'ਤੇ ਸਹਿਮਤ ਹੋਏ। ਇਹ ਕਾਰਜ ਸਮੂਹ ਮੁੱਖ ਤੌਰ 'ਤੇ ਪਾਬੰਦੀਆਂ ਨੂੰ ਪੂਰੀ ਤਰ੍ਹਾਂ ਹਟਾਉਣ, ਪ੍ਰਮਾਣੂ ਮੁੱਦਿਆਂ, ਪੁਨਰ ਨਿਰਮਾਣ, ਆਰਥਿਕ ਵਿਕਾਸ, ਅਤੇ ਸਮਝੌਤੇ ਦੀ ਨਿਗਰਾਨੀ ਅਤੇ ਲਾਗੂ ਕਰਨ ਵਰਗੇ ਮੁੱਖ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਗੇ। ਇਸ ਸਾਂਝੇ ਯਤਨ ਦੀ ਪ੍ਰਸ਼ੰਸਾ ਕਰਦੇ ਹੋਏ, ਸ਼੍ਰੀ ਅੰਦਰਾਬੀ ਨੇ ਕਿਹਾ ਕਿ ਇਸਲਾਮਾਬਾਦ ਸਮਝੌਤਾ ਪੱਤਰ ਅਤੇ ਸਵਿਟਜ਼ਰਲੈਂਡ ਸੰਮੇਲਨ ਨੇ ਸਾਬਤ ਕੀਤਾ ਹੈ ਕਿ ਕੂਟਨੀਤੀ ਅਤੇ ਗੱਲਬਾਤ ਵਿਵਾਦਾਂ ਨੂੰ ਹੱਲ ਕਰਨ ਅਤੇ ਵਿਸ਼ਵਵਿਆਪੀ ਤਣਾਅ ਘਟਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹਨ। ਜਦੋਂ ਕਿ ਅਮਰੀਕਾ ਅਤੇ ਈਰਾਨ ਸਿੱਧੇ ਤੌਰ 'ਤੇ ਗੱਲਬਾਤ ਨੂੰ ਅੰਤਿਮ ਰੂਪ ਦੇਣ ਵਿੱਚ ਰੁੱਝੇ ਹੋਏ ਹਨ, ਅਗਲੇ ਦੌਰ ਵਿੱਚ ਵਿਚੋਲਗੀ ਕਰਨ ਵਾਲੇ ਦੇਸ਼ਾਂ ਦੀ ਸਰਗਰਮ ਭਾਗੀਦਾਰੀ ਜਾਰੀ ਰਹੇਗੀ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਨਿਆ ਪਹਿਚਾਨਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਇਹ ਕੌਮ ਖ਼ੁਦ ਦੇਖੇਗੀ ਕਿ (ਹਿੰਦੂ) ਕੌਮ ਦਾ ਦੋਸਤ ਮੈਂ ਹਾਂ ਜਾਂ ਮਹਾਤਮਾ ਗਾਂਧੀ।

ਸ੍ਰੀ ਸ਼ੰਕਰਾਚਾਰੀਆ ਦਾ ਬਿਆਨ ਸ੍ਰੀ ਸ਼ੰਕਰਾਚਾਰੀਆ ਡਾਕਟਰ ਕਰਤਕੋਟੀ ਐਮ. ਏ. ਪੀ. ਐਚ. ਡੀ. ਨੇ ਐਸੋਸੀਏਟਿਡ ਪ੍ਰੈੱਸ ਨੂੰ ਇਹ ਬਿਆਨ ਦਿੱਤਾ।

'ਅਛੂਤਾ ਵਿਚ ਦੋ ਧੜੇ ਹਨ, ਇਕ ਉਹ ਜੋ ਆਪਣਾ ਮਜ਼੍ਹਬ ਤਬਦੀਲ ਕਰ ਦੇਣਾ ਚਾਹੁੰਦਾ ਹਨ। ਦੂਜੇ ਉਹ ਜਿਹੜੇ ਕਿ ਹਿੰਦੂ ਮਜ਼੍ਹਬ ਵਿੱਚ ਹੀ ਰਹਿਣਾ ਚਾਹੁੰਦੇ ਹਨ। ਅੰਬੇਦਕਰ ਮੰਜੇ ਦਾ ਅਸੂਲ ਇਹਨਾਂ ਦੋਨਾਂ ਧੜਿਆਂ ਲਈ ਇਕੋ ਜਿਹਾ ਮੰਨਣਯੋਗ ਹੈ ਕਿਉਂਕਿ ਇਹਦੇ ਵਿੱਚ ਸਾਰੇ ਅਛੂਤਾਂ ਨੂੰ ਸਿੱਖ
ਧਰਮ ਧਾਰਨ ਲਈ ਕਿਹਾ ਗਿਆ, ਇਸ ਵਾਸਤੇ ਮੈਂ ਸੱਚੇ ਦਿਲੋਂ ਸਿਫ਼ਾਰਿਸ਼ ਕਰਦਾ ਹਾਂ ਕਿ ਇਸ ਅਸੂਲ ਨੂੰ ਮੰਨ ਲਿਆ ਜਾਏ।

'ਮੈਂ ਹਮੇਸ਼ਾ ਹੀ ਅੰਬੇਦਕਰ ਤੇ ਉਹਦੇ ਸਾਥੀਆਂ ਦੇ ਸਿੱਖ ਧਰਮ ਧਾਰਨ ਕਰ ਲੈਣ ਦੇ ਖ਼ਿਆਲ ਦੀ ਪੁਸ਼ਟੀ ਕੀਤੀ ਹੈ, ਅਤੇ ਹਫ਼ਤੇਵਾਰ ਅਖ਼ਬਾਰ 'ਹਿੰਦੂ ਹੈਰਲਡ' (30 ਜੁਲਾਈ 1936) ਜੋ ਮੇਰੀ ਨਿਗਰਾਨੀ ਵਿੱਚ ਛਪਦਾ ਹੈ, ਆਪਣੇ ਖ਼ਿਆਲ ਬੜੇ ਖੋਲ੍ਹ ਕੇ ਵੇਰਵੇ ਨਾਲ ਸਾਫ਼ ਤੇ ਸਪਸ਼ਟ ਅੱਖਰਾਂ ਵਿੱਚ ਪ੍ਰਗਟ ਕਰ ਦਿੱਤੇ ਹਨ। ਮੈਂ ਮਿਸਟਰ ਰਾਜਾ ਦੇ ਖ਼ਿਆਲਾਂ ਦੇ ਉਲਟ ਨਰਾਜ਼ਗੀ ਤੇ ਨਾਂ-ਪਸੰਦੀ ਪ੍ਰਗਟ ਕਰਦਾ ਹਾਂ, ਮੈਂ ਇਸ ਵਿਸ਼ੇ ਤੇ 'ਹਿੰਦੂ ਹੈਰਲਡ' ਦੇ ਵਾਸਤੇ ਇਕ ਮਜ਼ਮੂਨ ਵੀ ਲਿਖਿਆ ਹੈ।

ਨੋਟ: ਇਹ ਰਿਪੋਰਟ 27 ਅਗਸਤ 1936 ਵਾਲੇ ਸਪਤਾਹਿਕ ਅਖ਼ਬਾਰ ਖ਼ਾਲਸਾ ਸਮਾਚਾਰ ਵਿੱਚ ਛਪੀ ਹੈ।

ਮਹਾਤਮਾ ਗਾਂਧੀ ਦੀ ਇਕ ਵੱਡੀ ਗ਼ਲਤੀ!

ਦਲਿਤ ਜਾਤੀਆਂ ਦੇ ਲੋਕਾਂ ਨੂੰ ਸਿੱਖ ਧਰਮ ਵਿੱਚ ਸ਼ਾਮਲ ਹੋਵਣ ਤੋਂ ਰੋਕ ਕੇ ਮਹਾਤਮਾਂ ਗਾਂਧੀ ਜੀ ਨੇ ਬਹੁਤ ਵੱਡੀ ਗ਼ਲਤੀ ਕੀਤੀ ਹਿੰਦੂ ਮਹਾਂ ਸਭਾ ਦੀ ਤਜਵੀਜ਼ ਸੀ ਕਿ ਦਲਿਤ ਜਾਤੀਆਂ ਵਿੱਚੋਂ ਨਵੇਂ ਬਣੇ ਸਿੱਖ ਪੱਛੜੀਆਂ ਜਾਤੀਆਂ ਵਿੱਚ ਸ਼ਾਮਲ ਰਹਿਣ ਅਤੇ ਦਲਿਤ ਜਾਤੀਆਂ ਪੂਨਾ ਪੈਕਟ ਰਾਹੀਂ ਮਿਲੇ ਅਧਿਕਾਰਾਂ ਤੋਂ ਲਾਭ ਉਠਾਉਣ।

ਇਸ ਤਜਵੀਜ਼ ਦੀ ਮਹਾਤਮਾ ਗਾਂਧੀ ਜੀ ਦੇ ਧੜੇ ਨੇ ਮੁਖ਼ਾਲਫ਼ਤ ਕੀਤੀ ਅਤੇ ਕਿਹਾ. 'ਜੇ ਸਾਰੇ ਅਛੂਤ ਸਿੱਖ ਬਣ ਜਾਣ ਤਾਂ ਪੰਜਾਬ ਵਾਂਗ ਹਰ ਥਾਂ ਸਿੱਖ ਹਿੰਦੂ ਮੁਸਲਮਾਨ ਦਾ ਸਵਾਲ ਖੜ੍ਹਾ ਹੋ ਜਾਵੇਗਾ'




ਆਦਿ। ਇਸ ਦੇ ਉਲਟ ਡਾਕਟਰ ਅੰਬੇਦਕਰ ਤੇ ਹਿੰਦੂ ਮਹਾਂ ਸਭਾ ਇਸ ਵਿਚਾਰ ਦੇ ਸਨ ਕਿ ਅਛੂਤ ਸਿੱਖ ਬਣ ਕੇ 'ਦੇਸ਼ ਦੀ ਕਿਸਮਤ ਬਣਾਉਣ ਵਿੱਚ ਸਹਾਈ ਹੋਣਗੇ ਅਤੇ ਇਸ ਲਈ ਦੇਸ਼ ਦੇ ਭਲੇ ਤੇ ਉੱਨਤੀ ਲਈ ਜੇ ਅਛੂਤ ਕੋਈ ਧਰਮ ਧਾਰਨ ਕਰਨਾ ਚਾਹੁੰਦੇ ਹਨ ਤਾਂ ਉਹ ਸਿੱਖ ਬਣ ਜਾਣ।'

ਹਿੰਦੂ ਮਹਾਂ ਸਭਾ ਦੀ ਤਜਵੀਜ਼ ਸੀ ਕਿ ਪੂਨਾ ਪੈਕਟ ਹੇਠ ਜੋ ਹਿੰਦੂ ਅਛੂਤਾਂ ਨੂੰ ਹੱਕ ਹਾਸਲ ਸਨ, ਉਹ ਉਨ੍ਹਾਂ ਵਿੱਚੋਂ ਸਿੱਖ ਬਣਨ ਵਾਲਿਆਂ ਨੂੰ ਭੀ ਹੋਵਣ। ਇਹ ਕੌਮ ਦੇ ਫ਼ਿਰਕਿਆਂ ਵਿੱਚੋਂ ਵਿਤਕਰਾ ਖ਼ਤਮ ਕਰਕੇ ਕੌਮੀ ਏਕਤਾ ਕਰਨ ਵਾਲੀ ਸੋਹਣੀ ਤਜਵੀਜ਼ ਸੀ। ਮਹਾਤਮਾਂ ਗਾਂਧੀ ਜੀ ਇਸ ਤਜਵੀਜ਼
ਨਾਲ ਮੁਤਫ਼ਿਕ ਨਾ ਹੋਏ ਅਤੇ ਦਲਿਤ ਜਾਤੀਆਂ ਵਿੱਚੋਂ ਸੱਜੇ ਸਿੱਖਾਂ ਨੂੰ ਉਹ ਅਧਿਕਾਰ ਦੇਣੇ ਨਾਂਹ ਮੰਨੇ ਜੋ ਹਿੰਦੂ ਅਛੂਤਾਂ ਨੂੰ ਹਾਸਲ ਸਨ। ਇੰਜ ਮਹਾਤਮਾਂ ਗਾਂਧੀ ਜੀ ਨੇ ਅਛੂਤਾਂ ਨੂੰ ਰਾਜਸੀ ਲੋਭ ਲਾਲਚ ਤੇ ਡਰ ਦੇ ਕੇ ਉਨ੍ਹਾਂ ਨੂੰ ਹਿੰਦੂ ਧਰਮ ਨੂੰ ਤਿਆਗ ਕੇ ਸਿੱਖ ਬਣਨ ਤੋਂ ਰੋਕ ਲਿਆ ਸੀ। ਪਰ ਇਸ ਨਾਲ ਹਿੰਦੂ ਧਰਮ ਦੇ ਖ਼ਿਲਾਫ਼ ਨਫ਼ਰਤ ਦੀ ਪ੍ਰਚੰਡ ਅੱਗ ਅਛੂਤਾਂ ਦੇ ਮਨਾਂ ਵਿੱਚ ਘੱਟ ਨਾਂਹ ਹੋਈ ਅਤੇ ਇਹ ਨਫ਼ਰਤ ਤੇ ਗ਼ੁੱਸੇ ਦੀ ਅੱਗ ਦੇਸ਼ ਤੇ ਕੌਮ ਨੂੰ ਭਸਮ ਕਰ ਰਹੀ ਹੈ। ਇਹ ਦਰਾਵੜ ਕਾਜ਼ਗਾਮ ਦੇ ਮੌਜੂਦਾ ਰਵੱਈਏ ਤੋਂ ਦਿੱਖ ਰਿਹਾ ਹੈ। ਕਾਸ਼! ਜੇ ਮਹਾਤਮਾਂ ਗਾਂਧੀ ਜੀ ਦੱਖਣ ਵਿੱਚ ਵੱਸਦੇ, ਇਨ੍ਹਾਂ ਲੋਕਾਂ ਨੂੰ ਸਿੱਖ ਬਣਨ ਦੇਂਦੇ ਤਾਂ ਇਹ ਲੋਕ ਡਾਕਟਰ ਅੰਬੇਦਕਰ ਦੇ ਲਫ਼ਜ਼ਾਂ ਵਿੱਚ ਦੇਸ਼ ਦੀ ਕਿਸਮਤ ਬਣਾਉਣ ਵਿੱਚ ਸਹਾਈ ਹੁੰਦੇ।

ਇਸ ਦੇ ਨਾਲ ਦਲਿਤ ਜਾਤੀਆਂ ਦੇ ਲੋਕ (ਮੌਜੂਦਾ ਦਰਾਵੜ ਕਾਜ਼ਗਾਮ) ਆਪ ਭੀ ਉੱਚੇ ਹੁੰਦੇ ਅਤੇ ਦੇਸ਼ ਨੂੰ ਭੀ ਉੱਚਾ ਕਰਦੇ। ਪਰ ਗਾਂਧੀ ਜੀ ਦੇ ਵਿਰੋਧ ਨੇ ਦਲਿਤ ਜਾਤੀਆਂ ਦੇ ਲੋਕਾਂ ਨੂੰ ਸਿੱਖ ਧਰਮ ਵਿੱਚ ਸ਼ਾਮਲ ਹੋਵਣ ਤੋਂ ਰੋਕ ਦਿੱਤਾ।

ਹਾਲਾਤ ਨੂੰ ਉਦੋਂ ਮਾਸਟਰ ਤਾਰਾ ਸਿੰਘ ਜੀ ਨੇ ਠੀਕ ਅਨੁਭਵ ਕਰਕੇ ਦੱਖਣ ਦੀਆਂ ਦਲਿਤ ਜਾਤੀਆਂ ਦੇ ਲੋਕਾਂ ਨੂੰ ਠੀਕ ਮਸ਼ਵਰਾ ਦਿੱਤਾ ਸੀ ਜਦ ਕਿ ਕੋਚੀਨ ਦਲਿਤ ਜਾਤੀਆਂ ਦੀ ਕਾਨਫ਼ਰੰਸ ਦੇ ਸਾਹਮਣੇ ਤਕਰੀਰ ਕਰਦਿਆਂ ਕਿਹਾ-

'ਤੁਹਾਡੇ ਇਕ ਦਿਆਨਤਦਾਰ ਤੇ ਸੱਚੇ ਆਗੂ ਨੇ ਇਕ ਦਿਨ ਮੈਨੂੰ ਕਿਹਾ ਕਿ ਕਿਸੇ ਹੋਰ ਧਰਮ ਵਿੱਚ ਕੇਵਲ ਇਸ ਲਈ ਜਾਣਾ ਚਾਹੁੰਦੇ ਹਨ ਕਿ ਉਹ ਨੀਚ ਤੇ ਹੰਕਾਰੀ ਉੱਚ-ਜਾਤੀਆਂ ਤੋਂ ਬਦਲਾ ਲੈ ਸਕਣ। ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਇਸ ਦੇ ਜ਼ਿੰਮੇਵਾਰ ਉਹ ਹਨ ਜਿਨ੍ਹਾਂ ਨੇ ਅਜਿਹੀ ਮਾਨਸਿਕ ਅਵਸਥਾ ਨੂੰ ਪੈਦਾ ਕੀਤਾ। ਯਕੀਨੀ ਤੌਰ 'ਤੇ ਇਸ ਮਾਨਸਿਕ ਅਵਸਥਾ ਦਾ ਆਦਮੀ ਖ਼ੁਦਗ਼ਰਜ਼ ਨਹੀਂ, ਪਰ ਉਸ ਦੇ ਅੰਦਰ ਜੋ ਘ੍ਰਿਣਾ ਦੀ ਅੱਗ ਪ੍ਰਚੰਡ ਹੈ, ਉਹ ਉਸ ਨੂੰ ਤੇ ਮੇਲ ਰੱਖਣ ਵਾਲਿਆਂ ਨੂੰ ਸਾੜ ਦੇਵੇਗੀ ਅਤੇ ਇਸ ਤਰ੍ਹਾਂ ਉਹ ਆਪਣੇ-ਆਪ ਨੂੰ ਤੇ ਨਜ਼ਦੀਕੀਆਂ ਦਾ ਬਹੁਤ ਨੁਕਸਾਨ ਕਰਦਾ ਹੈ, ਖ਼ੁਦਗ਼ਰਜ਼ ਨਾਲੋਂ ਭੀ ਵੱਧ ਕੇ ਹਾਨੀਕਾਰਕ ਹੁੰਦਾ ਹੈ।

**(ਚਲਦਾ)**

### ਕੈਨੇਡਾ ਦੇ ਬਰੈਂਟਫੋਰਡ 'ਚ ਸਜਿਆ ਵਿਸ਼ੇਸ਼ ਗੁਰਮਤਿ ਸਮਾਗਮ

# ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਸੰਗਤਾਂ ਨਾਲ ਪਾਈ ਵਿਚਾਰਾਂ ਦੀ ਸਾਂਝ; ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ








ਬਰੈਂਟਫੋਰਡ (ਕੈਨੇਡਾ): ਕੈਨੇਡਾ ਦੇ ਓਨਟਾਰੀਓ ਸੂਬੇ ਵਿੱਚ ਸਥਿਤ ਬਰੈਂਟਫੋਰਡ ਸ਼ਹਿਰ ਦੇ 'ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ' ਵਿਖੇ 21 ਜੂਨ 2026 ਨੂੰ ਇੱਕ ਵਿਸ਼ੇਸ਼ ਗੁਰਮਤਿ ਸਮਾਗਮ ਉਲੀਕਿਆ ਗਿਆ। ਇਸ ਸਮਾਗਮ ਦੌਰਾਨ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅਤੇ ਪੰਥਕ ਸ਼ਖ਼ਸੀਅਤ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਇਕੱਤਰ ਹੋਈਆਂ ਭਾਰੀ ਗਿਣਤੀ ਵਿੱਚ ਸਿੱਖ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ।

**ਗੁਰਮਤਿ ਵਿਚਾਰਾਂ ਨਾਲ ਨਿਹਾਲ ਹੋਈਆਂ ਸੰਗਤਾਂ** : ਸਮਾਗਮ ਦੌਰਾਨ ਜਥੇਦਾਰ ਦਾਦੂਵਾਲ ਜੀ ਨੇ ਸੰਗਤਾਂ ਦੇ ਸਨਮੁਖ ਹੁੰਦਿਆਂ ਸਿੱਖ ਇਤਿਹਾਸ, ਗੁਰਬਾਣੀ ਦੇ ਫ਼ਲਸਫ਼ੇ ਅਤੇ ਮੌਜੂਦਾ ਪੰਥਕ ਹਾਲਾਤ 'ਤੇ ਬੇਹੱਦ ਪ੍ਰਭਾਵਸ਼ਾਲੀ ਅਤੇ ਵਿਚਾਰਪੂਰਕ ਪ੍ਰਵਚਨ ਕੀਤੇ:

**ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਣ ਦਾ ਸੱਦਾ:** ਉਨ੍ਹਾਂ ਨੇ ਵਿਦੇਸ਼ਾਂ (ਖ਼ਾਸ ਕਰਕੇ ਕੈਨੇਡਾ) ਵਿੱਚ ਵਸਦੀ ਨਵੀਂ ਪੀੜ੍ਹੀ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ ਅਤੇ ਸਿੱਖੀ ਸਿਧਾਂਤਾਂ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਦੀ ਲੋੜ 'ਤੇ ਵਿਸ਼ੇਸ਼ ਜ਼ੋਰ ਦਿੱਤਾ।

ਸੰਗਤ ਵਿੱਚ ਭਾਰੀ ਉਤਸ਼ਾਹ: ਬਰੈਂਟਫੋਰਡ ਅਤੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਪਹੁੰਚੀਆਂ ਸੰਗਤਾਂ ਨੇ ਬੇਹੱਦ ਇਕਾਗਰਤਾ ਅਤੇ ਸ਼ਰਧਾ ਦੇ ਨਾਲ ਜਥੇਦਾਰ ਸਾਹਿਬ ਦੇ ਮੁਖਾਰਬਿੰਦ ਤੋਂ ਗੁਰਮਤਿ ਵਿਚਾਰਾਂ ਦਾ ਆਨੰਦ ਮਾਣਿਆ।

ਗੁਰਦੁਆਰਾ ਪ੍ਰਬੰਧਕਾਂ ਵੱਲੋਂ ਜਥੇਦਾਰ ਸਾਹਿਬ ਦਾ ਸਨਮਾਨ : ਸਮਾਗਮ ਦੇ ਅਖੀਰ ਵਿੱਚ



ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਮੁੱਖ ਅਹੁਦੇਦਾਰਾਂ ਅਤੇ ਪਤਵੰਤਿਆਂ ਵੱਲੋਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦਾ ਗੁਰੂ ਘਰ ਦੀ ਬਖ਼ਸ਼ਿਸ਼ 'ਸਿਰੋਪਾਓ' ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਮੁੱਖ ਰੂਪ ਵਿੱਚ ਹਾਜ਼ਰ ਸ਼ਖ਼ਸੀਅਤਾਂ:
ਭਾਈ ਸੁਖਦੇਵ ਸਿੰਘ (ਪ੍ਰਬੰਧਕ)
ਭਾਈ ਇੰਦਰਜੀਤ ਸਿੰਘ ਗੋਗੀ (ਪ੍ਰਬੰਧਕ)
ਡਾ. ਦਲਜੀਤ ਸਿੰਘ ਕਾਹਲੋਂ (ਪ੍ਰਬੰਧਕ)
ਡਾ. ਰਵਿੰਦਰ ਸਿੰਘ (ਮੁੱਖ ਗ੍ਰੰਥੀ)

ਸਨਮਾਨ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ, ਮੁੱਖ ਗ੍ਰੰਥੀ ਅਤੇ ਸਿੱਖ ਸੰਗਤਾਂ ਨੇ ਜਥੇਦਾਰ ਦਾਦੂਵਾਲ ਜੀ ਦੇ ਨਾਲ ਇਸ ਸੁਖਦ ਪਲ ਦੀਆਂ ਯਾਦਗਾਰੀ ਤਸਵੀਰਾਂ ਵੀ ਸਾਂਝੀਆਂ ਕੀਤੀਆਂ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਘਰੇਲੂ ਇਲਾਜ :**

1. ਜ਼ਿਆਦਾ ਬੁਖ਼ਾਰ ਸਮੇਂ ਠੰਡਾ ਗਿੱਲਾ ਕੱਪੜਾ ਮੱਥੇ ਉੱਤੇ ਰੱਖੋ।
2. ਠੰਡੇ ਪਾਣੀ ਨਾਲ ਨਹਾਓ।
3. ਠੰਡਾ ਪਾਣੀ ਪੀਓ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਦਿਮਾਗ਼ ਦੀ ਉਲਝਣ (ਕਨਫ਼ਿਉਜ਼ਨ) ਪੈਦਾ ਹੋਣ 'ਤੇ ਜਾਂ ਬੇਹੋਸ਼ੀ ਹੋਣ 'ਤੇ।
2. ਬੁਖ਼ਾਰ 104 ਡਿਗਰੀ ਤੋਂ ਵੱਧ ਹੋਵੇ।

**ਚਮੜੀ ਦਾ ਜਲਣਾ (ਸਕਿੱਨ ਬਰਨਜ਼)**

ਚਮੜੀ ਦਾ ਜਲਣਾ ਅੱਗ, ਗਰਮ ਪਾਣੀ, ਤੇਜ਼ਾਬ ਜਾਂ ਬਿਜਲੀ ਨਾਲ ਹੋ ਸਕਦਾ ਹੈ।

**ਪਹਿਲੇ ਦਰਜੇ ਦਾ ਜਲਣ :**

ਚਮੜੀ ਦੀ ਸਿਰਫ਼ ਉੱਪਰਲੀ ਪਰਤ ਇਸ ਵਿੱਚ ਸ਼ਾਮਲ ਹੁੰਦੀ ਹੈ। ਚਮੜੀ ਛੂਹਣ 'ਤੇ ਬਹੁਤ ਜ਼ਿਆਦਾ ਦਰਦ ਹੋਣਾ।

**ਦੂਜੇ ਦਰਜੇ ਦਾ ਜਲਣ :**


ਚਮੜੀ ਦੇ ਅੰਦਰਲੀ ਪਰਤ ਵੀ ਜਲ ਜਾਂਦੀ ਹੈ। ਚਮੜੀ ਵਿੱਚ ਸੋਜ਼ਿਸ਼ ਅਤੇ ਛਾਲੇ ਹੋ ਜਾਂਦੇ ਹਨ।

**ਤੀਸਰੇ ਦਰਜੇ ਦਾ ਜਲਣ :**

ਤੀਸਰੇ ਦਰਜੇ ਵਿੱਚ ਚਮੜੀ ਦੀਆਂ ਸਾਰੀਆਂ ਪਰਤਾਂ ਜਲ ਜਾਂਦੀਆਂ ਹਨ ਅਤੇ ਨਸਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ। ਅਜਿਹੇ ਜਲਣ ਨਾਲ ਦਰਦ ਘੱਟ ਹੁੰਦਾ ਹੈ।

**ਰੋਕਥਾਮ/ਬਚਾਅ :**

1. ਪਟਾਖੇ ਚਲਾਉਣ ਸਮੇਂ ਬੱਚਿਆਂ ਦਾ ਧਿਆਨ ਰੱਖੋ।




2. ਘਰਾਂ ਵਿੱਚ ਧੂੰਏ ਦਾ ਪਤਾ ਲਗਾਉਣ ਵਾਲੇ ਯੰਤਰ ਲਾਉਣੇ।
3. ਅੱਗ ਬੁਝਾਉਣ ਵਾਲੇ ਯੰਤਰ ਘਰ ਵਿੱਚ ਰੱਖੋ।

**ਜੇਕਰ ਤੁਹਾਡੇ ਕੱਪੜਿਆਂ ਨੂੰ ਅੱਗ ਲੱਗ ਜਾਵੇ :**

1. ਦੌੜੋ ਨਾ, ਇਹ ਅੱਗ ਦੀਆਂ ਲਪਟਾਂ ਨੂੰ ਵਧਾਉਂਦੀ ਹੈ।
2. ਰੁਕੋ, ਜ਼ਮੀਨ 'ਤੇ ਲੇਟੋ ਅਤੇ ਫਿਰ ਆਪਣੇ ਆਪ ਨੂੰ ਜ਼ਮੀਨ 'ਤੇ ਰੋਲ ਕਰੋ।
3. ਕਿਸੇ ਕੰਬਲ ਜਾਂ ਮੋਟੇ ਕੱਪੜੇ ਨੂੰ ਜਲਦੇ ਹੋਏ ਵਿਅਕਤੀ ਦੇ ਦੁਆਲੇ ਲਪੇਟ ਕੇ ਅੱਗ 'ਤੇ ਕਾਬੂ ਪਾਓ।

**ਘਰੇਲੂ ਇਲਾਜ :**

1. ਜਲੇ ਹੋਏ ਸਥਾਨ 'ਤੇ 10-15 ਮਿੰਟਾਂ ਲਈ ਠੰਡਾ ਪਾਣੀ ਪਾਓ।
2. ਬਰਫ਼ ਦੀ ਵਰਤੋਂ ਨਾ ਕਰੋ।
3. ਜਲਦੀ ਨਾਲ ਅੰਗੂਠੀਆਂ, ਕੜੇ, ਘੜੀਆਂ ਨੂੰ ਉਤਾਰ ਦੇਵੋ। ਕਿਉਂਕਿ ਸੋਜ਼ਿਸ਼ ਦੇ ਕਾਰਨ ਬਾਅਦ ਵਿੱਚ ਇਨ੍ਹਾਂ ਨੂੰ ਉਤਾਰਨਾ ਮੁਸ਼ਕਲ ਹੋ ਜਾਂਦਾ ਹੈ।
4. ਜਲੇ ਹੋਏ ਸਥਾਨ 'ਤੇ ਮੱਖਣ ਜਾਂ ਤੇਲ ਨਾ ਮਲੋ, ਕਿਉਂਕਿ ਇਸ ਨਾਲ ਬਾਅਦ ਵਿੱਚ ਇਨਫ਼ੈਕਸ਼ਨ ਹੋ ਸਕਦਾ ਹੈ।
5. ਛਾਲਿਆਂ ਨੂੰ ਨਾ ਭੰਨੋ।
6. ਆਈਬੂਪ੍ਰੋਫ਼ਿਨ ਦਵਾਈ ਨਾਲ ਦਰਦ ਘਟੇਗਾ।
7. ਪਾਣੀ ਤੇ ਜੂਸ ਜ਼ਿਆਦਾ ਮਾਤਰਾ ਵਿੱਚ ਪੀਓ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਦੂਜੇ ਅਤੇ ਤੀਸਰੇ ਦਰਜੇ ਦੇ ਜਲਣ ਸਮੇਂ।
2. ਜੇਕਰ ਚਿਹਰਾ ਅਤੇ ਸਿਰ ਜਲੇ ਹਨ।
3. ਬਿਜਲੀ ਨਾਲ ਜਲੇ ਹੋਏ (ਅੰਦਰੂਨੀ ਨੁਕਸਾਨ ਕਾਰਨ)।
4. ਇਨਫ਼ੈਕਸ਼ਨ ਦੇ ਚਿੰਨ੍ਹ : ਬੁਖ਼ਾਰ, ਪੀਕ, ਦਰਦ ਦਾ ਵਧਣਾ, ਸੋਜ਼ਿਸ਼ ਅਤੇ ਲਾਲੀ ਹੋਣਾ।
5. ਪਿਸ਼ਾਬ ਨਾ ਆਉਣਾ ਜਾਂ ਘੱਟ ਆਉਣਾ, ਸਰੀਰ ਵਿਚ ਪਾਣੀ ਦੀਕਮੀ ਦੀ ਨਿਸ਼ਾਨੀ ਹੋ ਸਕਦਾ ਹੈ।

**ਪਾਚਣ ਪ੍ਰਣਾਲੀ**

ਸਰੀਰ ਦੀ ਪਾਚਣ ਪ੍ਰਣਾਲੀ ਦੇ ਵੱਖ-ਵੱਖ ਭਾਗਾਂ ਦੀ ਜਾਣਕਾਰੀ, ਸਾਨੂੰ ਆਪਣੀ ਸਿਹਤ ਸੰਭਾਲ ਵਿੱਚ ਬਹੁਤ ਸਹਾਇਕ ਹੁੰਦੀ ਹੈ।

**(ੳ) ਮੂੰਹ :**

1. ਮੂੰਹ ਵਿੱਚ ਸੈਲੀਵਰੀ ਗਲੈਂਡ ਥੁੱਕ ਬਣਾਰਦੇ ਹਨ, ਜਿਸ ਵਿੱਚ ਐਂਨਜ਼ਾਈਮ (ਅਮਾਈਲੇਜ਼) ਹੁੰਦੇ ਹਨ, ਜੋ ਕਾਰਬੋਹਾਈਡ੍ਰੇਟਸ ਨੂੰ ਪਚਾਉਣ ਵਿੱਚ ਮੱਦਦ ਕਰਦੇ ਹਨ।
2. ਚਬਾਉਣ ਨਾਲ ਖਾਣਾ ਛੋਟੇ ਛੋਟੇ ਕਣਾਂ ਵਿੱਚ ਬਦਲ ਜਾਂਦਾ ਹੈ ਅਤੇ ਤਰਲ ਹੋ ਜਾਂਦਾ ਹੈ।
3. ਜੀਭ ਵਿੱਚ ਸਵਾਦ ਦੀਆਂ ਗ੍ਰੰਥੀਆਂ ਹੁੰਦੀਆਂ ਹਨ ਅਤੇ ਜੀਭ ਖਾਣੇ ਨੂੰ ਗਲੇ ਤੋਂ ਥੱਲੇ ਕਰਨ ਵਿੱਚ ਸਹਾਈ ਹੁੰਦੀ ਹੈ।

(ਅ) ਇਸੋਫ਼ੇਗਸ (ਖਾਣੇ ਦੀ ਨਲੀ) :

1. ਇਹ ਇੱਕ ਨਲੀ ਹੈ ਜਿਸ ਰਾਹਲ ਖਾਣਾ ਮੂੰਹ ਤੋਂ ਪੇਟ ਤੱਕ ਪਹੁੰਚਦਾ ਹੈ।
2. ਜਦੋਂ ਅਸਲ ਖਾਣਾ ਅੰਦਰ ਲੰਘਾਰਦੇ ਹਾਂ ਤਾਂ ਹੁੱਥੂ ਤੋਂ ਬਚਣ ਲਈ ਐਪੀਗਲੋਟਿਸ, ਸਾਹ ਲੈਣ ਵਾਲੀ ਨਲੀ (ਟਰੈਕੀਆ) ਯ ਢੱਕਦਾ ਹੈ।

(ੲ) ਪੇਟ :

1. ਪੇਟ ਵਿੱਚ ਖਾਣਾ 2-3 ਘੰਟੇ ਤੱਕ ਰਹਿੰਦਾ ਹੈ।
2. ਪਾਣੀ ਯ ਸੋਖਦਾ ਹੈ।
3. ਪ੍ਰੋਟੀਨ ਨੂੰ ਪਚਾਉਣ ਲਈ ਪੈਪਸਿਨ ਅਤੇ ਗੈਸਟਰਿਨ ਐਂਨਜ਼ਾਈਮ ਪੇਟ ਵਿੱਚ ਪੈਦਾ ਹੁੰਦਾ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ਹੀਲਿੰਗ ਹਰਬਸ ਐਂਡ ਮਸਾਜ
HEALING HERBS & MASSAGE
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।



ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।
ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ’ਤੇ ਰੋਟਰੀ ਕਲੱਬ ਅੰਮ੍ਰਿਤਸਰ ਈਕੋ ਵੱਲੋਂ ਲਗਾਈ ਗਈ ਛਬੀਲ












ਅੰਮ੍ਰਿਤਸਰ (ਸਾਡੇ ਲੋਕ/ਬਿਊਰੋ ਰਿਪੋਰਟ): ਸਿੱਖਾਂ ਦੇ ਪੰਜਵੇਂ ਗੁਰੂ, ਸ਼ਹੀਦਾਂ ਦੇ ਸਰਤਾਜ ਧੰਨ-ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਅਤੇ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦਿਆਂ ਦੇਸ਼-ਵਿਦੇਸ਼ ਵਿੱਚ ਸ਼ਰਧਾਪੂਰਵਕ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰੂ ਸਾਹਿਬ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਪਵਿੱਤਰ ਨਗਰੀ ਅੰਮ੍ਰਿਤਸਰ ਦੇ ਕੁਈਨਜ਼ ਰੋਡ (Queens Road) ਵਿਖੇ ‘ਰੋਟਰੀ ਕਲੱਬ ਅੰਮ੍ਰਿਤਸਰ ਈਕੋ’ (Rotary Club Amritsar Eco) ਵੱਲੋਂ ‘ਕਾਰ ਸਿੰਗਾਰ’ ਦੇ ਵਿਸ਼ੇਸ਼ ਸਹਿਯੋਗ ਨਾਲ ਇੱਕ ਵਿਸ਼ਾਲ ਛਬੀਲ ਅਤੇ ਪ੍ਰਸਾਦ ਦਾ ਪ੍ਰਬੰਧ ਕੀਤਾ ਗਿਆ।

**ਸੇਵਾ ਭਾਵਨਾ ਨਾਲ ਸੰਗਤਾਂ ਨੂੰ ਛਕਾਇਆ ਠੰਡਾ-ਮਿੱਠਾ ਜਲ :** ਜੇਠ ਮਹੀਨੇ ਦੀ ਪੈ ਰਹੀ ਅੱਤ ਦੀ ਗਰਮੀ ਦੇ ਵਿਚਕਾਰ ਲਗਾਈ ਗਈ ਇਸ ਛਬੀਲ ਦੌਰਾਨ ਰਾਹਗੀਰਾਂ ਅਤੇ ਆਉਣ-ਜਾਣ ਵਾਲੀਆਂ ਸੰਗਤਾਂ ਨੂੰ ਬੜੇ ਹੀ ਪ੍ਰੇਮ ਅਤੇ ਸਤਿਕਾਰ ਸਹਿਤ ਠੰਡਾ-ਮਿੱਠਾ ਜਲ (ਛਬੀਲ) ਅਤੇ ਪ੍ਰਸਾਦ ਛਕਾਇਆ ਗਿਆ। ਕਲੱਬ ਦੇ ਮੈਂਬਰਾਂ ਅਤੇ ਸਥਾਨਕ ਸੇਵਾਦਾਰਾਂ ਨੇ ਗੁਰੂ ਸਾਹਿਬ ਦੇ ‘ਸੇਵਾ ਅਤੇ ਸਿਮਰਨ’ ਦੇ ਸਿਧਾਂਤ ’ਤੇ ਚੱਲਦਿਆਂ ਇਸ ਪਵਿੱਤਰ ਕਾਰਜ ਵਿੱਚ ਹਿੱਸਾ ਲਿਆ।

**ਪ੍ਰਮੁੱਖ ਸ਼ਖ਼ਸੀਅਤਾਂ ਅਤੇ ਰੋਟੇਰੀਅਨਾਂ ਨੇ ਪਾਈ ਹਾਜ਼ਰੀ :** ਇਸ ਧਾਰਮਿਕ ਅਤੇ ਪੁੰਨ ਦੇ ਕਾਰਜ ਨੂੰ ਸਫ਼ਲ ਬਣਾਉਣ ਵਿੱਚ ਰੋਟਰੀ ਕਲੱਬ ਦੇ ਕਈ ਸੀਨੀਅਰ ਆਗੂਆਂ ਅਤੇ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ। ਕਲੱਬ ਵੱਲੋਂ ਇਸ ਪਵਿੱਤਰ ਸਮਾਗਮ (Pious Event) ਵਿੱਚ ਤਨਦੇਹੀ ਨਾਲ ਸੇਵਾ ਨਿਭਾਉਣ ਅਤੇ ਹਾਜ਼ਰੀ ਲਗਵਾਉਣ ਲਈ ਸਮੂਹ ਰੋਟੇਰੀਅਨਾਂ ਅਤੇ ਮਹਿਮਾਨਾਂ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ ਗਿਆ, ਜਿਨ੍ਹਾਂ ਵਿੱਚ ਮੁੱਖ ਤੌਰ ’ਤੇ ਸ਼ਾਮਲ ਸਨ:

ਰੋਟੇਰੀਅਨ ਜਸਪਾਲ ਸਿੰਘ ਜੀ, ਰੋਟੇਰੀਅਨ ਦਵਿੰਦਰ ਸਿੰਘ ਜੀ (ਰੋਟਰੀ ਗਵਰਨਰ), ਰੋਟੇਰੀਅਨ ਐਡਵੋਕੇਟ ਐੱਸ. ਐੱਸ. ਬਾਤਰਾ ਜੀ, ਐੱਚ. ਐੱਸ. ਜੋਗੀ ਜੀ (ਰੋਟਰੀ ਗਵਰਨਰ), ਰੋਟੇਰੀਅਨ ਪੁਨੀਤ ਨਾਗਪਾਲ ਜੀ, ਰੋਟੇਰੀਅਨ ਹਰਬੀਰ ਸਿੰਘ ਜੀ, ਰੋਟੇਰੀਅਨ ਸੁਰਿੰਦਰ ਪਾਲ ਸਿੰਘ ਜੀ, ਰੋਟੇਰੀਅਨ ਅਮਨਦੀਪ ਸ਼ਰਮਾ ਜੀ, ਰੋਟੇਰੀਅਨ ਬੀ. ਐੱਸ. ਵੜੈਚ ਜੀ, ਰੋਟੇਰੀਅਨ ਸੁਰਿੰਦਰ ਸਿੰਘ ਜੀ, ਰੋਟੇਰੀਅਨ ਜਗਦੀਪ ਸਿੰਘ ਜੀ, ਰੋਟੇਰੀਅਨ ਸੰਜੀਵ ਭਾਟੀਆ ਜੀ, ਰੋਟੇਰੀਅਨ ਨਰਿੰਦਰ ਕਸ਼ਯਪ ਜੀ, ਰੋਟੇਰੀਅਨ ਸੰਜੇ ਅਹੂਜਾ ਜੀ, ਰੋਟੇਰੀਅਨ ਜੇ. ਪੀ. ਸਿੰਘ ਜੀ।

ਸਮੂਹ ਮੈਂਬਰਾਂ ਨੇ ਇਸ ਮੌਕੇ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਅਤੇ ਮਾਨਵਤਾ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿਣ ਦਾ ਸੰਕਲਪ ਲਿਆ।

## ਆਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਸਮਾਗਮ



ਸ੍ਰੀ ਆਨੰਦਪੁਰ ਸਾਹਿਬ : ਗੁਰੂ ਤੇਗ ਬਹਾਦਰ ਵੱਲੋਂ ਵਰੋਸਾਈ ਅਤੇ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਦਾ 361ਵਾਂ ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂ ਕੇ ਮਹਿਲ (ਗੁਰਦੁਆਰਾ ਭੋਰਾ ਸਾਹਿਬ) ਵਿੱਚ ਮਨਾਇਆ ਗਿਆ। ਇਸ ਮੌਕੇ ਰਾਤ ਦੇ ਦੀਵਾਨ ਸਜਾਏ ਗਏ ਜਿਸ ਵਿੱਚ ਕੀਰਤਨੀਏ ਸੁਰਿੰਦਰ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ, ਕਥਾਵਾਚਕ ਭਾਈ ਸੁਖਵਿੰਦਰ ਸਿੰਘ ਰਟੌਲ ਅਤੇ ਸਤਵਿੰਦਰ ਸਿੰਘ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਨਿਹਾਲ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ 19 ਜੂਨ 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਕੋਲੋਂ ਇਹ ਨਗਰ ਵਸਾਉਣ ਲਈ ਮੋੜ੍ਹੀ ਗਡਵਾਈ ਸੀ। ਇਸ ਦਾ ਨਾਮ ਚੱਕ ਨਾਨਕੀ ਰੱਖਿਆ ਸੀ। ਗੁਰੂ ਗੋਬਿੰਦ ਸਿੰਘ ਵੱਲੋਂ ਇਸੇ ਧਰਤੀ ’ਤੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਸ ਮੌਕੇ ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ, ਮੁੱਖ ਗ੍ਰੰਥੀ ਤਖ਼ਤ ਕੇਸਗੜ੍ਹ ਸਾਹਿਬ ਗਿਆਨੀ ਜੋਗਿੰਦਰ ਸਿੰਘ, ਮੈਨੇਜਰ ਮਲਕੀਤ ਸਿੰਘ, ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਮੀਤ ਮੈਨੇਜਰ ਜਸਵੀਰ ਸਿੰਘ, ਸਰਬਜੀਤ ਸਿੰਘ, ਹਰਦੇਵ ਸਿੰਘ ਦੇਬੀ, ਕਰਮਬੀਰ ਸਿੰਘ, ਜਸ਼ਨਜੋਤ ਸਿੰਘ, ਗਿਆਨੀ ਜਸਬੀਰ ਸਿੰਘ, ਦਵਿੰਦਰ ਸਿੰਘ ਰਾਣਾ, ਜਸਵਿੰਦਰਪਾਲ ਸਿੰਘ ਬਿੱਲਾ, ਮਨਿੰਦਰਪਾਲ ਸਿੰਘ ਮਨੀ, ਜਸਪਾਲ ਸਿੰਘ ਅਰੋੜਾ, ਜਸਵਿੰਦਰ ਸਿੰਘ ਲਾਡਾ, ਤਜਿੰਦਰ ਸਿੰਘ ਵਾਲੀਆ, ਹਰਜੀਤ ਸਿੰਘ ਸੋਢੀ, ਇਸਤਰੀ ਸਤਿਸੰਗ ਸਭਾ ਦੇ ਪ੍ਰਧਾਨ ਗੁਰਚਰਨ ਕੌਰ, ਸੁਰਿੰਦਰਪਾਲ ਕੌਰ, ਤਜਿੰਦਰ ਕੌਰ ਆਦਿ ਹਾਜ਼ਰ ਸਨ।

## ‘ਨਾ ਮੈਂ ਕਦੇ ਗਿੜਗਿੜਾਈ, ਨਾ ਇਟਲੀ...’, ਮੈਲੋਨੀ ਨੇ ਕੱਢੀ ਡੋਨਾਲਡ ਟਰੰਪ ਦੀ ਆਕੜ

ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕਰਾਰਾ ਜਵਾਬ ਦਿੱਤਾ ਹੈ। ਮੈਲੋਨੀ ਨੇ ਕਿਹਾ ਹੈ ਕਿ ਨਾ ਤਾਂ ਉਹ ਕਦੇ ਟਰੰਪ ਦੇ ਸਾਹਮਣੇ ਗਿੜਗਿੜਾਈ ਹੈ ਤੇ ਨਾ ਹੀ ਕਦੇ ਇਟਲੀ ਝੁਕਿਆ ਹੈ। ਟਰੰਪ ਨੇ ਆਪਣੇ ਬੜਬੋਲੇ ਅੰਦਾਜ਼ ਵਿਚ ਦਾਅਵਾ ਕੀਤਾ ਸੀ ਕਿ ਮੈਲੋਨੀ ਉਨ੍ਹਾਂ ਨਾਲ ਫੋਟੋ ਖਿਚਵਾਉਣ ਲਈ ਮਿੰਨਤਾਂ ਕਰ ਰਹੀ ਸੀ।



ਮੈਲੋਨੀ ਨੇ ਟਰੰਪ ਦੀ ਇਸ ਬਿਆਨਬਾਜ਼ੀ ਨੂੰ ‘ਬਚਕਾਨਾ’ ਕਰਾਰ ਦਿੰਦਿਆਂ ਇਸ ਦੀ ਤਿੱਖੀ ਆਲੋਚਨਾ ਕੀਤੀ ਹੈ। ਟਰੰਪ ਨੇ ਦਾਅਵਾ ਕੀਤਾ ਸੀ ਕਿ ਹਾਲ ਹੀ ਵਿੱਚ ਹੋਏ G7 ਸੰਮੇਲਨ ਦੌਰਾਨ ਮੈਲੋਨੀ ਨੇ ਉਨ੍ਹਾਂ ਨਾਲ ਤਸਵੀਰ ਖਿਚਵਾਉਣ ਦੀ ‘ਬੇਨਤੀ’ ਕੀਤੀ ਸੀ। ਮੈਲੋਨੀ ਨੇ ਇਨ੍ਹਾਂ ਗੱਲਾਂ ਨੂੰ ‘ਪੂਰੀ ਤਰ੍ਹਾਂ ਮਨਘੜਤ’ ਦੱਸਿਆ ਤੇ ਸਹਿਯੋਗੀਆਂ ਨਾਲ ਟਰੰਪ ਦੇ ਵਤੀਰੇ ’ਤੇ ਨਿਰਾਸ਼ਾ ਜ਼ਾਹਰ ਕੀਤੀ। ਇਟਾਲੀਅਨ ਸਵੈਮਾਨ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਨਾ ਉਨ੍ਹਾਂ ਨੇ ਕਦੇ ਮਿੰਨਤ ਕੀਤੀ ਹੈ ਅਤੇ ਨਾ ਹੀ ਇਟਲੀ ਨੇ।

ਟਰੰਪ ਨੇ ਇਟਲੀ ਦੇ ਟੀਵੀ ਚੈਨਲ LaG ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਮੈਲੋਨੀ ‘ਸ਼ਾਇਦ ਖੁਸ਼’ ਸੀ ਕਿ ਸੰਮੇਲਨ ਦੌਰਾਨ ਟਰੰਪ ਨੇ ਉਨ੍ਹਾਂ ਨਾਲ ਗੱਲ ਕੀਤੀ। ਉਨ੍ਹਾਂ ਅੱਗੇ ਦਾਅਵਾ ਕੀਤਾ, ‘ਉਨ੍ਹਾਂ ਨੇ ਮੇਰੇ ਨਾਲ ਫੋਟੋ ਖਿਚਵਾਉਣ ਦੀ ਗੁਜ਼ਾਰਿਸ਼ ਕੀਤੀ। ਉਹ ਫੋਟੋ ਲਈ ਬਹੁਤ ਬੇਤਾਬ ਸੀ। ਮੈਂ ਫੋਟੋ ਨਹੀਂ ਖਿਚਵਾਉਂਦਾ, ਪਰ ਮੈਨੂੰ ਉਨ੍ਹਾਂ ’ਤੇ ਤਰਸ ਆ ਗਿਆ।’

ਸ਼ੁੱਕਰਵਾਰ ਨੂੰ ਮੈਲੋਨੀ ਨੇ ਇਨ੍ਹਾਂ ਦਾਅਵਿਆਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਤੇ ਟਰੰਪ ’ਤੇ ਕਹਾਣੀਆਂ ਘੜਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ, ‘ਮੈਨੂੰ ਸਮਝ ਨਹੀਂ ਆਉਂਦਾ ਕਿ ਅਮਰੀਕਾ ਦੇ ਰਾਸ਼ਟਰਪਤੀ ਆਪਣੇ ਸਹਿਯੋਗੀਆਂ ਨਾਲ ਅਜਿਹਾ ਵਿਵਹਾਰ ਕਿਉਂ ਕਰਦੇ ਹਨ, ਅਤੇ ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ।’

ਮੈਲੋਨੀ ਨੇ ਟਰੰਪ ਦੀ ਆਲੋਚਨਾ ਕਰਦੇ ਹੋਏ ਇਹ ਵੀ ਕਿਹਾ ਕਿ ਉਹ ਪੱਛਮ ਦੇ ਵਿਰੋਧੀਆਂ ਪ੍ਰਤੀ ਨਰਮ ਰਵੱਈਆ ਅਪਣਾਉਂਦੇ ਹਨ ਪਰ ਸਹਿਯੋਗੀਆਂ ਪ੍ਰਤੀ ਨਹੀਂ। ਉਨ੍ਹਾਂ ਨੇ ਟਰੰਪ ਨੂੰ ਸਖ਼ਤ ਸੰਦੇਸ਼ ਦਿੰਦਿਆਂ ਕਿਹਾ, ‘ਉਨ੍ਹਾਂ ਨੂੰ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ, ਨਾ ਤਾਂ ਮੈਂ ਅਤੇ ਨਾ ਹੀ ਇਟਲੀ ਕਦੇ ਕਿਸੇ ਦੇ ਅੱਗੇ ਗਿੜਗਿੜਾਉਂਦੇ ਹਾਂ’।

ਜ਼ਿਕਰਯੋਗ ਹੈ ਕਿ ਮੈਲੋਨੀ ਕਦੇ ਯੂਰਪ ਵਿੱਚ ਟਰੰਪ ਦੀ ਸਭ ਤੋਂ ਵੱਡੀ ਸਮਰਥਕ ਰਹੀ ਸੀ ਅਤੇ 2025 ਵਿੱਚ ਉਨ੍ਹਾਂ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਲ ਹੋਣ ਵਾਲੀ ਇਕਲੌਤੀ ਯੂਰਪੀ ਨੇਤਾ ਸੀ। ਹਾਲਾਂਕਿ, ਇਰਾਨ ਸੰਘਰਸ਼ ਅਤੇ ਹੋਰ ਮੁੱਦਿਆਂ ’ਤੇ ਮੱਤਭੇਦਾਂ ਕਾਰਨ ਦੋਵਾਂ ਨੇਤਾਵਾਂ ਦੇ ਰਿਸ਼ਤਿਆਂ ਵਿੱਚ ਕੁੜੱਤਣ ਆ ਗਈ ਹੈ।

## ਭਾਜਪਾ ਦੀ ਸੀਨੀਅਰ ਲੀਡਰਸ਼ਿਪ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ

# ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ, ਰਵਨੀਤ ਬਿੱਟੂ ਤੇ ਤਰੁਣ ਚੁੱਘ ਸਮੇਤ ਵੱਡੇ ਆਗੂਆਂ ਨੇ ਟੇਕਿਆ ਮੱਥਾ












ਅੰਮ੍ਰਿਤਸਰ : ਭਾਰਤੀ ਜਨਤਾ ਪਾਰਟੀ (BJP) ਦੀ ਕੇਂਦਰੀ ਅਤੇ ਸੂਬਾਈ ਲੀਡਰਸ਼ਿਪ ਵੱਲੋਂ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (Golden Temple), ਅੰਮ੍ਰਿਤਸਰ ਵਿਖੇ ਹਾਜ਼ਰੀ ਲਗਵਾਈ ਗਈ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ, ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ, ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ, ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਸੀਨੀਅਰ ਆਗੂ ਗੁਰਪ੍ਰਤਾਪ ਸਿੰਘ ਟਿੱਕਾ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ ਅਤੇ ਆਗੂਆਂ ਨੇ ਗੁਰੂ ਘਰ ਵਿਖੇ ਨਤਮਸਤਕ ਹੋ ਕੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ।

**ਸਰਬੱਤ ਦੇ ਭਲੇ ਦੀ ਅਰਦਾਸ ਅਤੇ ਸਨਮਾਨ**

ਗੁਰਦੁਆਰਾ ਸਾਹਿਬ ਦੇ ਪਰਿਕਰਮਾ ਕਰਦਿਆਂ ਅਤੇ ਮੁੱਖ ਅਸਥਾਨ 'ਤੇ ਮੱਥਾ ਟੇਕਣ ਦੌਰਾਨ ਸਾਰੇ ਆਗੂਆਂ ਨੇ ਹੱਥ ਜੋੜ ਕੇ ਦੇਸ਼ ਦੀ ਖ਼ੁਸ਼ਹਾਲੀ, ਆਪਸੀ ਭਾਈਚਾਰੇ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ:

**ਧਾਰਮਿਕ ਸ਼ਰਧਾ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚਣ 'ਤੇ ਸੂਚਨਾ ਕੇਂਦਰ ਦੇ ਅਧਿਕਾਰੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਬੰਧਕਾਂ ਵੱਲੋਂ ਭਾਜਪਾ ਦੀ ਰਾਸ਼ਟਰੀ ਤੇ ਸੂਬਾਈ ਲੀਡਰਸ਼ਿਪ ਨੂੰ ਜੀ ਆਇਆਂ ਆਖਿਆ ਗਿਆ।

**ਸਿਰੋਪਾਓ ਦੀ ਬਖ਼ਸ਼ਿਸ਼:** ਗੁਰੂ ਘਰ ਦੀ ਰੀਤ ਮੁਤਾਬਕ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ, ਕੇਂਦਰੀ ਮੰਤਰੀ ਰਵਨੀਤ ਬਿੱਟੂ ਅਤੇ ਤਰੁਣ ਚੁੱਘ ਨੂੰ ਸਿਰੋਪਾਓ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਪੰਜਾਬ ਦੌਰੇ ਦਾ ਅਹਿਮ ਹਿੱਸਾ

ਜ਼ਿਕਰਯੋਗ ਹੈ ਕਿ ਭਾਜਪਾ ਦੀ ਇਹ ਹਾਈਪ੍ਰੋਫਾਈਲ ਫੇਰੀ ਪਾਰਟੀ ਦੇ ਸੰਗਠਨਾਤਮਕ ਅਤੇ ਸਿਆਸੀ ਦੌਰੇ ਦਾ ਇੱਕ ਅਹਿਮ ਹਿੱਸਾ ਮੰਨੀ ਜਾ ਰਹੀ ਹੈ। ਗੁਰੂ ਘਰ ਵਿੱਚ ਆਸ਼ੀਰਵਾਦ ਲੈਣ ਤੋਂ ਬਾਅਦ ਭਾਜਪਾ ਆਗੂਆਂ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਆ ਕੇ ਹਮੇਸ਼ਾ ਮਾਨਸਿਕ ਸ਼ਾਂਤੀ ਅਤੇ ਲੋਕਾਂ ਦੀ ਸੇਵਾ ਕਰਨ ਦਾ ਬਲ ਮਿਲਦਾ ਹੈ। ਇਸ ਦੌਰਾਨ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।

## ਅੰਮ੍ਰਿਤਸਰ 'ਚ ਅੰਤਰਰਾਸ਼ਟਰੀ ਯੋਗ ਦਿਵਸ ਦੀ ਧੂਮ:

# ਪਤੰਜਲੀ ਯੋਗਪੀਠ ਅਤੇ 'ਵਾਇਸ ਆਫ਼ ਅੰਮ੍ਰਿਤਸਰ' ਵੱਲੋਂ ਲਗਾਏ ਗਏ ਵਿਸ਼ੇਸ਼ ਯੋਗ ਕੈਂਪ; ਸੰਗਤਾਂ ਨੇ ਲਿਆ ਲਾਹਾ














ਅੰਮ੍ਰਿਤਸਰ : ਵਿਸ਼ਵ ਭਰ ਵਿੱਚ ਮਨਾਏ ਗਏ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਵੱਖ-ਵੱਖ ਥਾਵਾਂ 'ਤੇ ਸ਼ਾਨਦਾਰ ਯੋਗ ਕੈਂਪਾਂ ਦਾ ਆਯੋਜਨ ਕੀਤਾ ਗਿਆ। ਇਸ ਖ਼ਾਸ ਦਿਹਾੜੇ 'ਤੇ ਲੋਕਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣ ਦਾ ਸੁਨੇਹਾ ਦਿੰਦਿਆਂ ਭਾਰੀ ਗਿਣਤੀ ਵਿੱਚ ਸ਼ਹਿਰ ਵਾਸੀਆਂ ਅਤੇ ਪਤਵੰਤਿਆਂ ਨੇ ਇਨ੍ਹਾਂ ਕੈਂਪਾਂ ਵਿੱਚ ਹਿੱਸਾ ਲਿਆ।

ਪਤੰਜਲੀ ਯੋਗਪੀਠ ਦੀ ਅੰਮ੍ਰਿਤਸਰ ਇਕਾਈ ਵੱਲੋਂ ਵਿਸ਼ੇਸ਼ ਸ਼ੁਰੂਆਤ

ਯੋਗ ਦਿਵਸ ਦੇ ਸਬੰਧ ਵਿੱਚ ਪਤੰਜਲੀ ਯੋਗਪੀਠ ਦੀ ਅੰਮ੍ਰਿਤਸਰ ਇਕਾਈ ਵੱਲੋਂ ਇੱਕ ਵਿਸ਼ਾਲ ਯੋਗ ਸ਼ਿਵਿਰ (ਕੈਂਪ) ਲਗਾਇਆ ਗਿਆ:

ਸਾਂਝੀ ਹਾਜ਼ਰੀ: ਇਸ ਕੈਂਪ ਵਿੱਚ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਆਪਣੇ ਸਾਥੀਆਂ ਅਤੇ ਸਹਿਯੋਗੀਆਂ ਸਮੇਤ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਅਭਿਆਸ: ਕੈਂਪ ਦੌਰਾਨ ਯੋਗ ਗੁਰੂਆਂ ਦੀ ਦੇਖ-ਰੇਖ ਵਿੱਚ ਵੱਖ-ਵੱਖ ਆਸਣ, ਪ੍ਰਾਣਾਯਾਮ ਅਤੇ ਮੈਡੀਟੇਸ਼ਨ ਦਾ ਅਭਿਆਸ ਕਰਵਾਇਆ ਗਿਆ, ਜਿਸ ਵਿੱਚ ਸਾਰਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

'ਵਾਇਸ ਆਫ਼ ਅੰਮ੍ਰਿਤਸਰ' ਵੱਲੋਂ ਵੀ ਸਜਾਇਆ ਗਿਆ ਯੋਗ ਮੰਚ

ਇਸੇ ਕੜੀ ਦੇ ਤਹਿਤ ਸ਼ਹਿਰ ਦੀ ਪ੍ਰਮੁੱਖ ਸਮਾਜਿਕ ਸੰਸਥਾ 'Voice of Amritsar' (ਵਾਇਸ ਆਫ਼ ਅੰਮ੍ਰਿਤਸਰ) ਵੱਲੋਂ ਵੀ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਸਮਰਪਿਤ ਇੱਕ ਹੋਰ ਪ੍ਰਭਾਵਸ਼ਾਲੀ ਯੋਗ ਕੈਂਪ ਉਲੀਕਿਆ ਗਿਆ:

ਮੁੱਖ ਰਹਿਨੁਮਾਈ: ਇਹ ਕੈਂਪ ਮੈਡਮ ਸਾਰਿਕਾ ਮਲਹੋਤਰਾ ਜੀ ਦੇ ਸਨਮਾਨਯੋਗ ਸਨਿਧ ਹੇਠ (ਉਨ੍ਹਾਂ ਦੀ ਅਗਵਾਈ ਵਿੱਚ) ਸਫ਼ਲਤਾਪੂਰਵਕ ਸੰਪੰਨ ਹੋਇਆ।

ਨਿਰੋਗ ਰਹਿਣ ਦਾ ਸੁਨੇਹਾ: ਕੈਂਪ ਵਿੱਚ ਪਹੁੰਚੇ ਸ਼ਰਧਾਲੂਆਂ ਅਤੇ ਯੋਗ ਸਾਧਕਾਂ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

'ਸਰਵੇ ਭਵੰਤੁ ਸੁਖਿਨਹ' ਦੇ ਪਵਿੱਤਰ ਸੁਨੇਹੇ ਨਾਲ ਸਮਾਪਤੀ

ਸਮਾਗਮਾਂ ਦੇ ਅਖੀਰ ਵਿੱਚ ਪ੍ਰਬੰਧਕਾਂ ਅਤੇ ਹਾਜ਼ਰ ਸ਼ਖ਼ਸੀਅਤਾਂ ਨੇ ਸਮੂਹ ਮਾਨਵਤਾ ਦੇ ਭਲੇ ਦੀ ਕਾਮਨਾ ਕਰਦਿਆਂ, ਸਾਰਿਆਂ ਦੇ ਸੁਖੀ ਅਤੇ ਨਿਰੋਗ ਜੀਵਨ ਲਈ ਪ੍ਰਾਰਥਨਾ ਕੀਤੀ:

(ਭਾਵ: ਸਭ ਸੁਖੀ ਰਹਿਣ ਅਤੇ ਸਭ ਬਿਮਾਰੀਆਂ ਤੋਂ ਮੁਕਤ ਅਰਥਾਤ ਨਿਰੋਗ ਰਹਿਣ।)

# ਉੱਤਰਾਖੰਡ 'ਚ ਨਗਰਾਸੂ ਗੁਰਦੁਆਰਾ ਵਿਵਾਦ ਖ਼ਤਮ, ਇਮਾਰਤ ਦੀ ਛੱਤ ਤੋਂ ਉਤਰੇ ਨਿਹੰਗ ਸਿੰਘ



ਰੁਦਰਪ੍ਰਯਾਗ ਦੇ ਨਗਰਾਸੂ ਗੁਰਦੁਆਰਾ ਸਾਹਿਬ 'ਚ ਟਕਰਾਅ ਸਮਾਪਤ ਹੋਣ ਬਾਅਦ ਨਿਹੰਗ ਸਿੰਘ ਪੁਲਿਸ ਅਧਿਕਾਰੀਆਂ ਅਤੇ ਪੰਜਾਬ ਤੋਂ ਗਏ ਵਫ਼ਦ ਨਾਲ ਗੱਲਬਾਤ ਹੋਏ।

ਦੇਹਰਾਦੂਨ : ਉੱਤਰਾਖੰਡ ਦੇ ਰੁਦਰਪ੍ਰਯਾਗ ਵਿੱਚ ਨਗਰਾਸੂ ਗੁਰਦੁਆਰੇ ਵਿੱਚ ਚੱਲ ਰਿਹਾ ਵਿਵਾਦ ਸ਼ਾਂਤੀਪੂਰਨ ਢੰਗ ਨਾਲ ਹੱਲ ਹੋ ਗਿਆ ਹੈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ। ਨਿਹੰਗ ਸਿੰਘਾਂ ਦਾ ਇੱਕ ਸਮੂਹ, ਜੋ ਸਨਿਚਰਵਾਰ ਸ਼ਾਮ ਤੋਂ ਗੁਰਦੁਆਰੇ ਵਿੱਚ ਡੇਰਾ ਲਗਾ ਕੇ ਬੈਠਾ ਸੀ, ਨੇ ਪੰਜਾਬ ਦੇ ਨਿਹੰਗਾਂ ਦੇ ਇੱਕ ਵਫ਼ਦ ਨਾਲ ਗੱਲਬਾਤ ਤੋਂ ਬਾਅਦ ਇਮਾਰਤ ਖਾਲੀ ਕਰ ਦਿੱਤੀ। ਜ਼ਿਲ੍ਹਾ ਮੈਜਿਸਟ੍ਰੇਟ ਵਿਸ਼ਾਲ ਮਿਸ਼ਰਾ ਨੇ ਕਿਹਾ, "ਗੁਰਦੁਆਰਾ ਪ੍ਰਬੰਧਨ ਅਤੇ ਪੁਲਿਸ ਪ੍ਰਸ਼ਾਸਨ ਨੇ ਸਾਂਝੇ ਤੌਰ 'ਤੇ ਸ਼ਾਂਤੀਪੂਰਨ ਢੰਗ ਨਾਲ ਮਸਲੇ ਦਾ ਹੱਲ ਕੱਢਿਆ। ਇਸ ਵਿੱਚ ਸ਼ਾਮਿਲ ਸਾਰੇ ਲੋਕ ਹੁਣ ਇਮਾਰਤ ਛੱਡ ਕੇ ਚਲੇ ਗਏ ਹਨ ਅਤੇ ਸਥਿਤੀ ਆਮ ਵਾਂਗ ਹੋ ਗਈ ਹੈ।' 20 ਜੂਨ ਦੀ ਸ਼ਾਮ ਨੂੰ ਬਦਰੀਨਾਥ ਹਾਈਵੇਅ 'ਤੇ ਰੁਦਰਪ੍ਰਯਾਗ ਅਤੇ ਗੌਚਰ ਦੇ ਵਿਚਕਾਰ ਸਥਿਤ ਨਗਰਾਸੂ ਗੁਰਦੁਆਰੇ ਵਿੱਚ ਲਗਭਗ ਅੱਧਾ ਦਰਜਨ ਨਿਹੰਗ ਸਿੰਘ ਘੁਸਪੈਠ ਕਰ ਗਏ ਸਨ। ਉਹ ਛੱਤ 'ਤੇ ਚੜ੍ਹ ਗਏ ਅਤੇ ਪ੍ਰਵੇਸ਼ ਦੁਆਰ ਨੂੰ ਰੋਕ ਦਿੱਤਾ। ਉਹ ਉਤਰਾਖੰਡ ਦੇ ਕਰਨਪ੍ਰਯਾਗ ਕਸਬੇ ਵਿੱਚ 16 ਜੂਨ ਨੂੰ ਵਾਪਰੀ ਇੱਕ ਘਟਨਾ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਿਹੰਗ ਸਿੰਘਾਂ ਦੀ ਰਿਹਾਈ ਦੀ ਮੰਗ ਕਰ ਰਹੇ ਸਨ। ਮਿਸ਼ਰਾ ਨੇ ਮੰਗਲਵਾਰ ਨੂੰ ਦੱਸਿਆ ਕਿ ਪੁਲਿਸ ਕੰਟਰੋਲ ਰੂਮ ਨੂੰ 20 ਜੂਨ ਦੀ ਸ਼ਾਮ ਨੂੰ ਨਿਹੰਗ ਸਿੰਘਾਂ ਅਤੇ ਗੁਰਦੁਆਰਾ ਵਲੰਟੀਅਰਾਂ ਵਿਚਕਾਰ ਝੜਪ ਹੋਣ ਦੀ ਸੂਚਨਾ ਮਿਲੀ ਸੀ। ਸ਼ਿਕਾਇਤ ਤੋਂ ਬਾਅਦ ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚੀ। ਅਧਿਕਾਰੀਆਂ ਦੇ ਅਨੁਸਾਰ ਝਗੜਾ ਉਦੋਂ ਸ਼ੁਰੂ ਹੋਇਆ ਜਦੋਂ ਨਿਹੰਗ ਸਿੰਘਾਂ ਦੇ ਇੱਕ ਸਮੂਹ ਨੇ ਆਉਣ ਵਾਲੇ ਪ੍ਰਦਰਸ਼ਨਕਾਰੀਆਂ ਲਈ ਰਿਹਾਇਸ਼ ਦੀ ਮੰਗ ਕੀਤੀ, ਜੋ ਕਿ ਸੀਮਤ ਸਮਰੱਥਾ ਕਾਰਨ ਗੁਰਦੁਆਰਾ ਪ੍ਰਬੰਧਨ ਪੂਰੀ ਤਰ੍ਹਾਂ ਪ੍ਰਦਾਨ ਕਰਨ ਵਿੱਚ ਅਸਮਰੱਥ ਸੀ। ਸਥਿਤੀ ਇੱਕ ਬਹਿਸ ਵਿੱਚ ਬਦਲ ਗਈ, ਜਿਸ ਤੋਂ ਬਾਅਦ ਇਹ ਸਮੂਹ ਉੱਪਰਲੀਆਂ ਮੰਜ਼ਿਲਾਂ 'ਤੇ ਕਬਜ਼ਾ ਕਰਨ ਲਈ ਉੱਪਰ ਚਲੇ ਗਿਆ। ਟਕਰਾਅ ਦੌਰਾਨ, ਨਿਹੰਗ ਸਿੰਘ ਗੁਰਦੁਆਰੇ ਦੀ ਛੱਤ ਅਤੇ ਉੱਪਰਲੀ ਮੰਜ਼ਿਲ 'ਤੇ ਚੜ੍ਹ ਗਏ। ਪ੍ਰਸ਼ਾਸਨ ਵਲੋਂ ਅਪੀਲਾਂ ਦੇ ਬਾਵਜੂਦ ਉਨ੍ਹਾਂ ਨੇ ਇਮਾਰਤ ਖਾਲੀ ਕਰਨ ਤੋਂ ਇਨਕਾਰ ਕਰ ਦਿੱਤਾ। ਮੰਗਲਵਾਰ ਨੂੰ, ਪੰਜਾਬ ਤੋਂ ਨਿਹੰਗ ਸਿੰਘਾਂ ਦਾ ਇੱਕ ਵਫ਼ਦ ਗੁਰਦੁਆਰੇ ਵਿੱਚ ਮੌਜੂਦ ਸਮੂਹ ਨਾਲ ਮਿਲਿਆ, ਅਤੇ ਇਮਾਰਤ ਖਾਲੀ ਕਰਵਾ ਦਿੱਤੀ ਗਈ। ਚਸ਼ਮਦੀਦਾਂ ਨੇ ਦੱਸਿਆ ਕਿ ਛੱਤ 'ਤੇ ਹੁੰਦੇ ਹੋਏ ਨਿਹੰਗਾਂ ਨੂੰ ਭੋਜਨ ਅਤੇ ਹੋਰ ਜ਼ਰੂਰੀ ਸਾਮਾਨ ਮਿਲਦਾ ਰਿਹਾ। ਫੜੇ ਜਾਣ ਤੋਂ ਬਚਣ ਲਈ ਉਹ ਕਦੇ-ਕਦੇ ਪੱਥਰਬਾਜ਼ੀ ਦਾ ਸਹਾਰਾ ਲੈਂਦੇ ਸਨ। ਗੁਰਦੁਆਰਾ ਪ੍ਰਬੰਧਕ ਸਰਦਾਰ ਬੇਅੰਤ ਸਿੰਘ ਨੇ ਐਤਵਾਰ ਨੂੰ ਦਾਅਵਾ ਕੀਤਾ ਕਿ ਨਿਹੰਗਾਂ ਨੇ ਇੱਕ ਵਿਅਕਤੀ ਨੂੰ ਥੋੜ੍ਹੇ ਸਮੇਂ ਲਈ ਬੰਧਕ ਬਣਾ ਲਿਆ ਸੀ ਅਤੇ ਬਾਅਦ ਵਿੱਚ ਉਸ ਨੂੰ ਛੱਡ ਦਿੱਤਾ। ਕੁਝ ਸਾਲ ਪਹਿਲਾਂ ਨਗਰਾਸੂ ਵਿੱਚ ਬਣਿਆ ਇਹ ਗੁਰਦੁਆਰਾ ਹੇਮਕੁੰਟ ਸਾਹਿਬ ਯਾਤਰਾ 'ਤੇ ਸਿੱਖ ਸ਼ਰਧਾਲੂਆਂ ਦੀ ਸੇਵਾ ਕਰਦਾ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਇਸ ਘਟਨਾ ਬਾਰੇ ਫੈਲ ਰਹੀਆਂ ਅਫਵਾਹਾਂ ਵੱਲ ਧਿਆਨ ਨਾ ਦੇਣ।

# ਸ੍ਰੀ ਹਜ਼ੂਰ ਸਾਹਿਬ ਐਕਟ 1956 ਰੱਦ ਕਰਨ ਦਾ ਪ੍ਰਸਤਾਵ ਮਨਜ਼ੂਰ

## ਜਥੇਦਾਰ ਗਿਆਨੀ ਕੁਲਵੰਤ ਸਿੰਘ ਤੇ ਹੋਰ ਧਾਰਮਿਕ ਸ਼ਖ਼ਸੀਅਤਾਂ ਨੇ ਪ੍ਰਗਟਾਈ ਅਸਹਿਮਤੀ

ਚੰਡੀਗੜ੍ਹ : ਮਹਾਰਾਸ਼ਟਰ ਸਰਕਾਰ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਨ ਵਿੱਚ ਵੱਡੀ ਤਬਦੀਲੀ ਲਈ ਤਿਆਰੀ ਖਿੱਚ ਲਈ ਹੈ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਵਾਲੀ ਸੂਬਾਈ ਵਜ਼ਾਰਤ ਨੇ ਸੋਮਵਾਰ ਨੂੰ 70 ਸਾਲ ਪੁਰਾਣੇ 'ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ ਸਾਹਿਬ ਐਕਟ 1956' ਨੂੰ ਰੱਦ ਕਰਨ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। 'ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਗੁਰਦੁਆਰਾ ਐਕਟ' ਸਿਰਲੇਖ ਵਾਲਾ ਨਵਾਂ ਕਾਨੂੰਨ ਸੱਤ ਦਹਾਕਿਆਂ ਪੁਰਾਣੇ ਮੌਜੂਦਾ ਐਕਟ ਦੀ ਥਾਂ ਲਏਗਾ। ਇਸ ਪੇਸ਼ਕਦਮੀ ਨਾਲ ਨਾਂਦੇੜ ਸਥਿਤ ਤਖ਼ਤ ਦੇ ਕੰਮਕਾਜ ਨਾਲ ਜੁੜੇ ਕਾਨੂੰਨੀ ਚੌਖਟੇ ਵਿੱਚ ਵੱਡੀ ਤਬਦੀਲੀ ਆਏਗੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜੇ ਇਸ ਤਖ਼ਤ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਹੈ।

ਨਵੇਂ ਕਾਨੂੰਨ ਦੇ ਖਰੜੇ ਨੂੰ ਕੈਬਨਿਟ ਦੀ ਪ੍ਰਵਾਨਗੀ ਮਿਲ ਗਈ ਹੈ। ਅਗਲੇ ਮੌਨਸੂਨ ਸੈਸ਼ਨ ਦੌਰਾਨ ਮਹਾਰਾਸ਼ਟਰ ਅਸੈਂਬਲੀ ਵਿੱਚ ਪੇਸ਼ ਕਰਨ ਤੋਂ ਪਹਿਲਾਂ ਇਸ ਨੂੰ ਕਾਨੂੰਨ ਅਤੇ ਨਿਆਂ ਵਿਭਾਗ ਨਾਲ ਸਲਾਹ-ਮਸ਼ਵਰਾ ਕਰ ਕੇ ਅੰਤਿਮ ਰੂਪ ਦਿੱਤਾ ਜਾਵੇਗਾ। ਇੱਕ ਵਾਰ ਮਨਜ਼ੂਰੀ ਮਿਲਣ ਮਗਰੋਂ ਗੁਰਦੁਆਰਾ ਬੋਰਡ ਦੇ ਪ੍ਰਸ਼ਾਸਨ, ਚੋਣਾਂ ਅਤੇ ਉਪ-ਨਿਯਮਾਂ ਨੂੰ ਕੰਟਰੋਲ ਕਰਨ ਵਾਲੇ ਨਵੇਂ ਨਿਯਮ ਬਣਾਏ ਜਾਣਗੇ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੇ ਸੀਨੀਅਰ ਮੈਂਬਰ ਨੇ ਪੁਸ਼ਟੀ ਕੀਤੀ ਕਿ ਮਹਾਰਾਸ਼ਟਰ ਕੈਬਨਿਟ ਨੇ 1956 ਦੇ ਐਕਟ ਨੂੰ ਰੱਦ ਕਰਨ ਦੀ ਤਜਵੀਜ਼ ਰੱਖੀ ਹੈ। ਜਥੇਦਾਰ ਅਤੇ ਪੰਜ ਪਿਆਰਿਆਂ ਨੇ ਇਸ ਮੁੱਦੇ 'ਤੇ ਵਿਚਾਰ-ਵਟਾਂਦਰਾ ਕਰਨ ਲਈ ਮੀਟਿੰਗ ਸੱਦੀ ਸੀ। ਸੂਤਰਾਂ ਨੇ ਦੱਸਿਆ ਕਿ ਤਖ਼ਤ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਅਤੇ ਹੋਰ ਧਾਰਮਿਕ ਸ਼ਖ਼ਸੀਅਤਾਂ ਨੇ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਨੂੰ ਕੰਟਰੋਲ ਕਰਨ ਵਾਲੇ 1956 ਦੇ ਐਕਟ ਨੂੰ ਬਦਲਣ ਦੀ ਸੂਬਾ ਸਰਕਾਰ ਦੀ ਪੇਸ਼ਕਦਮੀ ਨਾਲ ਅਸਹਿਮਤੀ ਜਤਾਈ ਹੈ। ਫੜਨਵੀਸ ਸਰਕਾਰ ਦੀ ਇਹ ਪੇਸ਼ਕਦਮੀ ਸਿੱਖ ਸੰਸਥਾਵਾਂ ਅਤੇ ਮਹਾਰਾਸ਼ਟਰ ਸਰਕਾਰ ਦਰਮਿਆਨ ਹਾਲੀਆ ਸਾਲਾਂ ਵਿੱਚ ਇਸੇ ਐਕਟ ਵਿੱਚ ਸੋਧਾਂ ਬਾਰੇ ਲੰਮੇ ਸਮੇਂ ਤੋਂ ਚੱਲ ਰਹੇ ਟਕਰਾਅ ਦੇ ਪਿਛੋਕੜ ਵਿੱਚ ਆਈ ਹੈ। ਇਸ ਤੋਂ ਪਹਿਲਾਂ 2024 ਵਿੱਚ ਬੋਰਡ 'ਚ ਸੂਬਾ ਸਰਕਾਰ ਵੱਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਮੌਕੇ ਵੀ ਰੱਫੜ ਪਿਆ ਸੀ।



**ਮਾਲ ਮੰਤਰੀ ਬਾਵਨਕੁਲੇ ਨੇ ਰੱਖੀ ਸੀ ਤਜਵੀਜ਼**

70 ਸਾਲਾ ਪੁਰਾਣਾ ਐਕਟ ਰੱਦ ਕਰਨ ਸਬੰਧੀ ਤਜਵੀਜ਼ ਸੂਬੇ ਦੇ ਮਾਲ ਮੰਤਰੀ ਚੰਦਰਸ਼ੇਖਰ ਕ੍ਰਿਸ਼ਨਰਾਓ ਬਾਵਨਕੁਲੇ ਨੇ ਰੱਖੀ ਸੀ। ਮੰਤਰੀ ਨੇ ਕੈਬਨਿਟ ਵਿੱਚ ਰੱਖੇ ਮਤੇ 'ਚ ਦਾਅਵਾ ਕੀਤਾ ਸੀ ਕਿ 1956 ਦੇ ਐਕਟ ਵਿਚਲੀਆਂ ਕਈ ਵਿਵਸਥਾਵਾਂ ਵੇਲਾ ਵਿਹਾਅ ਚੁੱਕੀਆਂ ਹਨ, ਸ਼ਰਧਾਲੂਆਂ ਅਤੇ ਸਹਾਇਕ ਲੌਜਿਸਟਿਕਸ ਦੀ ਆਮਦ ਕਈ ਗੁਣਾ ਵਧ ਗਈ ਹੈ, ਨਤੀਜੇ ਵਜੋਂ ਇਸ ਦਾ ਪ੍ਰਸ਼ਾਸਨਿਕ ਖੇਤਰ ਵੀ ਵਧਿਆ ਹੈ, ਲਿਹਾਜ਼ਾ ਤਖ਼ਤ ਦੇ ਪ੍ਰਬੰਧਨ ਲਈ ਬਿਲਕੁਲ ਨਵੇਂ ਰੈਗੂਲੇਟਰੀ ਢਾਂਚੇ ਦੀ ਲੋੜ ਹੈ। ਨਵੇਂ ਕਾਨੂੰਨ ਲਈ ਜ਼ੋਰ ਅਜ਼ਮਾਈ ਸੂਬਾ ਸਰਕਾਰ ਵੱਲੋਂ ਨਿਯੁਕਤ ਕਮੇਟੀ (ਜਸਟਿਸ ਭਾਟੀਆ ਪੈਨਲ) ਦੀਆਂ ਸਿਫ਼ਾਰਸ਼ਾਂ 'ਤੇ ਅਧਾਰਿਤ ਹੈ, ਜਿਸ ਨੇ ਗੁਰਦੁਆਰਾ ਬੋਰਡ ਦੇ ਸ਼ਾਸਨ, ਪ੍ਰਬੰਧਨ ਅਤੇ ਚੋਣ ਢਾਂਚੇ ਨਾਲ ਸਬੰਧਤ ਮੁੱਦਿਆਂ ਦੀ ਜਾਂਚ ਕੀਤੀ ਸੀ। ਫੜਨਵੀਸ ਸਰਕਾਰ ਨੇ ਕਿਹਾ ਕਿ ਆਧੁਨਿਕ ਕਾਨੂੰਨੀ ਢਾਂਚਾ ਪ੍ਰਸ਼ਾਸਨ ਨੂੰ ਵਧੇਰੇ ਪਾਰਦਰਸ਼ੀ, ਜਵਾਬਦੇਹ ਅਤੇ ਕੁਸ਼ਲ ਬਣਾਉਣ ਲਈ ਹੈ।

# ਦਿੱਲੀ ਗੁਰਦੁਆਰਾ ਕਮੇਟੀ ਦੇ ਵਫ਼ਦ ਵੱਲੋਂ ਧਾਮੀ ਨਾਲ ਮੁਲਾਕਾਤ



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਵਫ਼ਦ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਵੱਡੇ ਪੱਧਰ 'ਤੇ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਕੀਤੀ ਗਈ। ਅੰਮ੍ਰਿਤਸਰ ਵਿੱਚ ਵਫ਼ਦ ਦੀ ਮੁਲਾਕਾਤ ਦੌਰਾਨ ਕਾਲਕਾ ਤੇ ਕਾਹਲੋਂ ਨੇ ਐਡਵੋਕੇਟ ਧਾਮੀ ਨੂੰ ਇਹ ਦਿਹਾੜਾ ਰਲ ਮਿਲ ਕੇ ਇਤਿਹਾਸਕ ਪੱਧਰ 'ਤੇ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਸਭ ਤੋਂ ਵੱਡੀ ਸੰਸਥਾ ਹੈ ਤੇ ਇਸ ਨੂੰ ਇਹ ਇਤਿਹਾਸਕ ਦਿਹਾੜਾ ਮਨਾਉਣ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਨੂੰ ਸਹਿਯੋਗ ਦੇਣਾ ਚਾਹੀਦਾ ਹੈ ਕਿਉਂਕਿ ਗੁਰੂ ਸਾਹਿਬ ਦੀ ਸ਼ਹਾਦਤ ਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਦਿੱਲੀ ਵਿਚ ਹੀ ਹੋਇਆ ਸੀ ਜਿਥੇ ਅੱਜ ਗੁਰਦੁਆਰਾ ਸੀਸਗੰਜ ਸਾਹਿਬ ਤੇ ਗੁਰਦੁਆਰਾ ਰਕਾਬਗੰਜ ਸਾਹਿਬ ਸਥਿਤ ਹਨ। ਉਨ੍ਹਾਂ ਐਡਵੋਕੇਟ ਧਾਮੀ ਨੂੰ ਅਪੀਲ ਕੀਤੀ ਕਿ 23, 24 ਅਤੇ 25 ਨਵੰਬਰ ਨੂੰ ਲਾਲ ਕਿਲੇ 'ਚ ਵੱਡੇ ਸਮਾਗਮ ਹੋ ਰਹੇ ਹਨ ਜਿਸ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਵੱਧ ਚੜ੍ਹ ਕੇ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਨੂੰ ਅਪੀਲ ਕਰੇਗੀ ਕਿ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ। ਉਨ੍ਹਾਂ ਨੇ ਹੁਣ ਦੇ ਸਹਿਯੋਗ ਲਈ ਐਡਵੋਕੇਟ ਧਾਮੀ ਦਾ ਧੰਨਵਾਦ ਵੀ ਕੀਤਾ।

# ਜੇਕਰ ਪੰਜਾਬ ਵਿੱਚ ਬੇਖੌਫ ਲੁਟੇਰਿਆਂ ਦੀਆਂ ਧਮਕੀਆਂ ਕਾਲਾਂ ਅਤੇ ਲੁੱਟ ਬੰਦ ਨਾ ਹੋਈ ਤਾਂ ਅਸੀਂ ਪੰਜਾਬ ਛੱਡ ਦਿਆਂਗੇ

## ਪੰਜਾਬ ਦੇ ਵਪਾਰੀਆਂ ਦੀ ਸ. ਵਿਕਰਮਜੀਤ ਸਿੰਘ ਸਾਹਨੀ ਅਗੇ ਫਰਿਆਦ

ਲੁਧਿਆਣਾ : ਭਾਰਤੀ ਜਨਤਾ ਪਾਰਟੀ (BJP) ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਦੇ ਤਿੰਨ-ਰੋਜ਼ਾ ਪੰਜਾਬ ਦੌਰੇ ਅਤੇ ਅੰਮ੍ਰਿਤਸਰ ਵਿਖੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਦੇ ਫੈਸਲੇ ਦਾ ਸੂਬੇ ਭਰ ਵਿੱਚ ਭਰਵਾਂ ਸਵਾਗਤ ਹੋ ਰਿਹਾ ਹੈ। ਲੁਧਿਆਣਾ ਵਿਖੇ ਇੱਕ ਅਹਿਮ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਜਪਾ ਦੇ ਸੀਨੀਅਰ ਆਗੂ ਅਤੇ ਰਾਜਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਰਾਸ਼ਟਰੀ ਪ੍ਰਧਾਨ ਦੇ ਇਸ ਦੌਰੇ ਅਤੇ ਵੱਖ-ਵੱਖ ਹਿੱਸੇਦਾਰਾਂ (Stakeholders) ਨਾਲ ਹੋ ਰਹੀਆਂ ਮੀਟਿੰਗਾਂ ਨੂੰ ਪੰਜਾਬ ਦੇ ਉਦਯੋਗਿਕ ਅਤੇ ਸਮਾਜਿਕ ਵਿਕਾਸ ਲਈ ਇੱਕ ਬੇਹੱਦ ਸਕਾਰਾਤਮਕ ਕਦਮ ਦੱਸਿਆ।

**ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੀ ਸ਼ਲਾਘਾ** : ਸਾਂਸਦ ਵਿਕਰਮਜੀਤ ਸਿੰਘ ਸਾਹਨੀ ਨੇ ਆਖਿਆ ਕਿ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਵੱਲੋਂ ਆਪਣੇ ਦੌਰੇ ਦੀ ਸ਼ੁਰੂਆਤ ਗੁਰੂ ਘਰ ਸੀਸ ਨਿਵਾ ਕੇ ਕਰਨਾ ਬੇਹੱਦ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਦਰ ਸਾਰਿਆਂ ਲਈ ਸਾਂਝਾ ਹੈ ਅਤੇ ਪਾਰਟੀ ਲੀਡਰਸ਼ਿਪ ਪੰਜਾਬ ਦੀ ਭਾਈਚਾਰਕ ਸਾਂਝ ਅਤੇ ਤਰੱਕੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

**ਪੰਜਾਬ ਦੀ ਇੰਡਸਟਰੀ, ਕਾਨੂੰਨ ਵਿਵਸਥਾ ਅਤੇ ਵਿਕਾਸ 'ਤੇ ਗੰਭੀਰ ਚਰਚਾ** : ਪੰਜਾਬ ਦੇ ਉਦਯੋਗਿਕ ਗੜ੍ਹ ਲੁਧਿਆਣਾ ਵਿੱਚ ਬੋਲਦਿਆਂ ਸ਼੍ਰੀ ਸਾਹਨੀ ਨੇ ਸੂਬੇ ਦੇ ਵਪਾਰੀਆਂ ਅਤੇ




ਉਦਯੋਗਪਤੀਆਂ ਨਾਲ ਜੁੜੇ ਅਹਿਮ ਮਸਲਿਆਂ 'ਤੇ ਪਾਰਟੀ ਦਾ ਪੱਖ ਰੱਖਿਆ:

**ਉਦਯੋਗਾਂ ਦੀ ਸੁਰੱਖਿਆ ਸਭ ਤੋਂ ਅਹਿਮ:** ਭਾਜਪਾ ਸਾਂਸਦ ਨੇ ਕਿਹਾ ਕਿ ਪੰਜਾਬ ਦੀ ਇੰਡਸਟਰੀ ਅਤੇ ਵਪਾਰੀ ਵਰਗ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਮੌਜੂਦਾ ਹਾਲਾਤ ਵਿੱਚ ਸੂਬੇ ਦੀ ਕਾਨੂੰਨ ਵਿਵਸਥਾ (Law and Order) ਨੂੰ ਲੈ ਕੇ ਉਦਯੋਗ ਜਗਤ ਵਿੱਚ ਜੋ ਚਿੰਤਾਵਾਂ ਹਨ, ਉਨ੍ਹਾਂ ਨੂੰ ਦੂਰ ਕਰਨਾ ਬੇਹੱਦ ਜ਼ਰੂਰੀ ਹੈ, ਤਾਂ ਜੋ ਵਪਾਰੀ ਨਿਡਰ ਹੋ ਕੇ ਕੰਮ ਕਰ ਸਕਣ।

**ਜ਼ਮੀਨੀ ਪੱਧਰ 'ਤੇ ਵਿਕਾਸ ਦੀ ਲੋੜ:** ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਲਈ ਹਮੇਸ਼ਾ ਤਿਆਰ ਹੈ, ਪਰ ਮੌਜੂਦਾ ਸੂਬਾ ਸਰਕਾਰ ਦੀਆਂ ਨਾਕਾਮੀਆਂ ਕਾਰਨ ਕਈ ਫੰਡ ਅਤੇ ਯੋਜਨਾਵਾਂ ਜ਼ਮੀਨੀ ਪੱਧਰ 'ਤੇ ਸਹੀ ਤਰੀਕੇ ਨਾਲ ਲਾਗੂ ਨਹੀਂ ਹੋ ਪਾ ਰਹੀਆਂ, ਜਿਸ ਕਾਰਨ ਵਿਕਾਸ ਸਿਰਫ਼ ਕਾਗਜ਼ਾਂ ਤੱਕ ਸੀਮਤ ਨਜ਼ਰ ਆਉਂਦਾ ਹੈ। ਸੂਬੇ ਦੇ ਵਿਕਾਸ ਫੰਡਾਂ (RDF ਅਤੇ ਸਿਹਤ ਮਿਸ਼ਨ) ਦੀ ਸਹੀ ਵਰਤੋਂ ਅਤੇ ਪਾਰਦਰਸ਼ਤਾ ਯਕੀਨੀ ਬਣਾਉਣਾ ਸਮੇਂ ਦੀ ਮੁੱਖ ਮੰਗ ਹੈ।

**ਹਿੱਸੇਦਾਰਾਂ ਨਾਲ ਤਾਲਮੇਲ:** ਸਾਹਨੀ ਨੇ ਉਮੀਦ ਪ੍ਰਗਟਾਈ ਕਿ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਦੇ ਇਸ ਤਿੰਨ-ਰੋਜ਼ਾ ਦੌਰੇ ਦੌਰਾਨ ਵੱਖ-ਵੱਖ ਵਰਗਾਂ ਨਾਲ ਹੋਣ ਵਾਲੀਆਂ ਬੈਠਕਾਂ ਪੰਜਾਬ ਦੀਆਂ ਅਸਲ ਸਮੱਸਿਆਵਾਂ ਨੂੰ ਕੇਂਦਰ ਸਰਕਾਰ ਤੱਕ ਪਹੁੰਚਾਉਣ ਅਤੇ ਇੰਡਸਟਰੀ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਵਿੱਚ ਮੀਲ ਦਾ ਪੱਥਰ ਸਾਬਤ ਹੋਣਗੀਆਂ।

ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਡੇਵਿਸ ਦੇ ਵਿਦਿਆਰਥੀਆਂ ਵਲੋਂ ਭਾਰਤ ਦੇ ਉਘੇ ਸਿੱਖ ਆਗੂ ਅਤੇ ਭਾਰਤੀ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਜੀਵਨ ਸਿੰਘ ਤਾਮਿਲ ਨਾਲ ਕੀਤੀ ਇੰਟਰਵਿਊ

# ਤਾਮਿਲਨਾਡੂ ਦੀ ਧਰਤੀ 'ਤੇ ਜਾਤ-ਪਾਤ ਦੇ ਖ਼ਿਲਾਫ਼ ਹਥਿਆਰ ਬਣੀ 'ਦਸਤਾਰ'

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇਸ ਤਾਮਿਲ-ਸਿੱਖ ਚੇਤਨਾ ਨੇ ਮੇਰੇ ਵਿਸ਼ਵ-ਦ੍ਰਿਸ਼ਟੀਕੋਣ ਨੂੰ ਖੇਤਰੀ ਅਤੇ ਭਾਸ਼ਾਈ ਹੱਦਾਂ ਤੋਂ ਪਾਰ ਫੈਲਾ ਦਿੱਤਾ ਹੈ। ਇਸਨੇ ਮੈਨੂੰ ਉਨ੍ਹਾਂ ਲੋਕਾਂ ਦੇ ਇਤਿਹਾਸਕ ਤਜ਼ਰਬਿਆਂ ਨਾਲ ਜੋੜਿਆ ਹੈ ਜਿਨ੍ਹਾਂ ਨੇ ਸਨਮਾਨ, ਪ੍ਰਭੂਸੱਤਾ, ਆਜ਼ਾਦੀ ਅਤੇ ਸਵੈ-ਅਣਖ ਨਾਲ ਜਿਉਣ ਲਈ ਸੰਘਰਸ਼ ਕੀਤਾ। ਅਖੀਰ ਵਿੱਚ ਇਸ ਯਾਤਰਾ ਨੇ ਮੈਨੂੰ ਨਾ ਸਿਰਫ਼ ਇੱਕ ਮਜ਼ਬੂਤ ਵਿਅਕਤੀ ਵਿੱਚ ਬਦਲਿਆ ਹੈ, ਸਗੋਂ ਇੱਕ ਅਜਿਹੇ ਇਨਸਾਨ ਵਿੱਚ ਵੀ ਬਦਲਿਆ ਹੈ ਜਿਸ ਵਿੱਚ ਜ਼ਿੰਮੇਵਾਰੀ ਦੀ ਡੂੰਘੀ ਭਾਵਨਾ, ਮਕਸਦ ਦੀ ਸਪਸ਼ਟ ਸਮਝ, ਵਧੇਰੇ ਆਤਮ-ਵਿਸ਼ਵਾਸ ਅਤੇ ਮਨੁੱਖਤਾ ਲਈ ਇੱਕ ਵਿਆਪਕ ਚਿੰਤਾ ਹੈ।

ਤਾਮਿਲ ਮੇਰੀ ਜੜ੍ਹ ਹੈ; ਸਿੱਖੀ ਮੇਰੀ ਜਾਗ੍ਰਿਤੀ ਹੈ। ਇੱਕ ਮੈਨੂੰ ਮੇਰੀ ਪਛਾਣ ਦਿੰਦਾ ਹੈ, ਜਦੋਂ ਕਿ ਦੂਜਾ ਉਸ ਪਛਾਣ ਨੂੰ ਮਨੁੱਖੀ ਮੁਕਤੀ ਦੇ ਇੱਕ ਵੱਡੇ ਮਿਸ਼ਨ ਨਾਲ ਜੋੜਦਾ ਹੈ।

3. ਸਿੱਖ ਧਰਮ ਇਤਿਹਾਸਕ ਤੌਰ 'ਤੇ ਪੰਜਾਬੀ ਭਾਸ਼ਾ ਨਾਲ ਜੁੜਿਆ ਹੋਇਆ ਹੈ। ਤੁਹਾਡੇ ਲਈ ਗੁਰਮੁਖੀ ਲਿਪੀ ਅਤੇ ਪੰਜਾਬੀ ਸ਼ਬਦ ਸਿੱਖਣਾ ਸ਼ੁਰੂ ਕਰਨਾ ਕਿੰਨਾ ਮੁਸ਼ਕਲ ਸੀ?

ਭਾਸ਼ਾ ਇੱਕ ਮਾਧਿਅਮ ਹੈ; ਫ਼ਲਸਫ਼ਾ ਮੰਜ਼ਿਲ ਹੈ ਮੈਂ ਸਿੱਖ ਧਰਮ ਅਤੇ ਪੰਜਾਬੀ ਭਾਸ਼ਾ ਦੇ ਇਤਿਹਾਸਕ ਸਬੰਧ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਦਾ ਹਾਂ। ਹਾਲਾਂਕਿ, ਮੇਰੀ ਜ਼ਿੰਦਗੀ ਦੇ ਇਸ ਪੜਾਅ 'ਤੇ, ਇੱਕ ਬਿਲਕੁਲ ਨਵੀਂ ਭਾਸ਼ਾ ਅਤੇ ਇਸਦੀ ਲਿਪੀ ਨੂੰ ਸਿੱਖਣਾ ਬਿਨਾਂ ਸ਼ੱਕ ਇੱਕ ਚੁਣੌਤੀਪੂਰਨ ਕਾਰਜ ਹੈ। ਫਿਰ ਵੀ, ਮੈਂ ਇਸਦੀ ਵਿਆਕਰਣ ਅਤੇ ਭਾਸ਼ਾਈ ਢਾਂਚੇ 'ਤੇ ਮੁਹਾਰਤ ਹਾਸਲ ਕਰਨ ਨਾਲੋਂ ਉਸ ਭਾਸ਼ਾ ਵਿੱਚ ਸਮਾਏ ਜੀਵੰਤ ਫ਼ਲਸਫ਼ੇ ਨੂੰ ਆਪਣੇ ਅੰਦਰ ਵਸਾਉਣ ਨੂੰ ਵਧੇਰੇ ਮਹੱਤਵ ਦਿੰਦਾ ਹਾਂ।

ਉਹ ਸੰਸਥਾਵਾਂ ਕਿੱਥੇ ਹਨ ਜਿਨ੍ਹਾਂ ਨੇ ਕਦੇ 2500 ਸਾਲ ਤੋਂ ਵੀ ਪਹਿਲਾਂ ਤਾਮਿਲ ਪਰੰਪਰਾਵਾਂ ਵਿੱਚ ਪਾਏ ਜਾਣ ਵਾਲੇ ਨੈਤਿਕ ਮੁੱਲਾਂ ਨੂੰ ਪਾਲਿਆ ਅਤੇ ਸੰਭਾਲਿਆ ਸੀ? ਸਮੇਂ ਦੇ ਨਾਲ, ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਬੁਨਿਆਦਾਂ ਨੂੰ ਪ੍ਰਭਾਵਸ਼ਾਲੀ ਸਮਾਜਿਕ ਅਤੇ ਧਾਰਮਿਕ ਢਾਂਚਿਆਂ ਦੁਆਰਾ ਧੁੰਦਲਾ, ਕਮਜ਼ੋਰ ਜਾਂ ਖ਼ਤਮ ਕਰ ਦਿੱਤਾ ਗਿਆ। ਬਹੁਤ ਸਾਰੀਆਂ ਸੰਸਥਾਵਾਂ ਅਤੇ ਲਹਿਰਾਂ ਜੋ ਕਦੇ ਸਮਾਜਿਕ ਸੁਧਾਰ, ਮਨੁੱਖੀ ਸਨਮਾਨ ਅਤੇ ਸਵੈ-ਅਣਖ ਲਈ ਬੋਲਦੀਆਂ ਸਨ, ਹੌਲੀ-ਹੌਲੀ ਆਪਣੀ ਜਾਨ ਅਤੇ ਪ੍ਰਭਾਵ ਗੁਆ ਚੁੱਕੀਆਂ ਹਨ। ਇਸ ਨੈਤਿਕ ਖਲਾਅ ਦੇ ਵਿਚਕਾਰ, ਮੈਂ ਇੱਕ ਅਜਿਹੀ ਦਾਰਸ਼ਨਿਕ ਬੁਨਿਆਦ ਦੀ ਭਾਲ ਕੀਤੀ ਜੋ ਜੀਵਨ ਨੂੰ ਅਰਥ ਅਤੇ ਦਿਸ਼ਾ ਪ੍ਰਦਾਨ ਕਰ ਸਕੇ। ਮੈਨੂੰ ਉਸ ਖੋਜ ਦੀ ਪੂਰਤੀ ਸਿੱਖ ਧਰਮ ਵਿੱਚ ਮਿਲੀ।

**ਭਾਸ਼ਾ ਤੋਂ ਪਰੇ ਇੱਕ ਫ਼ਲਸਫ਼ਾ**

ਮੈਂ ਜੋ ਲੱਭ ਰਿਹਾ ਹਾਂ ਉਹ ਭਾਸ਼ਾ ਦਾ ਰੂਪ ਨਹੀਂ, ਬਲਕਿ ਉਸਦਾ ਤੱਤ ਹੈ। ਸਿੱਖ ਧਰਮ ਦੇ ਬੁਨਿਆਦੀ ਸਿਧਾਂਤ—ਜਿਵੇਂ ਕਿ ਜਾਤ-ਪਾਤ ਦੇ ਲੜੀਵਾਰ ਢਾਂਚੇ ਨੂੰ ਰੱਦ ਕਰਨਾ ਅਤੇ ਇਸਦੀਆਂ ਜੜ੍ਹਾਂ ਵਿੱਚ ਵਰਣ ਵਿਵਸਥਾ ਦਾ ਬਿਨਾਂ ਕਿਸੇ ਸਮਝੌਤੇ ਦੇ ਵਿਰੋਧ ਕਰਨਾ—ਨੇ ਮੈਨੂੰ ਜੀਵਨ ਅਤੇ ਸਮਾਜ ਦੋਵਾਂ ਨੂੰ ਸਮਝਣ ਦਾ ਇੱਕ ਨਵਾਂ ਤਰੀਕਾ ਦਿੱਤਾ। ਮੇਰੇ ਲਈ, ਸਿੱਖ ਧਰਮ ਸਿਰਫ਼ ਇੱਕ ਧਰਮ ਨਹੀਂ ਹੈ; ਇਹ ਇੱਕ ਪਰਿਵਰਤਨਸ਼ੀਲ ਸਮਾਜਿਕ ਫ਼ਲਸਫ਼ਾ ਹੈ ਜੋ ਵਿਅਕਤੀਆਂ ਨੂੰ ਅਜਿਹੇ ਮਨੁੱਖਾਂ ਵਿੱਚ ਢਾਲਣ ਦੀ ਕੋਸ਼ਿਸ਼ ਕਰਦਾ ਹੈ ਜਿਨ੍ਹਾਂ ਕੋਲ ਸਨਮਾਨ, ਗੁਣ ਅਤੇ ਸਵੈ-ਅਣਖ ਹੋਵੇ।

ਇਸਦੇ ਅੰਦਰ, ਮੈਨੂੰ ਪਿਆਰ, ਇਮਾਨਦਾਰੀ ਦੀ ਕਿਰਤ, ਸਮੂਹਿਕ ਜ਼ਿੰਮੇਵਾਰੀ ਅਤੇ ਨਿਰਭਉ ਹੌਸਲੇ ਲਈ ਥਾਂ ਮਿਲੀ।

ਭਾਸ਼ਾ ਮੈਨੂੰ ਇੱਕ ਰੁਕਾਵਟ ਵਜੋਂ ਨਹੀਂ ਜਾਪਦੀ; ਇਹ ਸਿਰਫ਼ ਇੱਕ ਅਸਥਾਈ ਪਰਦਾ ਹੈ। ਭਾਸ਼ਾਈ ਹੱਦਾਂ ਤੋਂ ਪਰੇ, ਮੈਂ ਪਹਿਲਾਂ ਹੀ ਇਸ ਫ਼ਲਸਫ਼ੇ ਨੂੰ ਬਹੁਤ ਹੱਦ ਤੱਕ ਗ੍ਰਹਿਣ ਕਰ ਲਿਆ ਹੈ ਅਤੇ ਇਸਦੇ ਸਿਧਾਂਤਾਂ ਅਨੁਸਾਰ ਆਪਣੀ ਜ਼ਿੰਦਗੀ ਨੂੰ ਦੁਬਾਰਾ ਘੜਨ ਦੀ ਯਾਤਰਾ ਸ਼ੁਰੂ ਕਰ ਦਿੱਤੀ ਹੈ। ਪੰਜਾਬੀ ਭਾਸ਼ਾ ਸਿੱਖਣਾ ਭਵਿੱਖ ਦਾ ਕੰਮ ਹੋ ਸਕਦਾ ਹੈ। ਹਾਲਾਂਕਿ, ਸਿੱਖ ਸਿਧਾਂਤਾਂ ਅਨੁਸਾਰ ਜੀਉਣਾ ਵਰਤਮਾਨ ਵਿੱਚ ਮੇਰਾ ਮੁੱਖ ਟੀਚਾ ਹੈ।

ਫਿਲਹਾਲ, ਇਹ ਫ਼ਲਸਫ਼ਾ ਉਸ ਬੁਨਿਆਦ ਵਜੋਂ ਕੰਮ ਕਰਦਾ ਹੈ ਜੋ ਮੇਰੀ ਜ਼ਿੰਦਗੀ ਦੀ ਅਗਵਾਈ ਕਰਦਾ ਹੈ ਅਤੇ ਉਹ ਥੰਮ੍ਹ ਹੈ ਜੋ ਮੈਨੂੰ ਸਹਾਰਾ ਦੇਣਾ ਜਾਰੀ ਰੱਖਦਾ ਹੈ।



**ਐਡਵੋਕੇਟ ਜੀਵਨ ਸਿੰਘ ਤਾਮਿਲ**
ਸੁਪਰੀਮ ਕੋਰਟ ਆਫ਼ ਇੰਡੀਆ
ਰਾਸ਼ਟਰੀ ਪ੍ਰਧਾਨ, ਬਹੁਜਨ ਦ੍ਰਾਵਿੜ ਪਾਰਟੀ

4. ਜਦੋਂ ਤੁਸੀਂ ਪੰਜਾਬ ਜਾਂ ਦਿੱਲੀ ਦੇ ਗੁਰਦੁਆਰਿਆਂ ਵਿੱਚ ਜਾਂਦੇ ਹੋ, ਤਾਂ ਲੋਕ ਤੁਹਾਨੂੰ ਦੇਖ ਕੇ ਸਭ ਤੋਂ ਵੱਧ ਕਿਸ ਗੱਲ ਤੋਂ ਹੈਰਾਨ ਹੁੰਦੇ ਹਨ?

ਜੋ ਗੱਲ ਮੈਨੂੰ ਸਭ ਤੋਂ ਵੱਧ ਹੈਰਾਨ ਕਰਦੀ ਹੈ ਉਹ ਇਹ ਹੈ ਕਿ ਲੋਕਾਂ ਨੂੰ ਪੰਜਾਬ ਜਾਂ ਦਿੱਲੀ ਦੇ ਗੁਰਦੁਆਰਿਆਂ ਵਿੱਚ ਮੈਨੂੰ ਦੇਖ ਕੇ ਕੁਝ ਵੀ ਅਸਧਾਰਨ ਨਹੀਂ ਲੱਗਦਾ। ਮੇਰੇ ਲਈ, ਇਹ ਸਿੱਖ ਪੰਥ ਦੀ ਅਸਲ ਉਦਾਰਤਾ ਅਤੇ ਵਡਿਆਈ ਨੂੰ ਦਰਸਾਉਂਦਾ ਹੈ। ਇੱਕ ਤਾਮਿਲ ਵਜੋਂ, ਮੈਂ ਉੱਥੇ ਇੱਕ ਬਾਹਰੀ ਵਿਅਕਤੀ ਵਜੋਂ ਨਹੀਂ ਖੜ੍ਹਾ ਹੁੰਦਾ; ਇਸ ਦੀ ਬਜਾਏ, ਮੈਨੂੰ ਉਸ ਵਿਸ਼ਾਲ ਸੰਗਤ ਦੇ ਹਿੱਸੇ ਵਜੋਂ ਅਪਣਾਇਆ ਜਾਂਦਾ ਹੈ। ਇੱਕ ਅਜਿਹਾ ਰਿਸ਼ਤਾ ਮੌਜੂਦ ਹੈ ਜੋ ਭੂਗੋਲ, ਭਾਸ਼ਾ ਅਤੇ ਖੇਤਰੀ ਪਛਾਣ ਤੋਂ ਪਰੇ ਹੈ। ਜਦੋਂ ਮੈਂ ਉੱਥੇ ਇੱਕ ਸਿੱਖ ਵਜੋਂ ਖੜ੍ਹਾ ਹੁੰਦਾ ਹਾਂ, ਤਾਂ ਤਾਮਿਲ ਜਾਂ ਪੰਜਾਬੀ ਹੋਣ ਦਾ ਫਰਕ ਹੌਲੀ-ਹੌਲੀ ਮਿਟ ਜਾਂਦਾ ਹੈ।

ਮੈਂ ਬਿਨਾਂ ਕਿਸੇ ਮੁਸ਼ਕਲ ਦੇ ਉਹਨਾਂ ਵਿੱਚ ਘੁਲ-ਮਿਲ ਜਾਂਦਾ ਹਾਂ—ਅਤੇ ਮੇਰੇ ਲਈ, ਇਹ ਸਭ ਤੋਂ ਖ਼ੂਬਸੂਰਤ ਅਨੁਭਵਾਂ ਵਿੱਚੋਂ ਇੱਕ ਹੈ। ਹਾਲਾਂਕਿ, ਹਾਲ ਹੀ ਦੇ ਸਾਲਾਂ ਵਿੱਚ ਚੀਜ਼ਾਂ ਕੁਝ ਬਦਲੀਆਂ ਹਨ। ਜਿਵੇਂ-ਜਿਵੇਂ ਮੈਂ ਜੋ ਵਿਚਾਰ ਸਾਂਝੇ ਕਰਦਾ ਹਾਂ ਅਤੇ ਮੇਰੇ ਆਲੇ-ਦੁਆਲੇ ਦੀ ਜਨਤਕ ਧਾਰਨਾ ਸੋਸ਼ਲ ਮੀਡੀਆ ਰਾਹੀਂ ਫੈਲੀ ਹੈ, ਲੋਕਾਂ ਦਾ ਮੇਰੇ ਕੋਲ ਆਉਣ ਦਾ ਤਰੀਕਾ ਵੀ ਬਦਲ ਗਿਆ ਹੈ। ਉਹ ਜੋ ਪਿਆਰ ਪ੍ਰਗਟ ਕਰਦੇ ਹਨ—ਚਾਹੇ ਉਹ ਸੈਲਫੀ ਲੈਣ ਦੁਆਰਾ ਹੋਵੇ, ਅੰਗਰੇਜ਼ੀ ਵਿੱਚ ਉਤਸੁਕਤਾ ਨਾਲ ਗੱਲਬਾਤ ਸ਼ੁਰੂ ਕਰਨੀ ਹੋਵੇ, ਜਾਂ ਮੇਰੀਆਂ ਯਾਤਰਾਵਾਂ ਵਿੱਚ ਸ਼ਾਮਲ ਹੋਣ ਦੀ ਇੱਛਾ ਜ਼ਾਹਰ ਕਰਨੀ ਹੋਵੇ—ਮੈਨੂੰ ਯਾਦ ਦਿਵਾਉਂਦਾ ਹੈ ਕਿ ਲੋਕ ਅਕਸਰ ਮੈਨੂੰ ਸਿਰਫ਼ ਇੱਕ ਵਿਅਕਤੀ ਵਜੋਂ ਨਹੀਂ, ਬਲਕਿ ਵਿਚਾਰਾਂ ਅਤੇ ਕਦਰਾਂ-ਕੀਮਤਾਂ ਦੇ ਇੱਕ ਸਮੂਹ ਦੀ ਨੁਮਾਇੰਦਗੀ ਕਰਨ ਵਾਲੇ ਵਜੋਂ ਦੇਖਦੇ ਹਨ।

ਉਹ ਜੋ ਗੱਲਬਾਤ ਸ਼ੁਰੂ ਕਰਦੇ ਹਨ, ਉਹ ਮੇਰੇ ਦੁਆਰਾ ਦੱਸੇ ਗਏ ਸਿੱਖ ਸਿਧਾਂਤਾਂ ਦੇ ਸਬੰਧ ਵਿੱਚੋਂ ਨਿਕਲਦੀ ਪ੍ਰਤੀਤ ਹੁੰਦੀ ਹੈ। ਉਹ ਜੋ ਨਿੱਘ ਦਿਖਾਉਂਦੇ ਹਨ, ਉਹ ਸੈਲੀਬ੍ਰਿਟੀ ਕਲਚਰ ਨਾਲ ਜੁੜੀ ਪ੍ਰਸ਼ੰਸਾ ਵਰਗਾ ਨਹੀਂ ਲੱਗਦਾ; ਸਗੋਂ, ਇਹ ਸਮੂਹਿਕ ਚੇਤਨਾ ਦੇ ਇੱਕ ਰੂਪ ਵਜੋਂ ਮਹਿਸੂਸ ਹੁੰਦਾ ਹੈ—ਸਮਾਜਿਕ ਪਰਿਵਰਤਨ ਦੇ ਰਾਹ 'ਤੇ ਇਕੱਠੇ ਚੱਲਣ ਦੀ ਸਾਂਝੀ ਇੱਛਾ। ਇਹਨਾਂ ਮੁਲਾਕਾਤਾਂ ਤੋਂ ਮੈਨੂੰ ਜੋ ਪ੍ਰੇਰਨਾ ਮਿਲਦੀ ਹੈ ਉਹ ਬਹੁਤ ਡੂੰਘੀ ਹੈ। ਲੋਕ ਜਿਸ ਤਰੀਕੇ ਨਾਲ ਮੇਰੇ ਨਾਲ ਜੁੜਦੇ ਹਨ ਉਸ ਵਿੱਚ ਸਤਿਕਾਰ ਹੁੰਦਾ ਹੈ ਅਤੇ ਜੋ ਸਵਾਲ ਉਹ ਪੁੱਛਦੇ ਹਨ ਉਨ੍ਹਾਂ ਵਿੱਚ ਇਮਾਨਦਾਰੀ ਹੁੰਦੀ ਹੈ। ਮੇਰੇ ਲਈ, ਇਹ ਪਲ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਨੈਤਿਕ ਕੰਮ ਅਤੇ ਸਮਾਜਿਕ ਰੁਝੇਵੇਂ ਅਜੇ ਵੀ ਲੋਕਾਂ ਦੇ ਦਿਲਾਂ ਵਿੱਚ ਗੂੰਜਦੇ ਹਨ। ਇਹੀ ਕਾਰਨ ਹੈ ਕਿ ਅਜਿਹੀਆਂ ਗੱਲਬਾਤਾਂ ਮੈਨੂੰ ਨਵੀਂ ਊਰਜਾ, ਜ਼ਿੰਮੇਵਾਰੀ ਅਤੇ ਉਮੀਦ ਦਿੰਦੀਆਂ ਰਹਿੰਦੀਆਂ ਹਨ।

5. ਦੱਖਣੀ ਇੰਡਿਆ ਵਿੱਚ ਜਦੋਂ ਲੋਕ ਕਿਸੇ ਸਥਾਨਕ ਵਿਅਕਤੀ ਨੂੰ ਸਿੱਖੀ ਦਾ ਅਭਿਆਸ ਕਰਦੇ ਦੇਖਦੇ ਹਨ, ਤਾਂ ਉਨ੍ਹਾਂ ਨੂੰ ਸਭ ਤੋਂ ਵੱਡੀ ਗਲਤਫਹਿਮੀ ਕੀ ਹੁੰਦੀ ਹੈ?

ਇਹ ਸਿਰਫ਼ ਇੱਕ ਧਰਮ ਨਹੀਂ ਹੈ; ਇਹ ਸਮਾਜਿਕ ਪਰਿਵਰਤਨ ਦੀ ਇੱਕ ਪ੍ਰਕਿਰਿਆ ਹੈ—ਬਰਾਬਰੀ ਲਈ ਇੱਕ ਵਿਹਾਰਕ ਢਾਂਚਾ। ਲੋਕ ਅਕਸਰ ਸਿੱਖੀ ਦੀ ਆਪਣੀ ਸਮਝ ਨੂੰ ਧਰਮ ਦੀਆਂ ਤੰਗ ਹੱਦਾਂ ਤੱਕ ਸੀਮਤ ਕਰ ਲੈਂਦੇ ਹਨ। ਹਾਲਾਂਕਿ, ਸਿੱਖੀ, ਮੇਰੇ ਲਈ, ਸਿਰਫ਼ ਰੀਤੀ-ਰਿਵਾਜਾਂ ਜਾਂ ਪੂਜਾ ਪਾਠ ਬਾਰੇ ਨਹੀਂ ਹੈ; ਇਹ ਇੱਕ ਅਜਿਹਾ ਫ਼ਲਸਫ਼ਾ ਹੈ ਜੋ ਲੜੀਵਾਰ ਉੱਚ-ਨੀਚ ਨੂੰ ਚੁਣੌਤੀ ਦਿੰਦਾ ਹੈ, ਜਾਤ-ਪਾਤ ਦੀਆਂ ਅਸਮਾਨਤਾਵਾਂ ਦਾ ਮੁਕਾਬਲਾ ਕਰਦਾ ਹੈ ਅਤੇ ਸਮਾਜਿਕ ਪਰਿਵਰਤਨ ਦੀ ਮੰਗ ਕਰਦਾ ਹੈ।

ਤਾਮਿਲਨਾਡੂ ਵਿੱਚ ਕਈਆਂ ਦੁਆਰਾ ਕਲਪਨਾ ਕੀਤੀ ਗਈ ਸਮਾਜਿਕ ਤਬਦੀਲੀ ਅਤੇ ਬਰਾਬਰੀ ਦੇ ਸਿੱਖ ਸਿਧਾਂਤ ਵਿੱਚ ਬਹੁਤ ਘੱਟ ਅੰਤਰ ਹੈ। ਮੈਂ ਸਿੱਖੀ ਨੂੰ ਸਿਰਫ਼ ਉੱਤਰੀ ਭਾਰਤ ਨਾਲ ਸਬੰਧਤ ਧਰਮ ਵਜੋਂ ਨਹੀਂ ਦੇਖਦਾ; ਮੈਂ ਇਸਨੂੰ ਮਨੁੱਖੀ ਮੁਕਤੀ ਅਤੇ ਸਨਮਾਨ ਲਈ ਵਿਸ਼ਵਵਿਆਪੀ ਪ੍ਰਸੰਗਿਕਤਾ ਵਾਲੇ ਇੱਕ ਢਾਂਚੇ ਵਜੋਂ ਦੇਖਦਾ ਹਾਂ। ਜਦੋਂ ਮੈਂ ਸਿੱਖ ਬਣਿਆ, ਮੈਂ ਇਹ ਮਹਿਸੂਸ ਨਹੀਂ ਕੀਤਾ ਕਿ ਮੈਂ ਸਿਰਫ਼ ਇੱਕ ਧਰਮ ਤੋਂ ਦੂਜੇ ਧਰਮ ਵਿੱਚ ਜਾ ਰਿਹਾ ਹਾਂ; ਮੈਂ ਮਹਿਸੂਸ ਕੀਤਾ ਕਿ ਮੈਂ ਇੱਕ ਅਜਿਹੇ ਫ਼ਲਸਫ਼ੇ ਨੂੰ ਅਪਣਾ ਰਿਹਾ ਹਾਂ ਜਿਸਨੇ ਸਵੈ-ਅਣਖ ਅਤੇ ਸਮਾਜਿਕ ਪਰਿਵਰਤਨ ਵੱਲ ਇੱਕ ਰਸਤਾ ਪ੍ਰਦਾਨ ਕੀਤਾ।


**(ਚਲਦਾ)**

## ਕੈਨੇਡਾ 'ਚ ਸਿਰ ਚੜ੍ਹ ਕੇ ਬੋਲਿਆ ਖੇਡਾਂ ਦਾ ਜਨੂੰਨ

# ਟੀਮ ਕੈਨੇਡਾ ਫੈਨ ਮਾਰਚ' ਦੀ ਹੋਈ ਸ਼ਾਨਦਾਰ ਸ਼ੁਰੂਆਤ; ਵੈਨਕੂਵਰ ਪੁਲਿਸ ਦੀ ਘੋੜਸਵਾਰ ਯੂਨਿਟ ਕਰ ਰਹੀ ਹੈ ਅਗਵਾਈ

ਵੈਨਕੂਵਰ (ਕੈਨੇਡਾ) : ਕੈਨੇਡਾ ਵਿੱਚ ਖੇਡ ਪ੍ਰੇਮੀਆਂ ਅਤੇ ਸਮਰਥਕਾਂ ਦੇ ਭਾਰੀ ਉਤਸ਼ਾਹ ਵਿਚਾਲੇ ਇਤਿਹਾਸਕ 'ਟੀਮ ਕੈਨੇਡਾ ਫੈਨ ਮਾਰਚ' (Team Canada Fan March) ਬੇਹੱਦ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋ ਚੁੱਕੀ ਹੈ। ਦੇਸ਼ ਭਰ ਤੋਂ ਪਹੁੰਚੇ ਖੇਡ ਪ੍ਰੇਮੀਆਂ ਦੇ ਇਸ ਵਿਸ਼ਾਲ ਮਾਰਚ ਦੀ ਅਗਵਾਈ ਵੈਨਕੂਵਰ ਪੁਲਿਸ ਵਿਭਾਗ ਦੀ ਵਿਸ਼ੇਸ਼ ਘੋੜਸਵਾਰ ਟੁਕੜੀ (VPD Mounted Unit) ਵੱਲੋਂ ਕੀਤੀ ਜਾ ਰਹੀ ਹੈ। ਇਹ ਮਾਰਚ ਵੈਨਕੂਵਰ ਦੇ ਪ੍ਰਸਿੱਧ ਸਟੇਡੀਅਮ ਬੀ.ਸੀ. ਪਲੇਸ (BC Place) ਵੱਲ ਵਧ ਰਿਹਾ ਹੈ, ਜਿੱਥੇ ਖੇਡ ਪ੍ਰੇਮੀ ਆਪਣੀ ਰਾਸ਼ਟਰੀ ਟੀਮ ਦਾ ਹੌਸਲਾ ਵਧਾਉਣ ਲਈ ਇਕੱਠੇ ਹੋ ਰਹੇ ਹਨ।

**ਵੈਨਕੂਵਰ ਪੁਲਿਸ ਪ੍ਰਸ਼ਾਸਨ ਨੇ ਪ੍ਰਗਟਾਇਆ ਮਾਣ** : ਵੈਨਕੂਵਰ ਪੁਲਿਸ (VPD) ਦੇ ਅਧਿਕਾਰੀਆਂ ਨੇ ਇਸ ਵਿਸ਼ੇਸ਼ ਪ੍ਰੋਗਰਾਮ ਦਾ ਹਿੱਸਾ ਬਣਨ 'ਤੇ ਖ਼ੁਸ਼ੀ ਸਾਂਝੀ ਕਰਦਿਆਂ ਆਖਿਆ ਕਿ ਦੇਸ਼ ਦੇ ਕੋਨੇ-ਕੋਨੇ ਤੋਂ ਪਹੁੰਚੇ ਟੀਮ ਕੈਨੇਡਾ ਦੇ ਹਜ਼ਾਰਾਂ ਪ੍ਰਸ਼ੰਸਕਾਂ ਅਤੇ ਸਮਰਥਕਾਂ ਦਾ ਸਵਾਗਤ ਕਰਨਾ ਉਨ੍ਹਾਂ ਲਈ





ਬੇਹੱਦ ਮਾਣ ਵਾਲੀ ਗੱਲ ਹੈ। ਪੁਲਿਸ ਦੀ ਘੋੜਸਵਾਰ ਯੂਨਿਟ ਪੂਰੇ ਰਸਤੇ 'ਤੇ ਸੁਰੱਖਿਆ ਪ੍ਰਬੰਧਾਂ ਨੂੰ ਸੰਭਾਲਣ ਦੇ ਨਾਲ-ਨਾਲ ਇਸ ਮਾਰਚ ਦੀ ਰੌਣਕ ਨੂੰ ਹੋਰ ਵਧਾ ਰਹੀ ਹੈ।

**ਆਮ ਜਨਤਾ ਅਤੇ ਪ੍ਰਸ਼ੰਸਕਾਂ ਲਈ ਜ਼ਰੂਰੀ ਹਦਾਇਤਾਂ** : ਮਾਰਚ ਦੌਰਾਨ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਤੋਂ ਬਚਣ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਿਸ ਪ੍ਰਸ਼ਾਸਨ ਨੇ ਖੇਡ ਪ੍ਰੇਮੀਆਂ ਨੂੰ ਕੁਝ ਖ਼ਾਸ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ:

**ਸਵਾਗਤ ਅਤੇ ਗੱਲਬਾਤ:** ਮਾਰਚ ਦੌਰਾਨ ਜਾਂ ਇਲਾਕੇ ਵਿੱਚ ਗਸ਼ਤ (Patrolling) ਕਰਦੇ ਸਮੇਂ ਜੇਕਰ ਤੁਹਾਨੂੰ ਪੁਲਿਸ ਦੇ ਘੋੜੇ ਅਤੇ ਸਵਾਰ ਨਜ਼ਰ ਆਉਂਦੇ ਹਨ, ਤਾਂ ਤੁਸੀਂ ਬਿਨਾਂ ਕਿਸੇ ਝਿਜਕ ਦੇ ਉਨ੍ਹਾਂ ਦਾ ਸਵਾਗਤ ਕਰ ਸਕਦੇ ਹੋ ਅਤੇ ਹੈਲੋ (Hello) ਆਖ ਸਕਦੇ ਹੋ।

**ਘੋੜਿਆਂ ਤੋਂ ਦੂਰੀ ਲਾਜ਼ਮੀ:** ਸੁਰੱਖਿਆ ਦੇ ਮੱਦੇਨਜ਼ਰ ਇਹ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਘੋੜਿਆਂ ਦੇ ਬਹੁਤ ਜ਼ਿਆਦਾ ਨੇੜੇ ਨਾ ਜਾਇਆ ਜਾਵੇ ਅਤੇ ਉਨ੍ਹਾਂ ਨੂੰ ਲੋੜੀਂਦੀ ਜਗ੍ਹਾ (Space) ਦਿੱਤੀ ਜਾਵੇ।

**ਛੂਹਣ 'ਤੇ ਪਾਬੰਦੀ:** ਕਿਸੇ ਵੀ ਪ੍ਰਸ਼ੰਸਕ ਨੂੰ ਪੁਲਿਸ ਦੇ ਘੋੜਿਆਂ ਨੂੰ ਹੱਥ ਲਗਾਉਣ, ਪਿਆਰ ਕਰਨ (Pet) ਜਾਂ ਛੂਹਣ ਦੀ ਇਜਾਜ਼ਤ ਨਹੀਂ ਹੈ, ਤਾਂ ਜੋ ਘੋੜੇ ਕਿਸੇ ਵੀ ਤਰ੍ਹਾਂ ਦੇ ਸ਼ੋਰ-ਸ਼ਰਾਬੇ ਕਾਰਨ ਭੜਕ ਨਾ ਸਕਣ।

ਪੂਰੇ ਵੈਨਕੂਵਰ ਸ਼ਹਿਰ ਵਿੱਚ ਇਸ ਵੇਲੇ ਦੇਸ਼ ਭਗਤੀ ਅਤੇ ਖੇਡਾਂ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਹਰ ਕੋਈ 'ਗੋ, ਕੈਨੇਡਾ!' (Go, Canada!) ਦੇ ਨਾਅਰਿਆਂ ਨਾਲ ਆਪਣੀ ਟੀਮ ਦਾ ਹੌਸਲਾ ਵਧਾ ਰਿਹਾ ਹੈ।

**ਇਤਿਹਾਸ ਦੇ ਆਇਨੇ 'ਚ ਅੱਜ ਦਾ ਭਾਰਤ**

**ਕੀ ਕੋਈ ਲੋਕਤੰਤਰ ਬਿਨਾਂ ਕਿਸੇ ਫੌਜੀ ਤਖਤਾਪਲਟ ਜਾਂ ਰਾਤੋ-ਰਾਤ ਲਾਗੂ ਹੋਈ ਐਮਰਜੈਂਸੀ ਦੇ ਵੀ ਖ਼ਤਮ ਹੋ ਸਕਦਾ ਹੈ? ਇਤਿਹਾਸ ਗਵਾਹ ਹੈ ਕਿ ਹਾਂ, ਅਜਿਹਾ ਬਿਲਕੁਲ ਸੰਭਵ ਹੈ। ਜਦੋਂ ਕਿਸੇ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਹੌਲੀ-ਹੌਲੀ ਆਪਣੀ ਆਜ਼ਾਦੀ ਗੁਆਉਣ ਲੱਗਣ, ਜਦੋਂ ਦੇਸ਼ ਦੇ ਫੈਡਰਲ (ਸੰਘੀ) ਢਾਂਚੇ ਨੂੰ ਦਬਾ ਕੇ ਸਾਰੀ ਤਾਕਤ ਇੱਕੋ ਕੇਂਦਰ ਵਿੱਚ ਸਮੇਟ ਦਿੱਤੀ ਜਾਵੇ ਅਤੇ ਜਦੋਂ ਬਹੁਗਿਣਤੀਵਾਦ ਦਾ ਸ਼ੋਰ ਘੱਟਗਿਣਤੀਆਂ ਤੇ ਖੇਤਰੀ ਪਛਾਣਾਂ ਦੀ ਆਵਾਜ਼ ਨੂੰ ਹਾਸ਼ੀਏ 'ਤੇ ਧੱਕ ਦੇਵੇ—ਤਾਂ ਉਹ ਲੋਕਤੰਤਰ ਅੰਦਰੋਂ ਖੋਖਲਾ ਹੋਣ ਲੱਗਦਾ ਹੈ। ਇਸ ਹਫ਼ਤੇ ਦੇ ਵਿਸ਼ੇਸ਼ ਲੇਖ ਵਿੱਚ, ਅਸੀਂ ਭਾਰਤ ਦੀ ਮੌਜੂਦਾ ਸਿਆਸੀ ਸਥਿਤੀ ਦੀ ਤੁਲਨਾ ਨਾਜ਼ੀ ਜਰਮਨੀ ਦੀ ਸਥਾਪਨਾ ਤੋਂ ਪਹਿਲਾਂ ਦੇ 'ਵਾਈਮਰ ਗਣਰਾਜ' ਅਤੇ ਸੋਵੀਅਤ ਯੂਨੀਅਨ ਦੇ ਪਤਨ ਦੇ ਇਤਿਹਾਸਕ ਸਬਕਾਂ ਨਾਲ ਕਰ ਰਹੇ ਹਾਂ। ਇਹ ਵਿਸ਼ਲੇਸ਼ਣ ਕਿਸੇ ਡਰਾਉਣੀ ਭਵਿੱਖਬਾਣੀ ਲਈ ਨਹੀਂ, ਬਲਕਿ ਸਾਡੀ ਅਦਾਲਤੀ ਸੁਤੰਤਰਤਾ, ਮੀਡੀਆ ਦੀ ਆਜ਼ਾਦੀ, ਲਾਪਤਾ ਔਰਤਾਂ ਵਰਗੇ ਗੰਭੀਰ ਸ਼ਾਸਨ ਦੇ ਮੁੱਦਿਆਂ ਅਤੇ ਆਰ.ਐੱਸ.ਐੱਸ. (RSS) ਵਰਗੇ ਸ਼ਕਤੀਸ਼ਾਲੀ ਤਾਣੇ-ਬਾਣੇ ਦੇ ਪ੍ਰਭਾਵਾਂ ਨੂੰ ਸਮਝਣ ਦੀ ਇੱਕ ਇਮਾਨਦਾਰ ਕੋਸ਼ਿਸ਼ ਹੈ। ਅੱਜ ਭਾਰਤ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ: ਕੀ ਸਾਡਾ ਭਵਿੱਖ ਸਭ ਨੂੰ ਬਰਾਬਰ ਹੱਕ ਦੇਣ ਵਾਲੇ ਬਹੁਲਵਾਦੀ ਸੰਵਿਧਾਨਕ ਭਾਰਤ ਦਾ ਹੋਵੇਗਾ, ਜਾਂ ਫਿਰ ਇੱਕ ਅਜਿਹੇ ਰਾਸ਼ਟਰ ਦਾ, ਜਿੱਥੇ ਵਿਭਿੰਨਤਾ ਨੂੰ ਖ਼ਤਮ ਕਰਕੇ ਸਭ ਕੁਝ ਇੱਕੋ ਰੰਗ ਵਿੱਚ ਰੰਗਣ ਦੀ ਜ਼ਿੱਦ ਹੈ? ਆਓ, ਇਸ ਹਫਤੇ ਅਮਰੀਕਾ ਦੇ ਉਘੇ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਕੈਲੀਫੋਰਨੀਆ ਤੋਂ ਡਾ. ਗੁਰਿੰਦਰ ਸਿੰਘ ਗਰੇਵਾਲ (ਐੱਮ.ਡੀ.) ਦੇ ਲਿਖੇ ਇਸ ਗੰਭੀਰ ਮੰਥਨ ਦਾ ਹਿੱਸਾ ਬਣੀਏ। - ਸਤਨਾਮ ਸਿੰਘ ਖਾਲਸਾ**



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਵਾਈਮਰ ਤੋਂ ਨਵੀਂ ਦਿੱਲੀ ਤੱਕ: (FROM WEIMAR TO NEW DELHI)

## ਲੋਕਤੰਤਰ ਦਾ ਖੋਰਾ, ਬਹੁਗਿਣਤੀਵਾਦ ਅਤੇ ਭਾਰਤ ਦਾ ਭਵਿੱਖ

ਇਹ ਲੇਖ ਇਹ ਦਲੀਲ ਨਹੀਂ ਦਿੰਦਾ ਕਿ ਭਾਰਤ ਨਾਜ਼ੀ ਜਰਮਨੀ ਹੈ। ਇਸ ਦੀ ਬਜਾਏ, ਇਹ ਇਸ ਗੱਲ ਦੀ ਜਾਂਚ ਕਰਦਾ ਹੈ ਕਿ ਕੀ ਸਮਕਾਲੀ ਭਾਰਤ ਵਿੱਚ ਕੁਝ ਸਿਆਸੀ ਘਟਨਾਵਾਂ ਉਨ੍ਹਾਂ ਪੈਟਰਨਾਂ (ਨਮੂਨਿਆਂ) ਨਾਲ ਮਿਲਦੀਆਂ-ਜੁਲਦੀਆਂ ਹਨ ਜਿਨ੍ਹਾਂ ਨੂੰ ਇਤਿਹਾਸਕਾਰਾਂ ਨੇ ਦੂਜੇ ਲੋਕਤੰਤਰਾਂ ਵਿੱਚ ਲੋਕਤੰਤਰੀ ਗਿਰਾਵਟ ਦੇ ਚੇਤਾਵਨੀ ਸੰਕੇਤਾਂ ਵਜੋਂ ਪਛਾਣਿਆ ਹੈ। ਇਸ ਦਾ ਉਦੇਸ਼ ਕਿਸੇ ਤਾਨਾਸ਼ਾਹੀ ਦੀ ਭਵਿੱਖਬਾਣੀ ਕਰਨਾ ਨਹੀਂ, ਸਗੋਂ ਭਾਰਤ ਦੀਆਂ ਲੋਕਤੰਤਰੀ ਸੰਸਥਾਵਾਂ, ਸੰਘਵਾਦ (ਫੈਡਰਲਿਜ਼ਮ), ਘੱਟਗਿਣਤੀਆਂ ਦੇ ਅਧਿਕਾਰਾਂ ਅਤੇ ਸੰਵਿਧਾਨਕ ਸ਼ਾਸਨ ਦੀ ਸਿਹਤ ਦਾ ਵਿਸ਼ਲੇਸ਼ਣ ਕਰਨਾ ਹੈ।

1. **ਵਾਈਮਰ ਜਰਮਨੀ ਦਾ ਇਤਿਹਾਸਕ ਸਬਕ** : ਅਡੋਲਫ ਹਿਟਲਰ ਕਿਸੇ ਫੌਜੀ ਤਖਤਾਪਲਟ ਦੀ ਬਜਾਏ ਸੰਵਿਧਾਨਕ ਤੰਤਰ ਰਾਹੀਂ ਕਿਵੇਂ ਸੱਤਾ ਵਿੱਚ ਆਇਆ, ਰੂੜ੍ਹੀਵਾਦੀ (ਕੰਜ਼ਰਵੇਟਿਵ) ਕੁਲੀਨ ਵਰਗ ਦੀ ਗਲਤ ਗਣਨਾ, ਰੀਚਸਟੈਗ (ਸੰਸਦ) ਦੀ ਅੱਗ, ਐਮਰਜੈਂਸੀ ਸ਼ਕਤੀਆਂ, ਵਿਰੋਧੀ ਧਿਰ ਦਾ ਦਮਨ ਅਤੇ ਲੋਕਤੰਤਰੀ ਸੰਸਥਾਵਾਂ ਦਾ ਹੌਲੀ-ਹੌਲੀ ਵਿਨਾਸ਼।

2. **ਭਾਰਤ ਦਾ ਸੰਸਥਾਪਕ ਸੰਵਿਧਾਨਕ ਦ੍ਰਿਸ਼ਟੀਕੋਣ** : 1947 ਤੋਂ ਬਾਅਦ ਗਾਂਧੀ, ਨਹਿਰੂ, ਅੰਬੇਡਕਰ, ਪਟੇਲ, ਆਜ਼ਾਦ ਅਤੇ ਹੋਰਾਂ ਦਾ ਦ੍ਰਿਸ਼ਟੀਕੋਣ ਬਹੁਵਾਦ, ਸੰਘਵਾਦ, ਭਾਸ਼ਾਈ ਵਿਭਿੰਨਤਾ, ਘੱਟਗਿਣਤੀਆਂ ਦੀ ਸੁਰੱਖਿਆ ਅਤੇ ਸੰਵਿਧਾਨਕ ਲੋਕਤੰਤਰ ਸੀ।

3. **ਰਾਸ਼ਟਰਵਾਦ ਤੋਂ ਬਹੁਗਿਣਤੀਵਾਦੀ ਰਾਸ਼ਟਰਵਾਦ ਤੱਕ** : ਕਿਵੇਂ ਸ਼ੁਰੂਆਤੀ ਭਾਰਤੀ ਰਾਸ਼ਟਰਵਾਦ ਨੇ ਇੱਕ ਨਾਗਰਿਕ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕੀਤੀ, ਜਦੋਂ ਕਿ ਆਲੋਚਕਾਂ ਦੀ ਦਲੀਲ ਹੈ ਕਿ ਸਮਕਾਲੀ ਰਾਜਨੀਤੀ ਵਿੱਚ ਧਾਰਮਿਕ ਬਹੁਗਿਣਤੀਵਾਦ ਅਤੇ ਸੱਭਿਆਚਾਰਕ ਇਕਸਾਰਤਾ 'ਤੇ ਤੇਜ਼ੀ ਨਾਲ ਜ਼ੋਰ ਦਿੱਤਾ ਜਾ ਰਿਹਾ ਹੈ।

4. **ਨਵੀਂ ਦਿੱਲੀ ਵਿੱਚ ਸ਼ਕਤੀਆਂ ਦਾ ਕੇਂਦਰੀਕਰਨ** : ਸੋਵੀਅਤ ਯੂਨੀਅਨ ਸਮੇਤ ਹੋਰ ਬਹੁਤ ਜ਼ਿਆਦਾ ਕੇਂਦਰੀਕ੍ਰਿਤ ਪ੍ਰਣਾਲੀਆਂ ਦੀ ਤੁਲਨਾ ਵਿੱਚ, ਪ੍ਰਧਾਨ ਮੰਤਰੀ ਦਫ਼ਤਰ (PMO) ਅਤੇ ਕੇਂਦਰ ਸਰਕਾਰ ਵਿੱਚ ਸਿਆਸੀ ਅਧਿਕਾਰਾਂ ਦਾ ਵਧਦਾ ਕੇਂਦਰੀਕਰਨ।

5. **ਸ਼ਖਸੀਅਤ-ਕੇਂਦ੍ਰਿਤ ਰਾਜਨੀਤੀ ਦਾ ਉਭਾਰ** : ਨੇਤਾ-ਕੇਂਦ੍ਰਿਤ ਰਾਜਨੀਤੀ ਦਾ ਉਭਾਰ, ਸਿਆਸੀ ਅਕਸ ਦਾ ਨਿਰਮਾਣ ਅਤੇ ਉਨ੍ਹਾਂ ਇਤਿਹਾਸਕ ਉਦਾਹਰਣਾਂ ਨਾਲ ਸਮਾਨਤਾਵਾਂ ਜਿੱਥੇ ਸੰਸਥਾਵਾਂ ਹੌਲੀ-ਹੌਲੀ ਵਿਅਕਤੀਗਤ ਲੀਡਰਸ਼ਿਪ ਦੇ ਅਧੀਨ ਹੋ ਗਈਆਂ।

6. **ਖੇਤਰੀ ਰਾਜਨੀਤਿਕ ਤਾਕਤਾਂ ਦਾ ਕਮਜ਼ੋਰ ਹੋਣਾ** : ਪੰਜਾਬ, ਤਾਮਿਲਨਾਡੂ, ਬੰਗਾਲ, ਮਹਾਰਾਸ਼ਟਰ, ਉੱਤਰ-ਪੂਰਬ (ਨੌਰਥ-ਈਸਟ), ਤੇਲਗੂ ਭਾਸ਼ੀ ਖੇਤਰ ਅਤੇ ਹੋਰ ਰਾਜ। ਆਲੋਚਕਾਂ ਦੀ ਦਲੀਲ ਹੈ ਕਿ ਕੇਂਦਰੀਕ੍ਰਿਤ ਰਾਸ਼ਟਰੀ ਰਾਜਨੀਤੀ ਦੁਆਰਾ ਖੇਤਰੀ ਰਾਜਨੀਤਿਕ ਆਵਾਜ਼ਾਂ ਨੂੰ ਲਗਾਤਾਰ ਦਬਾਇਆ ਜਾ ਰਿਹਾ ਹੈ।

7. **ਚੋਣ ਨਿਰਪੱਖਤਾ ਅਤੇ ਜਨਤਕ ਵਿਸ਼ਵਾਸ** : ਵੋਟਰ ਸੂਚੀਆਂ, ਚੋਣ ਫੰਡਿੰਗ, ਇਲੈਕਟੋਰਲ ਬਾਂਡ, ਈ.ਵੀ.ਐਮ. (EVM) ਬਹਿਸਾਂ ਅਤੇ ਚੋਣ ਕਮਿਸ਼ਨ ਦੀ ਨਿਰਪੱਖਤਾ ਨੂੰ ਲੈ ਕੇ ਚਿੰਤਾਵਾਂ।

8. **ਜਾਂਚ ਏਜੰਸੀਆਂ ਅਤੇ ਸਿਆਸੀ ਮੁਕਾਬਲਾ** : ਵਿਰੋਧੀ ਧਿਰ ਦੇ ਆਗੂਆਂ ਵਿਰੁੱਧ ਇਨਫੋਰਸਮੈਂਟ ਡਾਇਰੈਕਟੋਰੇਟ (ED), ਕੇਂਦਰੀ ਜਾਂਚ ਬਿਊਰੋ (CBI), ਆਮਦਨ ਕਰ (Income Tax) ਅਧਿਕਾਰੀਆਂ ਅਤੇ ਭ੍ਰਿਸ਼ਟਾਚਾਰ ਵਿਰੋਧੀ ਜਾਂਚਾਂ ਦੀ ਚੋਣਵੀਂ ਵਰਤੋਂ ਦੇ ਦੋਸ਼।

9. **ਸਿਆਸੀ ਦਲਬਦਲੀ ਅਤੇ ਵਿਰੋਧੀ ਪਾਰਟੀਆਂ ਦਾ ਬਦਲਦਾ ਸਰੂਪ** : ਪਾਰਟੀ ਬਦਲਣ ਦਾ ਵਰਤਾਰਾ, ਹਾਰਸ-ਟਰੇਡਿੰਗ (ਵਿਧਾਇਕਾਂ ਦੀ ਖਰੀਦੋ-ਫਰੋਖਤ) ਦੇ ਦੋਸ਼, ਦਲਬਦਲੀ ਰਾਹੀਂ ਸਰਕਾਰਾਂ ਦਾ ਗਠਨ, ਅਤੇ ਪ੍ਰਤੀਨਿਧ ਲੋਕਤੰਤਰ 'ਤੇ ਇਸ ਦਾ ਪ੍ਰਭਾਵ।

**ਖੇਤਰੀ ਰਾਜਨੀਤਿਕ ਤਾਕਤਾਂ ਦਾ ਕਮਜ਼ੋਰ ਹੋਣਾ ਅਤੇ ਸਿਆਸੀ ਸ਼ਕਤੀ ਦਾ ਕੇਂਦਰੀਕਰਨ** : ਭਾਰਤ ਦੇ ਸੰਵਿਧਾਨਕ ਢਾਂਚੇ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਸੰਘਵਾਦ (ਫੈਡਰਲਿਜ਼ਮ) ਹੈ। ਸੰਵਿਧਾਨ ਨੇ ਸਵੀਕਾਰ ਕੀਤਾ ਕਿ ਭਾਰਤ ਇੱਕ ਇੱਕਸਾਰ (homogenous) ਰਾਸ਼ਟਰ-ਰਾਜ ਨਹੀਂ ਹੈ, ਸਗੋਂ ਇੱਕ ਅਜਿਹੀ ਸਭਿਅਤਾ ਹੈ ਜਿਸ ਵਿੱਚ ਕਈ ਭਾਸ਼ਾਈ, ਸੱਭਿਆਚਾਰਕ, ਧਾਰਮਿਕ ਅਤੇ ਖੇਤਰੀ ਭਾਈਚਾਰੇ ਸ਼ਾਮਲ ਹਨ। ਪੰਜਾਬ, ਤਾਮਿਲਨਾਡੂ, ਬੰਗਾਲ, ਮਹਾਰਾਸ਼ਟਰ, ਉੱਤਰ-ਪੂਰਬ, ਕਸ਼ਮੀਰ ਅਤੇ ਤੇਲਗੂ ਭਾਸ਼ੀ ਖੇਤਰਾਂ ਦੀ ਆਪਣੀ ਵੱਖਰੀ ਇਤਿਹਾਸਕ ਪਛਾਣ ਅਤੇ ਸਿਆਸੀ ਪ੍ਰੰਪਰਾਵਾਂ ਹਨ।

ਆਲੋਚਕਾਂ ਦਾ ਕਹਿਣਾ ਹੈ ਕਿ ਸਮਕਾਲੀ ਭਾਰਤੀ ਰਾਜਨੀਤੀ ਵਿੱਚ ਖੇਤਰੀ ਸਿਆਸੀ ਤਾਕਤਾਂ ਦੇ ਹੌਲੀ-ਹੌਲੀ ਕਮਜ਼ੋਰ ਹੋਣ ਅਤੇ ਨਵੀਂ ਦਿੱਲੀ ਵਿੱਚ ਅਧਿਕਾਰਾਂ ਦੇ ਵਧਦੇ ਕੇਂਦਰੀਕਰਨ ਨੂੰ ਦੇਖਿਆ ਜਾ ਰਿਹਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਖੇਤਰੀ ਪਾਰਟੀਆਂ ਸਿਰਫ਼ ਚੋਣਾਂ ਵਿੱਚ ਹੀ ਨਹੀਂ ਹਾਰ ਰਹੀਆਂ, ਸਗੋਂ ਸਿਆਸੀ ਦਬਾਅ, ਦਲਬਦਲੀ, ਜਾਂਚਾਂ, ਵਿੱਤੀ ਨੁਕਸਾਨਾਂ ਅਤੇ ਜਥੇਬੰਦਕ ਰੂਪ ਵਿੱਚ ਜਜ਼ਬ ਕਰਕੇ (ਆਪਣੇ ਅੰਦਰ ਮਿਲਾ ਕੇ) ਉਨ੍ਹਾਂ ਨੂੰ ਯੋਜਨਾਬੱਧ ਤਰੀਕੇ ਨਾਲ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ।

ਅਕਸਰ ਦਿੱਤੀਆਂ ਜਾਣ ਵਾਲੀਆਂ ਉਦਾਹਰਣਾਂ ਵਿੱਚ ਸ਼ਾਮਲ ਹਨ:

- ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਪਤਨ।
- ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਦਾ ਖੇਰੂੰ-ਖੇਰੂੰ ਹੋਣਾ।
- ਵੱਖ-ਵੱਖ ਰਾਜਾਂ ਵਿੱਚ ਵਿਰੋਧੀ ਗਠਜੋੜਾਂ ਨੂੰ ਕਮਜ਼ੋਰ ਕਰਨ ਦੀਆਂ ਵਾਰ-ਵਾਰ ਕੋਸ਼ਿਸ਼ਾਂ।
- ਜਾਂਚ ਏਜੰਸੀਆਂ ਰਾਹੀਂ ਖੇਤਰੀ ਲੀਡਰਸ਼ਿਪ 'ਤੇ ਦਬਾਅ।
- ਅਜਿਹੀ ਦਲਬਦਲੀ ਨੂੰ ਉਤਸ਼ਾਹਿਤ ਕਰਨਾ ਜੋ ਚੋਣਾਂ ਖ਼ਤਮ ਹੋਣ ਤੋਂ ਬਾਅਦ ਜਨਤਕ ਫਤਵੇ ਨੂੰ ਬਦਲ ਦਿੰਦੀ ਹੈ।

ਕੇਂਦਰ ਸਰਕਾਰ ਦੇ ਸਮਰਥਕਾਂ ਦੀ ਦਲੀਲ ਹੈ ਕਿ ਇਹ ਘਟਨਾਵਾਂ ਸਿਰਫ਼ ਲੋਕਤੰਤਰੀ ਮੁਕਾਬਲੇ ਅਤੇ ਵੋਟਰਾਂ ਦੀ ਪਸੰਦ ਨੂੰ ਦਰਸਾਉਂਦੀਆਂ ਹਨ। ਆਲੋਚਕ ਜਵਾਬ ਦਿੰਦੇ ਹਨ ਕਿ ਜਦੋਂ ਇੱਕੋ ਸਮੇਂ ਕਈ ਰਾਜਾਂ ਵਿੱਚ ਖੇਤਰੀ ਪਾਰਟੀਆਂ ਨੂੰ ਕਮਜ਼ੋਰ ਕੀਤਾ ਜਾਂਦਾ ਹੈ, ਤਾਂ ਇਸ ਦਾ ਨਤੀਜਾ ਸ਼ਕਤੀ ਦਾ ਅਜਿਹਾ ਕੇਂਦਰੀਕਰਨ ਹੁੰਦਾ ਹੈ ਜੋ ਭਾਰਤ ਦੇ ਫੈਡਰਲ ਸਰੂਪ ਨੂੰ ਕਮਜ਼ੋਰ ਕਰਦਾ ਹੈ।

ਇਤਿਹਾਸਕ ਤਜਰਬਾ ਦਰਸਾਉਂਦਾ ਹੈ ਕਿ ਬਹੁਤ ਜ਼ਿਆਦਾ ਕੇਂਦਰੀਕ੍ਰਿਤ ਪ੍ਰਣਾਲੀਆਂ ਅਕਸਰ ਖੇਤਰੀ ਸਰੋਕਾਰਾਂ ਪ੍ਰਤੀ ਘੱਟ ਸੰਵੇਦਨਸ਼ੀਲ ਹੋ ਜਾਂਦੀਆਂ ਹਨ। ਸੋਵੀਅਤ ਯੂਨੀਅਨ ਨੇ, ਆਪਣੇ ਰਸਮੀ ਫੈਡਰਲ ਢਾਂਚੇ ਦੇ ਬਾਵਜੂਦ, ਮਾਸਕੋ ਵਿੱਚ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਕੇਂਦਰਿਤ ਕੀਤਾ। ਆਲੋਚਕਾਂ ਦੀ ਦਲੀਲ ਹੈ ਕਿ ਭਾਰਤ ਵਿੱਚ ਬਹੁਤ ਜ਼ਿਆਦਾ ਕੇਂਦਰੀਕਰਨ ਨਾਲ ਵੱਖ-ਵੱਖ ਭਾਸ਼ਾਈ ਅਤੇ ਸੱਭਿਆਚਾਰਕ ਭਾਈਚਾਰਿਆਂ ਵਿੱਚ ਬੇਗਾਨਗੀ ਦੀ ਅਜਿਹੀ ਹੀ ਭਾਵਨਾ ਪੈਦਾ ਹੋਣ ਦਾ ਖ਼ਤਰਾ ਹੈ।

ਇਹ ਚਿੰਤਾ ਸਿਰਫ਼ ਸਿਆਸੀ ਨਹੀਂ ਹੈ। ਇਹ ਸੰਵਿਧਾਨਕ ਹੈ। ਜੇਕਰ ਖੇਤਰੀ ਆਵਾਜ਼ਾਂ ਬੇਅਸਰ ਹੋ ਜਾਂਦੀਆਂ ਹਨ ਤਾਂ ਬਹੁਤ ਸਾਰੇ ਨਾਗਰਿਕ ਇਹ ਮਹਿਸੂਸ ਕਰਨਾ ਸ਼ੁਰੂ ਕਰ ਸਕਦੇ ਹਨ ਕਿ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲੇ ਦੂਰ ਬੈਠੇ ਅਧਿਕਾਰੀਆਂ ਦੁਆਰਾ ਲਏ ਜਾ ਰਹੇ ਹਨ ਜਿਨ੍ਹਾਂ ਨੂੰ ਸਥਾਨਕ ਹਕੀਕਤਾਂ ਦੀ ਸੀਮਤ ਸਮਝ ਹੈ।




10. **ਨਿਆਂਪਾਲਿਕਾ ਦੀ ਸੁਤੰਤਰਤਾ ਦੀ ਜਾਂਚ** : ਨਿਆਂਇਕ ਖੁਦਮੁਖਤਿਆਰੀ ਦੀ ਮਹੱਤਤਾ; ਸੇਵਾਮੁਕਤੀ ਤੋਂ ਬਾਅਦ ਦੀਆਂ ਨਿਯੁਕਤੀਆਂ, ਸਿਆਸੀ ਤੌਰ 'ਤੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਦੇਰੀ, ਨਿਆਂਇਕ ਜਵਾਬਦੇਹੀ ਅਤੇ ਸੁਤੰਤਰਤਾ ਬਾਰੇ ਜਨਤਕ ਧਾਰਨਾਵਾਂ ਨੂੰ ਲੈ ਕੇ ਚਿੰਤਾਵਾਂ।

**ਨਿਆਂਇਕ ਸੁਤੰਤਰਤਾ ਅਤੇ ਅਦਾਲਤਾਂ ਵਿੱਚ ਜਨਤਕ ਵਿਸ਼ਵਾਸ** : ਨਿਆਂਪਾਲਿਕਾ ਨੂੰ ਅਕਸਰ ਸੰਵਿਧਾਨਕ ਲੋਕਤੰਤਰ ਲਈ ਰੱਖਿਆ ਦੀ ਆਖਰੀ ਲਾਈਨ ਵਜੋਂ ਦਰਸਾਇਆ ਜਾਂਦਾ ਹੈ। ਅਦਾਲਤਾਂ ਆਪਣਾ ਅਧਿਕਾਰ ਫੌਜੀ ਸ਼ਕਤੀ ਜਾਂ ਵਿੱਤੀ ਸਰੋਤਾਂ ਤੋਂ ਨਹੀਂ, ਸਗੋਂ ਜਨਤਕ ਵਿਸ਼ਵਾਸ ਤੋਂ ਪ੍ਰਾਪਤ ਕਰਦੀਆਂ ਹਨ। ਨਾਗਰਿਕ ਨਿਆਂਇਕ ਫੈਸਲਿਆਂ ਦੀ ਪਾਲਣਾ ਇਸ ਲਈ ਕਰਦੇ ਹਨ ਕਿਉਂਕਿ ਉਹ ਮੰਨਦੇ ਹਨ ਕਿ ਜੱਜ ਸੁਤੰਤਰ, ਨਿਰਪੱਖ ਅਤੇ ਸਿਆਸੀ ਪ੍ਰਭਾਵ ਤੋਂ ਮੁਕਤ ਹਨ।

ਹਾਲ ਹੀ ਵਿੱਚ ਇੱਕ ਵਿਵਾਦ ਉਦੋਂ ਸਾਹਮਣੇ ਆਇਆ ਜਦੋਂ ਰਿਪੋਰਟਾਂ ਵਿੱਚ ਸੰਕੇਤ ਦਿੱਤਾ ਗਿਆ ਕਿ ਲਗਭਗ 150 ਜੱਜਾਂ ਅਤੇ ਵਕੀਲਾਂ ਨੇ ਲੰਡਨ ਵਿੱਚ 'ਦੂਜੀ ਇੰਟਰਨੈਸ਼ਨਲ ਬਾਰ ਐਂਡ ਬੈਂਚ ਬੈਡਮਿੰਟਨ ਚੈਂਪੀਅਨਸ਼ਿਪ' ਵਿੱਚ ਹਿੱਸਾ ਲਿਆ। ਆਲੋਚਕਾਂ ਨੇ ਕਾਰਪੋਰੇਟ ਸਪਾਂਸਰਾਂ ਦੀ ਸ਼ਮੂਲੀਅਤ ਅਤੇ ਕੇਂਦਰੀ ਕਾਨੂੰਨ ਮੰਤਰਾਲੇ ਦੁਆਰਾ ਦਿੱਤੇ ਗਏ ਸਮਰਥਨ 'ਤੇ ਸਵਾਲ ਚੁੱਕੇ ਹਨ।

ਮੁੱਦਾ ਇਹ ਨਹੀਂ ਹੈ ਕਿ ਜੱਜਾਂ ਨੂੰ ਖੇਡਾਂ ਜਾਂ ਮਨੋਰੰਜਕ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਜਾਂ ਨਹੀਂ। ਜੱਜਾਂ ਨੂੰ ਨਿੱਜੀ ਜੀਵਨ ਅਤੇ ਪੇਸ਼ੇਵਰ ਮੇਲਜੋਲ ਦਾ ਪੂਰਾ ਅਧਿਕਾਰ ਹੈ। ਆਲੋਚਕਾਂ ਦੁਆਰਾ ਉਠਾਈ ਗਈ ਚਿੰਤਾ ਇਹ ਹੈ ਕਿ ਕੀ ਕਾਰਪੋਰੇਟਾਂ ਅਤੇ ਸਰਕਾਰ ਨਾਲ ਜੁੜੀਆਂ ਸੰਸਥਾਵਾਂ ਦੁਆਰਾ ਸਪਾਂਸਰਸ਼ਿਪ ਨਿਰਭਰਤਾ ਦੀ ਇੱਕ ਅਜਿਹੀ ਝਲਕ ਪੈਦਾ ਕਰਦੀ ਹੈ ਜੋ ਜਨਤਕ ਵਿਸ਼ਵਾਸ ਨੂੰ ਕਮਜ਼ੋਰ ਕਰ ਸਕਦੀ ਹੈ।

ਆਲੋਚਕਾਂ ਦੁਆਰਾ ਉਠਾਏ ਗਏ ਮਹੱਤਵਪੂਰਨ ਸਵਾਲਾਂ ਵਿੱਚ ਸ਼ਾਮਲ ਹਨ:

- ਯਾਤਰਾ ਦੇ ਖਰਚਿਆਂ ਲਈ ਫੰਡ ਕਿਸਨੇ ਦਿੱਤਾ?
- ਹੋਟਲਾਂ ਅਤੇ ਰਹਿਣ-ਸਹਿਣ ਦਾ ਭੁਗਤਾਨ ਕਿਸਨੇ ਕੀਤਾ?
- ਕਿਹੜੀਆਂ ਕਾਰਪੋਰੇਸ਼ਨਾਂ (ਕੰਪਨੀਆਂ) ਨੇ ਸਪਾਂਸਰ ਵਜੋਂ ਕੰਮ ਕੀਤਾ?
- ਕੀ ਉਨ੍ਹਾਂ ਕਾਰਪੋਰੇਸ਼ਨਾਂ ਦੇ ਭਾਰਤੀ ਅਦਾਲਤਾਂ ਵਿੱਚ ਕੋਈ ਮੌਜੂਦਾ ਜਾਂ ਭਵਿੱਖ ਦੇ ਕੇਸ ਚੱਲ ਰਹੇ ਹਨ?
- ਕੀ ਸਾਰੇ ਖਰਚੇ ਜਨਤਕ ਤੌਰ 'ਤੇ ਨਸ਼ਰ ਕੀਤੇ ਗਏ ਸਨ?
- ਕੀ ਕੋਈ ਸੁਤੰਤਰ ਨੈਤਿਕਤਾ ਸਮੀਖਿਆ (ethics review) ਕੀਤੀ ਗਈ ਸੀ?

ਦਾਅ 'ਤੇ ਲੱਗਾ ਸਿਧਾਂਤ ਇੱਕ ਲੰਮੇ ਸਮੇਂ ਤੋਂ ਸਥਾਪਿਤ ਕਾਨੂੰਨੀ ਸਿਧਾਂਤ ਹੈ:

'ਨਿਆਂ ਸਿਰਫ਼ ਹੋਣਾ ਹੀ ਨਹੀਂ ਚਾਹੀਦਾ; ਬਲਕਿ ਹੁੰਦਾ ਹੋਇਆ ਦਿਖਾਈ ਵੀ ਦੇਣਾ ਚਾਹੀਦਾ ਹੈ।'

ਭਾਵੇਂ ਕੋਈ ਵੀ ਜੱਜ ਕਿਸੇ ਵੀ ਤਰੀਕੇ ਨਾਲ ਪ੍ਰਭਾਵਿਤ ਨਾ ਹੋਇਆ ਹੋਵੇ, ਸੰਵਿਧਾਨਕ ਵਿਦਵਾਨਾਂ ਦੀ ਦਲੀਲ ਹੈ ਕਿ ਜਦੋਂ ਜੱਜ ਸ਼ਕਤੀਸ਼ਾਲੀ ਕਾਰਪੋਰੇਟ ਅਤੇ ਸਰਕਾਰੀ ਹਿੱਤਾਂ ਨਾਲ ਸਮਾਜਿਕ ਜਾਂ ਵਿੱਤੀ ਤੌਰ 'ਤੇ ਜੁੜੇ ਦਿਖਾਈ ਦਿੰਦੇ ਹਨ, ਤਾਂ ਜਨਤਕ ਵਿਸ਼ਵਾਸ ਨੂੰ ਠੇਸ ਪਹੁੰਚ ਸਕਦੀ ਹੈ।

ਸੇਵਾਮੁਕਤੀ ਤੋਂ ਬਾਅਦ ਦੀਆਂ ਨਿਯੁਕਤੀਆਂ ਤੋਂ ਹੋਰ ਚਿੰਤਾਵਾਂ ਪੈਦਾ ਹੁੰਦੀਆਂ ਹਨ। ਆਲੋਚਕ ਉਨ੍ਹਾਂ ਮਾਮਲਿਆਂ ਵੱਲ ਇਸ਼ਾਰਾ ਕਰਦੇ ਹਨ ਜਿਨ੍ਹਾਂ ਵਿੱਚ ਸੇਵਾਮੁਕਤ ਜੱਜਾਂ ਨੇ ਸੇਵਾਮੁਕਤੀ ਤੋਂ ਤੁਰੰਤ ਬਾਅਦ ਰਾਜਪਾਲ, ਸੰਸਦ ਮੈਂਬਰ, ਕਮਿਸ਼ਨਾਂ, ਟ੍ਰਿਬਿਊਨਲਾਂ ਜਾਂ ਹੋਰ ਸਰਕਾਰੀ ਨਿਯੁਕਤੀਆਂ ਵਜੋਂ ਅਹੁਦੇ ਸਵੀਕਾਰ ਕੀਤੇ ਹਨ। ਅਜਿਹੀਆਂ ਨਿਯੁਕਤੀਆਂ ਇੱਕ ਇਹ ਧਾਰਨਾ ਪੈਦਾ ਕਰ ਸਕਦੀਆਂ ਹਨ ਕਿ ਜੱਜ ਬੈਂਚ 'ਤੇ ਸੇਵਾ ਕਰਦੇ ਹੋਏ ਭਵਿੱਖ ਦੇ ਲਾਭਾਂ ਦੀ ਉਮੀਦ ਰੱਖ ਸਕਦੇ ਹਨ।

ਸਮਰਥਕਾਂ ਦੀ ਦਲੀਲ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਨਿਆਂਇਕ ਫੈਸਲੇ ਗਲਤ ਤਰੀਕੇ ਨਾਲ ਪ੍ਰਭਾਵਿਤ ਹੋਏ ਹਨ ਅਤੇ ਸਾਬਕਾ ਜੱਜਾਂ ਨੂੰ ਜਨਤਕ ਸੇਵਾ ਤੋਂ ਰੋਕਿਆ ਨਹੀਂ ਜਾਣਾ ਚਾਹੀਦਾ। ਆਲੋਚਕ ਜਵਾਬ ਦਿੰਦੇ ਹਨ ਕਿ ਨਿਆਂਇਕ ਸੁਤੰਤਰਤਾ ਜਿੰਨੀ ਅਸਲ ਆਚਰਣ 'ਤੇ ਨਿਰਭਰ ਕਰਦੀ ਹੈ, ਉਨੀ ਹੀ ਜਨਤਕ ਧਾਰਨਾ (ਪ੍ਰਭਾਵ) 'ਤੇ ਵੀ ਨਿਰਭਰ ਕਰਦੀ ਹੈ।

ਹਰ ਸੰਵਿਧਾਨਕ ਲੋਕਤੰਤਰ ਵਿੱਚ, ਨਿਆਂਪਾਲਿਕਾ ਦੀ ਭਰੋਸੇਯੋਗਤਾ ਦੇਸ਼ ਦੀ ਸਭ ਤੋਂ ਕੀਮਤੀ ਸੰਪਤੀ ਹੁੰਦੀ ਹੈ। ਇੱਕ ਵਾਰ ਜਨਤਕ ਵਿਸ਼ਵਾਸ ਗੁਆਚ ਜਾਣ ਤੋਂ ਬਾਅਦ, ਇਸਨੂੰ ਬਹਾਲ ਕਰਨ ਵਿੱਚ ਪੀੜ੍ਹੀਆਂ ਲੱਗ ਸਕਦੀਆਂ ਹਨ।

11. ਮੀਡੀਆ ਦਾ ਕੇਂਦਰੀਕਰਨ ਅਤੇ 'ਗੋਦੀ ਮੀਡੀਆ' ਦਾ ਉਭਾਰ ਮੀਡੀਆ ਦੀ ਮਲਕੀਅਤ, ਸਰਕਾਰੀ ਪ੍ਰਭਾਵ, ਸਵੈ-ਸੈਂਸਰਸ਼ਿਪ (self-censorship), ਪੱਤਰਕਾਰਾਂ 'ਤੇ ਦਬਾਅ, ਅਤੇ ਸੁਤੰਤਰ ਰਿਪੋਰਟਿੰਗ ਲਈ ਸੁੰਗੜਦੀ ਜਗ੍ਹਾ ਬਾਰੇ ਆਲੋਚਨਾਵਾਂ।

12. **ਸਿਵਲ ਸੁਸਾਇਟੀ, ਐਨ.ਜੀ.ਓਜ਼ (NGOs), ਅਤੇ ਲੋਕਤੰਤਰੀ ਸਪੇਸ** : ਰੈਗੂਲੇਟਰੀ ਫਰੇਮਵਰਕ, ਐਫ.ਸੀ.ਆਰ.ਏ. (FCRA) ਲਾਗੂ ਕਰਨ, ਵਕਾਲਤ ਸੰਗਠਨਾਂ 'ਤੇ ਪਾਬੰਦੀਆਂ ਅਤੇ ਲੋਕਤੰਤਰੀ ਪ੍ਰਣਾਲੀਆਂ ਵਿੱਚ ਸਿਵਲ ਸੁਸਾਇਟੀ ਦੀ ਭੂਮਿਕਾ ਰਾਹੀਂ ਲਗਾਈਆਂ ਗਈਆਂ ਪਾਬੰਦੀਆਂ।

13. **ਧਾਰਮਿਕ ਘੱਟਗਿਣਤੀਆਂ ਅਤੇ ਸੰਵਿਧਾਨਕ ਬਰਾਬਰੀ** : ਮੁਸਲਮਾਨਾਂ, ਈਸਾਈਆਂ, ਸਿੱਖਾਂ, ਬੋਧੀਆਂ, ਜੈਨੀਆਂ ਅਤੇ ਹੋਰਾਂ ਦੇ ਅਨੁਭਵ; ਧਰਮ-ਪਰਿਵਰਤਨ ਵਿਰੋਧੀ ਕਾਨੂੰਨ, ਨਾਗਰਿਕਤਾ ਬਹਿਸਾਂ, ਨਫ਼ਰਤ ਭਰੇ ਭਾਸ਼ਣ (hate speech), ਹਿੰਸਾ ਅਤੇ ਬਰਾਬਰ ਦੀ ਨਾਗਰਿਕਤਾ ਬਾਰੇ ਚਿੰਤਾਵਾਂ।

14. ਦਲਿਤ, ਪੂਨਾ ਪੈਕਟ ਅਤੇ ਨਿਰੰਤਰ ਸੰਰਚਨਾਤਮਕ ਅਸਮਾਨਤਾ ਗਾਂਧੀ ਅਤੇ ਅੰਬੇਡਕਰ ਵਿਚਕਾਰ ਇਤਿਹਾਸਕ ਸਮਝੌਤਾ; ਪ੍ਰਤੀਨਿਧਤਾ ਬਨਾਮ ਸੁਤੰਤਰ ਰਾਜਨੀਤਿਕ ਸ਼ਕਤੀ; ਨਿਰੰਤਰ ਵਿਤਕਰਾ; ਦਲਿਤ ਅਧਿਕਾਰੀਆਂ ਅਤੇ ਜੱਜਾਂ ਨਾਲ ਜੁੜੀਆਂ ਸਮਕਾਲੀ ਉਦਾਹਰਣਾਂ।

15. **ਲਾਪਤਾ ਔਰਤਾਂ, ਮਨੁੱਖੀ ਤਸਕਰੀ, ਅਤੇ ਸ਼ਾਸਨ ਦੀਆਂ ਨਾਕਾਮੀਆਂ** : ਲਾਪਤਾ ਔਰਤਾਂ ਅਤੇ ਬੱਚੇ, ਐਫ.ਆਈ.ਆਰ. (FIR) ਰਜਿਸਟ੍ਰੇਸ਼ਨ ਦੀਆਂ ਚਿੰਤਾਵਾਂ, ਤਸਕਰੀ ਦੇ ਨੈੱਟਵਰਕ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਜਵਾਬਦੇਹੀ ਅਤੇ ਕਮਜ਼ੋਰ ਆਬਾਦੀ ਦੀ ਸੁਰੱਖਿਆ ਲਈ ਰਾਜ ਦੀ ਜ਼ਿੰਮੇਵਾਰੀ।

**ਲਾਪਤਾ ਔਰਤਾਂ, ਲਾਪਤਾ ਲੜਕੀਆਂ, ਅਤੇ ਮਨੁੱਖੀ ਤਸਕਰੀ** : ਸ਼ਾਸਨ (ਗਵਰਨੈਂਸ) ਦੇ ਸਭ ਤੋਂ ਘੱਟ ਚਰਚਿਤ ਪਰ ਸਭ ਤੋਂ ਪਰੇਸ਼ਾਨ ਕਰਨ ਵਾਲੇ ਮੁੱਦਿਆਂ ਵਿੱਚੋਂ ਇੱਕ ਔਰਤਾਂ ਅਤੇ ਬੱਚਿਆਂ ਦਾ ਲਾਪਤਾ ਹੋਣਾ ਹੈ।

ਸਾਲ ਦਰ ਸਾਲ, ਪੁਲਿਸ ਰਿਕਾਰਡ ਪੂਰੇ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਲਾਪਤਾ ਔਰਤਾਂ ਅਤੇ ਲੜਕੀਆਂ ਦੇ ਦਸਤਾਵੇਜ਼ ਪੇਸ਼ ਕਰਦੇ ਹਨ। ਹਾਲਾਂਕਿ ਬਹੁਤ ਸਾਰੀਆਂ ਔਰਤਾਂ ਦਾ ਅੰਤ ਵਿੱਚ ਪਤਾ ਲੱਗ ਜਾਂਦਾ ਹੈ, ਪਰ ਇੱਕ ਵੱਡੀ ਗਿਣਤੀ ਅਜਿਹੀ ਹੈ ਜਿਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲਦਾ। ਮਨੁੱਖੀ ਅਧਿਕਾਰ ਸੰਗਠਨਾਂ, ਔਰਤਾਂ ਦੇ ਸਮੂਹਾਂ, ਅਤੇ ਮਨੁੱਖੀ ਤਸਕਰੀ ਵਿਰੋਧੀ ਕਾਰਕੁਨਾਂ ਨੇ ਵਾਰ-ਵਾਰ ਚੇਤਾਵਨੀ ਦਿੱਤੀ ਹੈ ਕਿ ਇਸ ਤਰ੍ਹਾਂ ਗਾਇਬ ਹੋਣ ਪਿੱਛੇ ਗੰਭੀਰ ਅਪਰਾਧ ਛੁਪੇ ਹੋ ਸਕਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਮਨੁੱਖੀ ਤਸਕਰੀ (Human trafficking)
- ਜਿਨਸੀ ਸ਼ੋਸ਼ਣ
- ਜਬਰਨ ਮਜ਼ਦੂਰੀ
- ਬਾਲ ਵਿਆਹ
- ਘਰੇਲੂ ਗੁਲਾਮੀ
- ਸੰਗਠਿਤ ਅਪਰਾਧਿਕ ਗਤੀਵਿਧੀਆਂ

ਆਲੋਚਕਾਂ ਦੀ ਦਲੀਲ ਹੈ ਕਿ ਚੋਣ ਰਾਜਨੀਤੀ ਅਤੇ ਧਾਰਮਿਕ ਵਿਵਾਦਾਂ ਦੇ ਮੁਕਾਬਲੇ ਇਸ ਮੁੱਦੇ ਵੱਲ ਦੇਸ਼ ਦਾ ਬਹੁਤ ਘੱਟ ਧਿਆਨ ਜਾਂਦਾ ਹੈ। ਖਾਸ ਤੌਰ 'ਤੇ ਪਰੇਸ਼ਾਨ ਕਰਨ ਵਾਲੇ ਉਹ ਦੋਸ਼ ਹਨ ਕਿ ਪੁਲਿਸ ਕਈ ਵਾਰ ਸ਼ਿਕਾਇਤਾਂ ਨੂੰ ਤੁਰੰਤ ਦਰਜ ਕਰਨ ਜਾਂ ਲਾਪਤਾ ਹੋਣ ਤੋਂ ਬਾਅਦ ਦੇ ਨਾਜ਼ੁਕ ਸ਼ੁਰੂਆਤੀ ਸਮੇਂ ਦੌਰਾਨ ਡੂੰਘਾਈ ਨਾਲ ਜਾਂਚ ਕਰਨ ਵਿੱਚ ਅਸਫਲ ਰਹਿੰਦੀ ਹੈ। ਫਸਟ ਇਨਫੋਰਮੇਸ਼ਨ ਰਿਪੋਰਟ (FIR) ਦੇ ਦੇਰੀ ਨਾਲ ਦਰਜ ਹੋਣ ਨਾਲ ਲਾਪਤਾ ਵਿਅਕਤੀ ਦੇ ਮਿਲਣ ਦੀਆਂ ਸੰਭਾਵਨਾਵਾਂ ਕਾਫ਼ੀ ਘੱਟ ਸਕਦੀਆਂ ਹਨ।

**ਅਕਸਰ ਉਠਾਏ ਜਾਣ ਵਾਲੇ ਸਵਾਲਾਂ ਵਿੱਚ ਸ਼ਾਮਲ ਹਨ:**

- ਹਰ ਸਾਲ ਕਿੰਨੀਆਂ ਔਰਤਾਂ ਅਤੇ ਲੜਕੀਆਂ ਦਾ ਕੋਈ ਸੁਰਾਗ ਨਹੀਂ ਮਿਲਦਾ?
- ਕਿੰਨੀਆਂ ਗੁੰਮਸ਼ੁਦਗੀਆਂ ਮਨੁੱਖੀ ਤਸਕਰੀ ਦੇ ਨੈੱਟਵਰਕਾਂ ਨਾਲ ਜੁੜੀਆਂ ਹੋਈਆਂ ਹਨ?
- ਕੀ ਪੁਲਿਸ ਏਜੰਸੀਆਂ ਕੋਲ ਲੋੜੀਂਦਾ ਸਟਾਫ਼ ਅਤੇ ਸਿਖਲਾਈ ਹੈ?
- ਕੀ ਸਾਰੇ ਰਾਜਾਂ ਵਿੱਚ ਜਾਂਚ ਇੱਕ ਸਮਾਨ ਤਰੀਕੇ ਨਾਲ ਕੀਤੀ ਜਾਂਦੀ ਹੈ?
- ਕੀ ਨਤੀਜਿਆਂ ਬਾਰੇ ਲੋੜੀਂਦੀ ਪਾਰਦਰਸ਼ਤਾ ਹੈ?

ਇਹ ਮੁੱਦਾ ਰਾਜਨੀਤੀ ਤੋਂ ਉੱਪਰ ਹੈ। ਪਾਰਟੀ ਦੀ ਮਾਨਤਾ ਜੋ ਵੀ ਹੋਵੇ, ਕਿਸੇ ਵੀ ਰਾਜ ਦਾ ਮੁਢਲਾ ਫਰਜ਼ ਆਪਣੇ ਨਾਗਰਿਕਾਂ ਦੀ ਰੱਖਿਆ ਕਰਨਾ ਹੁੰਦਾ ਹੈ। ਹਰ ਲਾਪਤਾ ਲੜਕੀ ਇੱਕ ਅਜਿਹੇ ਪਰਿਵਾਰ ਨੂੰ ਦਰਸਾਉਂਦੀ ਹੈ ਜੋ ਅਨਿਸ਼ਚਿਤਤਾ ਅਤੇ ਡਰ ਦੇ ਸਾਏ ਵਿੱਚ ਜੀ ਰਿਹਾ ਹੈ।

ਕਿਸੇ ਲੋਕਤੰਤਰ ਦਾ ਮੁਲਾਂਕਣ ਸਿਰਫ਼ ਚੋਣਾਂ ਅਤੇ ਆਰਥਿਕ ਵਿਕਾਸ ਦੁਆਰਾ ਹੀ ਨਹੀਂ, ਸਗੋਂ ਆਪਣੇ ਸਭ ਤੋਂ ਕਮਜ਼ੋਰ ਨਾਗਰਿਕਾਂ ਦੀ ਰੱਖਿਆ ਕਰਨ ਦੀ ਸਮਰੱਥਾ ਦੁਆਰਾ ਵੀ ਕੀਤਾ ਜਾਣਾ ਚਾਹੀਦਾ ਹੈ। ਇਸ ਕਾਰਨ ਕਰਕੇ, ਲਾਪਤਾ ਔਰਤਾਂ ਅਤੇ ਲੜਕੀਆਂ ਦੀ ਸਮੱਸਿਆ ਨਿਰੰਤਰ ਰਾਸ਼ਟਰੀ ਧਿਆਨ, ਸੁਤੰਤਰ ਜਾਂਚ, ਅਤੇ ਵਿਆਪਕ ਜਨਤਕ ਰਿਪੋਰਟਿੰਗ ਦੀ ਮੰਗ ਕਰਦੀ ਹੈ।

16. **ਆਰਥਿਕ ਵਿਕਾਸ ਅਤੇ ਆਰਥਿਕ ਕੇਂਦਰੀਕਰਨ** : ਬੇਰੁਜ਼ਗਾਰੀ, ਖੇਤੀਬਾੜੀ ਸੰਕਟ, ਅਸਮਾਨਤਾ, ਕਾਰਪੋਰੇਟ ਸ਼ਕਤੀ ਦੇ ਕੇਂਦਰੀਕਰਨ, ਅਤੇ ਖੇਤਰੀ ਅਸਮਾਨਤਾਵਾਂ ਦੇ ਨਾਲ-ਨਾਲ ਭਾਰਤ ਦੇ ਵਿਕਾਸ ਦੀ ਕਹਾਣੀ।

17. **ਭਾਰਤ ਦੀ ਵਾਈਮਰ ਜਰਮਨੀ ਨਾਲ ਤੁਲਨਾ: ਸਮਾਨਤਾਵਾਂ ਅਤੇ ਅੰਤਰ** : ਇੱਕ ਸਾਵਧਾਨੀਪੂਰਵਕ ਤੁਲਨਾ ਜੋ ਹੇਠ ਲਿਖੇ ਨੁਕਤਿਆਂ 'ਤੇ ਕੇਂਦਰਿਤ ਹੈ:

- ਨੇਤਾ-ਕੇਂਦ੍ਰਿਤ ਰਾਜਨੀਤੀ
- ਕਮਜ਼ੋਰ ਹੁੰਦੀ ਵਿਰੋਧੀ ਧਿਰ
- ਰਾਸ਼ਟਰਵਾਦੀ ਬਿਆਨਬਾਜ਼ੀ
- ਸੰਸਥਾਗਤ ਦਬਾਅ
- ਸਿਆਸੀ ਕੇਂਦਰੀਕਰਨ
- ਵਿਰੋਧੀਆਂ ਵਿਰੁੱਧ ਕਾਨੂੰਨੀ ਤੰਤਰ ਦੀ ਵਰਤੋਂ

ਇਸ ਦੇ ਨਾਲ ਹੀ, ਮਹੱਤਵਪੂਰਨ ਅੰਤਰਾਂ ਨੂੰ ਸਵੀਕਾਰ ਕਰਨਾ:

- ਚੋਣਾਂ ਨਿਰੰਤਰ ਜਾਰੀ ਹਨ
- ਵਿਰੋਧੀ ਪਾਰਟੀਆਂ ਅਜੇ ਵੀ ਮੌਜੂਦ ਹਨ
- ਸੰਵਿਧਾਨਕ ਅਦਾਲਤਾਂ ਕਾਇਮ ਹਨ
- ਫੈਡਰਲ ਰਾਜਾਂ ਕੋਲ ਅਧਿਕਾਰ ਸੁਰੱਖਿਅਤ ਹਨ
- ਸਿਵਲ ਸੁਸਾਇਟੀ ਅਜੇ ਵੀ ਕੰਮ ਕਰ ਰਹੀ ਹੈ, ਹਾਲਾਂਕਿ ਆਲੋਚਕਾਂ ਦੀ ਦਲੀਲ ਹੈ ਕਿ ਇਹ ਵਧਦੀਆਂ ਪਾਬੰਦੀਆਂ ਦੇ ਅਧੀਨ ਹੈ।

18. **ਸੋਵੀਅਤ ਯੂਨੀਅਨ ਦੇ ਪਤਨ ਤੋਂ ਸਬਕ** : ਕਿਵੇਂ ਬਹੁਤ ਜ਼ਿਆਦਾ ਕੇਂਦਰੀਕਰਨ ਨੇ ਸੋਵੀਅਤ ਪ੍ਰਣਾਲੀ ਨੂੰ ਕਮਜ਼ੋਰ ਕੀਤਾ; ਵੱਖ-ਵੱਖ ਕੌਮੀਅਤਾਂ ਵਿੱਚ ਬੇਗਾਨਗੀ; ਆਰਥਿਕ ਅਕੁਸ਼ਲਤਾ; ਨੌਕਰਸ਼ਾਹੀ ਦਾ ਕੇਂਦਰੀਕਰਨ; ਅਤੇ ਭਾਰਤ ਦੇ ਫੈਡਰਲ ਢਾਂਚੇ ਲਈ ਸੰਭਾਵਿਤ ਸਬਕ।

19. **ਭਾਰਤੀ ਲੋਕਤੰਤਰ ਦਾ ਭਵਿੱਖ: ਸੁਧਾਰ ਜਾਂ ਪਤਨ?** : ਇੱਕ ਨਿਰਣਾਇਕ ਚਰਚਾ ਜੋ ਇਹ ਦਲੀਲ ਦਿੰਦੀ ਹੈ ਕਿ ਜੇਕਰ ਸੰਸਥਾਵਾਂ ਆਪਣੀ ਭਰੋਸੇਯੋਗਤਾ ਗੁਆ ਦਿੰਦੀਆਂ ਹਨ ਤਾਂ ਸਿਰਫ਼ ਚੋਣਾਂ ਸੰਰਚਨਾਤਮਕ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦੀਆਂ। ਭਵਿੱਖ ਫੈਡਰਲ ਸੰਤੁਲਨ, ਨਿਆਂਇਕ ਸੁਤੰਤਰਤਾ, ਮੀਡੀਆ ਦੀ ਆਜ਼ਾਦੀ, ਘੱਟਗਿਣਤੀਆਂ ਦੀ ਸੁਰੱਖਿਆ, ਨਾਗਰਿਕ ਸੁਤੰਤਰਤਾ ਅਤੇ ਲੋਕਤੰਤਰੀ ਸੰਸਥਾਵਾਂ ਵਿੱਚ ਜਨਤਕ ਵਿਸ਼ਵਾਸ ਨੂੰ ਬਹਾਲ ਕਰਨ 'ਤੇ ਨਿਰਭਰ ਕਰਦਾ ਹੈ।

**ਸਿੱਟਾ** : ਇਤਿਹਾਸ ਸਿਖਾਉਂਦਾ ਹੈ ਕਿ ਲੋਕਤੰਤਰ ਸ਼ਾਇਦ ਹੀ ਰਾਤੋ-ਰਾਤ ਖ਼ਤਮ ਹੁੰਦੇ ਹਨ। ਉਹ ਹੌਲੀ-ਹੌਲੀ ਉਦੋਂ ਕਮਜ਼ੋਰ ਹੁੰਦੇ ਹਨ ਜਦੋਂ ਸੰਸਥਾਵਾਂ ਆਪਣੀ ਸੁਤੰਤਰਤਾ ਗੁਆ ਦਿੰਦੀਆਂ ਹਨ, ਵਿਰੋਧੀ ਧਿਰ ਆਪਣੀ ਪ੍ਰਭਾਵਸ਼ੀਲਤਾ ਗੁਆ ਦਿੰਦੀ ਹੈ, ਘੱਟਗਿਣਤੀਆਂ ਦਾ ਵਿਸ਼ਵਾਸ ਉੱਠ ਜਾਂਦਾ ਹੈ ਅਤੇ ਸ਼ਕਤੀ ਕੁਝ ਹੱਥਾਂ ਵਿੱਚ ਕੇਂਦਰਿਤ ਹੋ ਜਾਂਦੀ ਹੈ। ਭਾਰਤ ਵਧੇਰੇ ਕੇਂਦਰੀਕਰਨ ਵੱਲ ਵਧਦਾ ਹੈ ਜਾਂ ਨਵਿਆਏ ਸੰਵਿਧਾਨਕ ਬਹੁਵਾਦ ਵੱਲ, ਇਹ ਇੱਕੀਵੀਂ ਸਦੀ ਦੇ ਸਭ ਤੋਂ ਮਹੱਤਵਪੂਰਨ ਸਿਆਸੀ ਸਵਾਲਾਂ ਵਿੱਚੋਂ ਇੱਕ ਹੋਵੇਗਾ—ਨਾ ਸਿਰਫ਼ ਭਾਰਤੀਆਂ ਲਈ, ਸਗੋਂ ਪੂਰੀ ਦੁਨੀਆ ਲਈ।

**ਭਾਰਤ ਵਿੱਚ ਇੱਕ ਅਸਲੀ ਤਾਕਤ** : ਹਿੰਦੂਤਵ: ਰਾਜਨੀਤਿਕ, ਸੱਭਿਆਚਾਰਕ ਅਤੇ ਧਾਰਮਿਕ ਸ਼ਕਤੀ ਦਾ ਇੱਕ ਬਹੁ-ਮੁਖੀ ਨੈੱਟਵਰਕ ਆਰ.ਐੱਸ.ਐੱਸ. (RSS) ਦੇ ਪਰਿਵਾਰ (ecosystem) ਨਾਲ ਜੁੜੀਆਂ ਜਥੇਬੰਦੀਆਂ ਦੇ ਨੈੱਟਵਰਕ ਵਿੱਚ ਖੁਦ ਆਰ.ਐੱਸ.ਐੱਸ., ਬੀ.ਜੇ.ਪੀ. (BJP), ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ (VHP), ਅਤੇ ਵਿਦੇਸ਼ੀ ਵਕਾਲਤ ਸਮੂਹ ਜਿਵੇਂ ਕਿ ਹਿੰਦੂ ਅਮੈਰੀਕਨ ਫਾਊਂਡੇਸ਼ਨ (HAF) ਅਤੇ ਕੋਹਨਾ (COHNA) ਸ਼ਾਮਲ ਹਨ। ਇਸ ਵਿੱਚ ਕਈ ਸਬੰਧਤ ਸਮਾਜਿਕ, ਵਿਦਿਅਕ, ਧਾਰਮਿਕ ਅਤੇ ਮੀਡੀਆ ਸੰਗਠਨ ਵੀ ਸ਼ਾਮਲ ਹਨ। ਆਲੋਚਕ ਇਨ੍ਹਾਂ ਨੂੰ ਇੱਕ ਬਹੁ-ਮੁਖੀ ਜੀਵ ਵਜੋਂ ਦੇਖਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਹਰੇਕ ਸੰਸਥਾ ਵੱਖਰੇ ਤੌਰ 'ਤੇ ਕੰਮ ਕਰਦੀ ਹੈ ਪਰ ਇੱਕ ਸਾਂਝੇ ਵਿਚਾਰਧਾਰਕ ਉਦੇਸ਼ ਨੂੰ ਅੱਗੇ ਵਧਾਉਂਦੀ ਹੈ।

ਮਿਥਿਹਾਸ ਦੇ ਇੱਕ ਬਹੁ-ਮੁਖੀ ਜੀਵ—ਜਿਵੇਂ ਕਿ ਹਾਈਡ੍ਰਾ (Hydra)—ਦੀ ਤਰ੍ਹਾਂ, ਇਸ ਨੈੱਟਵਰਕ ਦਾ ਹਰ ਹਿੱਸਾ ਇੱਕ ਵੱਖਰਾ ਕਾਰਜ ਕਰਦਾ ਹੈ। ਉਦਾਹਰਣ ਵਜੋਂ, ਇੱਕ ਹਿੱਸਾ ਚੋਣ ਰਾਜਨੀਤੀ 'ਤੇ ਧਿਆਨ ਕੇਂਦਰਿਤ ਕਰਦਾ ਹੈ, ਦੂਜਾ ਸੱਭਿਆਚਾਰਕ ਸੰਗਠਨਾਂ 'ਤੇ, ਤੀਜਾ ਧਾਰਮਿਕ ਲਾਮਬੰਦੀ 'ਤੇ, ਚੌਥਾ ਵਿਦਿਅਕ ਸੰਸਥਾਵਾਂ 'ਤੇ, ਪੰਜਵਾਂ ਪ੍ਰਵਾਸੀ (ਡਾਇਸਪੋਰਾ) ਵਕਾਲਤ 'ਤੇ ਅਤੇ ਇੱਕ ਹੋਰ ਸੋਸ਼ਲ ਮੀਡੀਆ ਅਤੇ ਸੂਚਨਾ ਨੈੱਟਵਰਕਾਂ 'ਤੇ। ਹਾਲਾਂਕਿ ਇਹ ਸੰਗਠਨ ਅਕਸਰ ਆਪਣੇ ਆਪ ਨੂੰ ਵੱਖਰੇ ਵਜੋਂ ਪੇਸ਼ ਕਰਦੇ ਹਨ, ਪਰ ਆਲੋਚਕਾਂ ਦੀ ਦਲੀਲ ਹੈ ਕਿ ਇਹ ਅਕਸਰ ਹਿੰਦੂ ਰਾਸ਼ਟਰ ਦੇ ਵਿਚਾਰ ਅਤੇ ਇੱਕ ਬਹੁਗਿਣਤੀਵਾਦੀ ਰਾਸ਼ਟਰੀ ਪਛਾਣ ਦੇ ਸੰਗਠਨ ਦੇ ਦੁਆਲੇ ਕੇਂਦਰਿਤ ਇੱਕ ਸਾਂਝੇ ਬਿਆਨ (narrative) ਨੂੰ ਮਜ਼ਬੂਤ ਕਰਦੇ ਹਨ।

ਵਿਰੋਧੀਆਂ ਦੀ ਚਿੰਤਾ ਸਿਰਫ਼ ਚੋਣਾਂ ਵਿੱਚ ਦਬਦਬਾ ਬਣਾਉਣ ਬਾਰੇ ਨਹੀਂ ਹੈ। ਉਹ ਭਾਰਤ ਦੀ ਵਿਭਿੰਨਤਾ ਦੇ ਇੱਕ ਸਿੰਗਲ ਸੱਭਿਆਚਾਰਕ ਅਤੇ ਸਿਆਸੀ ਢਾਂਚੇ ਵਿੱਚ ਹੌਲੀ-ਹੌਲੀ ਜਜ਼ਬ ਹੋਣ ਬਾਰੇ ਚਿੰਤਤ ਹਨ। ਧਾਰਮਿਕ ਘੱਟਗਿਣਤੀਆਂ—ਸਿੱਖ, ਮੁਸਲਮਾਨ, ਈਸਾਈ, ਬੋਧੀ, ਜੈਨੀ ਅਤੇ ਹੋਰ—ਦੇ ਨਾਲ-ਨਾਲ ਦਲਿਤ ਅਤੇ ਖੇਤਰੀ ਭਾਸ਼ਾਈ ਭਾਈਚਾਰੇ, ਆਪਣੀ ਵੱਖਰੀ ਪਛਾਣ ਦੇ ਕਮਜ਼ੋਰ ਹੋਣ ਦਾ ਡਰ ਮਹਿਸੂਸ ਕਰਦੇ ਹਨ। ਉਹ ਕਹਿੰਦੇ ਹਨ ਕਿ ਇਹ ਖ਼ਤਰਾ ਸਿਆਸੀ ਦਬਾਅ, ਸੱਭਿਆਚਾਰਕ ਸਮਾਈ (assimilation), ਇਤਿਹਾਸਕ ਮੁੜ-ਵਿਆਖਿਆ, ਵਿਦਿਅਕ ਪ੍ਰਭਾਵ ਅਤੇ ਜਨਸੰਖਿਆ ਦੇ ਬਹੁਗਿਣਤੀਵਾਦ ਤੋਂ ਪੈਦਾ ਹੁੰਦਾ ਹੈ।

ਲੋਕ-ਕਥਾਵਾਂ ਦੇ ਉਨ੍ਹਾਂ ਰਾਕਸ਼ਾਂ ਦੇ ਉਲਟ ਜੋ ਖੁੱਲ੍ਹ ਕੇ ਹਮਲਾ ਕਰਦੇ ਹਨ, ਆਲੋਚਕ ਇਸ ਆਧੁਨਿਕ ਨੈੱਟਵਰਕ ਨੂੰ ਗੁਪਤ ਅਤੇ ਸਬਰ ਨਾਲ ਕੰਮ ਕਰਦੇ ਹੋਏ ਦੇਖਦੇ ਹਨ। ਨਾਟਕੀ ਹਮਲਿਆਂ ਦੀ ਬਜਾਏ, ਇਹ ਮੰਨਿਆ ਜਾਂਦਾ ਹੈ ਕਿ ਇਹ ਕਾਨੂੰਨ, ਵਿਦਿਅਕ ਪਾਠਕ੍ਰਮ, ਮੀਡੀਆ ਬਿਆਨਾਂ, ਧਾਰਮਿਕ ਮੁਹਿੰਮਾਂ, ਕਾਨੂੰਨੀ ਸੰਸਥਾਵਾਂ, ਆਰਥਿਕ ਪ੍ਰਭਾਵ ਅਤੇ ਡਿਜੀਟਲ ਪਲੇਟਫਾਰਮਾਂ ਵਰਗੇ ਨਿਰੰਤਰ ਸਾਧਨਾਂ ਰਾਹੀਂ ਕੰਮ ਕਰਦਾ ਹੈ। ਇਸ ਨੂੰ ਅਣਥੱਕ ਅਤੇ ਲਗਾਤਾਰ ਚੱਲਣ ਵਾਲਾ ਦੱਸਿਆ ਗਿਆ ਹੈ। ਜਦੋਂ ਕਿ ਦੁਨੀਆ ਚੋਣਾਂ ਅਤੇ ਸਿਆਸੀ ਸ਼ਖਸੀਅਤਾਂ 'ਤੇ ਧਿਆਨ ਕੇਂਦਰਿਤ ਕਰਦੀ ਹੈ, ਆਲੋਚਕ ਦਾਅਵਾ ਕਰਦੇ ਹਨ ਕਿ ਇਸਦਾ ਵਿਚਾਰਧਾਰਕ ਕੰਮ ਦਿਨ-ਰਾਤ ਜਾਰੀ ਰਹਿੰਦਾ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੂਪ ਦਿੰਦਾ ਹੈ ਅਤੇ ਰਾਸ਼ਟਰਵਾਦ ਦੀ ਪਰਿਭਾਸ਼ਾ ਨੂੰ ਦੁਬਾਰਾ ਤੈਅ ਕਰਦਾ ਹੈ।

ਇਸ ਲਹਿਰ ਦੇ ਸਮਰਥਕ ਇਸ ਨੂੰ ਬਿਲਕੁਲ ਵੱਖਰੇ ਤਰੀਕੇ ਨਾਲ ਦੇਖਦੇ ਹਨ। ਉਨ੍ਹਾਂ ਲਈ, ਇਹ ਰਾਸ਼ਟਰੀ ਏਕਤਾ, ਸੱਭਿਆਚਾਰਕ ਪੁਨਰ-ਉਥਾਨ ਅਤੇ ਸਭਿਅਤਾ ਦੀ ਬਹਾਲੀ ਦਾ ਇੱਕ ਪ੍ਰੋਜੈਕਟ ਹੈ। ਦੂਜੇ ਪਾਸੇ, ਆਲੋਚਕ ਸ਼ਕਤੀ ਨੂੰ ਕੇਂਦਰਿਤ ਕਰਨ ਅਤੇ ਬਹੁਵਾਦ ਨੂੰ ਘਟਾਉਣ ਦੇ ਇੱਕ ਯੋਜਨਾਬੱਧ ਯਤਨ ਨੂੰ ਦੇਖਦੇ ਹਨ। ਉਹ ਇਸ ਨੂੰ ਇੱਕ ਇਤਿਹਾਸਕ ਤੌਰ 'ਤੇ ਵਿਭਿੰਨ ਗਣਰਾਜ ਨੂੰ ਇੱਕ ਅਜਿਹੇ ਰਾਜ ਵਿੱਚ ਬਦਲਣ ਵਜੋਂ ਦੇਖਦੇ ਹਨ ਜਿੱਥੇ ਘੱਟਗਿਣਤੀਆਂ ਆਪਣੇ ਆਪ ਨੂੰ ਬਰਾਬਰ ਦੇ ਹਿੱਸੇਦਾਰ ਨਹੀਂ, ਬਲਕਿ ਮਹਿਮਾਨਾਂ ਵਾਂਗ ਮਹਿਸੂਸ ਕਰਦੀਆਂ ਹਨ।

ਭਾਰਤ ਦੇ ਸਾਹਮਣੇ ਕੇਂਦਰੀ ਸਵਾਲ ਇਹ ਹੈ ਕਿ ਕੀ ਇਸਦਾ ਭਵਿੱਖ ਇੱਕ ਅਜਿਹੇ ਬਹੁਲਵਾਦੀ (pluralistic) ਦ੍ਰਿਸ਼ਟੀਕੋਣ 'ਤੇ ਬਣਾਇਆ ਜਾਵੇਗਾ ਜੋ ਕਈ ਪਛਾਣਾਂ ਅਤੇ ਪ੍ਰੰਪਰਾਵਾਂ ਨੂੰ ਸਮਾਉਂਦਾ ਹੈ, ਜਾਂ ਇੱਕ ਅਜਿਹੇ ਬਹੁਗਿਣਤੀਵਾਦੀ ਦ੍ਰਿਸ਼ਟੀਕੋਣ 'ਤੇ ਜਿਸ ਵਿੱਚ ਵਿਭਿੰਨਤਾ ਦੇ ਇੱਕ ਸਿੰਗਲ, ਪ੍ਰਭਾਵਸ਼ਾਲੀ ਸੱਭਿਆਚਾਰਕ ਢਾਂਚੇ ਵਿੱਚ ਲੀਨ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਉਸ ਸਵਾਲ ਦਾ ਜਵਾਬ ਨਾ ਸਿਰਫ਼ ਭਾਰਤ ਦੀਆਂ ਘੱਟਗਿਣਤੀਆਂ ਅਤੇ ਹਾਸ਼ੀਏ 'ਤੇ ਪਏ ਭਾਈਚਾਰਿਆਂ ਦੇ ਭਵਿੱਖ ਨੂੰ ਤੈਅ ਕਰ ਸਕਦਾ ਹੈ, ਸਗੋਂ ਖੁਦ ਭਾਰਤੀ ਸੰਘ (Indian Union) ਦੀ ਲੰਬੇ ਸਮੇਂ ਦੀ ਸਥਿਰਤਾ ਨੂੰ ਵੀ ਰੂਪ ਦੇ ਸਕਦਾ ਹੈ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



## ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਉਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲ਼ਫਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-5)

**ਮਾਨਵਵਾਦੀ ਸੋਚ ਦੀ ਪ੍ਰਧਾਨਤਾ**

ਪੰਜਾਬ ਵਿਚ ਪਹਿਲਾਂ-ਪਹਿਲ ਹਰ ਕੰਮ ਜਾਤੀਆਂ ਦੇ ਆਧਾਰ 'ਤੇ ਵੰਡਿਆ ਹੋਣ ਕਰਕੇ ਇਨ੍ਹਾਂ ਲੋਕਗੀਤਾਂ ਅਤੇ ਰਸਮਾਂ ਵਿਚ ਜਾਤੀਵਾਦ ਝਲਕਦਾ ਰਿਹਾ ਹੈ। ਪਰ ਅੱਜ ਸਮਾਂ ਬਦਲ ਗਿਆ ਹੈ। ਹੁਣ ਕੰਮ ਜਾਤੀ ਦੇ ਆਧਾਰ 'ਤੇ ਨਹੀਂ, ਯੋਗਤਾ ਦੇ ਆਧਾਰ 'ਤੇ ਹੁੰਦੇ ਹਨ। ਇਹ ਇੱਕ ਉਸਾਰੂ ਅਤੇ ਪੱਖਪਾਤ-ਰਹਿਤ ਸੋਚ ਦਾ ਨਤੀਜਾ ਹੈ। ਹਰ ਖ਼ੁਸ਼ੀ ਦੇ ਅਵਸਰ 'ਤੇ ਸ਼ਹਿਰਾਂ ਅਤੇ ਪਰਦੇਸਾਂ ਵਿਚ ਇਹ ਰਸਮਾਂ 'ਲਾਗੀਆਂ' ਦੀ ਬਜਾਏ ਪਰਿਵਾਰਕ ਮੈਂਬਰ ਹੀ ਨਿਭਾਉਂਦੇ ਹਨ, ਜੋ ਇੱਕ ਬਿਹਤਰ ਮਾਨਵਵਾਦੀ ਸਮਾਜ ਦੀ ਨਿਸ਼ਾਨੀ ਹੈ। ਇਸ ਪੁਸਤਕ ਦਾ ਮੰਤਵ ਕਿਸੇ ਵੀ ਜਾਤੀ ਨੂੰ ਅਪਮਾਨਿਤ ਕਰਨਾ ਨਹੀਂ, ਬਲਕਿ ਉਨ੍ਹਾਂ ਦੇ ਕਿੱਤਿਆਂ ਦੇ ਇਤਿਹਾਸਕ ਸੰਦਰਭ ਨੂੰ ਸਤਿਕਾਰ ਸਹਿਤ ਪੇਸ਼ ਕਰਨਾ ਹੈ। ਇਸ ਦੇ ਨਾਲ ਹੀ, ਮੈਂ ਮਨੁੱਖੀ ਜੀਵਨ ਦੇ ਅੰਤਲੇ ਚਰਨ ਨਾਲ ਸੰਬੰਧਿਤ 'ਵੈਣਾਂ' ਨੂੰ ਇਸ ਪੁਸਤਕ ਵਿਚ ਦਰਜ ਨਾ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਲਈ ਮੈਂ ਪਾਠਕਾਂ ਤੋਂ ਖ਼ਿਮਾ ਦੀ ਜਾਚਕ ਹਾਂ। ਲੋਕਗੀਤਾਂ ਨੂੰ ਮਾਣਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਇਨ੍ਹਾਂ ਦੀਆਂ ਰਚਣਹਾਰੀਆਂ ਜ਼ਿਆਦਾਤਰ ਔਰਤਾਂ ਹੀ ਸਨ। ਮਰਦ-ਪ੍ਰਧਾਨ ਸਮਾਜ ਵਿਚ ਜਿੱਥੇ ਔਰਤ ਨੂੰ ਖੁੱਲ੍ਹ ਕੇ ਸਾਹ ਲੈਣ ਦੀ ਵੀ ਆਜ਼ਾਦੀ ਨਹੀਂ ਸੀ, ਉੱਥੇ ਉਸ ਨੇ ਆਪਣੇ ਮਨ ਦੀਆਂ ਦੱਬੀਆਂ ਭਾਵਨਾਵਾਂ, ਚਾਅ, ਨਿਹੋਰੇ ਅਤੇ ਗ਼ਮੀ ਨੂੰ ਇਨ੍ਹਾਂ ਗੀਤਾਂ ਰਾਹੀਂ ਬੇ-ਝਿਜਕ ਪੇਸ਼ ਕੀਤਾ। ਮੈਂ ਇਸ ਪੁਸਤਕ ਵਿਚ ਅਜਿਹਾ ਕੋਈ ਵੀ ਗੀਤ ਸ਼ਾਮਿਲ ਨਹੀਂ ਕੀਤਾ ਜੋ ਸਭਿਅਕ ਸਮਾਜ ਦੀਆਂ ਸੀਮਾਵਾਂ ਨੂੰ ਪਾਰ ਕਰਦਾ ਹੋਵੇ, ਕਿਉਂਕਿ ਮੈਂ ਇੱਕ ਸਭਿਅਕ ਅਤੇ ਨੈਤਿਕ ਸਮਾਜ ਦੀ ਹਾਮੀ ਭਰਦੀ ਹਾਂ।



**ਭਾਗ ਦੂਜਾ: ਜਨਮ ਵੇਲੇ ਦੇ ਲੋਕਗੀਤ ਅਤੇ ਰਸਮਾਂ**

ਪੰਜਾਬੀ ਸਭਿਆਚਾਰ ਵਿਚ ਜਦੋਂ ਵੀ ਕਿਸੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਜਸ਼ਨ ਮਨਾਏ ਜਾਂਦੇ ਹਨ। 'ਜੱਗ ਵਿਚ ਸੀਰ ਪਈ' ਆਮ ਆਖਿਆ ਜਾਂਦਾ ਹੈ ਅਤੇ ਇਸ ਨੂੰ 'ਵੇਲ ਵਧੀ' ਮੰਨਿਆ ਜਾਂਦਾ ਹੈ। ਘਰ ਵਿਚ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਜਾਂਦਾ ਹੈ। ਪਹਿਲਾਂ-ਪਹਿਲ ਲਾਗੀ ਬੂਹੇ ਤੇ ਅੰਬ ਦੇ ਪੱਤੇ (ਬੰਦਨਵਾਰ) ਬੰਨ੍ਹਣ ਆਉਂਦੇ ਸਨ ਅਤੇ ਨਵ-ਜਨਮੇ ਬੱਚੇ ਲਈ ਲੱਕੜੀ ਦਾ ਗਡੀਰਨਾ ਵਿਹੜੇ ਵਿਚ ਰੱਖਦੇ ਸਨ। ਬਾਜ਼ੀਗਰਨੀਆਂ ਗਿੱਧੇ ਦਾ ਪਿੜ ਬੰਨ੍ਹ ਕੇ ਅਤੇ ਖ਼ੁਸਰੇ ਆਪਣੇ ਨਿਵੇਕਲੇ ਅੰਦਾਜ਼ ਵਿਚ ਮੂੰਹ-ਮੰਗੀ ਵਧਾਈ ਲੈਂਦੇ ਸਨ। ਅਜੋਕੇ ਸਮੇਂ ਵਿਚ ਵੀ ਇਹ ਖ਼ੁਸ਼ੀ ਲੱਡੂ ਵੰਡ ਕੇ ਅਤੇ ਧੀਆਂ-ਭੈਣਾਂ ਨੂੰ ਤੋਹਫ਼ੇ (ਸ਼ਗਨ) ਦੇ ਕੇ ਮਨਾਈ ਜਾਂਦੀ ਹੈ। ਪੁੱਤਰ ਦੇ ਜਨਮ ਵੇਲੇ ਦੇ ਗੀਤਾਂ ਨੂੰ 'ਵਧਾਈਆਂ' ਆਖਿਆ ਜਾਂਦਾ ਹੈ। ਪਰ ਵਧਾਈਆਂ ਤੋਂ ਵੀ ਪਹਿਲਾਂ, ਪੰਜਾਬੀ ਮਾਵਾਂ ਨੇ ਜਿਸ ਨਿਵੇਕਲੀ ਸਨਫ਼ ਨੂੰ ਜਨਮ ਦਿੱਤਾ, ਉਹ ਹੈ—'ਲੋਰੀਆਂ'।

**ਲੋਰੀਆਂ: ਮਾਂ ਦੀ ਮਮਤਾ ਦਾ ਪਹਿਲਾ ਸੰਗੀਤਕ ਪ੍ਰਗਟਾਵਾ**

ਪਹਿਲਾਂ ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀ ਸੀ। ਮਰਦ ਸਾਰਾ ਦਿਨ ਖੇਤਾਂ ਵਿਚ ਕੰਮ ਕਰਦਾ ਸੀ ਅਤੇ ਔਰਤ ਘਰ ਦਾ ਚੁੱਲ੍ਹਾ-ਚੌਂਕਾ ਸਾਂਭਦੀ ਸੀ। ਘਰ ਦੇ ਕੰਮ-ਕਾਰ ਵਿਚ ਰੁੱਝੀ ਮਾਂ ਰੋਂਦੇ ਹੋਏ ਬੱਚੇ ਦੀ ਆਵਾਜ਼ ਸੁਣ ਕੇ ਹੱਥਲਾ ਕੰਮ ਛੱਡ ਦਿੰਦੀ, ਉਸ ਨੂੰ ਗੋਦ ਵਿਚ ਚੁੱਕ ਕੇ, ਮੱਥਾ ਚੁੰਮ ਕੇ ਥਾਪੜਦੀ ਹੋਈ ਲੋਰੀ ਸੁਣਾਉਂਦੀ ਸੀ। ਲੋਰੀ ਦਾ ਉਚਾਰਨ ਅਤੇ ਸੁਰ ਇਲਾਕੇ ਦੀ ਬੋਲੀ ਤੋਂ ਪ੍ਰਭਾਵਿਤ ਹੁੰਦਾ ਸੀ। ਲੋਰੀਆਂ ਵਿਚ ਮਾਂ ਬੱਚੇ ਨੂੰ ਪਰਿਵਾਰ ਦੇ ਹਰ ਰਿਸ਼ਤੇ (ਮਾਮਾ, ਚਾਚਾ, ਦਾਦਾ) ਨਾਲ ਬੜੇ ਪਿਆਰ ਨਾਲ ਜੋੜਦੀ ਸੀ।

'ਲੋਰੀਆਂ ਪੰਜਾਬ ਦੇ ਅਜਿਹੇ ਲੋਕਗੀਤ ਹਨ, ਜਿਹੜੇ ਮਾਂ ਜਾਂ ਭੈਣ ਦੁਆਰਾ ਬੱਚੇ ਨੂੰ ਚੁੱਪ ਕਰਾਉਣ, ਜੀ ਪਰਚਾਉਣ ਤੇ ਸੁਲਾਉਣ ਲਈ ਗਾਏ ਜਾਂਦੇ ਹਨ। ਇਸ ਦਾ ਪੰਘੂੜੇ ਦੇ ਝੂਟਿਆਂ ਨਾਲ ਡੂੰਘਾ ਸੰਬੰਧ ਹੈ।'

**— ਡਾ. ਕਰਨੈਲ ਸਿੰਘ ਥਿੰਦ**

ਮਸ਼ਹੂਰ ਲੇਖਕ ਰਸੂਲ ਹਮਜ਼ਾਤੋਵ ਆਪਣੀ ਮਾਂ ਦੀਆਂ ਲੋਰੀਆਂ ਨੂੰ ਬਖਸ਼ਿਸ਼ਾਂ ਮੰਨਦੇ ਹੋਏ ਲਿਖਦਾ ਹੈ—"ਮਾਂ ਦੀ ਲੋਰੀ ਇੱਕ ਚਸ਼ਮਾ ਹੈ, ਜਿਹੜਾ ਪਿਆਸ ਬੁਝਾਉਂਦਾ ਹੈ। ਇਹ ਉਹ ਝੁੱਲਾ ਹੈ, ਜਿਹੜਾ ਮੈਨੂੰ ਨਿੱਘ ਦਿੰਦਾ ਹੈ। ਲੋਰੀਆਂ ਨਵ-ਜਨਮੇ ਰੋਂਦੇ ਬਾਲ ਨੂੰ ਸਿਰਫ਼ ਸੁਲਾਉਣ ਲਈ ਹੀ ਨਹੀਂ, ਸਗੋਂ ਮਾਂ ਦੀ ਮਮਤਾ ਅਤੇ ਅਸੀਸਾਂ ਨਾਲ ਬਣੀ ਹੋਈ ਮਾਖਿਓਂ-ਮਿੱਠੀ ਚਾਸ਼ਣੀ ਹੁੰਦੀਆਂ ਸਨ। ਅਜੋਕੇ ਸਮਾਜ ਵਿਚ ਕੰਮ-ਕਾਜੀ ਮਾਵਾਂ ਕੋਲ ਹੁਣ ਉਹ ਵਕਤ ਨਹੀਂ ਰਿਹਾ, ਹਾਲਾਂਕਿ ਦਾਦੀਆਂ-ਨਾਨੀਆਂ ਅੱਜ ਵੀ ਇਸ ਪਰੰਪਰਾ ਨੂੰ ਜਿਉਂਦਾ ਰੱਖ ਰਹੀਆਂ ਹਨ। ਪੱਛਮੀ ਦੇਸ਼ਾਂ ਜਾਂ ਅਮਰੀਕਾ ਵਿਚ ਬੱਚੇ ਨੂੰ ਜੰਮਦੇ ਹੀ 'ਕਰਿੱਬ' (Crib) ਵਿਚ ਪਾ ਕੇ ਉਸ ਦੇ ਸੌਣ ਲਈ ਮਧੁਰ ਸੰਗੀਤਕ ਧੁਨਾਂ (Lullaby) ਲਗਾ ਦਿੱਤੀਆਂ ਜਾਂਦੀਆਂ ਹਨ। ਪਰ ਜੋ ਨਿੱਘ ਮਾਂ ਦੀ ਹਿੱਕ ਵਿਚੋਂ ਨਿਕਲਦੀ ਸਵਦੇਸ਼ੀ ਲੋਰੀ ਵਿਚ ਹੈ, ਉਹ ਦੁਨੀਆ ਦੇ ਕਿਸੇ ਹੋਰ ਗੈਜੇਟ ਜਾਂ ਤਕਨੀਕ ਵਿਚ ਨਹੀਂ ਲੱਭ ਸਕਦਾ।

ਇਹ ਲੇਖ ਲੜੀ ਹਰ ਹਫ਼ਤੇ ਪੰਜਾਬੀ ਵਿਰਸੇ ਦੇ ਵੱਖ-ਵੱਖ ਰੰਗਾਂ, ਵਿਆਹ ਦੇ ਗੀਤਾਂ, ਸਿੱਠਣੀਆਂ, ਅਤੇ ਸੁਹਾਗ-ਘੋੜੀਆਂ ਦੇ ਇਤਿਹਾਸਕ ਫਲਸਫ਼ੇ ਨੂੰ ਤੁਹਾਡੇ ਸਾਹਮਣੇ ਪੇਸ਼ ਕਰਦੀ ਰਹੇਗੀ।

(ਚਲਦਾ)

# ਆਓ, ਜਿਊਣਾ ਸਿੱਖੀਏ



ਜਸਵਿੰਦਰ ਪਾਲ ਸ਼ਰਮਾ

'ਸਵਾਲ ਇਹ ਨਹੀਂ ਹੈ ਕਿ ਮੌਤ ਤੋਂ ਬਾਅਦ ਜੀਵਨ ਮੌਜੂਦ ਹੈ ਜਾਂ ਨਹੀਂ। ਅਸਲੀ ਸਵਾਲ ਇਹ ਹੈ ਕਿ ਤੁਸੀਂ ਮੌਤ ਤੋਂ ਪਹਿਲਾਂ ਜਿਊਂਦੇ ਹੋ ਜਾਂ ਨਹੀਂ।' ਇਹ ਲਾਈਨਾਂ ਮਨੁੱਖੀ ਜੀਵਨ ਦੀ ਇੱਕ ਡੂੰਘੀ ਸੱਚਾਈ ਨੂੰ ਬਿਆਨ ਕਰਦੀਆਂ ਹਨ। ਅਕਸਰ ਮਨੁੱਖ ਆਪਣੀ ਪੂਰੀ ਜ਼ਿੰਦਗੀ ਭਵਿੱਖ ਦੀ ਚਿੰਤਾ, ਪਿਛਲੇ ਸਮੇਂ ਦੇ ਪਛਤਾਵਿਆਂ ਅਤੇ ਲੋਕਾਂ ਦੀਆਂ ਉਮੀਦਾਂ ਵਿੱਚ ਗੁਜ਼ਾਰ ਦਿੰਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਅਸਲ ਜੀਵਨ ਤਾਂ ਇਸ ਮੌਜੂਦਾ ਪਲ ਵਿੱਚ ਹੈ। ਜਿਊਣਾ ਸਿਰਫ਼ ਸਾਹ ਲੈਣ ਦਾ ਨਾਮ ਨਹੀਂ, ਸਗੋਂ ਹਰ ਪਲ ਨੂੰ ਮਹਿਸੂਸ ਕਰਨਾ, ਆਪਣੇ ਸੁਪਨਿਆਂ ਨੂੰ ਪੂਰਾ ਕਰਨਾ ਅਤੇ ਖੁਸ਼ੀ ਨਾਲ ਜੀਵਨ ਬਤੀਤ ਕਰਨਾ ਹੀ ਅਸਲ ਜੀਵਨ ਹੈ।

ਅੱਜ ਦਾ ਮਨੁੱਖ ਬਹੁਤ ਰੁੱਝਿਆ ਹੋਇਆ ਹੈ। ਸਵੇਰ ਤੋਂ ਸ਼ਾਮ ਤੱਕ ਦੌੜ-ਭੱਜ, ਪੈਸੇ ਦੀ ਚਿੰਤਾ, ਸਮਾਜ ਵਿੱਚ ਆਪਣੀ ਪਛਾਣ ਬਣਾਉਣ ਦੀ ਹੋੜ, ਇਹ ਸਭ ਕੁਝ ਉਸ ਨੂੰ ਅੰਦਰੋਂ ਖਾਲੀ ਕਰ ਰਿਹਾ ਹੈ। ਬਹੁਤ ਲੋਕਾਂ ਕੋਲ ਵੱਡੇ ਘਰ, ਮਹਿੰਗੀਆਂ ਗੱਡੀਆਂ ਅਤੇ ਬੇਅੰਤ ਸਹੂਲਤਾਂ ਹਨ, ਪਰ ਮਨ ਦੀ ਸ਼ਾਂਤੀ ਨਹੀਂ। ਉਹ ਜੀਵਨ ਬਤੀਤ ਤਾਂ ਕਰ ਰਹੇ ਹਨ, ਪਰ ਜੀਅ ਨਹੀਂ ਰਹੇ। ਉਨ੍ਹਾਂ ਦੀ ਜ਼ਿੰਦਗੀ ਇੱਕ ਮਸ਼ੀਨ ਵਾਂਗ ਬਣ ਗਈ ਹੈ, ਜਿਸ ਵਿੱਚ ਭਾਵਨਾਵਾਂ, ਖੁਸ਼ੀਆਂ ਅਤੇ ਰਿਸ਼ਤਿਆਂ ਦੀ ਗਰਮੀ ਘਟਦੀ ਜਾ ਰਹੀ ਹੈ।

ਅਸਲ ਵਿੱਚ ਜਿਊਣਾ ਉਹ ਹੈ ਜਦੋਂ ਮਨੁੱਖ ਆਪਣੇ ਮਨ ਦੀ ਸੁਣਦਾ ਹੈ। ਜਦੋਂ ਉਹ ਛੋਟੀਆਂ-ਛੋਟੀਆਂ ਖੁਸ਼ੀਆਂ ਵਿੱਚ ਵੀ ਖੁਸ਼ ਰਹਿਣਾ ਸਿੱਖ ਲੈਂਦਾ ਹੈ। ਇੱਕ ਬੱਚੇ ਦੀ ਮੁਸਕਰਾਹਟ, ਮਾਪਿਆਂ ਦਾ ਪਿਆਰ, ਦੋਸਤਾਂ ਨਾਲ ਬਿਤਾਇਆ ਸਮਾਂ, ਕੁਦਰਤ ਦੀ ਖੂਬਸੂਰਤੀ, ਇਹ ਸਭ ਜੀਵਨ ਦੇ ਉਹ ਰੰਗ ਹਨ ਜੋ ਸਾਨੂੰ ਅਸਲ ਜਿਊਣ ਦਾ ਅਹਿਸਾਸ ਕਰਵਾਉਂਦੇ ਹਨ, ਪਰ ਅਫ਼ਸੋਸ, ਅੱਜ ਮਨੁੱਖ ਕੋਲ ਇਹ ਸਭ ਮਹਿਸੂਸ ਕਰਨ ਲਈ ਸਮਾਂ ਹੀ ਨਹੀਂ। ਕਈ ਲੋਕ ਆਪਣੀ ਜ਼ਿੰਦਗੀ 'ਕਦੇ' ਦੇ ਇੰਤਜ਼ਾਰ ਵਿੱਚ ਗੁਜ਼ਾਰ ਦਿੰਦੇ ਹਨ। ਉਹ ਸੋਚਦੇ ਹਨ ਕਿ ਜਦੋਂ ਵਧੀਆ ਨੌਕਰੀ ਮਿਲੇਗੀ, ਫਿਰ ਖੁਸ਼ ਰਹਾਂਗੇ; ਜਦੋਂ ਪੈਸਾ ਹੋਵੇਗਾ, ਫਿਰ ਜੀਵਨ ਦਾ ਆਨੰਦ ਲਵਾਂਗੇ; ਜਦੋਂ ਸਮਾਂ ਮਿਲੇਗਾ, ਫਿਰ ਆਪਣੇ ਮਨ ਦੀਆਂ ਗੱਲਾਂ ਕਰਾਂਗੇ, ਪਰ ਇਹ 'ਕਦੇ' ਕਦੇ ਨਹੀਂ ਆਉਂਦਾ। ਸਮਾਂ ਚੁੱਪਚਾਪ ਲੰਘ ਜਾਂਦਾ ਹੈ ਅਤੇ ਮਨੁੱਖ ਦੇ ਹੱਥਾਂ ਵਿੱਚ ਸਿਰਫ਼ ਪਛਤਾਵੇ ਰਹਿ ਜਾਂਦੇ ਹਨ। ਇਸ ਲਈ ਜੀਵਨ ਨੂੰ ਕੱਲ੍ਹ ਲਈ ਨਹੀਂ ਛੱਡਣਾ ਚਾਹੀਦਾ। ਜੋ ਖੁਸ਼ੀ ਅੱਜ ਮਿਲ ਸਕਦੀ ਹੈ, ਉਸ ਨੂੰ ਅੱਜ ਹੀ ਮਹਿਸੂਸ ਕਰਨਾ ਚਾਹੀਦਾ ਹੈ।

ਮੌਤ ਜੀਵਨ ਦਾ ਅਟੱਲ ਸੱਚ ਹੈ। ਜੋ ਇਸ ਦੁਨੀਆ ਵਿੱਚ ਆਇਆ ਹੈ, ਉਸ ਨੇ ਇੱਕ ਦਿਨ ਜਾਣਾ ਵੀ ਹੈ, ਪਰ ਮਹੱਤਵਪੂਰਨ ਗੱਲ ਇਹ ਨਹੀਂ ਕਿ ਅਸੀਂ ਕਿੰਨਾ ਲੰਮਾ ਜੀਏ, ਸਗੋਂ ਇਹ ਹੈ ਕਿ ਅਸੀਂ ਕਿਵੇਂ ਜੀਏ। ਕੁਝ ਲੋਕ ਛੋਟੀ ਉਮਰ ਵਿੱਚ ਵੀ ਅਜਿਹਾ ਜੀਵਨ ਜੀ ਜਾਂਦੇ ਹਨ ਕਿ ਉਹ ਸਦੀਆਂ ਤੱਕ ਲੋਕਾਂ ਦੇ ਦਿਲਾਂ ਵਿੱਚ ਜਿਊਂਦੇ ਰਹਿੰਦੇ ਹਨ। ਦੂਜੇ ਪਾਸੇ ਕਈ ਲੋਕ ਲੰਮੀ ਉਮਰ ਬਤੀਤ ਕਰਕੇ ਵੀ ਕੋਈ ਅਸਰ ਨਹੀਂ ਛੱਡਦੇ। ਇਸ ਲਈ ਜੀਵਨ ਦੀ ਕਦਰ ਉਸ ਦੀ ਲੰਬਾਈ ਨਾਲ ਨਹੀਂ, ਉਸ ਦੀ ਗਹਿਰਾਈ ਨਾਲ ਹੁੰਦੀ ਹੈ।

ਅੱਜ ਦੀ ਪੀੜ੍ਹੀ ਸੋਸ਼ਲ ਮੀਡੀਆ ਦੀ ਦੁਨੀਆ ਵਿੱਚ ਬਹੁਤ ਖੋ ਗਈ ਹੈ। ਲੋਕ ਆਪਣੀ ਅਸਲੀ ਖੁਸ਼ੀ ਤੋਂ ਵੱਧ ਦਿਖਾਵੇ ਨੂੰ ਮਹੱਤਵ ਦੇ ਰਹੇ ਹਨ। ਹਰ ਕੋਈ ਦੂਜਿਆਂ ਨੂੰ ਪ੍ਰਭਾਵਿਤ ਕਰਨ ਵਿੱਚ ਲੱਗਾ ਹੋਇਆ ਹੈ। ਇਸ ਦੌੜ ਵਿੱਚ ਉਹ ਆਪਣੇ ਆਪ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜਦੋਂ ਮਨੁੱਖ ਆਪਣੇ ਆਪ ਨੂੰ ਸਮਝਣਾ ਛੱਡ ਦਿੰਦਾ ਹੈ, ਤਦ ਉਹ ਜਿਊਣਾ ਵੀ ਛੱਡ ਦਿੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਕੁਝ ਸਮਾਂ ਆਪਣੇ ਲਈ ਵੀ ਕੱਢੀਏ, ਆਪਣੇ ਮਨ ਨਾਲ ਗੱਲਾਂ ਕਰੀਏ ਅਤੇ ਉਹ ਕੰਮ ਕਰੀਏ ਜੋ ਸਾਨੂੰ ਅਸਲ ਖੁਸ਼ੀ ਦਿੰਦੇ ਹਨ।

ਜੀਵਨ ਦਾ ਮਤਲਬ ਸਿਰਫ਼ ਆਪਣੀਆਂ ਖ਼ੁਸ਼ੀਆਂ ਤੱਕ ਸੀਮਤ ਨਹੀਂ। ਦੂਜਿਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਣਾ ਵੀ ਜੀਵਨ ਦਾ ਮਹੱਤਵਪੂਰਨ ਹਿੱਸਾ ਹੈ। ਜਦੋਂ ਅਸੀਂ ਕਿਸੇ ਦੀ ਮਦਦ ਕਰਦੇ ਹਾਂ, ਕਿਸੇ ਦੁਖੀ ਮਨੁੱਖ ਨੂੰ ਹੌਸਲਾ ਦਿੰਦੇ ਹਾਂ ਜਾਂ ਕਿਸੇ ਦੇ ਜੀਵਨ ਵਿੱਚ ਚਾਨਣ ਬਣਦੇ ਹਾਂ, ਤਦ ਅਸੀਂ ਅਸਲ ਮਾਅਨੇ ਵਿੱਚ ਜੀ ਰਹੇ ਹੁੰਦੇ ਹਾਂ। ਮਨੁੱਖਤਾ, ਪਿਆਰ ਅਤੇ ਸਹਿਯੋਗ ਹੀ ਜੀਵਨ ਨੂੰ ਸੁੰਦਰ ਬਣਾਉਂਦੇ ਹਨ।

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਜੀਵਨ ਬਹੁਤ ਕੀਮਤੀ ਹੈ। ਇਹ ਸਿਰਫ਼ ਕੱਟਣ ਲਈ ਨਹੀਂ, ਸਗੋਂ ਖੁੱਲ੍ਹ ਕੇ ਜਿਊਣ ਲਈ ਮਿਲਿਆ ਹੈ। ਮੌਤ ਤੋਂ ਬਾਅਦ ਕੀ ਹੋਵੇਗਾ, ਇਹ ਕਿਸੇ ਨੂੰ ਪਤਾ ਨਹੀਂ, ਪਰ ਮੌਤ ਤੋਂ ਪਹਿਲਾਂ ਦਾ ਹਰ ਪਲ ਸਾਡੇ ਹੱਥ ਵਿੱਚ ਹੈ। ਇਸ ਲਈ ਡਰ, ਚਿੰਤਾ ਅਤੇ ਨਫ਼ਰਤ ਵਿੱਚ ਜੀਵਨ ਗੁਜ਼ਾਰਨ ਦੀ ਬਜਾਏ ਪਿਆਰ, ਖੁਸ਼ੀ ਅਤੇ ਉਮੀਦ ਨਾਲ ਜਿਉਣਾ ਚਾਹੀਦਾ ਹੈ ਕਿਉਂਕਿ ਅਸਲ ਸਫਲਤਾ ਇਹ ਨਹੀਂ ਕਿ ਅਸੀਂ ਕਿੰਨਾ ਕਮਾਇਆ, ਸਗੋਂ ਇਹ ਹੈ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਕਿੰਨਾ ਮਹਿਸੂਸ ਕੀਤਾ।

ਸੁਤੰਤਰਤਾ ਅਤੇ ਜਮਹੂਰੀਅਤ ਦਾ ਧਰਤੀ ਉਪਰ ਪਹਿਲਾ ਮਹਾਂ-ਗ੍ਰੰਥ ਅਮਰੀਕਾ ਦਾ ਸੰਵਿਧਾਨ

ਅੱਜ ਤੋਂ ਠੀਕ ਢਾਈ ਸਦੀਆਂ ਪਹਿਲਾਂ, ਜਦੋਂ ਦੁਨੀਆ ਦੇ ਨਕਸ਼ੇ 'ਤੇ ਤਾਨਾਸ਼ਾਹੀ ਰਾਜਿਆਂ ਅਤੇ ਸਾਮਰਾਜਾਂ ਦਾ ਦਬਦਬਾ ਸੀ, ਉਦੋਂ ਮਨੁੱਖੀ ਇਤਿਹਾਸ ਵਿੱਚ ਇੱਕ ਬੇਮਿਸਾਲ ਤਜ਼ਰਬਾ ਸ਼ੁਰੂ ਹੋਇਆ ਸੀ। ਅਮਰੀਕੀ ਸੰਵਿਧਾਨ ਦੀ 250ਵੀਂ ਵਰ੍ਹੇਗੰਢ ਦੇ ਇਸ ਇਤਿਹਾਸਕ ਪੜਾਅ 'ਤੇ, ਅਸੀਂ ਆਪਣੇ ਪਾਠਕਾਂ ਲਈ ਵਿਸ਼ਵ ਦੇ ਸਭ ਤੋਂ ਪੁਰਾਣੇ ਲਿਖਤੀ ਸੰਵਿਧਾਨ ਦੇ ਮੂਲ ਦਸਤਾਵੇਜ਼ ਨੂੰ ਪੰਜਾਬੀ ਭਾਸ਼ਾ ਵਿੱਚ ਸਰਲ ਅਤੇ ਸਪਸ਼ਟ ਰੂਪ ਵਿੱਚ ਪੇਸ਼ ਕਰ ਰਹੇ ਹਾਂ। ਇਹ ਸਿਰਫ਼ ਇੱਕ ਕਾਨੂੰਨੀ ਕਿਤਾਬ ਨਹੀਂ ਹੈ, ਬਲਕਿ ਇਹ ਦੁਨੀਆ ਭਰ ਵਿੱਚ ਜਮਹੂਰੀਅਤ, ਮਨੁੱਖੀ ਅਧਿਕਾਰਾਂ ਅਤੇ ਕਾਨੂੰਨ ਦੇ ਰਾਜ ਦੀ ਨੀਂਹ ਪੱਥਰ ਹੈ। ਜਦੋਂ 1787 ਵਿੱਚ ਫਿਲਾਡੇਲਫੀਆ ਵਿਖੇ ਅਮਰੀਕਾ ਦੇ ਮੋਢੀਆਂ (Founding Fathers) ਨੇ ਇਸ ਦਸਤਾਵੇਜ਼ ਨੂੰ ਤਿਆਰ ਕੀਤਾ, ਤਾਂ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਇੱਕ ਅਜਿਹੀ ਸਰਕਾਰ ਕਿਵੇਂ ਬਣਾਈ ਜਾਵੇ ਜੋ ਸ਼ਕਤੀਸ਼ਾਲੀ ਵੀ ਹੋਵੇ ਪਰ ਕਦੇ ਤਾਨਾਸ਼ਾਹ ਨਾ ਬਣ ਸਕੇ। ਇਸ ਦਾ ਹੱਲ ਉਨ੍ਹਾਂ ਨੇ ਸ਼ਕਤੀਆਂ ਦੇ ਸੰਤੁਲਨ (Checks and Balances) ਦੇ ਸਿਧਾਂਤ ਵਿੱਚ ਲੱਭਿਆ, ਜਿਸ ਨੂੰ ਸਮਝਣਾ ਹਰੇਕ ਪਾਠਕ ਲਈ ਬਹੁਤ ਦਿਲਚਸਪ ਹੈ: ਸੰਸਦ (Legislative - ਆਰਟੀਕਲ I): ਜਨਤਾ ਦੀ ਆਵਾਜ਼, ਜੋ ਕਾਨੂੰਨ ਬਣਾਉਂਦੀ ਹੈ (ਕਾਂਗਰਸ)। ਕਾਰਜਪਾਲਿਕਾ (Executive - ਆਰਟੀਕਲ II): ਰਾਸ਼ਟਰਪਤੀ, ਜੋ ਕਾਨੂੰਨਾਂ ਨੂੰ ਲਾਗੂ ਕਰਦਾ ਹੈ ਅਤੇ ਦੇਸ਼ ਦੀ ਅਗਵਾਈ ਕਰਦਾ ਹੈ। ਨਿਆਂਪਾਲਿਕਾ (Judiciary): ਅਦਾਲਤਾਂ, ਜੋ ਸੰਵਿਧਾਨ ਦੀ ਰੱਖਿਆ ਕਰਦੀਆਂ ਹਨ ਅਤੇ ਇਨਸਾਫ਼ ਯਕੀਨੀ ਬਣਾਉਂਦੀਆਂ ਹਨ। ਸਾਡੇ ਪੰਜਾਬੀ ਪਾਠਕਾਂ ਦੀ ਸਹੂਲਤ ਲਈ, ਇਸ ਹਫ਼ਤਾਵਾਰੀ ਲੜੀ ਵਿੱਚ ਸਰਲ ਸ਼ਬਦਾਵਲੀ ਦੇ ਨਾਲ-ਨਾਲ ਉਨ੍ਹਾਂ ਇਤਿਹਾਸਕ ਬਦਲਾਵਾਂ (ਸੰਵਿਧਾਨਕ ਸੋਧਾਂ) ਨੂੰ ਵੀ ਫੁੱਟਨੋਟਸ ਰਾਹੀਂ ਸਪਸ਼ਟ ਕੀਤਾ ਗਿਆ ਹੈ, ਜਿਨ੍ਹਾਂ ਨੇ ਸਮੇਂ ਦੇ ਨਾਲ ਇਸ ਦੇਸ਼ ਨੂੰ ਵਧੇਰੇ ਸਮਾਵੇਸ਼ੀ ਅਤੇ ਮਜ਼ਬੂਤ ਬਣਾਇਆ। ਆਓ, ਅਮਰੀਕੀ ਲੋਕਤੰਤਰ ਦੇ ਇਸ ਇਤਿਹਾਸਕ ਸਫ਼ਰ ਅਤੇ ਇਸ ਦੇ ਬੁਨਿਆਦੀ ਢਾਂਚੇ ਨੂੰ ਬਾਰੀਕੀ ਨਾਲ ਸਮਝੀਏ। - ਸਤਨਾਮ ਸਿੰਘ ਖ਼ਾਲਸਾ

# ਆਜ਼ਾਦੀ ਦਾ ਐਲਾਨਨਾਮਾ (The Declaration of Independence)

## ਅਮਰੀਕੀ ਬਸਤੀਆਂ ਦੀ ਦੂਜੀ ਮਹਾਂਦੀਪੀ ਕਾਂਗਰਸ ਦੀ ਕਾਰਵਾਈ - 4 ਜੁਲਾਈ, 1776

## ਅਮਰੀਕਾ ਦੀਆਂ ਤੇਰਾਂ ਸੰਯੁਕਤ ਰਿਆਸਤਾਂ ਵੱਲੋਂ ਸਰਬਸੰਮਤੀ ਨਾਲ ਜਾਰੀ ਕੀਤਾ ਗਿਆ ਇੱਕਮਤ ਇਤਿਹਾਸਕ ਐਲਾਨਨਾਮਾ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਕੋਈ ਵੀ ਸੈਨੇਟਰ ਜਾਂ ਪ੍ਰਤੀਨਿਧ, ਉਸ ਸਮੇਂ ਦੌਰਾਨ ਜਿਸ ਲਈ ਉਹ ਚੁਣਿਆ ਗਿਆ ਸੀ, ਕਿਸੇ ਵੀ ਅਜਿਹੇ ਸਿਵਲ ਅਹੁਦੇ 'ਤੇ ਨਿਯੁਕਤ ਨਹੀਂ ਕੀਤਾ ਜਾਵੇਗਾ ਜੋ ਯੂਨਾਈਟਿਡ ਸਟੇਟਸ ਦੀ ਅਥਾਰਟੀ (ਸੱਤਾ) ਦੇ ਅਧੀਨ ਬਣਾਇਆ ਗਿਆ ਹੋਵੇ, ਜਾਂ ਜਿਸ ਦੇ ਭੱਤੇ/ਲਾਭ (Emoluments) ਉਸ ਸਮੇਂ ਦੌਰਾਨ ਵਧਾਏ ਗਏ ਹੋਣ; ਅਤੇ ਯੂਨਾਈਟਿਡ ਸਟੇਟਸ ਦੇ ਅਧੀਨ ਕੋਈ ਵੀ ਅਹੁਦਾ ਸੰਭਾਲਣ ਵਾਲਾ ਵਿਅਕਤੀ, ਆਪਣੇ ਅਹੁਦੇ 'ਤੇ ਰਹਿਣ ਦੌਰਾਨ ਦੋਵਾਂ ਵਿੱਚੋਂ ਕਿਸੇ ਵੀ ਸਦਨ ਦਾ ਮੈਂਬਰ ਨਹੀਂ ਬਣ ਸਕਦਾ।

ਸੈਕਸ਼ਨ 7. ਮਾਲੀਆ (Revenue/ਟੈਕਸ) ਵਧਾਉਣ ਨਾਲ ਸਬੰਧਤ ਸਾਰੇ ਬਿੱਲ ਪਹਿਲਾਂ ਹਾਊਸ ਆਫ਼ ਰਿਪ੍ਰੈਜ਼ੇਂਟੇਟਿਵਜ਼ ਵਿੱਚ ਪੇਸ਼ ਕੀਤੇ ਜਾਣਗੇ; ਪਰ ਸੈਨੇਟ ਦੂਜੇ ਬਿੱਲਾਂ ਵਾਂਗ ਇਹਨਾਂ ਵਿੱਚ ਵੀ ਸੋਧਾਂ (Amendments) ਦੀ ਤਜਵੀਜ਼ ਰੱਖ ਸਕਦੀ ਹੈ ਜਾਂ ਉਹਨਾਂ ਨਾਲ ਸਹਿਮਤ ਹੋ ਸਕਦੀ ਹੈ।

ਹਰੇਕ ਬਿੱਲ ਜੋ ਹਾਊਸ ਆਫ਼ ਰਿਪ੍ਰੈਜ਼ੇਂਟੇਟਿਵਜ਼ ਅਤੇ ਸੈਨੇਟ ਦੁਆਰਾ ਪਾਸ ਕੀਤਾ ਗਿਆ ਹੋਵੇ, ਕਾਨੂੰਨ ਬਣਨ ਤੋਂ ਪਹਿਲਾਂ, ਯੂਨਾਈਟਿਡ ਸਟੇਟਸ ਦੇ ਰਾਸ਼ਟਰਪਤੀ ਕੋਲ ਪੇਸ਼ ਕੀਤਾ ਜਾਵੇਗਾ; ਜੇਕਰ ਉਹ ਇਸਨੂੰ ਮਨਜ਼ੂਰ ਕਰਦਾ ਹੈ, ਤਾਂ ਉਹ ਇਸ 'ਤੇ ਦਸਤਖਤ ਕਰੇਗਾ, ਪਰ ਜੇਕਰ ਨਹੀਂ, ਤਾਂ ਉਹ ਇਸਨੂੰ ਆਪਣੇ ਇਤਰਾਜ਼ਾਂ (Objections) ਸਮੇਤ ਉਸ ਸਦਨ ਨੂੰ ਵਾਪਸ ਭੇਜ ਦੇਵੇਗਾ ਜਿੱਥੋਂ ਇਹ ਸ਼ੁਰੂ ਹੋਇਆ ਸੀ, ਜੋ ਆਪਣੇ ਰੋਜ਼ਨਾਮਚੇ (Journal) ਵਿੱਚ ਉਹਨਾਂ ਇਤਰਾਜ਼ਾਂ ਨੂੰ ਵਿਸਥਾਰ ਨਾਲ ਦਰਜ ਕਰੇਗਾ, ਅਤੇ ਇਸ 'ਤੇ ਦੁਬਾਰਾ ਵਿਚਾਰ (Reconsider) ਕਰਨ ਲਈ ਅੱਗੇ ਵਧੇਗਾ। ਜੇਕਰ ਅਜਿਹੀ ਪੁਨਰ-ਵਿਚਾਰ ਤੋਂ ਬਾਅਦ ਉਸ ਸਦਨ ਦੇ ਦੋ-ਤਿਹਾਈ (two thirds) ਮੈਂਬਰ ਬਿੱਲ ਨੂੰ ਪਾਸ ਕਰਨ ਲਈ ਸਹਿਮਤ ਹੋ ਜਾਂਦੇ ਹਨ, ਤਾਂ ਇਸਨੂੰ ਇਤਰਾਜ਼ਾਂ ਦੇ ਨਾਲ ਦੂਜੇ ਸਦਨ ਵਿੱਚ ਭੇਜਿਆ ਜਾਵੇਗਾ, ਜਿਸ ਦੁਆਰਾ ਇਸ 'ਤੇ ਵੀ ਇਸੇ ਤਰ੍ਹਾਂ ਦੁਬਾਰਾ ਵਿਚਾਰ ਕੀਤਾ ਜਾਵੇਗਾ ਅਤੇ ਜੇਕਰ ਉਸ ਸਦਨ ਦੇ ਦੋ-ਤਿਹਾਈ ਮੈਂਬਰਾਂ ਦੁਆਰਾ ਮਨਜ਼ੂਰ ਕਰ ਦਿੱਤਾ ਜਾਂਦਾ ਹੈ, ਤਾਂ ਇਹ ਕਾਨੂੰਨ ਬਣ ਜਾਵੇਗਾ।




AI ਦੁਆਰਾ ਤਿਆਰ ਕੀਤੀ ਗਈ ਇੱਕ ਕਾਲਪਨਿਕ ਤਸਵੀਰ, ਜੋ 1787 ਵਿੱਚ ਅਮਰੀਕੀ ਸੰਵਿਧਾਨ ਲਿਖੇ ਜਾਣ ਦੇ ਇਤਿਹਾਸਕ ਪਲ ਨੂੰ ਦਰਸਾਉਂਦੀ ਹੈ।

ਪਰ ਅਜਿਹੇ ਸਾਰੇ ਮਾਮਲਿਆਂ ਵਿੱਚ ਦੋਵਾਂ ਸਦਨਾਂ ਦੀਆਂ ਵੋਟਾਂ ਦਾ ਫੈਸਲਾ 'ਹਾਂ' (Yeas) ਅਤੇ 'ਨਾਂ' (Nays) ਦੁਆਰਾ ਕੀਤਾ ਜਾਵੇਗਾ ਅਤੇ ਬਿੱਲ ਦੇ ਪੱਖ ਅਤੇ ਵਿਰੋਧ ਵਿੱਚ ਵੋਟ ਪਾਉਣ ਵਾਲੇ ਵਿਅਕਤੀਆਂ ਦੇ ਨਾਮ ਕ੍ਰਮਵਾਰ ਹਰੇਕ ਸਦਨ ਦੇ ਰੋਜ਼ਨਾਮਚੇ ਵਿੱਚ ਦਰਜ ਕੀਤੇ ਜਾਣਗੇ। ਜੇਕਰ ਕੋਈ ਬਿੱਲ ਰਾਸ਼ਟਰਪਤੀ ਦੁਆਰਾ ਉਸਨੂੰ ਪੇਸ਼ ਕੀਤੇ ਜਾਣ ਤੋਂ ਬਾਅਦ ਦਸ ਦਿਨਾਂ ਦੇ ਅੰਦਰ (ਐਤਵਾਰਾਂ ਨੂੰ ਛੱਡ ਕੇ) ਵਾਪਸ ਨਹੀਂ ਕੀਤਾ ਜਾਂਦਾ ਹੈ, ਤਾਂ ਉਹ ਬਿੱਲ ਉਸੇ ਤਰ੍ਹਾਂ ਕਾਨੂੰਨ ਬਣ ਜਾਵੇਗਾ ਜਿਵੇਂ ਕਿ ਉਸਨੇ ਇਸ 'ਤੇ ਦਸਤਖਤ ਕੀਤੇ ਹੋਣ, ਜਦੋਂ ਤੱਕ ਕਿ ਕਾਂਗਰਸ ਆਪਣੀ ਕਾਰਵਾਈ ਮੁਲਤਵੀ (Adjournment) ਕਰਕੇ ਇਸਦੀ ਵਾਪਸੀ ਨੂੰ ਰੋਕ ਨਾ ਦੇਵੇ, ਜਿਸ ਸੂਰਤ ਵਿੱਚ ਇਹ ਕਾਨੂੰਨ ਨਹੀਂ ਬਣੇਗਾ (ਇਸ ਨੂੰ ਪਾਕੇਟ ਵੀਟੋ / Pocket Veto ਕਿਹਾ ਜਾਂਦਾ ਹੈ)।

ਹਰੇਕ ਆਦੇਸ਼ (Order), ਮਤਾ (Resolution), ਜਾਂ ਵੋਟ ਜਿਸ ਲਈ ਸੈਨੇਟ ਅਤੇ ਹਾਊਸ ਆਫ਼ ਰਿਪ੍ਰੈਜ਼ੇਂਟੇਟਿਵਜ਼ ਦੀ ਸਹਿਮਤੀ ਜ਼ਰੂਰੀ ਹੋਵੇ (ਸਿਵਾਏ ਕਾਰਵਾਈ ਮੁਲਤਵੀ ਕਰਨ ਦੇ ਪ੍ਰਸ਼ਨ ਦੇ) ਯੂਨਾਈਟਿਡ ਸਟੇਟਸ ਦੇ ਰਾਸ਼ਟਰਪਤੀ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ; ਅਤੇ ਇਸਦੇ ਲਾਗੂ ਹੋਣ ਤੋਂ ਪਹਿਲਾਂ, ਉਸ ਦੁਆਰਾ ਮਨਜ਼ੂਰ ਕੀਤਾ ਜਾਵੇਗਾ, ਜਾਂ ਉਸ ਦੁਆਰਾ ਨਾਮਨਜ਼ੂਰ (Disapproved) ਹੋਣ ਦੀ ਸੂਰਤ ਵਿੱਚ, ਸੈਨੇਟ ਅਤੇ ਹਾਊਸ ਆਫ਼ ਰਿਪ੍ਰੈਜ਼ੇਂਟੇਟਿਵਜ਼ ਦੇ ਦੋ-ਤਿਹਾਈ ਮੈਂਬਰਾਂ ਦੁਆਰਾ, ਇੱਕ ਬਿੱਲ ਦੇ ਮਾਮਲੇ ਵਿੱਚ ਨਿਰਧਾਰਤ ਕੀਤੇ ਨਿਯਮਾਂ ਅਤੇ ਸੀਮਾਵਾਂ ਦੇ ਅਨੁਸਾਰ ਦੁਬਾਰਾ ਪਾਸ ਕੀਤਾ ਜਾਵੇਗਾ।

ਸੈਕਸ਼ਨ 8. ਕਾਂਗਰਸ ਕੋਲ ਟੈਕਸ (Taxes), ਮਹਿਸੂਲ (Duties), ਆਯਾਤ ਕਰ (Imposts) ਅਤੇ ਚੁੰਗੀ (Excises) ਲਗਾਉਣ ਅਤੇ ਇਕੱਠਾ ਕਰਨ ਦੀ ਸ਼ਕਤੀ ਹੋਵੇਗੀ, ਤਾਂ ਜੋ ਕਰਜ਼ਿਆਂ ਦਾ ਭੁਗਤਾਨ ਕੀਤਾ ਜਾ ਸਕੇ ਅਤੇ ਯੂਨਾਈਟਿਡ ਸਟੇਟਸ ਦੀ ਸਾਂਝੀ ਸੁਰੱਖਿਆ ਅਤੇ ਆਮ ਲੋਕ-ਭਲਾਈ ਦਾ ਪ੍ਰਬੰਧ ਕੀਤਾ ਜਾ ਸਕੇ; ਪਰ ਸਾਰੇ ਮਹਿਸੂਲ, ਆਯਾਤ ਕਰ ਅਤੇ ਚੁੰਗੀਆਂ ਪੂਰੇ ਯੂਨਾਈਟਿਡ ਸਟੇਟਸ ਵਿੱਚ ਇੱਕ ਸਮਾਨ (Uniform) ਹੋਣਗੀਆਂ;

- ਯੂਨਾਈਟਿਡ ਸਟੇਟਸ ਦੇ ਕਰੈਡਿਟ (ਸਾਖ) 'ਤੇ ਪੈਸਾ ਉਧਾਰ ਲੈਣ ਦੀ;
- ਵਿਦੇਸ਼ੀ ਕੌਮਾਂ ਨਾਲ, ਵੱਖ-ਵੱਖ ਰਾਜਾਂ ਵਿਚਕਾਰ, ਅਤੇ ਭਾਰਤੀ ਕਬੀਲਿਆਂ (ਮੂਲ ਅਮਰੀਕੀ ਕਬੀਲਿਆਂ / Indian tribes) ਨਾਲ ਵਪਾਰ (Commerce) ਨੂੰ ਨਿਯਮਤ ਕਰਨ ਦੀ;
- ਪੂਰੇ ਯੂਨਾਈਟਿਡ ਸਟੇਟਸ ਵਿੱਚ ਨਾਗਰਿਕਤਾ (Naturalization) ਦਾ ਇੱਕ ਸਮਾਨ ਨਿਯਮ, ਅਤੇ ਦਿਵਾਲੀਆਪਨ (Bankruptcies) ਦੇ ਵਿਸ਼ੇ 'ਤੇ ਇੱਕ ਸਮਾਨ ਕਾਨੂੰਨ ਸਥਾਪਿਤ ਕਰਨ ਦੀ;
- ਸਿੱਕੇ (Money) ਬਣਾਉਣ, ਉਸਦੇ ਮੁੱਲ ਨੂੰ ਨਿਯਮਤ ਕਰਨ, ਵਿਦੇਸ਼ੀ ਸਿੱਕਿਆਂ ਦੇ ਮੁੱਲ ਨੂੰ ਨਿਯਮਤ ਕਰਨ ਦੀ, ਅਤੇ ਵੱਟਿਆਂ ਅਤੇ ਮਾਪਾਂ (Weights and Measures) ਦੇ ਮਿਆਰ ਨਿਰਧਾਰਤ ਕਰਨ ਦੀ;
- ਯੂਨਾਈਟਿਡ ਸਟੇਟਸ ਦੀਆਂ ਪ੍ਰਤੀਭੂਤੀਆਂ (Securities) ਅਤੇ ਚਲੰਤ ਸਿੱਕਿਆਂ ਦੀ ਨਕਲ (Counterfeiting / ਜਾਲ੍ਹਸਾਜ਼ੀ) ਲਈ ਸਜ਼ਾ ਦਾ ਪ੍ਰਬੰਧ ਕਰਨ ਦੀ;

(ਚਲਦਾ)

ਬੇਦਾਅਵਾ (Disclaimer) 'ਇਹ ਪ੍ਰਕਾਸ਼ਨ ਅਮਰੀਕੀ ਸੰਵਿਧਾਨ ਦਾ ਪੰਜਾਬੀ ਅਨੁਵਾਦ ਕੇਵਲ ਪਾਠਕਾਂ ਦੀ ਸਿੱਖਿਆ ਅਤੇ ਆਮ ਜਾਣਕਾਰੀ ਲਈ ਹੈ। ਅਮਰੀਕੀ ਸੰਵਿਧਾਨ ਦਾ ਅਧਿਕਾਰਤ ਅਤੇ ਕਾਨੂੰਨੀ ਪਾਠ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਹੀ ਮਾਨਤਾ ਪ੍ਰਾਪਤ ਹੈ। ਇਸ ਅਨੁਵਾਦ ਨੂੰ ਕਿਸੇ ਵੀ ਅਦਾਲਤੀ, ਸਰਕਾਰੀ ਜਾਂ ਕਾਨੂੰਨੀ ਕਾਰਵਾਈ ਲਈ ਅਧਿਕਾਰਤ ਦਸਤਾਵੇਜ਼ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ। ਅਸੀਂ ਇਸ ਅਨੁਵਾਦ ਦੀ ਸ਼ੁੱਧਤਾ ਲਈ ਪੂਰੀ ਕੋਸ਼ਿਸ਼ ਕੀਤੀ ਹੈ, ਪਰ ਕਿਸੇ ਵੀ ਤਰ੍ਹਾਂ ਦੀ ਅਣਜਾਣੇ ਵਿੱਚ ਹੋਈ ਤਰੁੱਟੀ (Error) ਲਈ ਪ੍ਰਕਾਸ਼ਕ ਜਾਂ ਅਖ਼ਬਾਰ ਜ਼ਿੰਮੇਵਾਰ ਨਹੀਂ ਹੋਵੇਗਾ। ਕਿਸੇ ਵੀ ਕਾਨੂੰਨੀ ਮਾਮਲੇ ਲਈ ਕਿਰਪਾ ਕਰਕੇ ਅਮਰੀਕੀ ਸੰਵਿਧਾਨ ਦੇ ਅਧਿਕਾਰਤ ਅੰਗਰੇਜ਼ੀ ਦਸਤਾਵੇਜ਼ ਦਾ ਹਵਾਲਾ ਹੀ ਲਓ।

ਇਹ ਪੈਰ-ਟਿੱਪਣੀਆਂ (Footnotes) ਅਮਰੀਕੀ ਇਤਿਹਾਸ ਅਤੇ ਕਾਨੂੰਨ ਦੇ ਬਦਲਦੇ ਸਰੂਪ ਦਾ ਪ੍ਰਤੀਕ ਹਨ। ਸੰਵਿਧਾਨ ਦੇ ਮੂਲ ਪਾਠ (Original Text) ਵਿੱਚ ਜੋ ਨਿਯਮ 1787 ਵਿੱਚ ਲਿਖੇ ਗਏ ਸਨ, ਉਨ੍ਹਾਂ ਵਿੱਚੋਂ ਕਈਆਂ ਨੂੰ ਬਾਅਦ ਵਿੱਚ 'ਸੰਵਿਧਾਨਕ ਸੋਧਾਂ' (Amendments) ਰਾਹੀਂ ਬਦਲ ਦਿੱਤਾ ਗਿਆ ਹੈ। ਜਿੱਥੇ ਵੀ ਕੋਈ ਨੰਬਰ (ਜਿਵੇਂ 1,2,3,4) ਦਿੱਤਾ ਗਿਆ ਹੈ, ਉਹ ਇਹ ਦੱਸਦਾ ਹੈ ਕਿ ਅਜੋਕੇ ਸਮੇਂ ਵਿੱਚ ਉਸ ਨਿਯਮ ਦੀ ਥਾਂ ਨਵੀਂ ਸੋਧ ਦਾ ਕਾਨੂੰਨ ਲਾਗੂ ਹੁੰਦਾ ਹੈ, ਤਾਂ ਜੋ ਪਾਠਕ ਪੁਰਾਣੇ ਅਤੇ ਨਵੇਂ ਕਾਨੂੰਨ ਦੇ ਫਰਕ ਨੂੰ ਆਸਾਨੀ ਨਾਲ ਸਮਝ ਸਕਣ।

**ਪਾਠਕਾਂ ਲਈ ਇੱਕ ਛੋਟੀ ਜਿਹੀ ਗਾਈਡ (Quick Guide for Readers)**

| ਨੰਬਰ | ਸੋਧ (Amendment) | ਮੁੱਖ ਪ੍ਰਭਾਵ ਅਤੇ ਬਦਲਾਅ |
|---|---|---|
| 1. | 14ਵੀਂ ਸੋਧ | ਇਹ ਗੁਲਾਮੀ ਦੀ ਪ੍ਰਥਾ ਦੇ ਖਾਤਮੇ ਅਤੇ ਸਾਰੇ ਨਾਗਰਿਕਾਂ (ਰੰਗ ਜਾਂ ਨਸਲ ਦੇ ਭੇਦਭਾਵ ਤੋਂ ਬਿਨਾਂ) ਦੀ ਬਰਾਬਰ ਗਣਨਾ (Counting) ਨਾਲ ਸਬੰਧਤ ਹੈ। |
| 2,3 | 17ਵੀਂ ਸੋਧ | ਇਸ ਰਾਹੀਂ ਸੈਨੇਟਰਾਂ ਦੀ ਚੋਣ ਸਿੱਧੀ ਜਨਤਾ ਦੁਆਰਾ ਕੀਤੇ ਜਾਣ ਦਾ ਨਿਯਮ ਬਣਿਆ (ਪਹਿਲਾਂ ਰਾਜਾਂ ਦੀਆਂ ਵਿਧਾਨ ਸਭਾਵਾਂ ਚੁਣਦੀਆਂ ਸਨ)। |
| 4. | 20ਵੀਂ ਸੋਧ | ਇਸ ਰਾਹੀਂ ਕਾਂਗਰਸ ਦੀ ਸਾਲਾਨਾ ਬੈਠਕ ਦੀ ਤਰੀਕ ਦਸੰਬਰ ਤੋਂ ਬਦਲ ਕੇ 3 ਜਨਵਰੀ ਕੀਤੀ ਗਈ। |
| 5. | 16ਵੀਂ ਸੋਧ | ਇਸ ਸੋਧ ਨੇ ਕਾਂਗਰਸ ਨੂੰ ਦੇਸ਼ ਦੇ ਨਾਗਰਿਕਾਂ 'ਤੇ ਆਮਦਨ ਕਰ (Income Tax) ਲਗਾਉਣ ਦਾ ਸਿੱਧਾ ਅਧਿਕਾਰ ਦਿੱਤਾ। |

# ਆਜ਼ਾਦ ਮੁਲਕ 'ਚ ਬੰਧੂਆ ਮਜ਼ਦੂਰੀ



ਮੈਸੂਰ ਦੇ ਇੱਕ ਇੱਟਾਂ ਦੇ ਭੱਠੇ ਤੋਂ ਬੱਚਿਆਂ ਸਮੇਤ 28 ਸੋਲੀਗਾ ਆਦਿਵਾਸੀਆਂ ਨੂੰ ਮੁਕਤ ਕਰਵਾਏ ਜਾਣ ਦੀ ਘਟਨਾ ਇਸ ਗੱਲ ਦਾ ਪੱਥਰ 'ਤੇ ਲੀਕ ਵਰਗਾ ਸਬੂਤ ਹੈ ਕਿ ਦੇਸ਼ ਵਿੱਚ ਲਗਪਗ ਪੰਜ ਦਹਾਕੇ ਪਹਿਲਾਂ ਗ਼ੈਰ-ਕਾਨੂੰਨੀ ਐਲਾਨੇ ਜਾਣ ਦੇ ਬਾਵਜੂਦ ਵੀ ਬੰਧੂਆ ਮਜ਼ਦੂਰੀ ਅੱਜ ਵੀ ਇੱਕ ਕੌੜੀ ਸੱਚਾਈ ਬਣੀ ਹੋਈ ਹੈ। ਇਹ ਪਰਿਵਾਰ ਮਾਮੂਲੀ ਪੇਸ਼ਗੀ, ਵਰ੍ ?ਆਂ ਦੀ ਦਿਹਾੜੀ ਅਤੇ ਕਰਜ਼ੇ ਦੇ ਅਜਿਹੇ ਮੱਕੜਜਾਲ ਵਿੱਚ ਫਸੇ ਹੋਏ ਸਨ ਜਿਸ ਨੇ ਉਨ੍ਹਾਂ ਦੀ ਆਜ਼ਾਦੀ ਹੀ ਖੋਹ ਲਈ ਸੀ। ਇਸ ਪੂਰੇ ਘਟਨਾਕ੍ਰਮ ਵਿੱਚ ਸਭ ਤੋਂ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਇਸ ਦਾ ਸ਼ਿਕਾਰ ਇੱਕ ਬੇਹੱਦ ਪਛੜਿਆ ਆਦਿਵਾਸੀ ਭਾਈਚਾਰਾ ਹੋਇਆ ਹੈ। ਗ਼ਰੀਬੀ, ਅਨਪੜ੍ਹਤਾ, ਜ਼ਮੀਨ-ਵਿਹੂਣੇ ਹੋਣਾ ਅਤੇ ਬੈਂਕਾਂ ਵਰਗੀਆਂ ਸਰਕਾਰੀ ਸੰਸਥਾਵਾਂ ਤੋਂ ਕਰਜ਼ਾ ਨਾ ਮਿਲਣਾ ਅਕਸਰ ਅਜਿਹੇ ਲੋਕਾਂ ਨੂੰ ਲੇਬਰ ਠੇਕੇਦਾਰਾਂ ਦੇ ਰਹਿਮੋ-ਕਰਮ 'ਤੇ ਛੱਡ ਦਿੰਦਾ ਹੈ। ਮੁਸ਼ਕਲ ਘੜੀ ਵਿੱਚ ਗੁਜ਼ਾਰਾ ਕਰਨ ਲਈ ਲਿਆ ਗਿਆ ਇੱਕ ਛੋਟਾ ਜਿਹਾ ਕਰਜ਼ਾ ਬਹੁਤ ਜਲਦੀ ਉਨ੍ਹਾਂ ਨੂੰ ਜ਼ਬਰਦਸਤੀ ਗ਼ੁਲਾਮ ਬਣਾਉਣ ਦਾ ਹਥਿਆਰ ਬਣ ਜਾਂਦਾ ਹੈ।

ਮੈਸੂਰ ਦਾ ਇਹ ਮਾਮਲਾ ਕੋਈ ਇਕੱਲੀ ਘਟਨਾ ਨਹੀਂ ਹੈ। ਪਿਛਲੇ ਕੁਝ ਮਹੀਨਿਆਂ ਵਿੱਚ ਉੱਤਰ ਪ੍ਰਦੇਸ਼, ਤਾਮਿਲਨਾਡੂ ਤੇ ਹੋਰਨਾਂ ਸੂਬਿਆਂ ਤੋਂ ਵੀ ਅਜਿਹੇ ਹੀ ਲੋਕਾਂ ਨੂੰ ਮੁਕਤ ਕਰਵਾਏ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਇੱਟਾਂ ਦੇ ਭੱਠੇ, ਉਸਾਰੀ ਅਧੀਨ ਇਮਾਰਤਾਂ ਅਤੇ ਛੋਟੀਆਂ ਫੈਕਟਰੀਆਂ ਅਕਸਰ ਗੈਰ-ਕਾਨੂੰਨੀ ਲੇਬਰ ਪ੍ਰਬੰਧਾਂ ਦੇ ਸਿਰ 'ਤੇ ਚੱਲਦੀਆਂ ਹਨ ਕਿਉਂਕਿ ਇਹ ਕਾਨੂੰਨ ਤੇ ਜਾਂਚ ਦੀ ਹੱਦ ਤੋਂ ਬਾਹਰ ਰਹਿ ਜਾਂਦੀਆਂ ਹਨ। ਅਜਿਹੀਆਂ ਭੈੜੀਆਂ ਰੀਤਾਂ ਦਾ ਲਗਾਤਾਰ ਜਾਰੀ ਰਹਿਣਾ ਇਹ ਸਾਫ਼ ਕਰਦਾ ਹੈ ਕਿ ਕਾਗਜ਼ੀ ਕਾਨੂੰਨਾਂ ਅਤੇ ਜ਼ਮੀਨੀ ਹਕੀਕਤ ਵਿਚਕਾਰ ਇੱਕ ਬਹੁਤ ਵੱਡਾ ਪਾੜਾ ਹੈ। ਭਾਰਤ ਕੋਲ ਬੰਧੂਆ ਮਜ਼ਦੂਰੀ ਦੇ ਖ਼ਾਤਮੇ ਲਈ ਇੱਕ ਮਜ਼ਬੂਤ ਕਾਨੂੰਨੀ ਢਾਂਚਾ ਮੌਜੂਦ ਹੈ। ਪੀੜਤਾਂ ਨੂੰ ਛੁਡਾਉਣ ਲਈ ਚਲਾਈਆਂ ਜਾਣ ਵਾਲੀਆਂ ਮੁਹਿੰਮਾਂ ਬੇਹੱਦ ਜ਼ਰੂਰੀ ਹਨ। ਪਰ ਅਸਲੀ ਅਤੇ ਵੱਡੀ ਚੁਣੌਤੀ ਇਹ ਯਕੀਨੀ ਬਣਾਉਣਾ ਹੈ ਕਿ ਮੁਕਤ ਕਰਵਾਏ ਗਏ ਲੋਕਾਂ ਦਾ ਸਹੀ ਤਰੀਕੇ ਨਾਲ ਮੁੜ-ਵਸੇਬਾ ਹੋਵੇ, ਉਨ੍ਹਾਂ ਨੂੰ ਰੁਜ਼ਗਾਰ ਮਿਲੇ ਅਤੇ ਸਮਾਜਿਕ ਸੁਰੱਖਿਆ ਸਕੀਮਾਂ ਦਾ ਲਾਭ ਮਿਲੇ ਤਾਂ ਜੋ ਅਜਿਹੇ ਪਰਿਵਾਰ ਦੁਬਾਰਾ ਉਸੇ ਨਰਕ ਵਰਗੇ ਹਾਲਾਤ ਵਿੱਚ ਫਸਣ ਲਈ ਮਜਬੂਰ ਨਾ ਹੋਣ। ਇਸ ਦੇ ਨਾਲ ਹੀ ਉਨ੍ਹਾਂ ਧੰਦਿਆਂ 'ਤੇ ਤਿੱਖੀ ਨਜ਼ਰ ਰੱਖਣੀ ਬੇਹੱਦ ਲਾਜ਼ਮੀ ਹੈ ਜਿੱਥੇ ਅਜਿਹਾ ਹੋਣ ਦਾ ਖ਼ਤਰਾ ਸਭ ਤੋਂ ਵੱਧ ਹੁੰਦਾ ਹੈ ਅਤੇ ਕਾਨੂੰਨ ਤੋੜਨ ਵਾਲਿਆਂ ਨੂੰ ਤੁਰੰਤ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਜਦੋਂ ਤੱਕ ਬੰਧੂਆ ਮਜ਼ਦੂਰੀ ਕਰਵਾਉਣ ਵਾਲੇ ਮਾਲਕਾਂ ਨੂੰ ਮਿਸਾਲੀ ਸਜ਼ਾਵਾਂ ਨਹੀਂ ਮਿਲਦੀਆਂ, ਉਦੋਂ ਤੱਕ ਇਹ ਭੈੜਾ ਰਿਵਾਜ ਨਵੇਂ ਰੂਪ 'ਚ ਸਾਹਮਣੇ ਆਉਂਦਾ ਰਹੇਗਾ। ਮੁਕਤ ਕਰਵਾਏ ਮਜ਼ਦੂਰਾਂ ਦੀ ਆਜ਼ਾਦੀ ਸਿਰਫ਼ ਰਿਹਾਈ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਸਬਕਾ ਸਾਥ, ਸਬਕਾ ਵਿਕਾਸ ਤੇ ਵਿਕਸਿਤ ਭਾਰਤ ਦਾ ਸੁਪਨਾ ਦੇਖਣ ਵਾਲੇ ਮੁਲਕ ਵਿੱਚ ਅੱਜ ਵੀ ਬੰਧੂਆ ਮਜ਼ਦੂਰੀ ਦਾ ਹੋਣਾ ਵਿਰੋਧਾਭਾਸ ਵਰਗਾ ਹੈ। ਦੇਸ਼ ਦੇ ਵਿਕਾਸ ਦਾ ਅਸਲੀ ਅੰਦਾਜ਼ਾ ਇਸ ਗੱਲ ਤੋਂ ਲੱਗਣਾ ਚਾਹੀਦਾ ਹੈ ਕਿ ਅਸੀਂ ਆਪਣੇ ਸਭ ਤੋਂ ਕਮਜ਼ੋਰ ਨਾਗਰਿਕਾਂ ਨੂੰ ਲੁੱਟ-ਖਸੁੱਟ ਤੋਂ ਕਿੰਨਾ ਕੁ ਬਚਾਉਂਦੇ ਹਾਂ।

# ਕੈਨੇਡਾ ਦੇ ਸਰੀ ਵਿੱਚ ਗਦਰੀ ਸ਼ਹੀਦਾਂ ਦੀ ਯਾਦ 'ਚ ਇਤਿਹਾਸਕ ਸਮਾਗਮ

## ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਵਲੋਂ 'ਵਿਰਸਾ ਤੇ ਵਰਤਮਾਨ' ਵਿਸ਼ੇ ਤੇ ਵਿਚਾਰ ਗੋਸ਼ਟੀ ਨੂੰ ਭਰਵਾਂ ਹੁੰਗਾਰਾ

ਸਰੀ (ਕੈਨੇਡਾ) : ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਵਲੋਂ ਚਾਰ ਗਦਰੀ ਯੋਧਿਆਂ ਨੂੰ ਯਾਦ ਕਰਨ ਲਈ ਪੰਜਾਬੀਆਂ ਦੀ ਸੰਘਣੀ ਵਸੋਂ ਵਾਲ਼ੇ ਸ਼ਹਿਰ ਸਰੀ ਦੀ ਖਾਲਸਾ ਲਾਇਬ੍ਰੇਰੀ ਵਿੱਚ ਵਿਸ਼ਾਲ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਵੱਡੀ ਗਿਣਤੀ ਪੰਜਾਬੀ ਚਿੰਤਕਾਂ ਨੇ ਭਾਗ ਲਿਆ ਅਤੇ ਵਿਚਾਰ ਗੋਸ਼ਟੀ ਕੀਤੀ।



ਸਮਾਗਮ ਨੂੰ ਸੰਬੋਧਨ ਕਰਦਿਆਂ ਵਿਦਵਾਨ ਲੇਖਕ ਡਾ: ਗੁਰਵਿੰਦਰ ਸਿੰਘ ਧਾਲੀਵਾਲ਼ ਨੇ ਗਦਰ ਲਹਿਰ ਦੇ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ, ਸ਼ਹੀਦ ਭਾਈ ਉੱਤਮ ਸਿੰਘ ਹਾਂਸ, ਸ਼ਹੀਦ ਭਾਈ ਬੀਰ ਸਿੰਘ ਬਾਹੋਵਾਲ਼ ਅਤੇ ਸ਼ਹੀਦ ਭਾਈ ਰੂੜ ਸਿੰਘ ਤਲਵੰਡੀ ਦੋਸਾਂਝ ਦੇ ਜੀਵਨ ਬਾਰੇ ਚਾਨਣਾਂ ਪਾਉਂਦਿਆਂ ਉਨ੍ਹਾਂ ਦੁਆਰਾ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਲਈ ਗਦਰ ਲਹਿਰ ਵਿੱਚ ਚੋਖਾ ਯੋਗਦਾਨ ਪਾਉਂਦਿਆਂ ਆਪਣੀਆਂ ਜਾਨਾਂ ਨਿਸ਼ਾਵਰ ਕਰ ਦੇਣ ਦਾ ਮਾਣਮੱਤਾ ਇਤਿਹਾਸ ਸਾਂਝਾ ਕਰਦਿਆਂ ਦੱਸਿਆ ਕਿ 18 ਜੂਨ ਸੰਨ 1916 ਨੂੰ ਲਾਹੌਰ ਸਾਜਿਸ਼ ਕੇਸ ਵਿੱਚ ਉਕਤ ਚਾਰੇ ਗਦਰੀ ਯੋਧਿਆਂ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਇਤਿਹਾਸਕਾਰ ਸੋਹਣ ਸਿੰਘ ਪੂਨੀ ਦੁਆਰਾ ਇਹਨਾਂ ਗਦਰੀ ਯੋਧਿਆਂ ਨੂੰ ਯਾਦ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਤੋਂ ਬਾਅਦ ਡਾ: ਕੁਲਵੰਤ ਸਿੰਘ ਥਿੰਦ ਤੇ ਭੁਪਿੰਦਰ ਸਿੰਘ ਮੱਲ੍ਹੀ ਨੇ ਕਿਹਾ ਕਿ ਗਦਰੀ ਯੋਧਿਆਂ ਨੇ ਮਨੁੱਖੀ ਹੱਕਾਂ ਦੇ ਨਜਰੀਏ ਤੋਂ ਬਸਤੀਵਾਦ ਅਤੇ ਨਸਲਵਾਦ ਵਿਰੁੱਧ ਜੋਰਦਾਰ ਸੰਘਰਸ਼ ਲੜਿਆ। ਗੁਰਦਵਾਰਾ ਕਮੇਟੀ ਦੇ ਅਹੁਦੇਦਾਰ ਜਗਤਾਰ ਸਿੰਘ ਸੰਧੂ, ਪ੍ਰਿੰਸੀਪਲ ਮਲੂਕ ਚੰਦ ਕਲੇਰ, ਸਮਾਜ ਸੇਵਕ ਬਲਵੀਰ ਸਿੰਘ ਸੰਘਾ, ਕੇਸਰ ਸਿੰਘ ਕੂੰਨਰ, ਡਾ: ਜਸਵਿੰਦਰ ਸਿੰਘ ਦਿਲਾਵਰੀ ਨੇ ਆਪੋ ਆਪਣੇ ਸੰਬੋਧਨ ਵਿੱਚ ਗਦਰੀ ਯੋਧਿਆਂ ਨੂੰ ਯਾਦ ਕਰਦਿਆਂ ਸਿੰਘ ਸਭਾ ਲਹਿਰ ਦੇ ਆਗੂ ਪ੍ਰੋ: ਗਿਆਨੀ ਦਿੱਤ ਸਿੰਘ ਦੁਆਰਾ ਅੰਗਰੇਜ਼ ਸਾਮਰਾਜ ਦੌਰਾਨ ਸਿੱਖੀ ਨੂੰ ਬਚਾਉਣ ਦੀ ਤੜਪ ਲੈ ਕੇ ਜੋ ਸੰਘਰਸ਼ ਲੜਿਆ ਉਸਨੂੰ ਵੀ ਯਾਦ ਕੀਤਾ ਗਿਆ। ਪੰਜਾਬੀ ਪੱਤਰਕਾਰ ਤੇ ਲੇਖਕ ਗੁਰਪ੍ਰੀਤ ਸਿੰਘ ਤਲਵੰਡੀ ਨੇ ਪ੍ਰੋ: ਗਿਆਨੀ ਦਿੱਤ ਸਿੰਘ ਦੇ ਸਮੁੱਚੇ ਜੀਵਨ ਤੇ ਚਰਚਾ ਕਰਦਿਆਂ ਉਨ੍ਹਾਂ ਨੂੰ ਇਨਕਲਾਬੀ ਆਗੂ ਦੱਸਦਿਆਂ ਉਨ੍ਹਾਂ ਦੁਆਰਾ ਪ੍ਰੋ: ਗੁਰਮੁਖ ਸਿੰਘ ਤੇ ਹੋਰਨਾਂ ਸਾਥੀਆਂ ਨਾਲ ਮਿਲ ਕੇ ਪੰਜਾਬੀ ਦਾ ਪਹਿਲਾ 'ਖਾਲਸਾ ਅਖਬਾਰ' ਸ਼ੁਰੂ ਕਰਨ ਅਤੇ ਸਿੱਖਾਂ ਦੀ ਸਿਰਮੌਰ ਸੰਸਥਾ ਖਾਲਸਾ ਕਾਲਜ ਸ਼੍ਰੀ ਅੰਮ੍ਰਿਤਸਰ ਸਾਹਿਬ ਨੂੰ ਸਥਾਪਿਤ ਕਰਨ ਲਈ ਪਾਏ ਯੋਗਦਾਨ ਬਾਰੇ ਵੀ ਵਿਸਥਾਰਪੂਰਵਕ ਚਾਨਣਾਂ ਪਾਇਆ। ਨਾਮਵਰ ਪੱਤਰਕਾਰ ਜੋਗਿੰਦਰ ਸਿੰਘ ਨੇ ਪੰਜਾਬੀ ਮੀਡੀਆ ਵਲੋਂ ਗਦਰੀ ਬਾਬਿਆਂ ਤੇ ਸਿੰਘ ਸਭਾ ਲਹਿਰ ਵਰਗੀਆਂ ਸੁਧਾਰ ਲਹਿਰਾਂ ਨੂੰ ਅਹਿਮੀਅਤ ਦੇਣ ਦੀ ਲੋੜ ਤੇ ਜੋਰ ਦਿੰਦਿਆਂ ਕਿਹਾ ਕਿ ਦੇਸ਼ ਦੀ ਅਜਾਦੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਗਦਰੀ ਬਾਬਿਆਂ ਨਾਲ ਮੌਕੇ ਦੇ ਮੀਡੀਆ ਨੇ ਇਨਸਾਫ ਨਹੀਂ ਕੀਤਾ। ਇਹੀ ਕਾਰਨ ਹੈ ਕਿ ਸਾਡੀਆਂ ਪੀੜੀਆਂ ਇਹਨਾਂ ਯੋਧਿਆਂ ਦੀਆਂ ਕੁਰਬਾਨੀਆਂ ਤੋਂ ਅਨਜਾਣ ਰਹੀ। ਮੈਡਮ ਸ਼ਬਨਮ ਮੱਲ੍ਹੀ ਤੇ ਐਡਵੋਕੇਟ ਕੁਲਵੀਰ ਸਿੰਘ ਵੈਹਣੀਵਾਲ ਨੇ ਵੀ ਸੰਬੋਧਨ ਕਰਦਿਆਂ ਪੰਜਾਬੀ ਲੇਖਕਾਂ ਤੇ ਪੱਤਰਕਾਰਾਂ ਨੂੰ ਧੜੱਲੇ ਨਾਲ ਸੱਚ ਲਿਖਦਿਆਂ ਆਪਣੀ ਕੌਮ ਤੇ ਸ਼ਹੀਦਾਂ ਤੇ ਮਰਜੀਵੜਿਆਂ ਨੂੰ ਯਾਦ ਰੱਖਣ ਦਾ ਹੋਕਾ ਦਿੱਤਾ। ਇਕੱਤਰ ਹੋਈਆਂ ਇਹਨਾਂ ਸਖਸ਼ੀਅਤਾਂ ਨੇ ਹਰ ਸਾਲ 6 ਸਤੰਬਰ ਨੂੰ ਪ੍ਰੋ: ਗਿਆਨੀ ਦਿੱਤ ਸਿੰਘ ਦੀ ਯਾਦ ਵਿੱਚ ਕੈਨੇਡਾ ਦੇ ਵੱਖ ਵੱਖ ਹਿੱਸਿਆਂ ਵਿੱਚ ਵਿਸ਼ਾਲ ਸਮਾਗਮ ਕਰਵਾਉਣ ਦਾ ਵੀ ਐਲਾਨ ਕੀਤਾ। ਸਾਹਿਤ ਸਭਾ ਵਲੋਂ ਕੈਨੇਡਾ ਵਿਚਲੇ ਨੌਜਵਾਨ ਵਰਗ ਨੂੰ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਨਾਲ ਜੁੜ ਕੇ ਸ਼ਹੀਦਾਂ ਤੇ ਹੋਰਨਾਂ ਨਾਮੀਂ ਸਖਸ਼ੀਅਤਾਂ ਦੀ ਸੋਚ ਨੂੰ ਘਰ ਘਰ ਪਹੁੰਚਾਉਣ ਦਾ ਸੱਦਾ ਦਿੱਤਾ।

## ਚੰਡੀਗੜ੍ਹ 'ਚ ਕੈਬ ਚਾਲਕਾਂ ਦਾ ਪ੍ਰਦਰਸ਼ਨ ਜਾਰੀ

# 'ਐਗਰੀਗੇਟਰ ਪਾਲਿਸੀ 2025' ਲਾਗੂ ਕਰਨ ਅਤੇ ਕਿਰਾਏ ਵਧਾਉਣ ਦੀ ਮੰਗ; ਰਾਜਾ ਵੜਿੰਗ ਨੇ ਦਿੱਤਾ ਸਮਰਥਨ

ਚੰਡੀਗੜ੍ਹ: ਰਾਜਧਾਨੀ ਚੰਡੀਗੜ੍ਹ ਵਿੱਚ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਕੈਬ ਚਾਲਕਾਂ (Cab Drivers) ਵੱਲੋਂ ਵਿੱਢਿਆ ਗਿਆ ਰੋਸ ਪ੍ਰਦਰਸ਼ਨ ਨਿਰੰਤਰ ਜਾਰੀ ਹੈ। ਓਲਾ, ਉਬੇਰ ਅਤੇ ਹੋਰ ਕੰਪਨੀਆਂ ਨਾਲ ਜੁੜੇ ਸੈਂਕੜੇ ਕੈਬ ਚਾਲਕਾਂ ਨੇ ਪ੍ਰਸ਼ਾਸਨ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਮੰਗ ਕੀਤੀ ਹੈ ਕਿ ਸੂਬੇ ਵਿੱਚ 'ਐਗਰੀਗੇਟਰ ਪਾਲਿਸੀ 2025' (Aggregator Policy 2025) ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕੀਤਾ ਜਾਵੇ ਅਤੇ ਵਧਦੀ ਮਹਿੰਗਾਈ ਦੇ ਮੱਦੇਨਜ਼ਰ ਕੈਬ ਦੇ ਬੇਸਿਕ ਕਿਰਾਏ (Fares) ਵਿੱਚ ਯੋਗ ਵਾਧਾ ਕੀਤਾ ਜਾਵੇ।











**ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਿੱਤਾ ਸਮਰਥਨ** : ਕੈਬ ਚਾਲਕਾਂ ਦੇ ਇਸ ਸੰਘਰਸ਼ ਨੂੰ ਉਸ ਵੇਲੇ ਵੱਡਾ ਸਿਆਸੀ ਬਲ ਮਿਲਿਆ ਜਦੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪ੍ਰਦਰਸ਼ਨ ਵਾਲੀ ਥਾਂ 'ਤੇ ਪਹੁੰਚ ਕੇ ਚਾਲਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਮੰਗਾਂ ਦਾ ਪੂਰਨ ਸਮਰਥਨ ਕੀਤਾ।

ਰਾਜਾ ਵੜਿੰਗ ਨੇ ਆਪਣੇ ਬਿਆਨ (Soundbite) ਵਿੱਚ ਆਖਿਆ:

ਆਰਥਿਕ ਸ਼ੋਸ਼ਣ: ਕੰਪਨੀਆਂ ਵੱਲੋਂ ਲਏ ਜਾ ਰਹੇ ਮੋਟੇ ਕਮਿਸ਼ਨ ਅਤੇ ਪ੍ਰਸ਼ਾਸਨਿਕ ਬੇਰੁਖ਼ੀ ਕਾਰਨ ਅੱਜ ਕੈਬ ਚਾਲਕਾਂ ਦਾ ਗੁਜ਼ਾਰਾ ਕਰਨਾ ਬੇਹੱਦ ਮੁਸ਼ਕਲ ਹੋ ਚੁੱਕਾ ਹੈ।

ਨੀਤੀ ਲਾਗੂ ਕਰਨ ਦੀ ਮੰਗ: ਸਰਕਾਰ ਅਤੇ ਪ੍ਰਸ਼ਾਸਨ ਨੂੰ ਬਿਨਾਂ ਕਿਸੇ ਦੇਰੀ ਦੇ 'ਐਗਰੀਗੇਟਰ ਪਾਲਿਸੀ 2025' ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਚਾਹੀਦਾ ਹੈ, ਤਾਂ ਜੋ ਇਨ੍ਹਾਂ ਮਿਹਨਤਕਸ਼ ਚਾਲਕਾਂ ਦੇ ਹੱਕਾਂ ਦੀ ਰਾਖੀ ਹੋ ਸਕੇ ਅਤੇ ਉਨ੍ਹਾਂ ਨੂੰ ਵਾਜਬ ਕਿਰਾਇਆ ਮਿਲ ਸਕੇ।

**ਕੈਬ ਚਾਲਕਾਂ ਦੀਆਂ ਮੁੱਖ ਮੰਗਾਂ** : ਪ੍ਰਦਰਸ਼ਨਕਾਰੀ ਕੈਬ ਚਾਲਕਾਂ ਮੁਤਾਬਕ, ਜਦੋਂ ਤੱਕ ਪ੍ਰਸ਼ਾਸਨ ਉਨ੍ਹਾਂ ਦੀਆਂ ਹੇਠ ਲਿਖੀਆਂ ਮੰਗਾਂ 'ਤੇ ਲਿਖਤੀ ਭਰੋਸਾ ਨਹੀਂ ਦਿੰਦਾ, ਉਨ੍ਹਾਂ ਦਾ ਇਹ ਅੰਦੋਲਨ ਇਸੇ ਤਰ੍ਹਾਂ ਜਾਰੀ ਰਹੇਗਾ:

1. ਐਗਰੀਗੇਟਰ ਪਾਲਿਸੀ 2025: ਕੰਪਨੀਆਂ ਦੀ ਮਨਮਾਨੀ ਅਤੇ ਕਮਿਸ਼ਨ ਦੀਆਂ ਦਰਾਂ ਨੂੰ ਨਿਰਧਾਰਿਤ ਕਰਨ ਵਾਲੀ ਇਸ ਨਵੀਂ ਨੀਤੀ ਨੂੰ ਤੁਰੰਤ ਲਾਗੂ ਕੀਤਾ ਜਾਵੇ।
2. ਕਿਰਾਏ ਵਿੱਚ ਵਾਧਾ: ਪੈਟਰੋਲ, ਡੀਜ਼ਲ ਅਤੇ ਸੀ.ਐੱਨ.ਜੀ. ਦੀਆਂ ਵਧਦੀਆਂ ਕੀਮਤਾਂ ਦੇ ਅਨੁਪਾਤ ਵਿੱਚ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਸਰਕਾਰੀ ਰੇਟ ਤੈਅ ਕੀਤੇ ਜਾਣ।

ਕੈਬ ਚਾਲਕਾਂ ਦੀ ਇਸ ਹੜਤਾਲ ਅਤੇ ਪ੍ਰਦਰਸ਼ਨ ਕਾਰਨ ਟਰਾਈਸਿਟੀ (ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ) ਵਿੱਚ ਆਮ ਲੋਕਾਂ ਅਤੇ ਦਫ਼ਤਰ ਜਾਣ ਵਾਲੇ ਮੁਸਾਫ਼ਰਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਰਿਸ਼ੀਕੇਸ਼ 'ਚ ਅੰਤਰਰਾਸ਼ਟਰੀ ਯੋਗਾ ਦਿਵਸ

# ਪਤੰਜਲੀ ਯੋਗਪੀਠ ਅਤੇ 'ਵਾਇਸ ਆਫ਼ ਅੰਮ੍ਰਿਤਸਰ' ਵੱਲੋਂ ਲਗਾਏ ਗਏ ਵਿਸ਼ੇਸ਼ ਯੋਗ ਕੈਂਪ; ਸੰਗਤਾਂ ਨੇ ਲਿਆ ਲਾਹਾ









ਰਿਸ਼ੀਕੇਸ਼ (ਉੱਤਰਾਖੰਡ): ਵਿਸ਼ਵ ਭਰ ਵਿੱਚ ਅੰਤਰਰਾਸ਼ਟਰੀ ਯੋਗਾ ਦਿਵਸ ਬੇਹੱਦ ਉਤਸ਼ਾਹ ਨਾਲ ਮਨਾਇਆ ਗਿਆ। ਇਸ ਖ਼ਾਸ ਮੌਕੇ 'ਤੇ ਰਿਸ਼ੀਕੇਸ਼ ਵਿੱਚ ਗੰਗਾ ਨਦੀ ਦੇ ਪਵਿੱਤਰ ਤੱਟ 'ਤੇ ਸਥਿਤ 'ਪਰਮਾਰਥ ਨਿਕੇਤਨ' ਵਿਖੇ ਇੱਕ ਵਿਸ਼ਾਲ ਅਤੇ ਸ਼ਾਨਦਾਰ ਯੋਗ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਾਲ ਦਾ ਇਹ ਵਿਸ਼ਵ ਵਿਆਪੀ ਦਿਹਾੜਾ 'ਯੋਗਾ ਫ਼ਾਰ ਹੈਲਦੀ ਏਜਿੰਗ' (ਸਿਹਤਮੰਦ ਬੁਢਾਪੇ ਲਈ ਯੋਗ) ਦੇ ਵਿਸ਼ੇਸ਼ ਥੀਮ 'ਤੇ ਆਧਾਰਿਤ ਰਿਹਾ, ਜਿਸ ਨੇ ਵਧਦੀ ਉਮਰ ਦੇ ਨਾਲ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਬਣਾਈ ਰੱਖਣ ਦਾ ਮਹੱਤਵਪੂਰਨ ਸੁਨੇਹਾ ਦਿੱਤਾ।

ਵੱਖ-ਵੱਖ ਦੇਸ਼ਾਂ ਦੇ ਰਾਜਦੂਤਾਂ ਅਤੇ ਪ੍ਰਤੀਨਿਧੀਆਂ ਨੇ ਲਿਆ ਹਿੱਸਾ

ਸਾਧਵੀ ਭਗਵਤੀ ਸਰਸਵਤੀ ਦੀ ਮੌਜੂਦਗੀ ਵਿੱਚ ਪਰਮਾਰਥ ਨਿਕੇਤਨ ਦੇ ਇਸ ਪਵਿੱਤਰ ਮਾਹੌਲ ਵਿੱਚ ਯੋਗ ਦੀ ਸਰਵ-ਵਿਆਪਕ ਸਾਂਝ (Universal Union) ਦਾ ਇੱਕ ਅਦਭੁਤ ਨਜ਼ਾਰਾ ਦੇਖਣ ਨੂੰ ਮਿਲਿਆ:

ਗਲੋਬਲ ਹਾਜ਼ਰੀ: ਇਸ ਸਮਾਗਮ ਵਿੱਚ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਅਤੇ ਸੰਸਕ੍ਰਿਤੀਆਂ ਤੋਂ ਆਏ ਰਾਜਦੂਤਾਂ (Ambassadors), ਹਾਈ ਕਮਿਸ਼ਨਰਾਂ ਅਤੇ ਪ੍ਰਮੁੱਖ ਪ੍ਰਤੀਨਿਧੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਸਾਂਝਾ ਯੋਗ ਪ੍ਰੋਟੋਕੋਲ: ਸਾਰਿਆਂ ਨੇ ਇਕੱਠੇ ਮਿਲ ਕੇ 'ਕਾਮਨ ਯੋਗਾ ਪ੍ਰੋਟੋਕੋਲ' (Common Yoga Protocol) ਦਾ ਪਾਲਣ ਕਰਦਿਆਂ ਵੱਖ-ਵੱਖ ਆਸਣਾਂ ਦਾ ਅਭਿਆਸ ਕੀਤਾ।

ਗੰਗਾ ਮੈਡੀਟੇਸ਼ਨ ਅਤੇ ਪ੍ਰਣ: ਯੋਗ ਆਸਣਾਂ ਤੋਂ ਬਾਅਦ ਗੰਗਾ ਨਦੀ ਦੇ ਕਿਨਾਰੇ ਵਿਸ਼ੇਸ਼ ਧਿਆਨ (Ganga Meditation) ਲਗਾਇਆ ਗਿਆ। ਸਮਾਗਮ ਦੇ ਅਖੀਰ ਵਿੱਚ ਸਾਰੇ ਹਾਜ਼ਰੀਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਜ਼ਨ (Vision) ਤੋਂ ਪ੍ਰੇਰਿਤ ਹੋ ਕੇ ਯੋਗ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ ਦਾ ਪਵਿੱਤਰ ਪ੍ਰਣ ਲਿਆ।

ਹਿਮਾਲਿਆ ਦੀ ਸ਼ੁੱਧ ਹਵਾ ਅਤੇ ਗੰਗਾ ਦਾ ਪਾਣੀ: ਸਿਹਤ ਲਈ ਵਰਦਾਨ

ਪਰਮਾਰਥ ਨਿਕੇਤਨ ਦਾ ਇਹ ਕੁਦਰਤੀ ਵਾਤਾਵਰਣ ਯੋਗ ਲਈ ਸਭ ਤੋਂ ਉੱਤਮ ਮੰਨਿਆ ਗਿਆ। ਹਿਮਾਲਿਆ ਦੀ ਸ਼ੁੱਧ ਅਤੇ ਤਾਜ਼ਾ ਹਵਾ ਅਤੇ ਪਵਿੱਤਰ ਗੰਗਾ ਦੇ ਪਾਣੀ ਦੀ ਮੌਜੂਦਗੀ ਨੇ ਇਸ ਅਭਿਆਸ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾ ਦਿੱਤਾ:

ਮਾਨਸਿਕ ਅਤੇ ਸਰੀਰਕ ਲਾਭ: ਮਾਹਰਾਂ ਮੁਤਾਬਕ ਇਹ ਵਾਤਾਵਰਣ ਯੋਗ ਅਤੇ ਪ੍ਰਾਣਾਯਾਮ ਰਾਹੀਂ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਸੁਧਾਰਨ, ਮਾਨਸਿਕ ਤਣਾਅ (Stress) ਨੂੰ ਘੱਟ ਕਰਨ ਅਤੇ 'ਹੈਲਦੀ ਏਜਿੰਗ' ਦੇ ਟੀਚੇ ਨੂੰ ਹਾਸਲ ਕਰਨ ਲਈ ਬੇਹੱਦ ਆਦਰਸ਼ ਹੈ।

ਮੋਦੀ ਦੀ ਸ਼ਲਾਘਾ: ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਗਈ, ਜਿਨ੍ਹਾਂ ਨੇ ਸਿਹਤ, ਲੰਮੀ ਉਮਰ ਅਤੇ ਤੰਦਰੁਸਤੀ 'ਤੇ ਕੇਂਦਰਿਤ ਅਜਿਹੇ ਸ਼ਕਤੀਸ਼ਾਲੀ ਥੀਮ ਨਾਲ ਇਸ ਵਿਸ਼ਵ ਯੋਗਾ ਦਿਵਸ ਦੀ ਅਗਵਾਈ ਕੀਤੀ।

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ

ਰਾਜ ਯੋਗੀ, ਵਿਦਿਆ ਦਾਨੀ, ਸਮਾਜ ਸੁਧਾਰਕ, ਬ੍ਰਹਮਗਿਆਨੀ,
ਸੇਵਾ ਦੇ ਪੁੰਜ, ਸੱਚਖੰਡ ਵਾਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ
ਦੀ ਨਿੱਘੀ ਯਾਦ 'ਚ 76ਵੀਂ ਬਰਸੀ ਮੌਕੇ

# ਮਹਾਨ ਗੁਰਮਤਿ ਸਮਾਗਮ

## ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ

**2356, Walsh Ave, Santa Clara, CA - 95051**

**ਵਿਖੇ ਮਨਾਇਆ ਜਾ ਰਿਹਾ ਹੈ।**



ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿੱਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਲਾਨਾ ਬਰਸੀ ਗੁਰਦੁਆਰਾ ਸਾਹਿਬ, ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।

**ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ**

| | |
|---|---|
| 26 ਜੂਨ, 2026, ਸ਼ੁੱਕਰਵਾਰ ਅਰੰਭ ਸ੍ਰੀ ਅਖੰਡ ਪਾਠ | : ਸਵੇਰੇ 10.30 ਵਜੇ |
| 28 ਜੂਨ, 2026, ਐਤਵਾਰ ਪਾਠ ਸ੍ਰੀ ਸੁਖਮਨੀ ਸਾਹਿਬ | : ਸਵੇਰੇ 8.20 ਵਜੇ ਤੋਂ 10.00 ਵਜੇ ਤੱਕ |
| 28 ਜੂਨ, 2026, ਐਤਵਾਰ ਭੋਗ ਸ੍ਰੀ ਅਖੰਡ ਪਾਠ | : ਸਵੇਰੇ 10.00 ਵਜੇ |

ਉਪਰੰਤ ਪੰਥ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਾਉਣਗੇ ਜਿਨ੍ਹਾਂ ਵਿਚ



ਕਥਾ ਭਾਈ ਦੁਰਲੱਭ ਸਿੰਘ ਜੀ ਦਮਦਮੀ ਟਕਸਾਲ



ਭਾਈ ਦਵਿੰਦਰ ਸਿੰਘ ਜੀ



ਭਾਈ ਗੁਰਜੀਤ ਸਿੰਘ ਜੀ



ਭਾਈ ਹਰਵਿੰਦਰ ਸਿੰਘ ਜੀ



ਭਾਈ ਜੈਤਸਰੂਪ ਸਿੰਘ ਜੀ



ਭਾਈ ਜੀਵਨਜੋਤ ਸਿੰਘ ਜੀ

**ਲੰਗਰਾਂ ਦੀ ਸੇਵਾ :**
**ਡਾ. ਦੀਪਇੰਦਰ ਸਿੰਘ ਲੁਬਾਣਾ**

ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ (building) ਬਹੁਤ ਜਲਦੀ ਬਣ ਰਹੀ ਹੈ ਸੇਵਾ 'ਚ ਮਾਇਆ ਜਮ੍ਹਾਂ ਕਰਵਾਓ ਜੀ।

ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

**ਸਮੂਹ ਸੰਗਤ ਨੂੰ ਸਮੇਤ ਪਰਿਵਾਰ ਹਾਜ਼ਰੀਆਂ ਭਰਨ ਦੀ ਨਿਮਰਤਾ ਸਾਹਿਤ ਬੇਨਤੀ ਹੈ ਜੀ**

**ਬੇਨਤੀ ਕਰਤਾ : ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸਹਿਯੋਗੀ ਸੱਜਣ**

**ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ**

ਸ੍ਰ. ਅਮਰਜੀਤ ਸਿੰਘ ਮੁਲਤਾਨੀ - (408)-497-2888, ਸ੍ਰ. ਗੁਰਦਿਆਲ ਸਿੰਘ ਘੋਤੜਾ - (408)-849-1593, ਸ੍ਰ. ਹਰਜਿੰਦਰ ਸਿੰਘ (408)-498-2860, ਕਾਲਪ੍ਰੋ ਡ੍ਰਾਇਵਿੰਗ ਸਕੂਲ (510)-472-3571, ਸ੍ਰ. ਸ਼ਰਨਦੀਪ ਸਿੰਘ ਘੋਤੜਾ (408)-469-1787, ਸ੍ਰ. ਅਮਨਪ੍ਰੀਤ ਸਿੰਘ ਬਬਲੂ (408)-469-6494, ਸ੍ਰ. ਲਵਪ੍ਰੀਤ ਸਿੰਘ ਸ਼ਾਹ (669)-260-6251, ਸ੍ਰ. ਬਲਕਾਰ ਸਿੰਘ ਬੌਬੀ (408)-595-6281, ਸ੍ਰ. ਮਨਜੀਤ ਸਿੰਘ ਮਿਆਣੀ (510)-328-5580, ਸ੍ਰ. ਹਰਜੀਤ ਸਿੰਘ (707)-334-7514, ਮਨਪ੍ਰੀਤ ਸਿੰਘ ਗਾੜ੍ਹਾ Law Firm (510)-841-4582, ਸ੍ਰ. ਸੁਰਮਿੰਦਰਜੀਤ ਸਿੰਘ (408) 210-5394

# ਰੈਡੀਮੇਟ, ਸ਼ੂ ਸਟੋਰ ਤੇ ਮੋਬਾਇਲ ਦੀਆਂ ਦੁਕਾਨਾਂ 26 ਤੋਂ 28 ਜੂਨ ਤੱਕ ਰਹਿਣਗੀਆਂ ਬੰਦ : ਜਗਦੀਪ ਪਲਟਾ, ਨਵੀਨ ਵਰਮਾ



ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਪ੍ਰਧਾਨ ਜਗਦੀਪ ਪਲਟਾ, ਨਵੀਨ ਵਰਮਾ ਅਤੇ ਹੋਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਬੀ.ਡੀ.ਪੀ.ਓ ਮਾਰਕੀਟ ਟਾਂਡਾ ਉੜਮੁੜ ਦੀਆਂ ਰੈਡੀਮੇਟ, ਛੂਜ ਸਟੋਰ, ਸ਼ਹਿਰ ਦੇ ਮੋਬਾਇਲ ਦੁਕਾਨਦਾਰਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ, ਉਨ੍ਹਾਂ ਦੇ ਬਣਦੇ ਹੱਕ ਉਨ੍ਹਾਂ ਨੂੰ ਦਿਵਾਉਣ ਅਤੇ 26 ਤੋਂ 28 ਜੂਨ ਤੱਕ ਦੁਕਾਨਾਂ ਬੰਦ ਰੱਖਣ ਸਬੰਧੀ ਵਿਚਾਰ ਵਿਟਾਂਦਰਾ ਕਰਨ ਲਈ ਰੈਡੀਮੇਟ ਐਸੋਸੀਏਸ਼ਨ ਦੇ ਪ੍ਰਧਾਨ ਜਗਦੀਪ ਪਲਟਾ ਅਤੇ ਮੋਬਾਇਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਨਵੀਨ ਟੈਲੀਕੋਮ ਦੇ ਐਮ.ਡੀ ਨਵੀਨ ਕੁਮਾਰ ਵਰਮਾ ਦੀ ਅਗਵਾਈ ਵਿੱਚ ਅੱਜ ਟਾਂਡਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਮੂਹ ਐਸੋਸੀਏਸ਼ਨ ਮੈਂਬਰਾਂ ਨੇ ਭਾਗ ਲਿਆ।

ਮੀਟਿੰਗ ’ਚ ਸ਼ਾਮਿਲ ਗੋਰਾ ਵਸਨ, ਅਰਜੁਨ ਵਰਮਾ, ਰਜੀਵ ਪਲਟਾ, ਭਾਟੀਆ, ਪੂਜਨ, ਰਕੇਸ਼ ਕੁਮਾਰ, ਸੰਦੀਪ ਅਰੋੜਾ, ਅਰੋੜਾ ਮੋਬਾਇਲ ਦੇ ਐਮ.ਡੀ ਅਜੇ ਅਰੋੜਾ, ਸਿੰਘ ਮੋਬਾਇਲ ਦੇ ਐਮ.ਡੀ ਕਰਨਵੀਰ ਸਿੰਘ ਅਤੇ ਸੋਬਤੀ ਟੈਲੀਕਾਮ ਦੇ ਐਮ.ਡੀ ਮਹੇਸ਼ ਸੋਬਤੀ ਤੋਂ ਇਲਾਵਾ ਹੋਰ ਐਸੋਸੀਏਸ਼ਨ ਦੇ ਮੈਂਬਰਾਂ ਨੇ ਦਰਪੇਸ਼ ਆ ਰਹੀਆਂ ਔਕੜਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਤੇ ਰੈਡੀਮੇਟ ਗਾਰਮੈਂਟ, ਛੂਜ ਸਟੋਰ ਯੂਨੀਅਨ ਅੱਡਾ ਟਾਂਡਾ ਅਤੇ ਸਮੂਹ ਮੋਬਾਈਲ ਐਸੋਸੀਏਸ਼ਨ ਮੈਂਬਰਾਂ ਨੇ ਸਰਵ ਸੰਮਤੀ ਨਾਲ 26 ਜੂਨ ਤੋਂ 28 ਜੂਨ ਤੱਕ ਆਪਣੀਆਂ ਦੁਕਾਨਾਂ ਬੰਦ ਰੱਖਣ ਦਾ ਪ੍ਰਧਾਨ ਜਗਦੀਪ ਪਲਟਾ ਨੂੰ ਭਰੋਸਾ ਦਿੱਤਾ।

ਇਸ ਮੌਕੇ ’ਤੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਜਗਦੀਪ ਪਲਟਾ ਨੇ ਕਿਹਾ ਕਿ ਰੈਡੀਮੇਟ ਗਾਰਮੈਂਟ ਕੱਪੜੇ ਅਤੇ ਬੂਟਾਂ ਦੀ ਦੁਕਾਨਦਾਰਾਂ ਨੂੰ ਕੋਈ ਗਰੰਟੀ ਨਹੀਂ ਮਿਲ ਰਹੀ ਜਿਸ ਕਾਰਨ ਉਹ ਗ੍ਰਾਹਕ ਨੂੰ ਵੀ ਗਰੰਟੀ ਨਹੀਂ ਦਿੰਦੇ, ਪਰ ਕਈ ਵਾਰ ਕੋਈ ਕੱਪੜਾ ਜਾਂ ਸ਼ੂਜ ਜਲਦੀ ਖਰਾਬ ਹੋ ਜਾਣ ਤੇ ਗ੍ਰਾਹਕ ਦੁਕਾਨਦਾਰ ਨਾਲ ਝਗੜਾ ਕਰਦਾ ਹੈ, ਇਨ੍ਹਾਂ ਝਗੜਿਆਂ ਨੂੰ ਖਤਮ ਕਰਨ ਲਈ ਸਮੂਹ ਐਸੋਸੀਏਸ਼ਨ ਹਰ ਦੁਕਾਨਦਾਰ ਦੇ ਨਾਲ ਖੜਾ ਹੋਵੇਗਾ ਤੇ ਉਸ ਝਗੜੇ ਦਾ ਨਿਪਟਾਰਾ ਕਰਵਾਏਗਾ।

ਮੋਬਾਇਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਨਵੀਨ ਵਰਮਾ ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੋਈ ਵਿਅਕਤੀ ਮੋਬਾਈਲ ਵੇਚਣ ਕਿਸੇ ਮੋਬਾਇਲ ਦੁਕਾਨ ਤੇ ਆਵੇ ਤਾਂ ਉਸ ਪਾਸੋਂ ਉਸਦੀ ਆਧਾਰ ਕਾਰਡ ਦੀ ਕਾਪੀ ਜਰੂਰ ਲਈ ਜਾਵੇ। ਉਨ੍ਹਾਂ ਕਿਹਾ ਕਿ ਹੁਣ ਉਹ ਗ੍ਰਾਹਕ ਆਪਣਾ ਮੋਬਾਈਲ ਵੇਚ ਰਿਹਾ ਹੈ ਜਾਂ ਫਿਰ ਚੋਰੀ ਦਾ ਦੁਕਾਨਦਾਰ ਨੂੰ ਕਿਵੇਂ ਪਤਾ ਚੱਲ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੁਕਾਨਦਾਰ ਵੱਲੋਂ ਖਰੀਦਿਆ ਹੋਇਆ ਮੋਬਾਈਲ ਚੋਰੀ ਦਾ ਹੋਵੇ ਤਾਂ ਪੁਲਿਸ ਆ ਕੇ ਉਹ ਮੋਬਾਇਲ ਫੋਨ ਲੈ ਕੇ ਹੋਰ ਕਈ ਪ੍ਰਕਾਰ ਦੀਆਂ ਪਰੇਸ਼ਾਨੀਆਂ ਪੈਦਾ ਕਰ ਦਿੰਦੀ ਹੈ ਅਤੇ ਅਸਲੀ ਮੁਜਰਮ ਨੂੰ ਨਹੀਂ ਫੜਦੀ।

ਉਨ੍ਹਾਂ ਮਾਨ ਸਰਕਾਰ ਨੂੰ ਪੁਰਜੋਰ ਅਪੀਲ ਕਰਦੇ ਹੋਏ ਕਿਹਾ ਕਿ ਮੋਬਾਇਲ ਦੁਕਾਨਦਾਰਾਂ ਦੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਪੁਲਿਸ ਪ੍ਰਸ਼ਾਸਨ ਨੂੰ ਇਹ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਜਿਹੜੇ ਮੋਬਾਇਲ ਦੁਕਾਨਦਾਰ ਸਰਕਾਰੀ ਹਦਾਇਤਾਂ ਨੂੰ ਪੂਰਾ ਕਰਕੇ ਗ੍ਰਾਹਕ ਪਾਸੋਂ ਖਰੀਦ ਕਰਦੇ ਹਨ ਉਨ੍ਹਾਂ ਦੁਕਾਨਦਾਰਾਂ ਨੂੰ ਪੁਲਿਸ ਪ੍ਰਸ਼ਾਸਨ ਪਰੇਸ਼ਾਨ ਨਾ ਕਰੇ ਅਤੇ ਅਸਲ ਦੋਸ਼ੀ ਖ਼ਿਲਾਫ਼ ਕਾਰਵਾਈ ਕਰੇ।

# ਪਟਿਆਲਾ ’ਚ ਆਸ਼ਾ ਵਰਕਰਾਂ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਸੂਬਾ ਪੱਧਰੀ ਰੋਸ ਪ੍ਰਦਰਸ਼ਨ; ਕਾਲੀਆਂ ਚੁੰਨੀਆਂ ਲੈ ਕੇ ਜਤਾਇਆ ਵਿਰੋਧ



ਪਟਿਆਲਾ : ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹੱਕੀ ਮੰਗਾਂ ਨੂੰ ਲੈ ਕੇ ‘ਆਸ਼ਾ ਵਰਕਰਜ਼ ਐਂਡ ਫੈਸਿਲੀਟੇਟਰਜ਼ ਯੂਨੀਅਨ’ ਵੱਲੋਂ ਸ਼ਨੀਵਾਰ ਨੂੰ ਪਟਿਆਲਾ ਵਿਖੇ ਪੰਜਾਬ ਸਰਕਾਰ ਦੇ ਖ਼ ?ਲਾਫ਼ ਸੂਬਾ ਪੱਧਰੀ ਜ਼ੋਰਦਾਰ ਰੋਸ ਪ੍ਰਦਰਸ਼ਨ ਉਲੀਕਿਆ ਗਿਆ। ਇਸ ਵਿਸ਼ਾਲ ਧਰਨੇ ਦੌਰਾਨ ਸੂਬੇ ਭਰ ਤੋਂ ਇਕੱਠੀਆਂ ਹੋਈਆਂ ਹਜ਼ਾਰਾਂ ਆਸ਼ਾ ਵਰਕਰਾਂ ਨੇ ਸਰਕਾਰ ਦੀਆਂ ਕਥਿਤ ਵਾਅਦਾਖ਼ਿਲਾਫ਼ੀ ਵਾਲੀਆਂ ਨੀਤੀਆਂ ਦੇ ਵਿਰੋਧ ਵਿੱਚ ਜੰਮ ਕੇ ਨਾਅਰੇਬਾਜ਼ੀ ਕੀਤੀ।

ਕਾਲੀਆਂ ਚੁੰਨੀਆਂ ਲੈ ਕੇ ਸੜਕਾਂ ’ਤੇ ਉੱਤਰੀਆਂ ਮਹਿਲਾ ਵਰਕਰਾਂ

ਪ੍ਰਦਰਸ਼ਨ ਦੌਰਾਨ ਆਸ਼ਾ ਵਰਕਰਾਂ ਨੇ ਸਰਕਾਰ ਪ੍ਰਤੀ ਆਪਣਾ ਤਿੱਖਾ ਰੋਸ ਪ੍ਰਗਟ ਕਰਨ ਲਈ ਇੱਕ ਵਿਲੱਖਣ ਤਰੀਕਾ ਅਪਣਾਇਆ:

ਰੋਸ ਦਾ ਪ੍ਰਤੀਕ: ਯੂਨੀਅਨ ਦੀਆਂ ਮੈਂਬਰਾਂ ਨੇ ਵਿਰੋਧ ਦੇ ਪ੍ਰਤੀਕ ਵਜੋਂ ਕਾਲੇ ਰੰਗ ਦੀਆਂ ਚੁੰਨੀਆਂ (Black Dupattas) ਲਈਆਂ ਹੋਈਆਂ ਸਨ।

ਸਰਕਾਰ ਖ਼ਿਲਾਫ਼ ਮੋਰਚਾ: ਮਹਿਲਾ ਵਰਕਰਾਂ ਨੇ ਆਖਿਆ ਕਿ ਸਿਹਤ ਵਿਭਾਗ ਵਿੱਚ ਜ਼ਮੀਨੀ ਪੱਧਰ ’ਤੇ ਦਿਨ-ਰਾਤ ਸੇਵਾਵਾਂ ਨਿਭਾਉਣ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾਂ ਨੂੰ ਬਣਦਾ ਮਾਣ-ਭੱਤਾ ਅਤੇ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਕਾਰਨ ਸਮੂਹ ਵਰਕਰਾਂ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ।

ਯੂਨੀਅਨ ਦੇ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਜਲਦ ਪ੍ਰਵਾਨ ਨਾ ਕੀਤਾ, ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਸੰਘਰਸ਼ ਨੂੰ ਹੋਰ ਤਿੱਖਾ ਅਤੇ ਤੇਜ਼ ਕੀਤਾ ਜਾਵੇਗਾ।

# ਲੋਕ ਸੇਵਾ ਸੋਸਾਇਟੀ ਵੱਲੋਂ ਤਪ ਅਸਥਾਨ ਬਾਬਾ ਸ਼੍ਰੀ ਚੰਦ ਜੀ ਵਿਖੇ ਮੈਡੀਕਲ ਕੈਂਪ 27 ਨੂੰ : ਰਸ਼ਪਾਲ ਚਰੜ, ਰਵੀ ਗਾਂਧੀ




ਰਸ਼ਪਾਲ ਚਰੜ ਤੇ ਰਵੀ ਗਾਂਧੀ ਨੂੰ ਆਸ਼ੀਰਵਾਦ ਦਿੰਦੇ ਬਾਬਾ ਸੁਖਦੇਵ ਸਿੰਘ ਬੇਦੀ ਜੀ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਮਹਿੰਗੇ ਇਲਾਜ ਤੋਂ ਵੰਚਿਤ ਗਰੀਬ ਲਾਚਾਰ ਮਰੀਜ਼ਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਲਈ ਮੁਫਤ ਮੈਡੀਕਲ ਚੈੱਕਅਪ ਕੈਂਪ ਲਗਾ ਕੇ ਇਲਾਕੇ ਭਰ ਵਿੱਚ ਨਾਮਣਾ ਖੱਟ ਰਹੀ ਲੋਕ ਸੇਵਾ ਵੈਲਫੇਅਰ ਸੋਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਅਤੇ ਮਾਂ ਮਾਤੇਸ਼ਵਰੀ ਚਿੰਤਪੁਰਨੀ ਮੰਦਿਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਦੀ ਅਗਵਾਈ ਵਿੱਚ ਤਪ ਅਸਥਾਨ ਬਾਬਾ ਸ਼੍ਰੀ ਚੰਦ ਜੀ ਮਿਆਣੀ ਰੋਡ ਟਾਂਡਾ ਉੜਮੁੜ ਵਿਖੇ 27 ਜੂਨ ਨੂੰ ਇੱਕ ਵਿਸ਼ਾਲ ਮੁਫਤ ਮੈਡੀਕਲ ਅਤੇ ਵਰਲਡ ਕੈਂਸਰ ਕੇਅਰ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਵਿਸ਼ਾਲ ਮੈਗਾ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਸੋਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਨੇ ਕਿਹਾ ਕਿ ਇਹ ਮੈਡੀਕਲ ਚੈੱਕਅਪ ਕੈਂਪ ਬਾਬਾ ਸੁਖਦੇਵ ਸਿੰਘ ਬੇਦੀ ਜੀ 16ਵੀਂ ਸੰਤਾਨ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਸ਼ੀਰਵਾਦ ਅਤੇ ਉਨ੍ਹਾਂ ਦੇ ਭਰਪੂਰ ਸਹਿਯੋਗ ਨਾਲ 27 ਜੂਨ ਨੂੰ ਉਨ੍ਹਾਂ ਦੇ ਤਪ ਅਸਥਾਨ ਬਾਬਾ ਸ਼੍ਰੀ ਚੰਦ ਜੀ ਵਿਖੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰ ਚੈੱਕਅਪ ਕਰਕੇ ਉਨ੍ਹਾਂ ਦਾ ਇਲਾਜ ਕਰਨਗੇ। ਉਨ੍ਹਾਂ ਕਿਹਾ ਕਿ ਦੰਦਾਂ ਦੇ ਡਾਕਟਰ ਦੰਦਾਂ ਦੀ ਸਫਾਈ ਤੋਂ ਇਲਾਵਾ ਲੋੜਵੰਦ ਮਰੀਜ਼ਾਂ ਦੇ ਦੰਦਾਂ ਦੀ ਫੀਲਿੰਗ ਵੀ ਕਰਨਗੇ।

ਠਾਕੁਰ ਰਵੀ ਗਾਂਧੀ ਨੇ ਕਿਹਾ ਕਿ ਕੈਂਪ ਵਿੱਚ ਅੱਖਾਂ ਦੇ ਮਾਹਿਰ ਡਾਕਟਰ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰਕੇ ਲੋੜਵੰਦ ਮਰੀਜ਼ਾਂ ਨੂੰ ਮੁਫਤ ਐਨਕਾਂ ਦੇਣਗੇ। ਉਨ੍ਹਾਂ ਕਿਹਾ ਕਿ ਹੱਡੀਆਂ ਦੇ ਡਾਕਟਰ ਹੱਡੀਆਂ ਦੀ ਜਾਂਚ ਕਰਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦੇਣਗੇ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਡਾਕਟਰੀ ਟੀਮਾਂ ਮਰੀਜ਼ਾਂ ਦਾ ਬੀ.ਪੀ ਅਤੇ ਸ਼ੂਗਰ ਆਦੀ ਟੈਸਟ ਕਰਕੇ ਜਰੂਰਤ ਅਨੁਸਾਰ ਮੁਫਤ ਦਵਾਈਆਂ ਦੇ ਕੇ ਉਨ੍ਹਾਂ ਦਾ ਇਲਾਜ ਕਰਨਗੇ। ਉਨ੍ਹਾਂ ਕਿਹਾ ਕਿ ਮਹਿੰਗੇ ਇਲਾਜ ਤੋਂ ਵੰਚਿਤ ਅਤੇ ਹਸਪਤਾਲ ਤੱਕ ਨਾ ਪਹੁੰਚ ਸਕਣ ਵਾਲੇ ਮਰੀਜ਼ਾਂ ਦਾ ਪੂਰਾ ਇਲਾਜ ਕਰਨ ਲਈ ਇਲਾਕੇ ਦੇ ਵੱਖ-ਵਖ ਪਿੰਡਾਂ ਵਿੱਚ ਮੁਫਤ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਮਰੀਜ਼ ਆਪਣੇ ਘਰ ਦੇ ਨਜ਼ਦੀਕ ਲਗਾਏ ਜਾ ਰਹੇ ਇਨ੍ਹਾਂ ਕੈਂਪਾਂ ਰਾਹੀਂ ਆਪਣਾ ਪੂਰਾ ਇਲਾਜ ਕਰਵਾ ਸਕਣ। ਬਾਬਾ ਸੁਖਦੇਵ ਸਿੰਘ ਬੇਦੀ ਜੀ ਨੇ ਕਿਹਾ ਕਿ ਇਸ ਕੈਂਪ ਦੌਰਾਨ ਮਰੀਜ਼ਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹਈਆ ਕਰਵਾਉਣ ਲਈ ਸੰਗਤਾਂ ਦੇ ਸੇਵਾਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਂ ਜੋ ਮਰੀਜ਼ਾਂ ਨੂੰ ਕਿਸੇ ਵੀ ਪ੍ਰਕਾਰ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਬਾਬਾ ਜੀ ਦਾ ਚਾਹ ਪਾਣੀ ਆਦਿ ਦਾ ਲੰਗਰ ਸਾਰਾ ਦਿਨ ਵਰਤਾਇਆ ਜਾਵੇਗਾ। ਇਸ ਮੌਕੇ ਤੇ ਬਾਬਾ ਬੇਦੀ ਜੀ ਨੇ ਕੈਂਪ ਦੇ ਸੰਚਾਲਕ ਰਸ਼ਪਾਲ ਸਿੰਘ ਚਰੜ ਅਤੇ ਠਾਕੁਰ ਰਵੀ ਗਾਂਧੀ ਨੂੰ ਕੈਂਪ ਦੀ ਕਾਮਯਾਬੀ ਸਬੰਧੀ ਅਸ਼ੀਰਵਾਦ ਦਿੱਤਾ।

# ਸੰਗਤ ਦੀ ਸੇਵਾ ਕਰਨਾ ਸਭ ਤੋਂ ਉੱਤਮ, ਇਸ ਨਾਲ ਹਉਮੈ ਵੀ ਹੁੰਦਾ ਖਤਮ : ਲਵਲੀ ਨੰਦਰਾ, ਸੁਮਿਤ ਗੁਪਤਾ



ਸੰਗਤ ਨੂੰ ਲੰਗਰ ਸੇਵਾ ਨਿਭਾ ਰਹੇ ਲਵਲੀ, ਸੁਮਿਤ ਅਤੇ ਹੋਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਲਵਲੀ ਐਂਡ ਪਾਰਟੀ ਵੱਲੋਂ ਬਾਬਾ ਬੂਟਾ ਭਗਤ ਦੀ ਯਾਦ ਨੂੰ ਸਮਰਪਿਤ ਚੱਲ ਰਹੇ ਤਿੰਨ ਰੋਜ਼ਾ ਜੋੜ ਮੇਲੇ ਵਿੱਚ ਸ਼ਾਮਿਲ ਹੋ ਰਹੀਆਂ ਸੰਗਤਾਂ ਦੇ ਖਾਨ-ਪੀਣ ਦੇ ਲੰਗਰ ਤੋਂ ਇਲਾਵਾ ਠੰਡੇ-ਮਿੱਠੇ ਜਲ ਦੀ ਛਬੀਲ ਅੱਜ ਉੜਮੁੜ ਵਿਖੇ ਲਗਾਈ ਗਈ। ਛਬੀਲ ਤੇ ਲੰਗਰ ਦੇ ਚਾਲੂ ਕਰਨ ਤੋਂ ਪਹਿਲਾਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਬਾਬਾ ਜੀ ਦੇ ਸ਼ਰਧਾਲੂਆਂ ਨੂੰ ਲੰਗਰ ਦਾ ਪ੍ਰਸਾਦ ਦੇਣ ਲਈ ਜਿੱਥੇ ਪਾਰਟੀ ਦੇ ਸਮੂਹ ਮੈਂਬਰ ਬੜੇ ਹੀ ਸਰਗਰਮ ਸਨ ਉੱਥੇ ਉੜਮੁੜ ਦੇ ਇਲਾਕਾ ਨਿਵਾਸੀ ਵੀ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਸਨ। ਇਸ ਮੌਕੇ ਵਿਸ਼ੇਸ਼ ਤੌਰ ’ਤੇ ‘ਇਕ ਹਾਥ ਸੇਵਾ ਕੇ ਨਾਮ’ ਸੋਸਾਇਟੀ ਦੇ ਸਰਪ੍ਰਸਤ ਸੁਮਿਤ ਗੁਪਤਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਲੰਗਰ ਦੀ ਸੇਵਾ ਨਿਭਾਈ।

ਇਸ ਮੌਕੇ ’ਤੇ ਲਵਲੀ ਐਂਡ ਪਾਰਟੀ ਦੇ ਪ੍ਰਧਾਨ ਜਥੇਦਾਰ ਲਵਪ੍ਰੀਤ ਸਿੰਘ ਨੰਦਰਾ ਨੇ ਕਿਹਾ ਕਿ ਧਾਰਮਿਕ ਸਥਾਨਾਂ ਤੇ ਮੱਥਾ ਟੇਕਣ ਜਾ ਰਹੀ ਸੰਗਤ ਦੀ ਸੇਵਾ ਕਰਨ ਨਾਲ ਜਿੱਥੇ ਨੌਜਵਾਨ ਪੀੜੀ ਨੂੰ ਬੁਰੀ ਸੰਗਤ ਤੋਂ ਦੂਰ ਰਹਿਣ ਦੀ ਪ੍ਰੇਰਨਾ ਮਿਲਦੀ ਹੈ ਉੱਥੇ ਵਾਹਿਗੁਰੂ ਦੇ ਚਰਨਾਂ ਵਿੱਚ ਜੁੜਨ ਦੀ ਪ੍ਰੇਰਨਾ ਵੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਹਰ ਧਰਮ ਦੇ ਧਾਰਮਿਕ ਸਥਾਨਾਂ ਤੇ ਲੱਗਣ ਵਾਲੇ ਮੇਲਿਆਂ ਦਾ ਪੂਰਾ ਆਦਰ ਸਤਿਕਾਰ ਕਰਦੀ ਹੈ ਅਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ ਤੇ ਲਗਾਏ ਜਾ ਰਹੇ ਜੋੜ ਮੇਲਿਆਂ ਵਿੱਚ ਸ਼ਾਮਿਲ ਹੋਣ ਵਾਲੇ ਸ਼ਰਧਾਲੂਆਂ ਦੇ ਖਾਨ ਪੀਣ ਦੇ ਲੰਗਰ ਤੋਂ ਇਲਾਵਾ ਠੰਡੇ ਮਿੱਠੇ ਜਲ ਦੀ ਛਬੀਲ ਵੀ ਲਗਾਉਂਦੀ ਹੈ ਤਾਂ ਜੋ ਅੱਤ ਦੀ ਗਰਮੀ ਵਿੱਚ ਜੋੜ ਮੇਲੇ ਚ ਪਹੁੰਚ ਰਹੇ ਸ਼ਰਧਾਲੂਆਂ ਨੂੰ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਪੈ ਰਹੀ ਅੱਤ ਦੀ ਗਰਮੀ ਅਤੇ ਚੱਲ ਰਹੀ ਲੂ ਨੂੰ ਮੁੱਖ ਰੱਖਦੇ ਹੋਏ ਸ਼ਰਧਾਲੂਆਂ ਦੀ ਲੋੜ ਅਨੁਸਾਰ ਇਹ ਲੰਗਰ ਤੇ ਛਬੀਲ ਲਗਾਈ ਜਾਂਦੀ ਹੈ।

ਇਸ ਮੌਕੇ ਤੇ ‘ਇਕ ਹਾਥ ਸੇਵਾ ਕੇ ਨਾਮ’ ਸੋਸਾਇਟੀ ਦੇ ਸਰਪ੍ਰਸਤ ਸੁਮਿਤ ਗੁਪਤਾ ਨੇ ਕਿਹਾ ਕਿ ਸੰਗਤ ਦੀ ਸੇਵਾ ਕਰਨਾ ਸਾਨੂੰ ਸਾਡੀ ਸਭਿਅਤਾ ਸਿਖਾਉਂਦੀ ਹੈ ਅਤੇ ਅਜਿਹਾ ਕਰਨ ਨਾਲ ਜਿੱਥੇ ਇਨਸਾਨ ਦੇ ਅੰਦਰੋਂ ਹਉਮੈ ਦੀ ਭਾਵਨਾ ਦਾ ਖਾਤਮਾ ਹੁੰਦਾ ਹੈ ਉੱਥੇ ਇਨਸਾਨ ਦੇ ਮਨ ਵਿੱਚ ਪ੍ਰਭੂ ਭਗਤੀ ਦੀ ਭਾਵਨਾ ਵੀ ਜਾਗ੍ਰਿਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਆਪਣੀ ਕਿਰਤ ਕਮਾਈ ਦਾ ਕੁਝ ਹਿੱਸਾ ਗਰੀਬਾਂ ਅਤੇ ਬਾਬਾ ਜੀ ਦੇ ਸ਼ਰਧਾਲੂਆਂ ਦੀ ਸੇਵਾ ਵਿੱਚ ਜਰੂਰ ਖਰਚ ਕਰਨਾ ਚਾਹੀਦਾ ਹੈ, ਇਸ ਨਾਲ ਜਿੱਥੇ ਗਰੀਬਾਂ ਦੀਆਂ ਦੁਆਵਾਂ ਮਿਲਦੀਆਂ ਹਨ ਉੱਥੇ ਵਾਹਿਗੁਰੂ ਦੇ ਘਰ ਵਿੱਚ ਚੰਗੇ ਕਰਮਾਂ ਦੀ ਤੁਹਾਡੀ ਹਾਜ਼ਰੀ ਵੀ ਲੱਗ ਜਾਂਦੀ ਹੈ। ਉਨ੍ਹਾਂ ਨੇ ਸੰਗਤ ਨੂੰ ਸਾਰਾ ਦਿਨ ਲੰਗਰ ਛਕਾਉਣ ਦੀ ਸੇਵਾ ਕਰ ਰਹੇ ਪਾਰਟੀ ਦੇ ਸਮੂਹ ਮੈਂਬਰਾਂ ਅਤੇ ਉੜਮੁੜ ਨਿਵਾਸੀਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਅਦਿਤਿਆ ਕਪੂਰ, ਲਵਲੀ ਮਾਲਵਾ, ਸੰਜੀਵ ਕਪੂਰ, ਗੌਰਵ ਕਪੂਰ, ਨਿਤਨ, ਵਰਿੰਦਰ ਮਰਵਾਹਾ, ਹਰਪ੍ਰੀਤ ਕੌਰ, ਕਮਲੇਸ਼ ਕੌਰ, ਗੁਰਬਖਸ਼ ਕੌਰ, ਮਨਮੀਤ ਕੌਰ, ਨਵ ਕਿਰਨ ਕੌਰ, ਭਵਨੂਰ ਕੌਰ, ਸਤਪਾਲ ਸਿੰਘ, ਸੁਰਜੀਤ ਸਿੰਘ, ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ ਅਤੇ ਹਰਵਿੰਦਰ ਦੀਪ ਕੌਰ ਤੋਂ ਇਲਾਵਾ ਹੋਰ ਮੈਂਬਰਾਂ ਨੇ ਲੰਗਰ ਦੀ ਸੇਵਾ ਨਿਭਾਈ।

# ਘਰ ’ਚ ਵੜ ਕੇ ਪਰਿਵਾਰ ਦੀ ਕੁੱਟਮਾਰ ਕਾਰਨ ਅਤੇ ਪੈਟਰੋਲ ਬੰਬ ਸੁੱਟਣ ਦੇ ਦੋਸ਼ ਵਿਚ ਨਾਬਾਲਗ ਸਮੇਤ 5 ਤੇ ਮਾਮਲਾ ਦਰਜ

ਅਮਰਪੁਰਾ : ਪਿਛਲੇ ਦਿਨੀਂ ਅਮਰਪੁਰਾ ਵਸਤੀ ਵਿਚ ਕੁੱਝ ਵਿਅਕਤੀਆਂ ਵਲੋਂ ਘਰ ਵਿਚ ਵੜ ਕੇ ਪਰਿਵਾਰਿਕ ਮੈਂਬਰਾਂ ਦੀ ਕੁੱਟਮਾਰ ਕੀਤੀ ਗਈ ਸੀ ਅਤੇ ਸ਼ੀਸ਼ੀਆਂ ਵਿਚ ਪੈਟਰੋਲ ਪਾ ਕੇ ਸੁੱਟਿਆ ਗਿਆ ਸੀ। ਜਿਸ ਕਾਰਨ ਪਰਿਵਾਰਿਕ ਮੈਂਬਰਾਂ ਨੂੰ ਇਸ ਅੱਗ ਦਾ ਵੀ ਮਾਮੂਲੀ ਸੇਕ ਲੱਗਿਆ ਸੀ। ਇਸ ਨੂੰ ਲੈ ਕੇ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਨੇ ਇਕ ਨਾਬਾਲਗ ਸਮੇਤ 5 ਤੇ ਮਾਮਲਾ ਦਰਜ ਕਰ 4 ਵਿਅਕਤੀਆਂ ਨੂੰ ਗਿਰਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐਸ.ਪੀ. ਅੰਮ੍ਰਿਤਪਾਲ ਸਿੰਘ ਭਾਟੀ ਨੇ ਦੱਸਿਆ ਕਿ ਇਨ੍ਹਾਂ ਦਾ ਇਕ ਨਾਬਾਲਗ ਲੜਕੀ ਨੂੰ ਪਰੇਸ਼ਾਨ ਕਰਨ ਦਾ ਮਾਮਲਾ ਸੀ। ਜਿਸ ਸਬੰਧੀ ਇਹ ਇੱਕ ਦੂਜੇ ਨੂੰ ਲਾਂਬੋ ਲਾਂਬੇ ਵੀ ਹੋਏ ਸਨ। ਇਸੇ ਕਾਰਨ ਹੀ ਇਨ੍ਹਾਂ ਵਿਅਕਤੀਆਂ ਵਲੋਂ ਇਹ ਹਮਲਾ ਕੀਤਾ ਗਿਆ ਸੀ।

# ਬੀਬੀ ਵਲੋਂ ਬੋਲੇ ਬੇਤਾਲੇ ਬੋਲ ਬਨਾਮ ਬੈਂਤ !






ਦੋਸਤੋ ਪੰਜਾਬੀ ਅਖਬਾਰਾਂ ਲਈ ਚਲੰਤ ਮਾਮਲਿਆਂ 'ਤੇ ਕਟਾਖਸ਼ ਕਰਦੇ ਬੈਂਤ ਜਾਂ ਕਬਿੱਤ ਤਾਂ ਮੈਂ ਕਈ ਦਹਾਕਿਆਂ ਤੋਂ ਹੀ ਲਿਖਦਾ ਆ ਰਿਹਾ ਹਾਂ। ਪਰ ਕੁੱਝ ਦਿਨ ਪਹਿਲਾਂ 'ਥਾਲੀ ਦੇ ਬੈਂਗਣ' ਵਾਲਾ ਬੈਂਤ ਜਦੋਂ ਪੰਜਾਬੀ ਅਖਬਾਰਾਂ ਵਿੱਚ ਛਪਿਆ ਤਾਂ ਬਿਅੰਤ ਪਾਠਕਾਂ ਨੇ ਫੋਨ ਕੀਤੇ ਅਤੇ ਵਟਸ-ਐਪ 'ਤੇ ਸ਼ਲਾਘਾ ਭਰੇ ਸੁਨੇਹੇ ਭੇਜੇ! ਪ੍ਰਸਿੱਧ ਇਤਹਾਸਕਾਰ ਡਾਕਟਰ ਗੁਰਦੇਵ ਸਿੰਘ ਸਿੱਧੂ ਜੀ ਨੇ ਮੈਨੂੰ 'ਤਿੱਖਾ ਸੱਚ' ਬੋਲਣ ਲਈ ਸ਼ਾਬਾਸ਼ ਦਿੱਤੀ। ਸਾਡੇ ਨਵਾਂਸ਼ਹਿਰ ਇਲਾਕੇ ਦੇ ਸੁਰੀਲੇ ਰਾਗੀ ਢਾਡੀ ਸੁਖਵੀਰ ਸਿੰਘ ਮੰਗੂਵਾਲ ਨੇ ਇਹ ਬੈਂਤ ਗਾਉਣ ਦੀ ਇਜਾਜ਼ਤ ਮੰਗੀ!

ਮੈਂ ਸੋਚਿਆ ਕਿ ਪਾਠਕਾਂ ਨੂੰ ਇਸ ਬੈਂਤ ਦੇ ਲਿਖਣ ਦਾ ਮੁੱਖ ਕਾਰਨ ਬਣੀ ਛੱਜੂ ਨਾਮੀ ਭਗਤਾਂ ਦੇ ਨਾਵਾਂ ਦੀ ਹੋਈ ਬੇਇਜਤੀ ਬਾਰੇ ਵੀ ਦੱਸ ਹੀ ਦਿਆਂ-

ਬੀਬੀ ਜਗੀਰ ਕੌਰ ਜੀ ਦੀ ਅਗਵਾਈ ਹੇਠ ਪੁਨਰ ਸੁਰਜੀਤ ਅਕਾਲੀ ਦਲ ਵਾਲੇ ਬੀਬੀਆਂ ਦੇ ਜਥੇ ਵਿੱਚ ਸ਼ਾਮਲ ਬੀਬੀ ਪਰਮਜੀਤ ਕੌਰ ਲਾਂਡਰਾਂ ਮੈਂਬਰ ਸ਼੍ਰੋਮਣੀ ਕਮੇਟੀ ਬਾਦਲ ਦਲ ਤੋਂ ਕਿਨਾਰਾ ਕਰਕੇ ਕਈ ਸਾਲ ਸੁਖਬੀਰ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਭਗੌੜਾ, ਗੁਰੂ ਕੀ ਗੋਲ੍ਹਕ ਦੀ ਦੁਰਵਰਤੋਂ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ ਨੂੰ ਚਿੰਬੜਿਆ ਹੋਇਆ 'ਭਰਦਾਨ' ਗਰਦਾਨਦੇ ਆ ਰਹੇ ਸਨ। ਪਰ ਚੜ੍ਹਦੇ ਜੂਨ ਜਦ ਮੁੜ ਬਾਦਲ ਦਲ ਵਿੱਚ ਚਲੇ ਗਈ ਤਾਂ ਇੱਕ ਵੀਡੀਓ ਵਿੱਚ ਉਸ ਨੇ ਸੁਖਬੀਰ ਸਿੰਘ ਬਾਦਲ ਹੱਥੋਂ ਪੀਲਾ ਸਾਫਾ ਅਤੇ ਲੋਈ ਆਪਣੇ ਗਲ ਵਿੱਚ ਪੁਆਉਂਦਿਆਂ ਹੋਇਆਂ ਕਿਹਾ ਕਿ ਮੈਂ ਏਧਰ-ਓਧਰ ਘੁੰਮ ਕੇ ਦੇਖ ਲਿਆ 'ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ' ਅਨੁਸਾਰ ਮੈਂ 'ਘਰ ਵਾਪਸੀ' ਕਰ ਲਈ! ਇਸ ਮੌਕੇ ਬੇਥਵ੍ਹੀਆਂ ਜਿਹੀਆਂ ਗੱਲਾਂ ਤਾਂ ਉਸ ਬੀਬੀ ਜੀ ਨੇ ਹੋਰ ਵੀ ਕਈ ਕੀਤੀਆਂ। ਪਰ ਉਸਦੇ ਬੋਲਾਂ ਤੋਂ ਛੱਜੂ ਭਗਤ ਸਾਹਿਬਾਨ ਦੇ ਨਾਮ ਦੀ ਬੇਇਜਤੀ ਹੋਈ ਮਹਿਸੂਸ ਕਰਦਿਆਂ ਮੈਂ ਇਤਹਾਸ ਦੇ ਕੁੱਝ ਪੱਤਰੇ ਫਰੋਲੇ। ਮੇਰਾ ਸਾਦਾ ਜਿਹਾ ਅਨੁਮਾਨ ਹੈ ਕਿ ਉਸ ਬੀਬੀ ਨੇ 'ਛੱਜੂ ਦਾ ਚੁਬਾਰਾ' ਜਰੂਰ ਸੁਖਬੀਰ ਸਿੰਘ ਬਾਦਲ ਦੇ 'ਸੁੱਖ ਬਿਲਾਸ' ਨੂੰ ਹੀ ਕਿਹਾ ਹੋਵੇ ਗਾ, ਜੋ ਉਸ ਦੇ ਨਿਵਾਸ ਨਗਰ ਲਾਂਡਰਾਂ ਤੋਂ ਕੋਈ ਬਹੁਤੀ ਦੂਰ ਨਹੀਂ ਹੈ!

ਜ਼ਰਾ ਵਿਚਾਰ ਕਰੀਏ, ਕਿੱਥੇ ਤਿੰਨ ਗੁਰੂ ਸਾਹਿਬਾਨ ਦੇ ਸਮਕਾਲੀ ਅਤੇ ਗੁਰੂ ਜੀਆਂ ਤੋਂ ਵਰੋਸਾਏ ਹੋਏ ਚਾਰ ਛੱਜੂ ਭਗਤ-ਜਨ ਅਤੇ ਕਿੱਥੇ ਬੀਬੀ ਲਾਂਡਰਾਂ ਦੇ ਨਵ-ਚਿਤਵੇ ਹੋਏ 'ਸੁੱਖ ਵਾਲੇ ਚੁਬਾਰਿਆਂ' ਦਾ ਇੱਕ ਮਾਇਆਧਾਰੀ ਮਾਲਕ!!

ਪਹਿਲਾਂ ਇਤਿਹਾਸ ਵਿਚਲੇ ਚਾਰ ਛੱਜੂ ਭਗਤਾਂ ਬਾਰੇ ਜਾਣ ਲੈਣਾ ਜੀ-

1. ਪਹਿਲਾ ਛੱਜੂ (ਜਹਾਂਗੀਰ ਦੇ ਰਾਜ ਵੇਲੇ) ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮੌਕੇ ਭਾਟੀਆ ਜਾਤ ਦਾ ਲਾਹੌਰ ਵਿੱਚ ਹੋਇਆ ਹੈ। ਮਹਾਨ ਕੋਸ਼ ਮੁਤਾਬਕ ਇਸ ਦੀ ਦੁਕਾਨ ਦੇ ਥਾਂਹ ਮਹਾਰਾਜਾ ਰਣਜੀਤ ਸਿੰਘ ਨੇ ਸੁੰਦਰ ਮੰਦਰ ਬਣਾ ਦਿੱਤਾ। ਸੰਮਤ 1696 ਵਿੱਚ ਇਸ ਛੱਜੂ ਭਗਤ ਦੇ ਦਿਹਾਂਤ ਤੋਂ ਬਾਅਦ ਲੋਕ ਇਸਦੇ ਅਸਥਾਨ ਨੂੰ ਛੱਜੂ ਦਾ ਚੁਬਾਰਾ ਆਖਦੇ ਹਨ।



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

2. ਦੂਸਰਾ ਕੋਹਲੀ ਗੋਤ ਦਾ ਛੱਜੂ ਸੁਲਤਾਨ ਪੁਰ ਨਿਵਾਸੀ ਪ੍ਰੇਮੀ ਵੀ ਪੰਜਵੇਂ ਸਤਿਗੁਰੂ ਜੀ ਦਾ ਪ੍ਰਸਿੱਧ ਪਰਉਪਕਾਰੀ ਸਿੱਖ ਹੋਇਆ।

3. ਤੀਸਰਾ ਛੱਜੂ ਭਗਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸੈਨਾਨੀ ਹੋਇਆ ਜਿਸਨੇ ਸ੍ਰੀ ਅੰਮ੍ਰਿਤਸਰ ਦੀ ਜੰਗ ਵਿੱਚ ਵੱਡੀ ਬੀਰਤਾ ਦਿਖਾਈ-(ਛੱਜੂ ਗੱਜੂ ਮੁਹਰੂ ਰੰਧਾਵਾ ਤੇ ਸੁਜਾਨਾ ਬੀਰ (ਗੁਪ੍ਰਸੂਰਜ)

4. ਚੌਥਾ ਛੱਜੂ ਪੰਜੋਖਰਾ ਜਿਲ੍ਹਾ ਅੰਬਾਲਾ ਨਗਰ ਦਾ ਹੋਇਆ ਹੈ ਜਿਸਨੂੰ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵਿੱਦਿਯਬਲ ਬਖਸ਼ ਕੇ ਪੰਡਤ ਲਾਲ ਚੰਦ ਦਾ ਹੰਕਾਰ ਦੂਰ ਕੀਤਾ ਸੀ।

ਸੋ ਛੱਜੂ ਭਗਤ ਸਾਹਿਬਾਨ ਬਾਰੇ ਇਹ ਸਾਰਾ ਇਤਹਾਸਿਕ ਵੇਰਵਾ ਵਿਚਾਰਨ ਬਾਅਦ ਮੈਂ ਆਪਣੇ ਬੈਂਤ ਵਿੱਚ ਪੱਤਰਕਾਰ ਭਰਾਵਾਂ ਨੂੰ ਸੁਝਾਅ ਦਿੱਤਾ ਸੀ ਕਿ ਭਰਾਵੋ 'ਥਾਲੀ ਦੇ ਬੈਂਗਣਾ ਵਾਂਗ' ਰਿੜ੍ਹਦੇ ਫਿਰਦੇ ਇਨ੍ਹਾਂ ਸਿਆਸੀ ਲੋਕਾਂ ਦੀਆਂ ਮਾਰੀਆਂ ਹੋਈਆਂ ਟਪੂਸੀਆਂ ਨੂੰ 'ਘਰ ਵਾਪਸੀ' ਕਹਿਣ ਦੀ ਬਜਾਏ 'ਥੁੱਕਿਆ ਹੋਇਆ ਚੱਟਿਆ' ਵਾਲਾ ਮੁਹਾਵਰਾ ਲਿਖਣਾ ਚਾਹੀਦਾ ਐ!!

ਇਹ ਸੀ ਬਹੁਤਾਤ ਪਾਠਕਾਂ ਵਲੋਂ ਪਸੰਦ ਕੀਤਾ ਗਿਆ ਉਹ ਬੈਂਤ-

**ਥਾਲੀ ਦੇ ਬੈਂਗਣ !**

ਕਾਲੀ ਘਟਾ ਨੂੰ ਦੇਖ ਕੇ 'ਮੋਰ ਬਗਲੇ'
ਏਧਰ ਓਧਰ ਉਡਾਰੀਆਂ ਮਾਰਦੇ ਨੇ।
ਲੀਡਰ ਲੋਕ ਇਉਂ ਚੋਣਾ ਨੂੰ ਦੇਖ ਕੇ ਜੀ
ਫਾਇਦਾ ਕਿੱਧਰੋਂ ਹੋਊ ਇਹ ਤਾੜਦੇ ਨੇ।
ਪਹਿਲਾਂ ਭੰਡਦੇ ਨਿੰਦਦੇ ਰਹਿਣ ਜਿਹਨੂੰ
ਸੋਭਾ ਕਰਦਿਆਂ ਫੇਰ ਸੰਘ ਪਾੜਦੇ ਨੇ।
'ਖੋਤੀ' ਤਾਈਂ ਘੁਮਾਇ ਕੇ ਹੋਰ ਥਾਈਂ
ਉਸੇ 'ਬੋਹੜ' ਦੇ ਹੇਠ ਖਲ੍ਹਿਆਰਦੇ ਨੇ।
ਅੰਦਰਖਾਤੇ ਤਾਂ ਸੌਦਾ ਕੋਈ ਹੋਰ ਕਰਕੇ
ਲੋਕਾਂ ਵਿੱਚ ਆ ਕੁਫਰ 'ਪ੍ਰਚਾਰਦੇ' ਨੇ।
ਕੁਰਸੀ-ਮੋਹ 'ਚ ਬਣਨ ਚੁਫੇਰਗੜ੍ਹੀਏ
ਜੇਕਰ 'ਜਿੱਤਦੇ' ਲੋਕ ਪਰ 'ਹਾਰਦੇ' ਨੇ।
'ਘਰ ਵਾਪਸੀ' ਲਿਖਣ ਅਖਬਾਰ ਵਾਲ?
ਪੱਤਰਕਾਰਾਂ ਨੇ ਸ਼ਬਦ ਇਹ ਰੱਟਿਆ ਏ।
ਪਾ ਕੇ ਲਾਹਣਤਾਂ 'ਥਾਲੀ ਦੇ ਬੈਂਗਣਾ' ਨੂੰ
ਕਹਿਣਾ ਚਾਹੀਦਾ ਥੁੱਕਿਆ ਚੱਟਿਆ ਏ!

## ਕੈਪਟਨ ਸਤਨਾਮ ਸਿੰਘ ਦੁਪਾਲ ਪੁਰ ਦੁਆਬੇ ਦੇ 148ਵੇਂ ਮ੍ਰਿਤਕ-ਸਰੀਰ ਦਾਨੀ ਬਣੇ !

ਸੈਨਹੋਜ਼ੇ, (ਤਰਲੋਚਨ ਸਿੰਘ ਦੁਪਾਲ ਪੁਰ) ਨਵਾਂਸ਼ਹਿਰ ਇਲਾਕੇ ਵਿੱਚ ਕੈਪਟਨ ਸਤਨਾਮ ਸਿੰਘ ਦੀ ਭਰਵੀਂ ਪ੍ਰਸੰਸਾ ਹੋ ਰਹੀ ਹੈ ਜਿਨ੍ਹਾਂ ਦੁਆਬਾ ਸੇਵਾ ਸੰਮਤੀ ਨਵਾਂਸ਼ਹਿਰ ਰਾਹੀਂ ਮ੍ਰਿਤੂ ਉਪਰੰਤ ਮੈਡੀਕਲ ਖੋਜਾਂ ਵਾਸਤੇ ਆਪਣਾ ਸਰੀਰ ਦਾਨ ਕਰਨ ਲਈ ਫਾਰਮ ਭਰਿਆ। ਇਸ ਮੌਕੇ ਦੁਆਬਾ ਸੇਵਾ ਸੰਮਤੀ ਦੇ ਸੇਵਾਦਾਰਾਂ ਤੋਂ ਇਲਾਵਾ ਸ੍ਰੀਮਤੀ ਅਨਮਜੋਤ ਕੌਰ ਐੱਸ.ਡੀ.ਐੱਮ ਨਵਾਂਸ਼ਹਿਰ ਵੀ ਹਾਜ਼ਰ ਸਨ। ਮ੍ਰਿਤੂ ਉਪਰੰਤ ਸਰੀਰ ਦਾਨ ਕਰਨ ਵਾਲੇ ਕੈਪਟਨ ਸਤਨਾਮ ਸਿੰਘ ਦੁਆਬਾ ਖੇਤਰ ਦੇ 148ਵੇਂ ਵਿਅਕਤੀ ਬਣ ਗਏ ਹਨ।



ਵਿਸ਼ੇਸ਼ ਗੱਲ ਇਹ ਹੈ ਕਿ ਸੰਨ 2001 ਵਿੱਚ ਡਿਫੈਂਸ ਸਰਵਿਸਿਜ਼ ਤੋਂ ਸੇਵਾ-ਮੁਕਤ ਹੋਣ ਉਪਰੰਤ ਕੈਪਟਨ ਸਾਹਬ ਗੁਰਦੁਆਰਾ ਸਿੰਘ ਸਭਾ ਦੁਪਾਲਪੁਰ ਵਿਖੇ ਨਿੱਤਨੇਮ ਕਰਨ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ। ਹਰ ਤਰ੍ਹਾਂ ਦੇ ਮਾਨਵ-ਸੇਵਾ ਦੇ ਕਾਰਜਾਂ ਵਿੱਚ ਮੋਹਰੀ ਰੋਲ ਨਿਭਾਉਣ ਲਈ ਤਤਪਰ ਰਹਿੰਦੇ ਸਤਨਾਮ ਸਿੰਘ, ਚੰਨ ਰਿਜ਼ੌਰਟਸ ਰਾਹੋਂ ਵਿਖੇ ਭਾਈ ਬਹਾਦਰ ਸਿੰਘ ਭਾਰਟਾ ਵਲੋਂ ਹਰ ਸਾਲ ਧੀਆਂ ਦੀ ਲੋਹੜੀ ਮਨਾਉਣ ਲਈ ਆਯੋਜਿਤ ਕੀਤੇ ਜਾਂਦੇ ਵੱਡੇ ਸਮਾਗਮ ਮੌਕੇ ਇਲਾਕੇ ਭਰ ਵਿੱਚੋਂ ਨਵ-ਜਨਮੀਆਂ ਬੱਚੀਆਂ ਦੇ ਵੇਰਵੇ ਇਕੱਠੇ ਕਰਦੇ ਹਨ ਅਤੇ ਸਾਰੀਆਂ ਬੱਚੀਆਂ ਦੇ ਮਾਪਿਆਂ ਨੂੰ ਲੋਹੜੀ ਤਿਉਹਾਰ ਨਾਲ ਸਬੰਧਿਤ ਵਸਤਾਂ ਜਿਵੇਂ ਸੂਟ ਰਿਉੜੀਆਂ ਬਿਸਕੁਟ ਅਤੇ ਖਿਡਾਉਣਿਆਂ ਦੇ ਪੈਕਟ ਵੰਡਦੇ ਹਨ। ਕਰੋਨਾ-ਕਾਲ ਸਮੇਂ ਵੀ ਉਨ੍ਹਾਂ ਨੂੰ ਮਨੁੱਖਤਾ ਦੀ ਸੇਵਾ ਕਰਨ ਸਦਕਾ ਕਈ ਸਮਾਜ-ਸੇਵੀ ਸੰਸਥਾਵਾਂ ਨੇ ਸਨਮਾਨਿਤ ਕੀਤਾ ਸੀ।

ਦੁਆਬਾ ਸੇਵਾ ਸੰਮਤੀ ਵਲੋਂ ਦੇਹ-ਦਾਨ ਕਰਨ ਵਾਲ?ਾ ਆਈ.ਕਾਰਡ ਪ੍ਰਾਪਤ ਕਰਨ ਮੌਕੇ ਕੈਪਟਨ ਸਤਨਾਮ ਸਿੰਘ ਨੇ ਕਿਹਾ ਕਿ ਮ੍ਰਿਤੂ ਉਪਰੰਤ ਜੇ ਅੱਗ ਨਾਲ ਸਾੜ ਕੇ ਸਰੀਰ ਦੀ ਸਵਾਹ ਬਣਾਉਣ ਦੀ ਥਾਂਹ ਜੇ ਮ੍ਰਿਤਕ ਸਰੀਰ ਡਾਕਟਰੀ ਖੋਜਾਂ ਲਈ ਅਰਪਿਤ ਕੀਤੇ ਜਾਣ ਤਾਂ ਸਰੀਰਕ ਬੀਮਾਰੀਆਂ ਨੂੰ ਠੱਲ੍ਹ ਪਾਉਣ ਲਈ ਨਵੀਆਂ ਤਕਨੀਕੀ ਸੰਭਾਵਨਾਵਾਂ ਉਜਾਗਰ ਹੋਣਗੀਆਂ। ਜਿਸ ਨਾਲ ਸਮਾਜ ਦਾ ਭਲਾ ਹੋਵੇ ਗਾ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਮੈਂ ਇਹ ਫੈਸਲਾ ਆਪਣੀ ਸੁਪਤਨੀ ਚਰਨ ਕੌਰ ਅਤੇ ਚਾਰੇ ਬੇਟੀਆਂ ਜਸਵੀਰ ਕੌਰ ਲਖਵੀਰ ਕੌਰ ਰਾਜਵਿੰਦਰ ਕੌਰ ਅਤੇ ਮਨਜੀਤ ਕੌਰ ਦੀ ਸਹਿਮਤੀ ਨਾਲ ਹੀ ਲਿਆ ਹੈ। ਉਨ੍ਹਾਂ ਉਮੀਦ ਜਾਹਰ ਕੀਤੀ ਕਿ ਸਾਡੇ ਸਮਾਜ ਵਿੱਚ ਖ਼ੂਨ-ਦਾਨ ਕਰਨ ਵਾਂਗ ਮ੍ਰਿਤੂ ਉਪਰੰਤ ਸਰੀਰ-ਦਾਨ ਕਰਨ ਦੀ ਵੀ ਲਹਿਰ ਚਲੇਗੀ।

## ਪੰਜਾਬ ਦੇ ਵਿਕਾਸ ਨੂੰ ਬੁਲੰਦੀਆਂ ਤੱਕ ਪਹੁੰਚਾ ਕੇ ਨਵਾਂ ਸਵੇਰਾ ਲਿਆਵੇਗੀ ਭਾਜਪਾ : ਸੁਰਿੰਦਰ ਜਾਜਾ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਭਾਜਪਾ ਦੀਆਂ ਨੀਤੀਆਂ ਅਤੇ ਪ੍ਰਾਪਤੀਆਂ ਸਬੰਧੀ ਆਮ ਜਨਤਾ ਨੂੰ ਜਾਗ੍ਰਿਤ ਕਰਨ ਅਤੇ ਭਾਜਪਾ ਨੂੰ ਹੋਰ ਮਜਬੂਤ ਕਰਨ ਲਈ ਸੁਰਜੀਤ ਰਾਜਾ, ਸੰਜੀਵ ਸਹੋਤਾ, ਪਰਮਜੀਤ ਬਾਬੂ, ਬੋਬੀ ਰਾਜਪੁਰ, ਸ਼ਸ਼ੀ ਗਿੱਲ, ਮਨਜਿੰਦਰ ਸੈਣੀ, ਰਾਹੁਲ ਮਲਿਕ ਦਾ ਇੱਕ ਵਫ਼ਦ ਪੰਜਾਬ ਭਾਜਪਾ ਅਗਜੈਕਟਿਵ ਮੈਂਬਰ ਸੁਰਿੰਦਰ ਜਾਜਾ ਦੀ ਅਗਵਾਈ ਵਿੱਚ ਪੰਜਾਬ ਦੌਰੇ ਤੇ ਆਏ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਹਲਕਾ ਉੜਮੁੜ ਦੀਆਂ ਸਮੱਸਿਆਵਾਂ ਅਤੇ ਭਾਜਪਾ ਵਰਕਰਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਤੇ ਉਨ੍ਹਾਂ ਨੇ ਨਿਤਿਨ ਨਬੀਨ ਨੂੰ ਸਰੋਪਾ ਪਾ ਕੇ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦਾ ਸਰੂਪ ਦੇ ਕੇ ਸਨਮਾਨਿਤ ਕੀਤਾ। ਮੁਲਾਕਾਤ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਰਿੰਦਰ ਜਾਜਾ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਨੇ ਭਾਰਤ ਨੂੰ ਜਿੱਥੇ ਵਿਕਾਸ ਦੀਆਂ ਬੁਲੰਦੀਆਂ ਤੱਕ ਪਹੁੰਚਾਇਆ ਹੈ ਉੱਥੇ ਵਿਦੇਸ਼ਾਂ ਦੀ ਧਰਤੀ ਤੇ ਭਾਰਤ ਦਾ ਨਾਮ ਵੀ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅੱਜ ਦੁਨੀਆਂ ਦਾ ਹਰ ਮੁਲਕ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੇ ਦੇਸ਼ ਵਿੱਚ ਬੁਲਾਉਣ ਲਈ ਉਤਾਵਲਾ ਹੈ ਕਿਉਂਕਿ ਮੋਦੀ ਦੀਆਂ ਨੀਤੀਆਂ ਅਤੇ ਸਮਝਦਾਰੀ ਕਾਰਨ ਭਾਰਤ ਦਿਨ-ਬ-ਦਿਨ ਤਰੱਕੀ ਦੀਆਂ ਲੀਹਾਂ ਨੂੰ ਪਾਰ ਕਰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਕਿਸਾਨਾਂ ਦੇ ਹਿੱਤਾਂ ਲਈ ਕਈ ਨਵੀਆਂ ਸਕੀਮਾਂ ਲਾਗੂ ਕਰਦੀ ਜਾ ਰਹੀ ਹੈ ਤਾਂ ਜੋ ਪੰਜਾਬ ਦਾ ਕਿਸਾਨ ਖ਼ੁਸ਼ਹਾਲ ਬਣ ਸਕੇ।



ਭਾਜਪਾ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੂੰ ਸਨਮਾਨਿਤ ਕਰਦੇ ਸੁਰਿੰਦਰ ਜਾਜਾ ਅਤੇ ਹੋਰ।

ਸੁਰਿੰਦਰ ਜਾਜਾ ਨੇ ਕਿਹਾ ਕਿ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਦੇ ਪੰਜਾਬ ਦੌਰੇ ਨਾਲ ਭਾਜਪਾ ਵਰਕਰਾਂ ਵਿੱਚ ਇੱਕ ਨਵਾਂ ਜੋਸ਼ ਭਰ ਆਇਆ ਹੈ ਅਤੇ ਉਹ ਭਾਜਪਾ ਨੂੰ ਹੋਰ ਮਜਬੂਤ ਕਰਨ ਲਈ ਆਮ ਜਨਤਾ ਨਾਲ ਤਾਲਮੇਲ ਵਧਾ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਭਾਜਪਾ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ 2027 ਵਿੱਚ ਭਾਜਪਾ ਦੀ ਸਰਕਾਰ ਬਣਨ ਤੇ ਕਰਜੇ ਹੇਠ ਦੱਬੇ ਹੋਏ ਪੰਜਾਬ ਨੂੰ ਕਰਜਾ ਮੁਕਤ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਨੂੰ ਸੁਨਿਸ਼ਚਿਤ ਬਣਾਉਣ ਲਈ ਭਾਜਪਾ ਵਰਕਰਾਂ ਦੀ ਹਰ ਪੋਲਿੰਗ ਬੂਥ ਤੱਕ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ ਤਾਂ ਜੋ ਭਾਜਪਾ ਦੀਆਂ ਯੋਜਨਾਵਾਂ ਲੋਕਾਂ ਤੱਕ ਪਹੁੰਚਾਈਆਂ ਜਾ ਸਕਣ।

ਉਨ੍ਹਾਂ ਕਿਹਾ ਕਿ ਭਾਜਪਾ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਭਰੋਸਾ ਦਿੱਤਾ ਕਿ ਹਲਕਾ ਟਾਂਡਾ ਉੜਮੁੜ ਦੀਆਂ ਸਮਸਿਆਵਾਂ ਦਾ ਹੱਲ ਜਲਦ ਕਰ ਦਿੱਤਾ ਜਾਵੇਗਾ ਅਤੇ ਭਾਜਪਾ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਭਾਜਪਾ ਵਰਕਰਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਦਾ ਅਸਲ ਮਕਸਦ ਪੰਜਾਬ ਦੇ ਵਿਕਾਸ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਅਤੇ ਨਸ਼ਿਆਂ ਦੇ ਸੌਦਾਗਰਾਂ ਤੇ ਰੋਕ ਲਗਾਉਣਾ ਹੈ ਤਾਂ ਜੋ ਪੰਜਾਬ ਦੀ ਬਰਬਾਦ ਹੋ ਰਹੀ ਨੌਜਵਾਨੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇੱਕ ਖ਼ੁਸ਼ਹਾਲ ਸੂਬਾ ਬਣਾਉਣ ਲਈ ਭਾਜਪਾ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰੇਗੀ ਤਾਂ ਜੋ ਪੰਜਾਬ ਵਿੱਚ ਨਵੇਂ ਯੁਗ ਦੀ ਸ਼ੁਰੂਆਤ ਕੀਤੀ ਜਾ ਸਕੇ।

# ਕੈਨੇਡਾ ਦੇ ਪਾਰਲੀਮੈਂਟ ਮੈਂਬਰ ਲੀ ਤਰਲਾਮਿਸ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ



ਅੰਮ੍ਰਿਤਸਰ : ਕੈਨੇਡਾ ਦੇ ਵਿਕਟੋਰੀਆ ਤੋਂ ਮੈਂਬਰ ਪਾਰਲੀਮੈਂਟ ਸ੍ਰੀ ਲੀ ਤਰਲਾਮਿਸ ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ। ਉਨ੍ਹਾਂ ਦੇ ਨਾਲ ਆਸਟਰੇਲੀਅਨ ਲੇਬਰ ਪਾਰਟੀ ਦੇ ਆਗੂ ਸ੍ਰੀ ਅਭਿਮੰਨਿਊ ਕੁਮਾਰ ਵੀ ਸਨ। ਸੂਚਨਾ ਕੇਂਦਰ ਦੇ ਅਧਿਕਾਰੀ ਰਣਧੀਰ ਸਿੰਘ ਵਲੋਂ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸਿੱਖ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ।

# ਐੱਫ.ਬੀ.ਆਈ. (FBI) ਦੀ 'ਮੋਸਟ ਵਾਂਟੇਡ' ਸੂਚੀ 'ਚ ਸ਼ਾਮਲ ਹੋਈ ਨਵੀਂ ਧੋਖੇਬਾਜ਼ ਐਮੀਲੀ ਥਾਈ

## 100 ਮਿਲੀਅਨ ਡਾਲਰ ਦੇ ਹੈਲਥਕੇਅਰ ਘੁਟਾਲੇ ਦਾ ਦੋਸ਼, 1.5 ਲੱਖ ਡਾਲਰ ਦੇ ਇਨਾਮ ਦਾ ਐਲਾਨ

ਵਾਸ਼ਿੰਗਟਨ : ਅਮਰੀਕਾ ਦੀ ਕੇਂਦਰੀ ਜਾਂਚ ਏਜੰਸੀ ਐੱਫ.ਬੀ.ਆਈ. (FBI) ਨੇ ਦੇਸ਼ ਦੇ ਸਭ ਤੋਂ ਵੱਡੇ ਲੋੜੀਂਦੇ ਅਪਰਾਧੀਆਂ (Most Wanted) ਦੀ ਸੂਚੀ ਵਿੱਚ ਇੱਕ ਨਵੀਂ ਧੋਖੇਬਾਜ਼ ਔਰਤ ਐਮੀਲੀ ਥਾਈ (Emylee Thai) ਦਾ ਨਾਂ ਸ਼ਾਮਲ ਕੀਤਾ ਹੈ। ਐਮੀਲੀ 'ਤੇ ਮੈਡੀਕਲ ਖੇਤਰ ਵਿੱਚ ਲਗਭਗ 100 ਮਿਲੀਅਨ ਡਾਲਰ (ਕਰੀਬ 10 ਕਰੋੜ ਡਾਲਰ) ਦੇ ਵੱਡੇ ਹੈਲਥਕੇਅਰ ਫ਼ਰਾਡ (Healthcare Fraud) ਅਤੇ ਰਿਸ਼ਵਤਖ਼ੋਰੀ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਜਾਂਚ ਏਜੰਸੀ ਮੁਤਾਬਕ ਫ਼ਰਾਰ ਹੋਣ ਤੋਂ ਬਾਅਦ ਉਸ ਦੇ ਇਸ ਵੇਲੇ ਵੀਅਤਨਾਮ (Vietnam) ਵਿੱਚ ਲੁਕੇ ਹੋਣ ਦੀ ਪ੍ਰਬਲ ਸੰਭਾਵਨਾ ਹੈ।

**ਗ਼ੈਰ-ਜ਼ਰੂਰੀ ਜੈਨੇਟਿਕ ਟੈਸਟਿੰਗ ਅਤੇ ਕਿੱਕਬੈਕ (ਰਿਸ਼ਵਤ) ਸਕੀਮ :** ਐੱਫ.ਬੀ.ਆਈ. ਵੱਲੋਂ ਜਾਰੀ ਅਧਿਕਾਰਤ ਵੇਰਵਿਆਂ ਮੁਤਾਬਕ ਐਮੀਲੀ ਥਾਈ ਨੇ ਬੇਹੱਦ ਸ਼ਾਤਰਾਨਾ ਤਰੀਕੇ ਨਾਲ ਇਸ ਪੂਰੇ ਘੁਟਾਲੇ ਨੂੰ ਅੰਜਾਮ ਦਿੱਤਾ:

**ਫ਼ਰਜ਼ੀ ਮੈਡੀਕਲ ਟੈਸਟ:** ਮੁਲਜ਼ਮ ਔਰਤ ਨੇ ਮਰੀਜ਼ਾਂ ਲਈ ਅਜਿਹੇ ਜੈਨੇਟਿਕ ਟੈਸਟ (Genetic Testing) ਤੈਅ ਕੀਤੇ ਅਤੇ ਉਨ੍ਹਾਂ ਦੇ ਬਿੱਲ ਸਰਕਾਰੀ/ਨਿੱਜੀ ਬੀਮਾ ਕੰਪਨੀਆਂ ਨੂੰ ਭੇਜੇ, ਜਿਨ੍ਹਾਂ ਦੀ ਮਰੀਜ਼ਾਂ ਨੂੰ ਡਾਕਟਰੀ ਤੌਰ 'ਤੇ ਕੋਈ ਲੋੜ ਹੀ ਨਹੀਂ ਸੀ (Medically Unnecessary)।

**ਮੋਟਾ ਕਮਿਸ਼ਨ ਅਤੇ ਰਿਸ਼ਵਤ:** ਇਸ ਪੂਰੀ ਸਾਜ਼ਿਸ਼ ਨੂੰ ਸਫ਼ਲ ਬਣਾਉਣ ਅਤੇ ਮੈਡੀਕਲ ਬਿੱਲ ਪਾਸ ਕਰਵਾਉਣ ਲਈ ਵੱਡੇ ਪੱਧਰ 'ਤੇ ਗ਼ੈਰ-ਕਾਨੂੰਨੀ ਕਿੱਕਬੈਕਸ (Kickback Scheme/ਰਿਸ਼ਵਤ) ਦਾ ਲੈਣ-ਦੇਣ ਕੀਤਾ ਗਿਆ, ਜਿਸ ਨਾਲ ਸਰਕਾਰੀ ਖ਼ਜ਼ਾਨੇ ਅਤੇ ਹੈਲਥਕੇਅਰ ਪ੍ਰਣਾਲੀ ਨੂੰ 100 ਮਿਲੀਅਨ ਡਾਲਰ ਦਾ ਭਾਰੀ ਚੂਨਾ ਲੱਗਿਆ।

**ਗ੍ਰਿਫ਼ਤਾਰੀ ਲਈ 1,50,000 ਡਾਲਰ ਦੇ ਵੱਡੇ ਇਨਾਮ ਦੀ ਪੇਸ਼ਕਸ਼ :** ਐੱਫ.ਬੀ.ਆਈ. ਨੇ ਸੰਸਾਰ ਭਰ ਦੀਆਂ ਜਾਂਚ ਏਜੰਸੀਆਂ ਅਤੇ ਆਮ ਲੋਕਾਂ ਨੂੰ ਅਪੀਲ ਕਰਦਿਆਂ ਮੁਲਜ਼ਮ ਬਾਰੇ ਪੁਖ਼ਤਾ ਜਾਣਕਾਰੀ ਦੇਣ ਵਾਲੇ ਲਈ ਵੱਡੇ ਇਨਾਮ ਦਾ ਐਲਾਨ ਕੀਤਾ ਹੈ:

**ਇਨਾਮੀ ਰਾਸ਼ੀ:** ਐਮੀਲੀ ਥਾਈ ਦੀ ਗ੍ਰਿਫ਼ਤਾਰੀ ਅਤੇ ਅਦਾਲਤ ਵਿੱਚ ਦੋਸ਼ ਸਿੱਧ (Conviction) ਕਰਵਾਉਣ ਵਿੱਚ ਮਦਦ ਕਰਨ ਵਾਲੀ ਜਾਣਕਾਰੀ ਦੇਣ ਵਾਲੇ ਨੂੰ 1,50,000 ਡਾਲਰ (ਡੇਢ ਲੱਖ ਅਮਰੀਕੀ ਡਾਲਰ) ਤੱਕ ਦਾ ਨਕਦ ਇਨਾਮ ਦਿੱਤਾ ਜਾਵੇਗਾ।

**ਹੈਲਪਲਾਈਨ ਨੰਬਰ:** ਜਾਂਚ ਏਜੰਸੀ ਨੇ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਧੋਖੇਬਾਜ਼ ਔਰਤ ਬਾਰੇ ਕੋਈ ਸੁਰਾਗ਼ ਜਾਂ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਐੱਫ.ਬੀ.ਆਈ. ਦੇ ਅਧਿਕਾਰਤ ਨੰਬਰ 1-800-CALL-FBI (1-800-225-5324) 'ਤੇ ਸੰਪਰਕ ਕਰਕੇ ਟਿਪਸ ਸਾਂਝੀਆਂ ਕਰ ਸਕਦਾ ਹੈ। ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।




ਕ੍ਰੈਡਿਟ: ਫੋਟੋ: FBI (ਅਧਿਕਾਰਤ ਸੋਸ਼ਲ ਮੀਡੀਆ ਫੀਡ)

# ਐੱਫ.ਬੀ.ਆਈ. (FBI) ਦੀ 'ਮੋਸਟ ਵਾਂਟੇਡ' ਸੂਚੀ 'ਚ ਇੱਕ ਹੋਰ ਵੱਡਾ ਨਾਂ

## ਖਾਲਿਦ ਅਹਿਮਦ ਸਤਾਰੀ ਖ਼ਿਲਾਫ਼ 547 ਮਿਲੀਅਨ ਡਾਲਰ ਦੇ ਮੈਡੀਕੇਅਰ ਘੁਟਾਲੇ ਦਾ ਦੋਸ਼, 1.5 ਲੱਖ ਡਾਲਰ ਦੇ ਇਨਾਮ ਦਾ ਐਲਾਨ




ਵਾਸ਼ਿੰਗਟਨ : ਅਮਰੀਕਾ ਦੀ ਕੇਂਦਰੀ ਜਾਂਚ ਏਜੰਸੀ ਐੱਫ.ਬੀ.ਆਈ. (FBI) ਨੇ ਦੇਸ਼ ਦੇ ਸਭ ਤੋਂ ਵੱਡੇ ਲੋੜੀਂਦੇ ਅਪਰਾਧੀਆਂ (Most Wanted Fraudsters) ਦੀ ਸੂਚੀ ਵਿੱਚ ਇੱਕ ਹੋਰ ਵੱਡੇ ਧੋਖੇਬਾਜ਼ ਖਾਲਿਦ ਅਹਿਮਦ ਸਤਾਰੀ (Khalid Ahmed Satary) ਦਾ ਨਾਂ ਸ਼ਾਮਲ ਕੀਤਾ ਹੈ। ਸਤਾਰੀ 'ਤੇ ਅਮਰੀਕਾ ਦੇ ਇਤਿਹਾਸ ਵਿੱਚ ਮੈਡੀਕਲ ਖੇਤਰ ਦੇ ਸਭ ਤੋਂ ਵੱਡੇ ਘੁਟਾਲਿਆਂ ਵਿੱਚੋਂ ਇੱਕ—ਲਗਭਗ 547 ਮਿਲੀਅਨ ਡਾਲਰ (ਕਰੀਬ 54.7 ਕਰੋੜ ਡਾਲਰ) ਦੀ ਭਾਰੀ ਹੈਲਥਕੇਅਰ ਫ਼ਰਾਡ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦੇ ਗੰਭੀਰ ਦੋਸ਼ ਲਗਾਏ ਗਏ ਹਨ।

**ਮੈਡੀਕੇਅਰ ਪ੍ਰੋਗਰਾਮ ਨੂੰ ਲਗਾਇਆ ਕਰੋੜਾਂ ਡਾਲਰ ਦਾ ਚੂਨਾ :** ਐੱਫ.ਬੀ.ਆਈ. ਵੱਲੋਂ ਸਾਂਝੇ ਕੀਤੇ ਗਏ ਅਧਿਕਾਰਤ ਵੇਰਵਿਆਂ ਮੁਤਾਬਕ ਖਾਲਿਦ ਸਤਾਰੀ ਨੇ ਸਾਲ 2016 ਤੋਂ 2019 ਦੇ ਵਿਚਕਾਰ ਬੇਹੱਦ ਯੋਜਨਾਬੱਧ ਤਰੀਕੇ ਨਾਲ ਇਸ ਅਰਬਾਂ ਰੁਪਏ ਦੇ ਘੁਟਾਲੇ ਨੂੰ ਅੰਜਾਮ ਦਿੱਤਾ:

**ਲਾਬੋਰਟਰੀਆਂ ਦਾ ਨੈੱਟਵਰਕ:** ਇਸ ਸਮੇਂ ਦੌਰਾਨ ਸਤਾਰੀ ਨੇ ਪੂਰੇ ਅਮਰੀਕਾ (United States) ਵਿੱਚ ਕਈ ਡਾਇਗਨੌਸਟਿਕ ਟੈਸਟਿੰਗ ਲੈਬਾਰਟਰੀਆਂ (Diagnostic Testing Laboratories) ਦਾ ਸੰਚਾਲਨ ਕੀਤਾ ਅਤੇ ਉਹ ਉਨ੍ਹਾਂ ਦਾ ਮਾਲਕ ਸੀ।

**ਗ਼ੈਰ-ਜ਼ਰੂਰੀ ਅਤੇ ਮਹਿੰਗੇ ਟੈਸਟ:** ਇਨ੍ਹਾਂ ਲੈਬਾਂ ਰਾਹੀਂ ਅਪਰਾਧਿਕ ਸਾਜ਼ਿਸ਼ ਦੇ ਤਹਿਤ ਅਮਰੀਕਾ ਦੇ ਸਰਕਾਰੀ ਮੈਡੀਕੇਅਰ ਪ੍ਰੋਗਰਾਮ (Medicare Program) ਨੂੰ ਬੇਹੱਦ ਮਹਿੰਗੇ ਅਤੇ ਡਾਕਟਰੀ ਤੌਰ 'ਤੇ ਪੂਰੀ ਤਰ੍ਹਾਂ ਗ਼ੈਰ-ਜ਼ਰੂਰੀ (Medically Unnecessary) ਜੈਨੇਟਿਕ ਟੈਸਟਾਂ ਦੇ ਫ਼ਰਜ਼ੀ ਬਿੱਲ ਭੇਜ ਕੇ ਕਰੋੜਾਂ ਡਾਲਰ ਵਸੂਲੇ ਗਏ।

**ਪੁਖ਼ਤਾ ਸੂਚਨਾ ਦੇਣ ਵਾਲੇ ਲਈ $150,000 ਦਾ ਨਕਦ ਇਨਾਮ :** ਐੱਫ.ਬੀ.ਆਈ. ਨੇ ਸੰਸਾਰ ਭਰ ਦੀ ਜਨਤਾ ਅਤੇ ਅੰਤਰਰਾਸ਼ਟਰੀ ਸੁਰੱਖਿਆ ਏਜੰਸੀਆਂ ਨੂੰ ਅਪੀਲ ਕਰਦਿਆਂ ਭਗੌੜੇ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਵੱਡੀ ਇਨਾਮੀ ਰਾਸ਼ੀ ਰੱਖੀ ਹੈ:

**ਇਨਾਮ ਦੀ ਸ਼ਰਤ:** ਖਾਲਿਦ ਅਹਿਮਦ ਸਤਾਰੀ ਦੀ ਗ੍ਰਿਫ਼ਤਾਰੀ ਅਤੇ ਅਦਾਲਤ ਵਿੱਚ ਦੋਸ਼ ਸਿੱਧ (Conviction) ਕਰਵਾਉਣ ਵਿੱਚ ਮਦਦ ਕਰਨ ਵਾਲੀ ਕੋਈ ਵੀ ਪੁਖ਼ਤਾ ਜਾਣਕਾਰੀ ਦੇਣ ਵਾਲੇ ਨੂੰ 1,50,000 ਡਾਲਰ (ਡੇਢ ਲੱਖ ਅਮਰੀਕੀ ਡਾਲਰ) ਤੱਕ ਦਾ ਨਕਦ ਇਨਾਮ ਦਿੱਤਾ ਜਾਵੇਗਾ।

ਸੰਪਰਕ ਨੰਬਰ: ਜੇਕਰ ਕਿਸੇ ਕੋਲ ਵੀ ਇਸ ਮੁਲਜ਼ਮ ਦੀ ਮੌਜੂਦਾ ਲੋਕੇਸ਼ਨ ਜਾਂ ਉਸ ਬਾਰੇ ਕੋਈ ਸੁਰਾਗ਼ ਹੋਵੇ, ਤਾਂ ਉਹ ਤੁਰੰਤ ਐੱਫ.ਬੀ.ਆਈ. ਦੇ ਅਧਿਕਾਰਤ ਹੈਲਪਲਾਈਨ ਨੰਬਰ 1-800-CALL-FBI (1-800-225-5324) 'ਤੇ ਕਾਲ ਕਰਕੇ ਟਿਪਸ ਦੇ ਸਕਦਾ ਹੈ। ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

# ਜਲੰਧਰ 'ਚ ਵਧਦੇ ਅਪਰਾਧ ਅਤੇ 'ਟਕਰਾਅ ਦੀ ਸਿਆਸਤ' ਨੂੰ ਲੈ ਕੇ ਵਿਧਾਇਕ ਪਰਗਟ ਸਿੰਘ ਦਾ ਪੰਜਾਬ ਸਰਕਾਰ 'ਤੇ ਤਿੱਖਾ ਹਮਲਾ

## ਉੱਤਰਾਖੰਡ 'ਚ ਨਿਹੰਗ ਸਿੰਘਾਂ ਦੇ ਮਸਲੇ 'ਤੇ ਵੀ ਪ੍ਰਗਟਾਈ ਚਿੰਤਾ

ਜਲੰਧਰ : ਪੰਜਾਬ ਦੀ ਕਾਨੂੰਨ ਵਿਵਸਥਾ, ਵਧਦੇ ਅਪਰਾਧ ਅਤੇ ਸੂਬੇ ਵਿੱਚ ਚੱਲ ਰਹੀ ਸਿਆਸੀ ਖਿੱਚੋਤਾਣ ਨੂੰ ਲੈ ਕੇ ਜਲੰਧਰ ਕੈਂਟ ਤੋਂ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਆਮ ਆਦਮੀ ਪਾਰਟੀ (AAP) ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਸੂਬੇ ਵਿੱਚ ਸ਼ਾਸਨ (Governance) ਦੀ ਪੂਰੀ ਤਰ੍ਹਾਂ ਘਾਟ ਹੈ ਅਤੇ ਲੀਡਰਸ਼ਿਪ ਦੀ ਕਮਜ਼ੋਰੀ ਕਾਰਨ ਅਮਨ-ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ।

**ਜਲੰਧਰ 'ਚ ਵਧਦਾ ਅਪਰਾਧ ਅਤੇ ਸਰਕਾਰ ਦੀ ਨਾਕਾਮੀ :** ਵਿਧਾਇਕ ਪਰਗਟ ਸਿੰਘ ਨੇ ਜਲੰਧਰ ਸਮੇਤ ਪੂਰੇ ਪੰਜਾਬ ਵਿੱਚ ਵਧ ਰਹੀਆਂ ਅਪਰਾਧਿਕ ਵਾਰਦਾਤਾਂ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ:

ਲਗਾਤਾਰ ਹੋ ਰਹੇ ਕਤਲ: ਉਨ੍ਹਾਂ ਆਖਿਆ ਕਿ ਜਲੰਧਰ ਵਿੱਚ ਆਏ ਦਿਨ ਹੋ ਰਹੇ ਕਤਲ ਅਤੇ ਗੈਂਗਸਟਰ ਗਤੀਵਿਧੀਆਂ ਸਰਕਾਰ ਦੀ ਨਾਕਾਮੀ ਨੂੰ ਬਿਆਨ ਕਰਦੀਆਂ ਹਨ।

ਲੀਡਰਸ਼ਿਪ ਦੀ ਘਾਟ: ਪਰਗਟ ਸਿੰਘ ਮੁਤਾਬਕ ਪੰਜਾਬ ਪੁਲਿਸ ਅਤੇ ਪ੍ਰਸ਼ਾਸਨ ਕੋਲ ਸਹੀ ਦਿਸ਼ਾ-ਨਿਰਦੇਸ਼ ਨਹੀਂ ਹਨ, ਜਿਸ ਕਾਰਨ ਅਪਰਾਧੀਆਂ ਦੇ ਹੌਸਲੇ ਬੁਲੰਦ ਹਨ ਅਤੇ ਇਹ ਸਭ ਮੌਜੂਦਾ ਸਰਕਾਰ ਦੀ ਬੇਅਸਰ ਲੀਡਰਸ਼ਿਪ ਅਤੇ ਅਯੋਗਤਾ ਦੇ ਕਾਰਨ ਹੋ ਰਿਹਾ ਹੈ।

'ਟਕਰਾਅ ਦੀ ਸਿਆਸਤ' ਪੰਜਾਬ ਲਈ ਘਾਤਕ

ਸੂਬੇ ਦੀ ਮੌਜੂਦਾ ਸਿਆਸੀ ਸਥਿਤੀ 'ਤੇ ਬੋਲਦਿਆਂ ਉਨ੍ਹਾਂ ਵਿਰੋਧੀ ਪਾਰਟੀਆਂ ਵੱਲੋਂ




ਅਪਣਾਏ ਜਾ ਰਹੇ ਰੁਖ਼ ਦੀ ਵੀ ਆਲੋਚਨਾ ਕੀਤੀ:

ਸ਼੍ਰੋਮਣੀ ਅਕਾਲੀ ਦਲ 'ਤੇ ਟਿੱਪਣੀ: ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਮ ਆਦਮੀ ਪਾਰਟੀ ਦੇ ਖ਼ਿਲਾਫ਼ ਸਾਰੇ ਗੁਰਦੁਆਰਾ ਸਾਹਿਬਾਨਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਸੰਸਥਾਵਾਂ ਦੀ ਮਰਿਆਦਾ: ਪਰਗਟ ਸਿੰਘ ਨੇ ਸਖ਼ਤ ਲਹਿਜੇ ਵਿੱਚ ਆਖਿਆ ਕਿ ਅਜਿਹੀ ਟਕਰਾਅ ਵਾਲੀ ਰਾਜਨੀਤੀ ਪੰਜਾਬ ਦੇ ਹਿੱਤ ਵਿੱਚ ਨਹੀਂ ਹੈ। ਕਿਸੇ ਵੀ ਸਿਆਸੀ ਲਾਹੇ ਲਈ ਧਾਰਮਿਕ ਅਤੇ ਸੰਵਿਧਾਨਕ ਸੰਸਥਾਵਾਂ ਦੀ ਪਵਿੱਤਰਤਾ ਅਤੇ ਮਰਿਆਦਾ ਨਾਲ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਸਾਰੀਆਂ ਪਾਰਟੀਆਂ ਨੂੰ ਅਪੀਲ ਕੀਤੀ ਕਿ ਸੂਬੇ ਵਿੱਚ ਆਪਸੀ ਭਾਈਚਾਰਾ ਬਣਾਈ ਰੱਖਣ ਲਈ ਪਾਰਟੀ ਪੱਧਰ ਦੀ ਸਿਆਸਤ ਤੋਂ ਉੱਪਰ ਉੱਠਣਾ ਚਾਹੀਦਾ ਹੈ।

**ਉੱਤਰਾਖੰਡ 'ਚ ਨਿਹੰਗ ਸਿੰਘਾਂ ਨਾਲ ਜੁੜੇ ਮਸਲੇ 'ਤੇ ਚਿੰਤਾ**

ਉਨ੍ਹਾਂ ਉੱਤਰਾਖੰਡ (ਰੁਦਰਪ੍ਰਯਾਗ) ਵਿਖੇ ਨਿਹੰਗ ਸਿੰਘਾਂ ਅਤੇ ਗੁਰਦੁਆਰਾ ਸਾਹਿਬ ਦੀ ਸਥਿਤੀ 'ਤੇ ਵੀ ਗੱਲ ਕੀਤੀ। ਉਨ੍ਹਾਂ ਆਖਿਆ ਕਿ ਉੱਥੇ ਬਣੇ ਤਣਾਅ ਦੇ ਪਿੱਛੇ ਕਈ ਕਾਨੂੰਨੀ ਪਹਿਲੂ ਅਤੇ ਪੁਰਾਣੀਆਂ ਘਟਨਾਵਾਂ ਸ਼ਾਮਲ ਹਨ, ਜਿਸ ਕਾਰਨ ਮੌਜੂਦਾ ਹਾਲਾਤ ਪੈਦਾ ਹੋਏ ਹਨ। ਅਜਿਹੇ ਸੰਵੇਦਨਸ਼ੀਲ ਮਸਲਿਆਂ ਨੂੰ ਬੇਹੱਦ ਸੂਝ-ਬੂਝ ਨਾਲ ਹੱਲ ਕਰਨ ਦੀ ਲੋੜ ਹੈ ਤਾਂ ਜੋ ਸਮਾਜਿਕ ਤਾਣਾ-ਬਾਣਾ ਪ੍ਰਭਾਵਿਤ ਨਾ ਹੋਵੇ।

ਭਾਜਪਾ ਆਗੂਆਂ ਦੇ ਦੌਰੇ ਅਤੇ ਕਾਂਗਰਸ ਦੇ ਅੰਦਰੂਨੀ ਮਸਲੇ

**BJP ਲੀਡਰਸ਼ਿਪ ਦਾ ਪੰਜਾਬ ਦੌਰਾ:** ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਦੇ ਤਿੰਨ-ਦਿਨਾ ਪੰਜਾਬ ਦੌਰੇ 'ਤੇ ਤਨਜ਼ ਕਸਦਿਆਂ ਪਰਗਟ ਸਿੰਘ ਨੇ ਆਖਿਆ ਕਿ ਇਹ ਸਿਰਫ਼ ਇੱਕ ਰਸਮੀ ਟੂਰ (ਸੈਰ-ਸਪਾਟਾ) ਹੈ। ਇਸ ਦੌਰੇ ਦਾ ਪੰਜਾਬ ਦੀ ਸਿਆਸਤ ਜਾਂ ਲੋਕਾਂ 'ਤੇ ਕੋਈ ਖ਼ਾਸ ਪ੍ਰਭਾਵ ਨਹੀਂ ਪਵੇਗਾ ਅਤੇ ਨਾ ਹੀ ਭਾਜਪਾ ਦਾ ਪੰਜਾਬ ਪ੍ਰਤੀ ਕੋਈ ਸੱਚਾ ਰੁਝਾਨ ਜਾਂ ਵਚਨਬੱਧਤਾ ਦਿਖਾਈ ਦਿੰਦੀ ਹੈ।

**ਕਾਂਗਰਸ ਦਾ ਅੰਦਰੂਨੀ ਕਲੇਸ਼ ਜਲਦ ਸੁਲਝੇਗਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਪਾਰਟੀ ਦੇ ਅੰਦਰ ਚੱਲ ਰਹੀ ਅੰਦਰੂਨੀ ਖਿੱਚੋਤਾਣ 'ਤੇ ਬੋਲਦਿਆਂ ਉਨ੍ਹਾਂ ਭਰੋਸਾ ਜਤਾਇਆ ਕਿ ਪਾਰਟੀ ਹਾਈਕਮਾਂਡ ਬਹੁਤ ਜਲਦ ਇਨ੍ਹਾਂ ਸਾਰੇ ਮਸਲਿਆਂ ਨੂੰ ਸੁਲਝਾ ਲਵੇਗੀ ਅਤੇ ਪਾਰਟੀ ਮਜ਼ਬੂਤੀ ਨਾਲ ਅੱਗੇ ਵਧੇਗੀ।

### ਚੰਡੀਗੜ੍ਹ ਦੀਆਂ ਗਲੀਆਂ 'ਚ ਸਫ਼ਾਈ ਦੀ ਨਿਸ਼ਕਾਮ ਸੇਵਾ ਕਰਨ ਵਾਲੇ

# ਸਾਬਕਾ ਡੀਆਈਜੀ ਸ. ਇੰਦਰਜੀਤ ਸਿੰਘ ਸਿੱਧੂ (ਆਈਪੀਐਸ) ਸਮੇਤ ਕਈ ਉਘੀਆਂ ਸ਼ਖਸੀਅਤਾਂ ਦਾ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵਲੋਂ 'ਪਦਮ ਸ਼੍ਰੀ' ਨਾਲ ਸਨਮਾਨ












ਨਵੀਂ ਦਿੱਲੀ : ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ 23 ਜੂਨ ਨੂੰ ਨਵੀਂ ਦਿੱਲੀ ਸਥਿਤ ਰਾਸ਼ਟਰਪਤੀ ਭਵਨ ਵਿੱਚ ਆਯੋਜਿਤ ਸਮਾਰੋਹ ਦੌਰਾਨ ਤਿੰਨ ਭਾਰਤੀ-ਅਮਰੀਕੀ ਸ਼ਖਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਇਸ ਸਾਲ ਪ੍ਰਸਿੱਧ ਓਂਕੋਲੋਜਿਸਟ ਡਾ. ਦੱਤਾਤ੍ਰੇਯੁਡੂ ਨੋਰੀ ਅਤੇ ਭਾਰਤੀ ਟੈਨਿਸ ਦੇ ਦਿੱਗਜ ਵਿਜੈ ਅੰਮ੍ਰਿਤਰਾਜ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ, ਜਦਕਿ ਗੈਸਟਰੋਐਂਟਰੋਲੋਜਿਸਟ ਡਾ. ਪ੍ਰਤੀਕ ਸ਼ਰਮਾ ਨੂੰ ਪਦਮ ਸ਼੍ਰੀ ਪੁਰਸਕਾਰ ਨਾਲ ਨਿਵਾਜਿਆ ਗਿਆ। ਸਾਲ 2026 ਲਈ ਕੁੱਲ 131 ਵਿਅਕਤੀਆਂ ਨੂੰ ਪਦਮ ਪੁਰਸਕਾਰਾਂ ਲਈ ਚੁਣਿਆ ਗਿਆ ਸੀ। ਇਨ੍ਹਾਂ ਵਿੱਚ ਪੰਜ ਨੂੰ ਪਦਮ ਵਿਭੂਸ਼ਣ, 13 ਨੂੰ ਪਦਮ ਭੂਸ਼ਣ ਅਤੇ 113 ਨੂੰ ਪਦਮ ਸ਼੍ਰੀ ਪੁਰਸਕਾਰ ਦਿੱਤੇ ਗਏ।

ਆਂਧਰਾ ਪ੍ਰਦੇਸ਼ ਵਿੱਚ ਜਨਮੇ ਡਾ. ਦੱਤਾਤ੍ਰੇਯੁਡੂ ਨੋਰੀ ਵਿਸ਼ਵ ਪ੍ਰਸਿੱਧ ਰੇਡੀਏਸ਼ਨ ਓਂਕੋਲੋਜਿਸਟ ਹਨ। ਉਹ ਸੰਯੁਕਤ ਰਾਸ਼ਟਰ ਦੀ ਇੰਟਰਨੈਸ਼ਨਲ ਐਟਾਮਿਕ ਐਨਰਜੀ ਏਜੰਸੀ ਦੇ ਸਲਾਹਕਾਰ ਰਹਿ ਚੁੱਕੇ ਹਨ ਅਤੇ ਅਮਰੀਕਨ ਕਾਲਜ ਆਫ਼ ਰੇਡੀਓਲੋਜੀ, ਅਮਰੀਕਨ ਕਾਲਜ ਆਫ਼ ਰੇਡੀਏਸ਼ਨ ਓਂਕੋਲੋਜੀ ਅਤੇ ਅਮਰੀਕਨ ਸੋਸਾਇਟੀ ਫ਼ਾਰ ਰੇਡੀਏਸ਼ਨ ਓਂਕੋਲੋਜੀ ਦੇ ਫੈਲੋ ਹਨ। ਰਾਸ਼ਟਰਪਤੀ ਭਵਨ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਡਾ. ਨੋਰੀ ਨੇ ਕੈਂਸਰ ਇਲਾਜ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਯੋਗਦਾਨ ਦਿੱਤਾ ਹੈ। ਅਮਰੀਕਾ ਵਿੱਚ ਕੈਂਸਰ ਇਲਾਜ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਖੋਜਾਂ ਅਤੇ ਤਕਨੀਕਾਂ ਨੇ ਦੁਨੀਆ ਭਰ ਵਿੱਚ ਇਲਾਜ ਦੀ ਸਫ਼ਲਤਾ ਦਰ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਹੈ। ਭਾਰਤ ਦੇ ਕੌਂਸੁਲੇਟ ਜਨਰਲ ਨੇ ਵੀ ਉਨ੍ਹਾਂ ਨੂੰ ਇਸ ਸਨਮਾਨ ਲਈ ਵਧਾਈ ਦਿੱਤੀ।

ਭਾਰਤੀ ਟੈਨਿਸ ਦੇ ਮਹਾਨ ਖਿਡਾਰੀ ਵਿਜੈ ਅੰਮ੍ਰਿਤਰਾਜ ਨੂੰ ਵੀ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਉਹ ਪਦਮ ਸ਼੍ਰੀ ਪੁਰਸਕਾਰ ਵੀ ਪ੍ਰਾਪਤ ਕਰ ਚੁੱਕੇ ਹਨ। ਆਪਣੇ ਖੇਡ ਕਰੀਅਰ ਦੌਰਾਨ ਉਨ੍ਹਾਂ ਨੇ 16 ਏਟੀਪੀ ਸਿੰਗਲਜ਼ ਖ਼ਿਤਾਬ ਜਿੱਤੇ ਅਤੇ ਲੰਬੇ ਸਮੇਂ ਤੱਕ ਭਾਰਤ ਦੀ ਡੇਵਿਸ ਕੱਪ ਟੀਮ ਦੀ ਨੁਮਾਇੰਦਗੀ ਕੀਤੀ। ਉਹ 20 ਲਗਾਤਾਰ ਸਾਲ ਡੇਵਿਸ ਕੱਪ ਵਿੱਚ ਭਾਰਤ ਲਈ ਖੇਡਣ ਵਾਲੇ ਖਿਡਾਰੀਆਂ ਵਿੱਚ ਸ਼ਾਮਲ ਰਹੇ। ਉਨ੍ਹਾਂ ਦੀ ਕਰੀਅਰ ਦੀ ਸਭ ਤੋਂ ਉੱਚੀ ਏਟੀਪੀ ਸਿੰਗਲਜ਼ ਰੈਂਕਿੰਗ 16 ਰਹੀ, ਜੋ ਉਸ ਸਮੇਂ ਕਿਸੇ ਵੀ ਭਾਰਤੀ ਖਿਡਾਰੀ ਵੱਲੋਂ ਹਾਸਲ ਕੀਤੀ ਸਭ ਤੋਂ ਉੱਚੀ ਸਿੰਗਲਜ਼ ਰੈਂਕਿੰਗ ਸੀ। ਉਹ ਅੰਤਰਰਾਸ਼ਟਰੀ ਟੈਨਿਸ ਹਾਲ ਆਫ਼ ਫੇਮ ਵਿੱਚ ਵੀ ਸ਼ਾਮਲ ਕੀਤੇ ਜਾ ਚੁੱਕੇ ਹਨ। ਸਾਲ 2001 ਵਿੱਚ ਉਨ੍ਹਾਂ ਨੂੰ ਸੰਯੁਕਤ ਰਾਸ਼ਟਰ ਦਾ 'ਮੈਸੇਂਜਰ ਆਫ਼ ਪੀਸ' ਨਿਯੁਕਤ ਕੀਤਾ ਗਿਆ ਸੀ, ਇਹ ਸਨਮਾਨ ਪ੍ਰਾਪਤ ਕਰਨ ਵਾਲੇ ਉਹ ਇਕਲੌਤੇ ਭਾਰਤੀ ਖਿਡਾਰੀ ਸਨ।

ਡਾ. ਪ੍ਰਤੀਕ ਸ਼ਰਮਾ ਨੂੰ ਚਿਕਿਤਸਾ ਖੇਤਰ ਵਿੱਚ ਯੋਗਦਾਨ ਲਈ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। ਉਹ ਗੈਸਟਰੋਐਂਟਰੋਲੋਜੀ, ਐਂਡੋਸਕੋਪੀ, ਪਾਚਨ ਤੰਤਰ ਨਾਲ ਸਬੰਧਤ ਕੈਂਸਰਾਂ ਅਤੇ ਸਿਹਤ ਸੇਵਾਵਾਂ ਵਿੱਚ ਕ੍ਰਿਤ੍ਰਿਮ ਬੁੱਧੀ (ਏਆਈ) ਦੀ ਵਰਤੋਂ ਦੇ ਖੇਤਰ ਵਿੱਚ ਵਿਸ਼ਵ ਪੱਧਰੀ ਮਾਹਿਰ ਮੰਨੇ ਜਾਂਦੇ ਹਨ। ਡਾ. ਸ਼ਰਮਾ ਨੇ ਪਾਚਨ ਤੰਤਰ ਨਾਲ ਜੁੜੀਆਂ ਬਿਮਾਰੀਆਂ ਅਤੇ ਕੈਂਸਰ ਦੀ ਪਛਾਣ ਅਤੇ ਇਲਾਜ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਉਨ੍ਹਾਂ ਵੱਲੋਂ 550 ਤੋਂ ਵੱਧ ਖੋਜ ਪੱਤਰ, ਕਲੀਨਿਕਲ ਦਿਸ਼ਾ-ਨਿਰਦੇਸ਼ ਅਤੇ ਪੁਸਤਕ ਅਧਿਆਇ ਪ੍ਰਕਾਸ਼ਿਤ ਕੀਤੇ ਜਾ ਚੁੱਕੇ ਹਨ। ਭਾਰਤ ਦੇ ਅਮਰੀਕਾ ਸਥਿਤ ਦੂਤਾਵਾਸ ਨੇ ਵੀ ਉਨ੍ਹਾਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ।


ਜ਼ਿਕਰਯੋਗ ਹੈ ਕਿ ਪਦਮ ਭੂਸ਼ਣ ਅਤੇ ਪਦਮ ਸ਼੍ਰੀ ਭਾਰਤ ਦੇ ਕ੍ਰਮਵਾਰ ਤੀਜੇ ਅਤੇ ਚੌਥੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਹਨ, ਜੋ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਅਤੇ ਸੇਵਾਵਾਂ ਲਈ ਪ੍ਰਦਾਨ ਕੀਤੇ ਜਾਂਦੇ ਹਨ।

ਇਸੇ ਦੌਰਾਨ ਚੰਡੀਗੜ੍ਹ ਨੂੰ ਸਾਫ਼-ਸੁਥਰਾ ਬਣਾਉਣ ਦੇ ਮਿਸ਼ਨ ਵਿੱਚ ਜੁਟੇ 88 ਸਾਲਾ ਸਾਬਕਾ ਆਈ.ਪੀ.ਐੱਸ. ਅਧਿਕਾਰੀ ਇੰਦਰਜੀਤ ਸਿੰਘ ਸਿੱਧੂ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ 'ਪਦਮ ਸ਼੍ਰੀ' ਸਨਮਾਨ ਨਾਲ ਨਿਵਾਜਿਆ ਗਿਆ ਹੈ। ਸੇਵਾਮੁਕਤੀ ਤੋਂ ਬਾਅਦ ਰੋਜ਼ਾਨਾ ਝਾੜੂ ਚੁੱਕ ਕੇ ਸਫ਼ਾਈ ਕਰਨ ਵਾਲੇ ਸਿੱਧੂ ਦੇ ਇਸ ਜਜ਼ਬੇ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਖੁੱਲ੍ਹ ਕੇ ਸ਼ਲਾਘਾ ਕੀਤੀ ਹੈ।

ਕਦੇ ਪੁਲਿਸ ਦੀ ਵਰਦੀ ਪਹਿਨ ਕੇ ਕਾਨੂੰਨ ਵਿਵਸਥਾ ਸੰਭਾਲਣ ਵਾਲੇ 88 ਸਾਲਾ ਸਾਬਕਾ ਆਈ.ਪੀ.ਐੱਸ. (IPS) ਅਧਿਕਾਰੀ ਇੰਦਰਜੀਤ ਸਿੰਘ ਸਿੱਧੂ ਅੱਜ ਆਪਣੇ ਹੱਥਾਂ ਵਿੱਚ ਝਾੜੂ ਫੜ ਕੇ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਦੇ ਮਿਸ਼ਨ ਵਿੱਚ ਜੁਟੇ ਹੋਏ ਹਨ। ਉਨ੍ਹਾਂ ਦੀ ਇਸੇ ਅਣਥੱਕ ਮਿਹਨਤ ਅਤੇ ਲਗਨ ਨੇ ਨਾ ਸਿਰਫ਼ ਪੂਰੇ ਦੇਸ਼ ਨੂੰ ਪ੍ਰਭਾਵਿਤ ਕੀਤਾ ਹੈ, ਬਲਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਉਨ੍ਹਾਂ ਦੇ ਕੰਮ ਦੇ ਮੁਰੀਦ ਹੋ ਗਏ ਹਨ। ਪਦਮ ਸ਼੍ਰੀ ਸਨਮਾਨ ਸਮਾਰੋਹ ਦੌਰਾਨ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਆਹਮੋ-ਸਾਹਮਣੇ ਸਨ, ਤਾਂ ਪੀ.ਐੱਮ. ਮੋਦੀ ਨੇ ਇੰਦਰਜੀਤ ਸਿੰਘ ਸਿੱਧੂ ਵੱਲ ਇਸ਼ਾਰਾ ਕਰਦਿਆਂ ਕਿਹਾ, ਦੇਖੋ, ਇਨ੍ਹਾਂ ਨੇ ਪੂਰਾ ਚੰਡੀਗੜ੍ਹ ਸਾਫ਼ ਕਰ ਦਿੱਤਾ। ਇਸ 'ਤੇ ਸਿੱਧੂ ਨੇ ਬੜੀ ਨਿਮਰਤਾ ਨਾਲ ਜਵਾਬ ਦਿੰਦਿਆਂ ਕਿਹਾ, ਸਫ਼ਾਈ ਤਾਂ ਤੁਸੀਂ ਲੋਕ ਕਰ ਰਹੇ ਹੋ, ਮੇਰਾ ਤਾਂ ਇਸ ਵਿੱਚ ਬਹੁਤ ਥੋੜ੍ਹਾ ਜਿਹਾ ਯੋਗਦਾਨ ਹੈ।

**ਰੋਜ਼ਾਨਾ ਸਵੇਰੇ ਝਾੜੂ ਲੈ ਕੇ ਨਿਕਲਦੇ ਹਨ ਸਿੱਧੂ** : ਸਮਾਜ ਸੇਵਾ ਅਤੇ ਸਫ਼ਾਈ ਦੇ ਖੇਤਰ ਵਿੱਚ ਪਾਏ ਬੇਮਿਸਾਲ ਯੋਗਦਾਨ ਲਈ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਇੰਦਰਜੀਤ ਸਿੰਘ ਸਿੱਧੂ ਨੂੰ ਦੇਸ਼ ਦੇ ਵੱਕਾਰੀ 'ਪਦਮ ਸ਼੍ਰੀ' ਸਨਮਾਨ ਨਾਲ ਨਿਵਾਜਿਆ ਗਿਆ ਹੈ। ਉਨ੍ਹਾਂ ਨੂੰ ਇਹ ਸਨਮਾਨ ਅਣਗੌਲੇ ਨਾਇਕਾਂ ਦੀ ਸ਼੍ਰੇਣੀ ਵਿੱਚ ਦਿੱਤਾ ਗਿਆ ਹੈ। ਸਾਲ 1996 ਵਿੱਚ ਆਈ.ਪੀ.ਐੱਸ. ਸੇਵਾ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਸਿੱਧੂ ਨੇ ਆਰਾਮ ਦੀ ਜ਼ਿੰਦਗੀ ਜਿਊਣ ਦੀ ਬਜਾਏ ਸਮਾਜ ਸੇਵਾ ਨੂੰ ਚੁਣਿਆ। ਸੈਕਟਰ-49 ਵਿੱਚ ਫੈਲੀ ਗੰਦਗੀ ਅਤੇ ਕੂੜੇ-ਕਰਕਟ ਨੂੰ ਦੇਖ ਕੇ ਉਨ੍ਹਾਂ ਨੇ ਖ਼ੁਦ ਸਫ਼ਾਈ ਦੀ ਜ਼ਿੰਮੇਵਾਰੀ ਚੁੱਕਣ ਦਾ ਫ਼ੈਸਲਾ ਕੀਤਾ। ਉਦੋਂ ਤੋਂ ਲੈ ਕੇ ਹੁਣ ਤੱਕ ਉਹ ਰੋਜ਼ਾਨਾ ਸਵੇਰੇ 6 ਵਜੇ ਝਾੜੂ ਅਤੇ ਸਾਈਕਲ ਰੇਹੜੀ ਲੈ ਕੇ ਸੜਕਾਂ, ਪਾਰਕਾਂ ਅਤੇ ਨਾਲੀਆਂ ਦੀ ਸਫ਼ਾਈ ਲਈ ਨਿਕਲ ਪੈਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਹਾਲ ਹੀ ਵਿੱਚ ਇੱਕ ਸੜਕ ਹਾਦਸੇ ਦੌਰਾਨ ਜ਼ਖਮੀ ਹੋਣ ਅਤੇ ਪੈਰ 'ਤੇ ਸੱਟ ਲੱਗਣ ਦੇ ਬਾਵਜੂਦ ਵੀ ਉਨ੍ਹਾਂ ਦਾ ਹੌਸਲਾ ਨਹੀਂ ਡੋਲਿਆ। ਉਨ੍ਹਾਂ ਨੇ ਡੰਡੇ ਦੇ ਸਹਾਰੇ ਵੀ ਆਪਣੀ ਸਫ਼ਾਈ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਿਆ। ਇਹੀ ਜਜ਼ਬਾ ਅੱਜ ਉਨ੍ਹਾਂ ਨੂੰ ਚੰਡੀਗੜ੍ਹ ਹੀ ਨਹੀਂ, ਬਲਕਿ ਪੂਰੇ ਦੇਸ਼ ਲਈ ਪ੍ਰੇਰਨਾ ਦਾ ਇੱਕ ਵੱਡਾ ਸਰੋਤ ਬਣਾ ਰਿਹਾ ਹੈ।

**ਪਦਮ ਸ਼੍ਰੀ ਸਮਾਰੋਹ ਲਈ ਅਮਰੀਕਾ ਤੋਂ ਸੀ ਪਰਤੀ ਪੋਤੀ** : ਅਮਰੀਕਾ ਵਿੱਚ ਕਾਨੂੰਨ ਦੀ ਪੜ੍ਹਾਈ ਕਰ ਰਹੀ ਇੰਦਰਜੀਤ ਸਿੰਘ ਸਿੱਧੂ ਦੀ ਪੋਤੀ ਸੁਖਮ ਕੌਰ ਸਿੱਧੂ ਵੀ ਅਮਰੀਕਾ ਤੋਂ ਖ਼ੁਦ ਆਪਣੇ ਦਾਦਾ ਜੀ ਨੂੰ ਇਹ ਵੱਕਾਰੀ ਐਵਾਰਡ ਲੈਂਦੇ ਹੋਏ ਦੇਖਣਾ ਚਾਹੁੰਦੀ ਸੀ। ਉਨ੍ਹਾਂ ਦੀ ਭਾਰਤ ਆਉਣ ਦੀ ਟਿਕਟ ਕਾਫੀ ਦੇਰ ਬਾਅਦ ਦੀ ਸੀ, ਪਰ ਉਨ੍ਹਾਂ ਨੇ ਉਸ ਟਿਕਟ ਨੂੰ ਰੱਦ ਕਰਵਾ ਕੇ ਜਲਦੀ ਆਉਣ ਦਾ ਫ਼ੈਸਲਾ ਕੀਤਾ।


COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes.
Electrical panel or roof upgrades are extra.
TSP
ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

# ਵੈਨੇਜ਼ੁਏਲਾ ’ਚ ਆਏ ਭਿਆਨਕ ਭੂਚਾਲ ਕਾਰਨ ਭਾਰੀ ਤਬਾਹੀ

## ਰਾਜਧਾਨੀ ਕਾਰਾਕਸ ਸਮੇਤ ਕਈ ਸ਼ਹਿਰਾਂ ’ਚ ਇਮਾਰਤਾਂ ਡਿੱਗੀਆਂ; ਵੱਡੀ ਗਿਣਤੀ ’ਚ ਜਾਨੀ ਨੁਕਸਾਨ ਦਾ ਖ਼ਦਸ਼ਾ

**ਗਲੋਬਲ ਆਫ਼ਤ ਡਾਇਰੀ: ਵੈਨੇਜ਼ੁਏਲਾ ’ਚ ਕੁਦਰਤ ਦਾ ਕਹਿਰ**

**ਕੁਦਰਤੀ ਆਫ਼ਤ ਦਾ ਰਿਪੋਰਟ ਕਾਰਡ (The Data Block)**

| ਪਹਿਲਾ ਝਟਕਾ | ਦੂਜਾ ਝਟਕਾ | ਕੇਂਦਰ ਬਿੰਦੂ | USGS ਚੇਤਾਵਨੀ |
|---|---|---|---|
| 7.2 ਤੀਬਰਤਾ | 7.5 ਤੀਬਰਤਾ | ਰਾਜਧਾਨੀ ਕਾਰਾਕਸ ਤੋਂ 160 ਕਿਲੋਮੀਟਰ ਪੱਛਮ | ਮੌਤਾਂ ਦਾ ਅੰਕੜਾ 10,000 ਤੋਂ ਪਾਰ ਜਾਣ ਦਾ ਖ਼ਦਸ਼ਾ |

ਘਟਨਾਕ੍ਰਮ: 60 ਸੈਕਿੰਡਾਂ ’ਚ ਸਭ ਕੁਝ ਤਬਾਹ





ਮਰੇ ਹੋਏ ਪਰਿਵਾਰਾਂ ਅਤੇ ਜ਼ਖ਼ਮੀਆਂ ਲਈ ਪਿਆਰ ਅਤੇ ਅਰਦਾਸ। ਰੱਬ ਦੁਨੀਆਂ ਉੱਪਰ ਕਿਰਪਾ ਬਣਾਈ ਰੱਖੇ ਅਤੇ ਸਰਬੱਤ ਦਾ ਭਲਾ ਹੋਵੇ।

**ਸਪੀਡ ਮੀਟਰ: 7.2 ਤੀਬਰਤਾ ਦੇ ਪਹਿਲੇ ਝਟਕੇ ਤੋਂ ਮਹਿਜ਼ 1 ਮਿੰਟ ਦੇ ਅੰਦਰ 7.5 ਤੀਬਰਤਾ ਦਾ ਦੂਜਾ ਵਿਨਾਸ਼ਕਾਰੀ ਝਟਕਾ ਆਇਆ।**

**ਗਰਾਊਂਡ ਜ਼ੀਰੋ: ਰਾਜਧਾਨੀ ਕਾਰਾਕਸ ਸਮੇਤ ਕਈ ਵੱਡੇ ਸ਼ਹਿਰਾਂ ਵਿੱਚ ਬਹੁ-ਮੰਜ਼ਿਲਾ ਕੰਕਰੀਟ ਦੀਆਂ ਇਮਾਰਤਾਂ ਤਾਸ਼ ਦੇ ਪੱਤਿਆਂ ਵਾਂਗ ਬੈਠ ਗਈਆਂ।**

**ਮੌਜੂਦਾ ਸਥਿਤੀ: ਅੰਤਰਿਮ ਰਾਸ਼ਟਰਪਤੀ ਡੈਲਸੀ ਰੌਡਰਿਗਜ਼ ਮੁਤਾਬਕ ਹੁਣ ਤੱਕ 32 ਲਾਸ਼ਾਂ ਕੱਢੀਆਂ ਜਾ ਚੁੱਕੀਆਂ ਹਨ ਅਤੇ 700 ਤੋਂ ਵੱਧ ਲੋਕ ਹਸਪਤਾਲਾਂ ਵਿੱਚ ਜ਼ਖ਼ਮੀ ਹਨ।**

**ਭੂ-ਰਾਜਨੀਤੀ (The Geopolitical Angle)**

**ਤਖ਼ਤਾਪਲਟ ਤੋਂ ਬਾਅਦ ਕੁਦਰਤੀ ਮਾਰ: ਇਸੇ ਸਾਲ ਜਨਵਰੀ ਵਿੱਚ ਅਮਰੀਕੀ ਫ਼ੌਜ ਨੇ ਵੈਨੇਜ਼ੁਏਲਾ ਦੇ ਲੰਮੇ ਸਮੇਂ ਤੋਂ ਚੱਲ ਰਹੇ ਸ਼ਾਸਕ ਨਿਕੋਲਸ ਮਾਦੁਰੋ ਦਾ ਤਖ਼ਤਾ ਪਲਟਿਆ ਸੀ।**

**ਟਰੰਪ ਦਾ ਵੱਡਾ ਬਿਆਨ: ਇਸ ਸਿਆਸੀ ਤਣਾਅ ਦੇ ਬਾਵਜੂਦ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਨੂੰ ‘ਦਿਲ ਕੰਬਾਊ ਤਬਾਹੀ’ ਦੱਸਦਿਆਂ ਵੈਨੇਜ਼ੁਏਲਾ ਨੂੰ ਹਰ ਸੰਭਵ ਫ਼ੌਜੀ ਅਤੇ ਮੈਡੀਕਲ ਮਦਦ ਦੇਣ ਦੀ ਪੇਸ਼ਕਸ਼ ਕੀਤੀ ਹੈ।**

**‘ਤੰਗ ਗਲੀਆਂ, ਮਲਬੇ ਦੇ ਢੇਰ ਅਤੇ ਭਾਰਤ ਦੇ ਸ਼ਹਿਰਾਂ ਵਰਗਾ ਭੁਲੇਖਾ ਪਾਉਂਦੀ ਵੈਨੇਜ਼ੁਏਲਾ ਦੀ ਰਾਜਧਾਨੀ ਕਾਰਾਕਸ ਦੀ ਇਹ ਤਸਵੀਰ, ਜਿੱਥੇ ਦੋਹਰੇ ਭੂਚਾਲ ਨੇ ਹਜ਼ਾਰਾਂ ਜ਼ਿੰਦਗੀਆਂ ਨੂੰ ਕੰਕਰੀਟ ਦੇ ਮਲਬੇ ਹੇਠ ਦਫ਼ਨ ਕਰ ਦਿੱਤਾ ਹੈ।’**

**ਕਾਰਾਕਸ (ਵੈਨੇਜ਼ੁਏਲਾ):** ਦੱਖਣੀ ਅਮਰੀਕੀ ਦੇਸ਼ ਵੈਨੇਜ਼ੁਏਲਾ ਵਿੱਚ ਆਏ ਲਗਾਤਾਰ ਦੋ ਸ਼ਕਤੀਸ਼ਾਲੀ ਅਤੇ ਭਿਆਨਕ ਭੂਚਾਲਾਂ ਕਾਰਨ ਵੱਡੀ ਤਬਾਹੀ ਮਚੀ ਹੈ। ਯੂ.ਐੱਸ. ਜੀਓਲੋਜੀਕਲ ਸਰਵੇ (USGS) ਮੁਤਾਬਕ ਪਹਿਲਾਂ ਰਾਜਧਾਨੀ ਕਾਰਾਕਸ ਤੋਂ ਲਗਭਗ 160 ਕਿਲੋਮੀਟਰ (100 ਮੀਲ) ਪੱਛਮ ਵੱਲ 7.2 ਤੀਬਰਤਾ ਦਾ ਜ਼ੋਰਦਾਰ ਭੂਚਾਲ ਆਇਆ ਅਤੇ ਉਸ ਤੋਂ ਇੱਕ ਮਿੰਟ ਤੋਂ ਵੀ ਘੱਟ ਸਮੇਂ ਦੇ ਅੰਦਰ 7.5 ਤੀਬਰਤਾ ਦਾ ਦੂਜਾ ਭਿਆਨਕ ਝਟਕਾ ਮਹਿਸੂਸ ਕੀਤਾ ਗਿਆ। ਭੂਚਾਲ ਦੇ ਇਨ੍ਹਾਂ ਤੇਜ਼ ਝਟਕਿਆਂ ਕਾਰਨ ਰਾਜਧਾਨੀ ਕਾਰਾਕਸ ਅਤੇ ਆਲੇ-ਦੁਆਲੇ ਦੇ ਕਈ ਖੇਤਰਾਂ ਵਿੱਚ ਵੱਡੀਆਂ ਇਮਾਰਤਾਂ ਢਹਿ-ਢੇਰੀ ਹੋ ਗਈਆਂ ਹਨ, ਜਿਸ ਕਾਰਨ ਸੈਂਕੜੇ ਲੋਕ ਮਲਬੇ ਹੇਠ ਦੱਬੇ ਗਏ ਹਨ।

**ਹੁਣ ਤੱਕ 32 ਮੌਤਾਂ, 10 ਹਜ਼ਾਰ ਤੋਂ ਵੱਧ ਜਾਨੀ ਨੁਕਸਾਨ ਦਾ ਖ਼ਦਸ਼ਾ**

ਵੈਨੇਜ਼ੁਏਲਾ ਦੇ ਅੰਤਰਿਮ ਰਾਸ਼ਟਰਪਤੀ ਡੈਲਸੀ ਰੌਡਰਿਗਜ਼ (Delcy Rodriguez) ਵੱਲੋਂ ਜਾਰੀ ਕੀਤੇ ਗਏ ਅਧਿਕਾਰਤ ਬਿਆਨ ਮੁਤਾਬਕ:

**ਸ਼ੁਰੂਆਤੀ ਅੰਕੜੇ:** ਇਮਾਰਤਾਂ ਦੇ ਡਿੱਗਣ ਕਾਰਨ ਹੁਣ ਤੱਕ ਘੱਟੋ-ਘੱਟ 32 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 700 ਤੋਂ ਵੱਧ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ।

**USGS ਦੀ ਚੇਤਾਵਨੀ:** ਹਾਲਾਂਕਿ ਅਧਿਕਾਰਤ ਤੌਰ ’ਤੇ ਨੁਕਸਾਨ ਦੇ ਅੰਕੜੇ ਬੇਹੱਦ ਹੌਲੀ ਰਫ਼ਤਾਰ ਨਾਲ ਸਾਹਮਣੇ ਆ ਰਹੇ ਹਨ, ਪਰ ਯੂ.ਐੱਸ. ਜੀਓਲੋਜੀਕਲ ਸਰਵੇ (USGS) ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਇਸ ਤਬਾਹੀ ਵਿੱਚ ਮਰਨ ਵਾਲਿਆਂ ਦੀ ਗਿਣਤੀ 10,000 ਤੋਂ ਵੀ ਪਾਰ ਜਾ ਸਕਦੀ ਹੈ।

**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਮਦਦ ਦੀ ਪੇਸ਼ਕਸ਼**

ਇਸ ਕੁਦਰਤੀ ਆਫ਼ਤ ’ਤੇ ਚਿੰਤਾ ਪ੍ਰਗਟ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਖਿਆ ਹੈ ਕਿ ਵੈਨੇਜ਼ੁਏਲਾ ਵਿੱਚ ਮਰਨ ਵਾਲਿਆਂ ਦੀ ਗਿਣਤੀ ‘ਬੇਹੱਦ ਭਿਆਨਕ ਅਤੇ ਦਿਲ ਕੰਬਾਊ’ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਇਸੇ ਸਾਲ ਜਨਵਰੀ ਮਹੀਨੇ ਵਿੱਚ ਅਮਰੀਕੀ ਫ਼ੌਜ ਵੱਲੋਂ ਵੈਨੇਜ਼ੁਏਲਾ ਦੇ ਲੰਮੇ ਸਮੇਂ ਤੱਕ ਰਹੇ ਸ਼ਾਸਕ ਨਿਕੋਲਸ ਮਾਦੁਰੋ (Nicolás Maduro) ਦੀ ਹਕੂਮਤ ਦਾ ਤਖ਼ਤਾ ਪਲਟ ਦਿੱਤਾ ਗਿਆ ਸੀ। ਇਸ ਸਿਆਸੀ ਉਥਲ-ਪੁਥਲ ਦੇ ਬਾਵਜੂਦ, ਹਾਲੀਆ ਭਿਆਨਕ ਭੂਚਾਲ ਤੋਂ ਬਾਅਦ ਰਾਸ਼ਟਰਪਤੀ ਟਰੰਪ ਨੇ ਵੈਨੇਜ਼ੁਏਲਾ ਦੇ ਲੋਕਾਂ ਦੀ ਮਦਦ ਲਈ ਅਮਰੀਕਾ ਵੱਲੋਂ ਹਰ ਸੰਭਵ ਸਹਾਇਤਾ ਦੇਣ ਦੀ ਪੇਸ਼ਕਸ਼ ਕੀਤੀ ਹੈ। ਮੌਕੇ ’ਤੇ ਰਾਹਤ ਅਤੇ ਬਚਾਅ ਕਾਰਜ ਲਗਾਤਾਰ ਜਾਰੀ ਹਨ ਅਤੇ ਮਲਬੇ ਹੇਠੋਂ ਲੋਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਸ੍ਰੀਨਗਰ ’ਚ ਬੇਰੁਜ਼ਗਾਰੀ ਖ਼ਿਲਾਫ਼ PDP ਦਾ ਹੱਲਾਬੋਲ !

## 25 ਹਜ਼ਾਰ ਸਰਕਾਰੀ ਨੌਕਰੀਆਂ ਦੇ ਇਸ਼ਤਿਹਾਰ ਤੁਰੰਤ ਜਾਰੀ ਕਰਨ ਦੀ ਉੱਠੀ ਮੰਗ






ਸ੍ਰੀਨਗਰ : ਜੰਮੂ-ਕਸ਼ਮੀਰ ਵਿੱਚ ਸਰਕਾਰੀ ਨੌਕਰੀਆਂ ਦੀ ਉਡੀਕ ਕਰ ਰਹੇ ਲੱਖਾਂ ਨੌਜਵਾਨਾਂ ਦੇ ਹੱਕ ਵਿੱਚ ‘ਪੀਪਲਜ਼ ਡੈਮੋਕ੍ਰੇਟਿਕ ਪਾਰਟੀ’ (PDP) ਨੇ ਸੜਕਾਂ ’ਤੇ ਉਤਰ ਕੇ ਮੋਰਚਾ ਖੋਲ੍ਹ ਦਿੱਤਾ ਹੈ। ਮੰਗਲਵਾਰ ਨੂੰ ਸ੍ਰੀਨਗਰ ਵਿਖੇ PDP ਕਾਰਕੁਨਾਂ ਨੇ ਪ੍ਰਸ਼ਾਸਨ ਦੇ ਖ਼ਿਲਾਫ਼ ਇੱਕ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ।

ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ ਹੈ ਕਿ ਰਾਜ ਵਿੱਚ ਲੰਬੇ ਸਮੇਂ ਤੋਂ ਖਾਲੀ ਪਈਆਂ ਲਗਭਗ 25,000 ਸਰਕਾਰੀ ਪੋਸਟਾਂ ਲਈ ਭਰਤੀ ਪ੍ਰਕਿਰਿਆ ਦੇ ਅਧਿਕਾਰਤ ਇਸ਼ਤਿਹਾਰ (Job Notifications) ਤੁਰੰਤ ਰਿਲੀਜ਼ ਕੀਤੇ ਜਾਣ। ਹੱਥਾਂ ਵਿੱਚ ਪਾਰਟੀ ਦੇ ਝੰਡੇ ਅਤੇ ਬੈਨਰ ਫੜੀ PDP ਵਰਕਰਾਂ ਨੇ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਵਾਅਦਿਆਂ ਤੋਂ ਮੁਕਰ ਰਹੀ ਹੈ, ਜਿਸ ਕਾਰਨ ਕਸ਼ਮੀਰ ਦਾ ਪੜ੍ਹਿਆ-ਲਿਖਿਆ ਨੌਜਵਾਨ ਮਾਨਸਿਕ ਤਣਾਅ ਅਤੇ ਨਿਰਾਸ਼ਾ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਪਾਰਟੀ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਭਰਤੀਆਂ ਦੇ ਨੋਟੀਫਿਕੇਸ਼ਨ ਜਲਦ ਜਾਰੀ ਨਾ ਹੋਏ, ਤਾਂ ਇਹ ਪ੍ਰਦਰਸ਼ਨ ਪੂਰੇ ਜੰਮੂ-ਕਸ਼ਮੀਰ ਵਿੱਚ ਫੈਲ ਜਾਵੇਗਾ।

# ਇੰਡੋ-ਯੂਐਸ ਟਰੇਡ ਡੀਲ ਖ਼ਿਲਾਫ਼ ਕਿਸਾਨਾਂ ਦਾ ਭਾਰੀ ਰੋਸ ਮੁਜ਼ਾਹਰਾ

## ਅੰਮ੍ਰਿਤਸਰ 'ਚ 'ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ' ਵੱਲੋਂ ਜ਼ੋਰਦਾਰ ਰੋਸ ਮਾਰਚ ਅਤੇ ਨਾਅਰੇਬਾਜ਼ੀ

ਅੰਮ੍ਰਿਤਸਰ : ਭਾਰਤ ਅਤੇ ਅਮਰੀਕਾ ਵਿਚਾਲੇ ਹੋਣ ਵਾਲੇ ਸੰਭਾਵਿਤ ਵਪਾਰਕ ਸਮਝੌਤੇ (Indo-US Trade Deal) ਖ਼ਿਲਾਫ਼ ਕਿਸਾਨਾਂ ਨੇ ਇੱਕ ਵਾਰ ਫਿਰ ਤਿੱਖਾ ਰੁਖ਼ ਅਖਤਿਆਰ ਕਰ ਲਿਆ ਹੈ। ਬੁੱਧਵਾਰ ਨੂੰ ਪੰਜਾਬ ਦੇ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਵਿਖੇ 'ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ' (Kisan Mazdoor Sangharsh Committee) ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਇੱਕ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।





**ਖੇਤੀਬਾੜੀ ਸੈਕਟਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦਾ ਖ਼ਦਸ਼ਾ**

ਰੋਸ ਪ੍ਰਦਰਸ਼ਨ ਦੌਰਾਨ ਕਿਸਾਨ ਆਗੂਆਂ ਨੇ ਦੋਹਾਂ ਦੇਸ਼ਾਂ ਵਿਚਾਲੇ ਹੋਣ ਵਾਲੀ ਇਸ ਵਪਾਰਕ ਡੀਲ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ:

ਕਾਰਪੋਰੇਟ ਪੱਖੀ ਨੀਤੀਆਂ ਦਾ ਵਿਰੋਧ: ਕਿਸਾਨਾਂ ਦਾ ਦਾਅਵਾ ਹੈ ਕਿ ਇਹ ਵਪਾਰਕ ਸਮਝੌਤਾ ਦੇਸ਼ ਦੇ ਖੇਤੀਬਾੜੀ ਸੈਕਟਰ ਅਤੇ ਸਥਾਨਕ ਕਿਸਾਨਾਂ ਦੇ ਹਿੱਤਾਂ ਨੂੰ ਵੱਡੀ ਸੱਟ ਮਾਰਨ ਵਾਲਾ ਹੈ।

ਬਾਹਰੀ ਕੰਪਨੀਆਂ ਦਾ ਦਬਦਬਾ: ਕਿਸਾਨ ਜਥੇਬੰਦੀਆਂ ਨੂੰ ਖ਼ਦਸ਼ਾ ਹੈ ਕਿ ਇਸ ਡੀਲ ਦੇ ਲਾਗੂ ਹੋਣ ਨਾਲ ਅਮਰੀਕੀ ਖੇਤੀ ਉਤਪਾਦ ਅਤੇ ਬਹੁ-ਰਾਸ਼ਟਰੀ ਕੰਪਨੀਆਂ ਭਾਰਤੀ ਬਾਜ਼ਾਰ 'ਤੇ ਕਾਬਜ਼ ਹੋ ਜਾਣਗੀਆਂ, ਜਿਸ ਨਾਲ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀ ਆਰਥਿਕ ਸਥਿਤੀ ਹੋਰ ਜ਼ਿਆਦਾ ਕਮਜ਼ੋਰ ਹੋ ਜਾਵੇਗੀ।

ਸੜਕਾਂ 'ਤੇ ਉੱਤਰੇ ਕਿਸਾਨ: ਹੱਥਾਂ ਵਿੱਚ ਜਥੇਬੰਦੀ ਦੇ ਝੰਡੇ ਫੜ ਕੇ ਕਿਸਾਨਾਂ ਨੇ ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਚੌਕਾਂ ਵਿੱਚੋਂ ਦੀ ਲੰਘਦਿਆਂ ਸਰਕਾਰ ਵਿਰੋਧੀ ਨਾਅਰੇ ਲਗਾਏ ਅਤੇ ਮੰਗ ਕੀਤੀ ਕਿ ਕਿਸਾਨ ਵਿਰੋਧੀ ਸਮਝੌਤਿਆਂ ਨੂੰ ਤੁਰੰਤ ਰੋਕਿਆ ਜਾਵੇ।

**ਸੁਰੱਖਿਆ ਦੇ ਪੁਖ਼ਤਾ ਪ੍ਰਬੰਧ**

ਕਿਸਾਨਾਂ ਦੇ ਇਸ ਵਿਸ਼ਾਲ ਰੋਸ ਮਾਰਚ ਨੂੰ ਦੇਖਦਿਆਂ ਅੰਮ੍ਰਿਤਸਰ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਕਈ ਪ੍ਰਮੁੱਖ ਰੂਟਾਂ 'ਤੇ ਟਰੈਫਿਕ ਨੂੰ ਡਾਇਵਰਟ ਕੀਤਾ ਗਿਆ ਤਾਂ ਜੋ ਆਮ ਜਨਤਾ ਨੂੰ ਕੋਈ ਪਰੇਸ਼ਾਨੀ ਨਾ ਆਵੇ। ਕਿਸਾਨ ਜਥੇਬੰਦੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ, ਤਾਂ ਇਸ ਸੰਘਰਸ਼ ਨੂੰ ਰਾਸ਼ਟਰੀ ਪੱਧਰ 'ਤੇ ਹੋਰ ਤਿੱਖਾ ਕੀਤਾ ਜਾਵੇਗਾ।

### ਕਾਵੇਰੀ ਨਦੀ 'ਚ ਮੌਤ ਦੀ ਖੇਡ !

# ਕਰਨਾਟਕ ਦੇ ਮੇਕੇਦਾਤੂ ਡੈਮ ਖ਼ਿਲਾਫ਼ ਤਾਮਿਲਨਾਡੂ ਦੇ ਕਿਸਾਨਾਂ ਨੇ ਗਲ-ਗਲ ਪਾਣੀ 'ਚ ਵੜ ਕੇ ਦਿੱਤਾ ਰੂਹ ਕੰਬਾਊ ਧਰਨਾ







ਤਿਰੂਚਿਰਾਪੱਲੀ : ਕਰਨਾਟਕ ਸਰਕਾਰ ਵੱਲੋਂ ਪ੍ਰਸਤਾਵਿਤ 'ਮੇਕੇਦਾਤੂ ਡੈਮ ਪ੍ਰੋਜੈਕਟ' ਖ਼ਿਲਾਫ਼ ਤਾਮਿਲਨਾਡੂ ਦੇ ਕਿਸਾਨਾਂ ਨੇ ਵਿਰੋਧ ਪ੍ਰਦਰਸ਼ਨ ਦਾ ਇੱਕ ਬੇਹੱਦ ਅਨੋਖਾ ਅਤੇ ਖ਼ੌਫ਼ਨਾਕ ਰੂਪ ਅਖਤਿਆਰ ਕਰ ਲਿਆ ਹੈ। 'ਨੈਸ਼ਨਲ ਸਾਊਥ ਇੰਡੀਅਨ ਰਿਵਰਜ਼ ਇੰਟਰ-ਲਿੰਕਿੰਗ ਫਾਰਮਰਜ਼ ਐਸੋਸੀਏਸ਼ਨ' ਦੇ ਪ੍ਰਧਾਨ ਅੱਯਾਕੰਨੂ ਦੀ ਅਗਵਾਈ ਹੇਠ ਕਿਸਾਨਾਂ ਨੇ ਕਾਵੇਰੀ ਨਦੀ ਵਿੱਚ ਉਤਰ ਕੇ ਪ੍ਰਦਰਸ਼ਨ ਕੀਤਾ।
ਪਹਿਲਾਂ ਕਿਸਾਨਾਂ ਨੇ ਨਦੀ ਦੀ ਰੇਤ ਵਿੱਚ ਆਪਣੇ ਸਰੀਰਾਂ ਨੂੰ ਅੱਧਾ ਦੱਬ ਲਿਆ ਅਤੇ ਇਸ ਤੋਂ ਬਾਅਦ ਉਹ ਕਾਵੇਰੀ ਦੇ ਤੇਜ਼ ਵਹਾਅ ਵਿੱਚ ਗਲ-ਗਲ ਤੱਕ ਪਾਣੀ ਵਿੱਚ ਬੈਠ ਗਏ। ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਕਰਨਾਟਕ ਨੇ ਇਹ ਡੈਮ ਬਣਾਇਆ ਤਾਂ ਤਾਮਿਲਨਾਡੂ ਦੇ ਲੱਖਾਂ ਕਿਸਾਨਾਂ ਦੀ ਜ਼ਮੀਨ ਬੰਜਰ ਹੋ ਜਾਵੇਗੀ ਅਤੇ ਉਨ੍ਹਾਂ ਕੋਲ ਮਰਨ ਤੋਂ ਇਲਾਵਾ ਕੋਈ ਰਸਤਾ ਨਹੀਂ ਬਚੇਗਾ। ਇਸ ਹਲਚਲ ਭਰੇ ਪ੍ਰਦਰਸ਼ਨ ਨੇ ਪੂਰੇ ਦੇਸ਼ ਦਾ ਧਿਆਨ ਖਿੱਚਿਆ ਹੈ ਅਤੇ ਪ੍ਰਸ਼ਾਸਨ ਦੇ ਹੱਥਾਂ-ਪੈਰਾਂ ਦੀਆਂ ਪੈ ਗਈਆਂ ਹਨ।

### ਕਾਲਜ ਨੇੜੇ ਠੇਕੇ 'ਤੇ ਭੜਕੀਆਂ ਵਿਦਿਆਰਥਣਾਂ

# ABVP ਨੇ ਭੋਪਾਲ 'ਚ ਖੋਲ੍ਹਿਆ ਮੋਰਚਾ; ਸਰਕਾਰ ਖ਼ਿਲਾਫ਼ ਜ਼ੋਰਦਾਰ ਹੱਲਾਬੋਲ !

ਭੋਪਾਲ : ਸਰਕਾਰੀ ਮਹਾਰਾਣੀ ਲਕਸ਼ਮੀ ਬਾਈ ਗਰਲਜ਼ ਕਾਲਜ ਨੇੜੇ ਚੱਲ ਰਹੇ ਸ਼ਰਾਬ ਦੇ ਠੇਕੇ ਖ਼ਿਲਾਫ਼ 'ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ' (ABVP) ਨੇ ਵੱਡਾ ਬਗਾਵਤੀ ਬਿਗਲ ਵਜਾ ਦਿੱਤਾ ਹੈ। ਮੰਗਲਵਾਰ ਨੂੰ ABVP ਦੇ ਸੈਂਕੜੇ ਕਾਰਕੁਨਾਂ ਅਤੇ ਵਿਦਿਆਰਥਣਾਂ ਨੇ ਇਕੱਠੇ ਹੋ ਕੇ ਕਾਲਜ ਦੇ ਬਿਲਕੁਲ ਨਜ਼ਦੀਕ ਸਥਿਤ ਇਸ ਸ਼ਰਾਬ ਦੀ ਦੁਕਾਨ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ ਅਤੇ ਪ੍ਰਸ਼ਾਸਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਗਰਲਜ਼ ਕਾਲਜ ਦੇ ਨੇੜੇ ਸ਼ਰਾਬ ਦਾ ਠੇਕਾ ਹੋਣ ਕਾਰਨ ਰੋਜ਼ਾਨਾ ਉੱਥੇ ਸ਼ਰਾਬੀਆਂ ਦਾ ਜਮਾਵੜਾ ਲੱਗਿਆ ਰਹਿੰਦਾ ਹੈ, ਜਿਸ ਨਾਲ ਕਾਲਜ ਆਉਣ-ਜਾਣ ਵਾਲੀਆਂ ਵਿਦਿਆਰਥਣਾਂ ਦੀ ਸੁਰੱਖਿਆ ਖ਼ਤਰੇ ਵਿੱਚ ਪੈ ਰਹੀ ਹੈ ਅਤੇ ਮਾਹੌਲ ਖ਼ਰਾਬ ਹੋ ਰਿਹਾ ਹੈ। ABVP ਨੇ ਪ੍ਰਸ਼ਾਸਨ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇਕਰ ਇਸ ਠੇਕੇ ਨੂੰ ਤੁਰੰਤ ਇੱਥੋਂ ਨਾ ਹਟਾਇਆ ਗਿਆ, ਤਾਂ ਉਹ ਕਾਲਜ ਨੂੰ ਮੁਕੰਮਲ ਤੌਰ 'ਤੇ ਬੰਦ ਕਰਕੇ ਵੱਡੇ ਪੱਧਰ 'ਤੇ ਚੱਕਾ ਜਾਮ ਕਰਨਗੇ। ਪ੍ਰਦਰਸ਼ਨ ਦੇ ਮੱਦੇਨਜ਼ਰ ਇਲਾਕੇ ਵਿੱਚ ਭਾਰੀ ਪੁਲਿਸ ਤਾਇਨਾਤ ਕਰ ਦਿੱਤੀ ਗਈ ਹੈ।





## ਦਿੱਲੀ ’ਚ ‘ਕਾਕਰੋਚ ਜਨਤਾ ਪਾਰਟੀ’ ਦਾ ਹੱਲਾਬੋਲ !

# NEET ਪੇਪਰ ਲੀਕ ਮਾਮਲੇ ’ਤੇ ਘੇਰੀ ਸਰਕਾਰ; ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਉੱਠੀ ਗੂੰਜ










ਨਵੀਂ ਦਿੱਲੀ, : NEET-UG 2026 ਪੇਪਰ ਲੀਕ ਵਿਵਾਦ ਨੂੰ ਲੈ ਕੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਸਿਆਸੀ ਤਾਪਮਾਨ ਬੇਹੱਦ ਗਰਮਾ ਗਿਆ ਹੈ। ‘ਕਾਕਰੋਚ ਜਨਤਾ ਪਾਰਟੀ’ (CJP) ਦੇ ਸੰਸਥਾਪਕ ਅਭਿਜੀਤ ਦਿਪਕੇ ਨੇ ਆਪਣੇ ਸੈਂਕੜੇ ਸਮਰਥਕਾਂ ਅਤੇ ਵਿਦਿਆਰਥੀਆਂ ਨਾਲ ਦਿੱਲੀ ਦੇ ਜੰਤਰ-ਮੰਤਰ ਵਿਖੇ ਕੇਂਦਰ ਸਰਕਾਰ ਖ਼ ?ਲਾਫ਼ ਇੱਕ ਜ਼ੋਰਦਾਰ ਅਤੇ ਅਨੋਖਾ ਵਿਰੋਧ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਦੇਸ਼ ਦੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਹੋਏ ਖਿਲਵਾੜ ਲਈ ਸਿੱਧੇ ਤੌਰ ’ਤੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਉਨ੍ਹਾਂ ਦੇ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ। ਹੱਥਾਂ ਵਿੱਚ ਤਖ਼ਤੀਆਂ ਫੜੀ ਅਤੇ ਸਰਕਾਰ ਵਿਰੋਧੀ ਨਾਅਰੇਬਾਜ਼ੀ ਕਰਦੇ ਹੋਏ ਅਭਿਜੀਤ ਦਿਪਕੇ ਨੇ ਚੇਤਾਵਨੀ ਦਿੱਤੀ ਕਿ ਜਦੋਂ ਤੱਕ ਸਿੱਖਿਆ ਮੰਤਰੀ ਆਪਣੇ ਅਹੁਦੇ ਤੋਂ ਲਾਂਭੇ ਨਹੀਂ ਹੁੰਦੇ ਅਤੇ ਪੀੜਤ ਵਿਦਿਆਰਥੀਆਂ ਨੂੰ ਇਨਸਾਫ਼ ਨਹੀਂ ਮਿਲਦਾ, ਇਹ ਅੰਦੋਲਨ ਦੇਸ਼ ਵਿਆਪੀ ਰੂਪ ਧਾਰਨ ਕਰੇਗਾ ਅਤੇ ਪ੍ਰਦਰਸ਼ਨਕਾਰੀ ਪਿੱਛੇ ਨਹੀਂ ਹਟਣਗੇ। ਇਸ ਤਿੱਖੇ ਪ੍ਰਦਰਸ਼ਨ ਕਾਰਨ ਮੌਕੇ ’ਤੇ ਭਾਰੀ ਪੁਲਿਸ ਬਲ ਤਾਇਨਾਤ ਕਰਨਾ ਪਿਆ।

## ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਪ੍ਰਚਾਰਕਾਂ ਤੇ ਢਾਡੀਆਂ ਨਾਲ ਇਕੱਤਰਤਾ

### ਅਕਾਲ ਤਖ਼ਤ ਦੇ ਆਦੇਸ਼ ਬਾਰੇ ਸੰਗਤ ਨੂੰ ਜਾਣੂ ਕਰਵਾਉਣ ਦੀ ਅਪੀਲ

ਅੰਮ੍ਰਿਤਸਰ : ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਿਵਾਦਤ ਵੀਡੀਓ ਮਾਮਲੇ ’ਚ ਗੁਰੂ ਦੋਖੀ ਅਤੇ ਖ਼ਾਲਸਾ ਪੰਥ ਵਿਰੋਧੀ ਕਰਾਰ ਦੇਣ ਸਬੰਧੀ ਆਦੇਸ਼ ਤੋਂ ਸੰਗਤ ਨੂੰ ਜਾਣੂ ਕਰਵਾਉਣ ਲਈ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ’ਚ ਪ੍ਰਚਾਰਕ, ਢਾਡੀ, ਕਵੀਸ਼ਰ ਜਥਿਆਂ ਅਤੇ ਬਾਬਾ ਜੀਵਨ ਸਿੰਘ ਰੰਗਰੇਟਾ ਦਲ ਦੇ ਨਿਹੰਗ ਸਿੰਘਾਂ ਦੀ ਇਕੱਤਰਤਾ ਹੋਈ।



ਸ਼੍ਰੋਮਣੀ ਕਮੇਟੀ ਦਫ਼ਤਰ ਵਿੱਚ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਈ ਇਕੱਤਰਤਾ ਦੌਰਾਨ ਅਕਾਲ ਤਖ਼ਤ ਦੇ ਆਦੇਸ਼ ਤੋਂ ਪਿੰਡ ਪੱਧਰ ’ਤੇ ਸੰਗਤ ਨੂੰ ਜਾਣੂ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕਰਨ ਸਬੰਧੀ ਵਿਚਾਰਾਂ ਹੋਈਆਂ। ਸ੍ਰੀ ਧਾਮੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਸਬੰਧਤ ਵਿਵਾਦਤ ਵੀਡੀਓ ਦੇ ਮਾਮਲੇ ’ਚ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕਾਹਲੀ ਵਿੱਚ ਕੋਈ ਫੈਸਲਾ ਨਹੀਂ ਕੀਤਾ ਗਿਆ। ਉਨ੍ਹਾਂ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਮੁੱਖ ਮੰਤਰੀ ਨੂੰ ਬੁਲਾ ਕੇ ਇਸ ਦੀ ਜਾਂਚ ਕਰਵਾਉਣ ਲਈ ਕਿਹਾ ਸੀ ਪ੍ਰੰਤੂ ਮੁੱਖ ਮੰਤਰੀ ਵੱਲੋਂ ਜਾਂਚ ਲਈ ਲੈਬਾਂ ਦੇ ਨਾਂ ਦੇਣ ਦਾ ਵਾਅਦਾ ਤਾਂ ਕੀਤਾ ਪ੍ਰੰਤੂ ਕਿਸੇ ਤਰ੍ਹਾਂ ਦਾ ਸਹਿਯੋਗ ਨਹੀਂ ਕੀਤਾ। ਲੰਮਾ ਸਮਾਂ ਉਡੀਕਣ ਮਗਰੋਂ ਜਥੇਦਾਰ ਵੱਲੋਂ ਸਰਕਾਰ ਦੀਆਂ ਮਾਨਤਾ ਪ੍ਰਾਪਤ ਲੈਬਾਂ ਤੋਂ ਵੀਡੀਓ ਦੀ ਜਾਂਚ ਕਰਵਾਈ ਗਈ। ਰਿਪੋਰਟ ’ਚ ਵੀਡੀਓ ਅਸਲੀ ਪਾਏ ਜਾਣ ’ਤੇ ਪੰਜ ਸਿੰਘ ਸਾਹਿਬਾਨ ਨੇ ਪੰਥਕ ਭਾਵਨਾਵਾਂ ਅਨੁਸਾਰ ਫ਼ੈਸਲਾ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਅਕਾਲ ਤਖ਼ਤ ਸਿੱਖਾਂ ਲਈ ਸਰਬਉੱਚ ਅਸਥਾਨ ਹੈ, ਜਿਸ ਦੇ ਆਦੇਸ਼ ਦੀ ਪਾਲਣਾ ਕਰਨਾ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਪ੍ਰਚਾਰਕ, ਢਾਡੀ ਤੇ ਕਵੀਸ਼ਰ ਜਥੇ ਸੰਗਤ ਤੱਕ ਪਹੁੰਚ ਕਰਕੇ ਅਕਾਲ ਤਖ਼ਤ ਦੇ ਆਦੇਸ਼ ਦੀ ਜਾਣਕਾਰੀ ਦੇਣਗੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਅਜੈਬ ਸਿੰਘ ਅਭਿਆਸੀ, ਭਾਈ ਸੁਖਵਰਸ਼ ਸਿੰਘ ਪੰਨੂ, ਬਾਬਾ ਬਲਦੇਵ ਸਿੰਘ ਵੱਲ੍ਹਾ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਤੇ ਭਾਈ ਸਰਬਜੀਤ ਸਿੰਘ ਢੋਟੀਆਂ ਨੇ ਵੀ ਸੰਬੋਧਨ ਕਰਦਿਆਂ ਸੰਗਤ ਨੂੰ ਅਕਾਲ ਤਖ਼ਤ ਦੇ ਆਦੇਸ਼ ਦੀ ਪਾਲਣਾ ਲਈ ਪ੍ਰੇਰਿਆ।

## ਅਗਰਤਲਾ ’ਚ ‘ਟਵਿਪਰਾ ਸਟੂਡੈਂਟਸ ਫੈਡਰੇਸ਼ਨ’ (TSF) ਵੱਲੋਂ ਜ਼ੋਰਦਾਰ ਪ੍ਰਦਰਸ਼ਨ

### ਕੋਕਬੋਰੋਕ ਭਾਸ਼ਾ ਲਈ ਰੋਮਨ ਲਿਪੀ ਅਤੇ ਬੈਕਲਾਗ ਅਸਾਮੀਆਂ ਭਰਨ ਦੀ ਮੰਗ

ਅਗਰਤਲਾ : ਤ੍ਰਿਪੁਰਾ ਦੀ ਰਾਜਧਾਨੀ ਅਗਰਤਲਾ ਵਿਖੇ ‘ਟਵਿਪਰਾ ਸਟੂਡੈਂਟਸ ਫੈਡਰੇਸ਼ਨ’ (Twipra Students’ Federation - TSF) ਦੇ ਮੈਂਬਰਾਂ ਵੱਲੋਂ ਆਪਣੀਆਂ ਪ੍ਰਮੁੱਖ ਮੰਗਾਂ ਨੂੰ ਲੈ ਕੇ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਬੁੱਧਵਾਰ ਨੂੰ ਹੋਏ ਇਸ ਪ੍ਰਦਰਸ਼ਨ ਦੌਰਾਨ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਹਿੱਸਾ ਲਿਆ ਅਤੇ ਸਥਾਨਕ ਪ੍ਰਸ਼ਾਸਨ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।




ਮੁੱਖ ਮੰਗਾਂ: ਰੋਮਨ ਲਿਪੀ ਅਤੇ ਰਾਖਵੀਆਂ ਅਸਾਮੀਆਂ ਦੀ ਭਰਤੀ

ਪ੍ਰਦਰਸ਼ਨਕਾਰੀ ਵਿਦਿਆਰਥੀ ਜਥੇਬੰਦੀ ਦੇ ਆਗੂਆਂ ਨੇ ਦੋ ਮੁੱਖ ਮੰਗਾਂ ਨੂੰ ਲੈ ਕੇ ਸਰਕਾਰ ’ਤੇ ਦਬਾਅ ਬਣਾਇਆ:

ਕੋਕਬੋਰੋਕ ਲਈ ਰੋਮਨ ਲਿਪੀ: ਵਿਦਿਆਰਥੀਆਂ ਦੀ ਮੁੱਖ ਮੰਗ ਹੈ ਕਿ ਇਲਾਕੇ ਦੀ ਮੂਲ ਭਾਸ਼ਾ ‘ਕੋਕਬੋਰੋਕ’ (Kokborok) ਲਈ ਰੋਮਨ ਲਿਪੀ (Roman script) ਨੂੰ ਅਧਿਕਾਰਤ ਤੌਰ ’ਤੇ ਮਨਜ਼ੂਰੀ ਦਿੱਤੀ ਜਾਵੇ, ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਪ੍ਰੀਖਿਆਵਾਂ ਵਿੱਚ ਆਸਾਨੀ ਹੋ ਸਕੇ।

ST/SC ਬੈਕਲਾਗ ਭਰਤੀ: TSF ਨੇ ਮੰਗ ਕੀਤੀ ਕਿ ਸਰਕਾਰੀ ਵਿਭਾਗਾਂ ਵਿੱਚ ਅਨੁਸੂਚਿਤ ਜਨਜਾਤੀ (ST) ਅਤੇ ਅਨੁਸੂਚਿਤ ਜਾਤੀ (SC) ਦੇ ਕੋਟੇ ਦੀਆਂ ਖਾਲੀ ਪਈਆਂ ਪੁਰਾਣੀਆਂ ਬੈਕਲਾਗ ਅਸਾਮੀਆਂ (Reserved Vacancies) ਨੂੰ ਭਰਨ ਲਈ ਤੁਰੰਤ ਵਿਸ਼ੇਸ਼ ਭਰਤੀ ਮੁਹਿੰਮ (Special Recruitment Drive) ਚਲਾਈ ਜਾਵੇ।

## ਕੇਂਦਰੀ ਮੰਤਰੀ ਕਿਰਨ ਰਿਜੀਜੂ ਵੱਲੋਂ ‘ਅਰੁਣਾਚਲ ਪ੍ਰਦੇਸ਼ ਫਰੰਟੀਅਰ ਹਾਈਵੇਅ ਪ੍ਰੋਜੈਕਟ’ ਦੀ ਪ੍ਰਗਤੀ ਦਾ ਜਾਇਜ਼ਾ

# ਨਵੀਂ ਦਿੱਲੀ ’ਚ ਸੱਦੀ ਉੱਚ-ਪੱਧਰੀ ਬੈਠਕ

ਨਵੀਂ ਦਿੱਲੀ: ਕੇਂਦਰੀ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਕਿਰਨ ਰਿਜੀਜੂ ਵੱਲੋਂ ਦੇਸ਼ ਦੀ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਦੇ ਲਿਹਾਜ਼ ਨਾਲ ਬੇਹੱਦ ਅਹਿਮ ‘ਅਰੁਣਾਚਲ ਪ੍ਰਦੇਸ਼ ਫਰੰਟੀਅਰ ਹਾਈਵੇਅ ਪ੍ਰੋਜੈਕਟ’ (Arunachal Pradesh Frontier Highway Project) ਦੀ ਮੌਜੂਦਾ ਸਥਿਤੀ ਅਤੇ ਪ੍ਰਗਤੀ ਦੀ ਸਮੀਖਿਆ ਕਰਨ ਲਈ ਬੁੱਧਵਾਰ ਨੂੰ ਨਵੀਂ ਦਿੱਲੀ ਵਿਖੇ ਇਕ ਉੱਚ-ਪੱਧਰੀ ਬੈਠਕ ਦੀ ਪ੍ਰਧਾਨਗੀ ਕੀਤੀ ਗਈ।





**ਸਰਹੱਦੀ ਸੁਰੱਖਿਆ ਅਤੇ ਵਿਕਾਸ ਲਈ ਰਣਨੀਤਕ ਪ੍ਰੋਜੈਕਟ**

ਇਸ ਅਹਿਮ ਬੈਠਕ ਦੌਰਾਨ ਕੇਂਦਰੀ ਮੰਤਰੀ ਕਿਰਨ ਰਿਜੀਜੂ ਨੇ ਪ੍ਰੋਜੈਕਟ ਨਾਲ ਜੁੜੇ ਵੱਖ-ਵੱਖ ਪਹਿਲੂਆਂ ਅਤੇ ਨਿਰਮਾਣ ਕਾਰਜਾਂ ਦੀ ਰਫ਼ਤਾਰ ਦਾ ਬਾਰੀਕੀ ਨਾਲ ਜਾਇਜ਼ਾ ਲਿਆ:

**ਰਣਨੀਤਕ ਮਹੱਤਵ:** ਇਹ ਫਰੰਟੀਅਰ ਹਾਈਵੇਅ ਭਾਰਤ ਦੇ ਸਰਹੱਦੀ ਖੇਤਰਾਂ, ਖ਼ਾਸਕਰ ਅਰੁਣਾਚਲ ਪ੍ਰਦੇਸ਼ ਦੇ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੇ ਇਲਾਕਿਆਂ ਵਿੱਚ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਫ਼ੌਜ ਦੀ ਪਹੁੰਚ ਨੂੰ ਤੇਜ਼ ਕਰਨ ਲਈ ਬੇਹੱਦ ਮਹੱਤਵਪੂਰਨ ਹੈ।

ਸਮੇਂ ਸਿਰ ਪੂਰਾ ਕਰਨ ਦੇ ਨਿਰਦੇਸ਼: ਮੰਤਰੀ ਰਿਜੀਜੂ ਨੇ ਸਬੰਧਿਤ ਵਿਭਾਗਾਂ ਅਤੇ ਨਿਰਮਾਣ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦੁਰਗਮ ਪਹਾੜੀ ਇਲਾਕਿਆਂ ਦੀਆਂ ਚੁਣੌਤੀਆਂ ਦੇ ਬਾਵਜੂਦ ਇਸ ਮੈਗਾ ਪ੍ਰੋਜੈਕਟ ਦੇ ਕੰਮ ਨੂੰ ਮਿਥੇ ਸਮੇਂ ਦੇ ਅੰਦਰ ਅਤੇ ਉੱਚ-ਗੁਣਵੱਤਾ ਦੇ ਮਿਆਰਾਂ ਮੁਤਾਬਕ ਪੂਰਾ ਕੀਤਾ ਜਾਵੇ।

# ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸ੍ਰੀ ਮੁਕਤਸਰ ਸਾਹਿਬ ਵਿਖੇ ਨਤਮਸਤਕ

## ਗੁਰਦੁਆਰਾ ਸਾਹਿਬ 'ਚ ਟੇਕਿਆ ਮੱਥਾ, ਸਰਬੱਤ ਦੇ ਭਲੇ ਦੀ ਕੀਤੀ ਅਰਦਾਸ





ਸ੍ਰੀ ਮੁਕਤਸਰ ਸਾਹਿਬ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਬੁੱਧਵਾਰ ਨੂੰ ਪੰਜਾਬ ਦੇ ਇਤਿਹਾਸਕ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਵਿਖੇ ਪਹੁੰਚੇ। ਆਪਣੀ ਇਸ ਫੇਰੀ ਦੌਰਾਨ ਮੁੱਖ ਮੰਤਰੀ ਸੈਣੀ ਨੇ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਵਿਖੇ ਹਾਜ਼ਰੀ ਲਗਵਾਈ ਅਤੇ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮੱਥਾ ਟੇਕਿਆ।

**ਗੁਰੂ ਘਰ 'ਚ ਕੀਤੀ ਅਰਦਾਸ ਅਤੇ ਹੋਇਆ ਸ਼ਾਨਦਾਰ ਸਵਾਗਤ :** ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਦੌਰਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ ਅਤੇ ਦੇਸ਼ ਤੇ ਸੂਬੇ ਦੀ ਤਰੱਕੀ, ਖ਼ੁਸ਼ਹਾਲੀ ਅਤੇ ਆਪਸੀ ਭਾਈਚਾਰੇ ਦੇ ਨਾਲ-ਨਾਲ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ:

**ਸਿਰੋਪਾਓ ਦੇ ਕੇ ਸਨਮਾਨ:** ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸਥਾਨਕ ਆਗੂਆਂ ਵੱਲੋਂ ਮੁੱਖ ਮੰਤਰੀ ਸੈਣੀ ਦਾ ਉਚੇਚੇ ਤੌਰ 'ਤੇ ਸਵਾਗਤ ਕੀਤਾ ਗਿਆ। ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

**ਸੰਖੇਪ ਗੱਲਬਾਤ:** ਇਸ ਮੌਕੇ ਮੀਡੀਆ ਅਤੇ ਉੱਥੇ ਮੌਜੂਦ ਪਤਵੰਤਿਆਂ ਨਾਲ ਸੰਖੇਪ ਗੱਲਬਾਤ ਕਰਦਿਆਂ ਉਨ੍ਹਾਂ ਸ੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਅਤੇ 40 ਮੁਕਤਿਆਂ ਦੇ ਮਹਾਨ ਇਤਿਹਾਸ ਨੂੰ ਨਮਨ ਕੀਤਾ।

ਮੁੱਖ ਮੰਤਰੀ ਦੀ ਇਸ ਆਮਦ ਨੂੰ ਲੈ ਕੇ ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।

## ਅਰੁਣਾਚਲ ਪ੍ਰਦੇਸ਼ 'ਚ ਹੜ੍ਹ ਦਾ ਕਹਿਰ

# ਭਾਰਤੀ ਹਵਾਈ ਫ਼ੌਜ (IAF) ਨੇ ਪੀਤਾਪੂਲ ਇਲਾਕੇ 'ਚ ਰਾਹਤ ਕਾਰਜਾਂ ਲਈ ਮੋਰਚਾ ਸੰਭਾਲਿਆ; ਹੈਲੀਕਾਪਟਰ ਕੀਤੇ ਤਾਇਨਾਤ







ਕੇਈ ਪਾਨਯੋਰ (ਅਰੁਣਾਚਲ ਪ੍ਰਦੇਸ਼):ਪੂਰਬੀ ਰਾਜ ਅਰੁਣਾਚਲ ਪ੍ਰਦੇਸ਼ ਵਿੱਚ ਭਾਰੀ ਬਾਰਸਾਤ ਤੋਂ ਬਾਅਦ ਆਏ ਭਿਆਨਕ ਹੜ੍ਹ ਕਾਰਨ ਬਣੇ ਨਾਜ਼ੁਕ ਹਾਲਾਤ ਨੂੰ ਦੇਖਦਿਆਂ ਭਾਰਤੀ ਹਵਾਈ ਫ਼ੌਜ (Indian Air Force - IAF) ਨੇ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਲਈ ਵੱਡੀ ਮੁਹਿਮ ਸ਼ੁਰੂ ਕਰ ਦਿੱਤੀ ਹੈ। ਵੀਰਵਾਰ ਨੂੰ ਹਵਾਈ ਫ਼ੌਜ ਵੱਲੋਂ ਕੇਈ ਪਾਨਯੋਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪੀਤਾਪੂਲ (Pitapool) ਖੇਤਰ ਵਿੱਚ ਬਚਾਅ ਅਤੇ ਰਾਹਤ ਕਾਰਜਾਂ (Flood Relief Operations) ਨੂੰ ਤੇਜ਼ ਕਰਨ ਲਈ ਵਿਸ਼ੇਸ਼ ਹੈਲੀਕਾਪਟਰ ਲਾਂਚ ਕੀਤੇ ਗਏ ਹਨ।

**ਮੁਸ਼ਕਿਲ ਹਾਲਾਤ ਵਿਚਾਲੇ ਹਵਾਈ ਫ਼ੌਜ ਦਾ ਰੈਸਕਿਊ ਆਪ੍ਰੇਸ਼ਨ**

ਪਹਾੜੀ ਇਲਾਕਾ ਹੋਣ ਅਤੇ ਹੜ੍ਹ ਕਾਰਨ ਕਈ ਮੁੱਖ ਰਸਤੇ ਤੇ ਸੰਪਰਕ ਸੜਕਾਂ ਟੁੱਟ ਜਾਣ ਕਾਰਨ ਪ੍ਰਭਾਵਿਤ ਲੋਕਾਂ ਤੱਕ ਪਹੁੰਚਣਾ ਮੁਸ਼ਕਿਲ ਹੋ ਗਿਆ ਸੀ, ਜਿਸ ਤੋਂ ਬਾਅਦ ਹਵਾਈ ਫ਼ੌਜ ਨੇ ਕਮਾਂਡ ਸੰਭਾਲੀ:

**ਰਾਹਤ ਸਮੱਗਰੀ ਦੀ ਸਪਲਾਈ:** ਹਵਾਈ ਫ਼ੌਜ ਦੇ ਹੈਲੀਕਾਪਟਰਾਂ ਰਾਹੀਂ ਹੜ੍ਹ ਦੇ ਪਾਣੀ ਵਿੱਚ ਘਿਰੇ ਹੋਏ ਪਿੰਡਾਂ ਅਤੇ ਇਲਾਕਿਆਂ ਵਿੱਚ ਫਸੇ ਲੋਕਾਂ ਤੱਕ ਜ਼ਰੂਰੀ ਖਾਣ-ਪੀਣ ਦੀਆਂ ਵਸਤੂਆਂ, ਪੀਣ ਵਾਲਾ ਸਾਫ਼ ਪਾਣੀ ਅਤੇ ਮੈਡੀਕਲ ਕਿੱਟਾਂ (ਦਵਾਈਆਂ) ਪਹੁੰਚਾਈਆਂ ਜਾ ਰਹੀਆਂ ਹਨ।

**ਲੋਕਾਂ ਨੂੰ ਸੁਰੱਖਿਅਤ ਕੱਢਣਾ:** ਸਭ ਤੋਂ ਵੱਧ ਪ੍ਰਭਾਵਿਤ ਅਤੇ ਖ਼ਤਰਨਾਕ ਜ਼ੋਨਾਂ ਵਿੱਚੋਂ ਬਿਮਾਰਾਂ, ਬਜ਼ੁਰਗਾਂ ਅਤੇ ਬੱਚਿਆਂ ਨੂੰ ਏਅਰਲਿਫਟ ਕਰਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦਾ ਕੰਮ ਲਗਾਤਾਰ ਜਾਰੀ ਹੈ।

**ਪ੍ਰਸ਼ਾਸਨ ਅਤੇ ਹਵਾਈ ਫ਼ੌਜ ਵਿਚਾਲੇ ਤਾਲਮੇਲ :** ਸਥਾਨਕ ਜ਼ਿਲ੍ਹਾ ਪ੍ਰਸ਼ਾਸਨ ਅਤੇ ਆਫ਼ਤ ਪ੍ਰਬੰਧਨ ਟੀਮਾਂ (Disaster Management) ਦੇ ਨਿਰੰਤਰ ਰਾਬਤੇ ਵਿੱਚ ਰਹਿ ਕੇ ਭਾਰਤੀ ਹਵਾਈ ਫ਼ੌਜ ਇਸ ਪੂਰੇ ਆਪ੍ਰੇਸ਼ਨ ਨੂੰ ਅੰਜਾਮ ਦੇ ਰਹੀ ਹੈ। ਅਧਿਕਾਰੀਆਂ ਮੁਤਾਬਕ ਜਦੋਂ ਤੱਕ ਇਲਾਕੇ ਵਿੱਚ ਹਾਲਾਤ ਆਮ ਵਾਂਗ ਨਹੀਂ ਹੋ ਜਾਂਦੇ ਅਤੇ ਪਾਣੀ ਦਾ ਪੱਧਰ ਘੱਟ ਨਹੀਂ ਹੁੰਦਾ, ਉਦੋਂ ਤੱਕ ਹਵਾਈ ਫ਼ੌਜ ਦਾ ਇਹ ਬਚਾਅ ਮਿਸ਼ਨ ਪੀਤਾਪੂਲ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਸਰਗਰਮੀ ਨਾਲ ਚੱਲਦਾ ਰਹੇਗਾ।

## ਚਿੱਕਾਬੱਲਾਪੁਰ 'ਚ ਅੰਤਰਰਾਸ਼ਟਰੀ ਯੋਗਾ ਦਿਵਸ

# ਸਦਗੁਰੂ ਸੰਨਿਧੀ ਬੇਂਗਲੁਰੂ ਵਿਖੇ 'ਆਦਿਯੋਗੀ' ਦੀ ਛੱਤਰ-ਛਾਇਆ ਹੇਠ ਸਜਿਆ ਵਿਸ਼ਾਲ ਯੋਗ ਸਮਾਗਮ




ਚਿੱਕਾਬੱਲਾਪੁਰ (ਕਰਨਾਟਕ) : ਅੰਤਰਰਾਸ਼ਟਰੀ ਯੋਗਾ ਦਿਵਸ ਦੀਆਂ ਵਿਸ਼ਵ ਵਿਆਪੀ ਗੂੰਜਾਂ ਦੇ ਵਿਚਕਾਰ ਕਰਨਾਟਕ ਦੇ ਚਿੱਕਾਬੱਲਾਪੁਰ ਸਥਿਤ 'ਸਦਗੁਰੂ ਸੰਨਿਧੀ ਬੇਂਗਲੁਰੂ' ਵਿਖੇ ਇੱਕ ਬੇਹੱਦ ਵਿਸ਼ਾਲ ਅਤੇ ਸ਼ਾਨਦਾਰ ਯੋਗ ਸਮਾਗਮ ਦਾ ਆਯੋਜਨ ਕੀਤਾ ਗਿਆ। 'ਆਦਿਯੋਗੀ' (Adiyogi) ਦੇ ਵਿਸ਼ਾਲ ਅਤੇ ਅਲੌਕਿਕ ਸਰੂਪ ਦੀ ਹਾਜ਼ਰੀ ਵਿੱਚ ਸਜੇ ਇਸ ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਯੋਗ ਸਾਧਕਾਂ ਅਤੇ ਆਮ ਲੋਕਾਂ ਨੇ ਇਕੱਠੇ ਬੈਠ ਕੇ ਅਧਿਆਤਮਿਕ ਅਤੇ ਸਰੀਰਕ ਤੰਦਰੁਸਤੀ ਦਾ ਅਭਿਆਸ ਕੀਤਾ।

**ਮਾਨਸਿਕ ਸਪਸ਼ਟਤਾ ਅਤੇ ਸ਼ਾਂਤੀ ਦਾ ਸਰੋਤ ਹੈ ਯੋਗ :** ਅੱਜ ਦੀ ਭੱਜ-ਦੌੜ ਅਤੇ ਚੁਣੌਤੀਆਂ ਭਰੀ ਜ਼ਿੰਦਗੀ ਵਿੱਚ ਯੋਗ ਦੀ ਵਧ ਰਹੀ ਪ੍ਰਸਿੱਧੀ 'ਤੇ ਜ਼ੋਰ ਦਿੰਦਿਆਂ ਮਾਹਰਾਂ ਨੇ ਕਈ ਅਹਿਮ ਨੁਕਤੇ ਸਾਂਝੇ ਕੀਤੇ:

**ਮਾਨਸਿਕ ਸ਼ਾਂਤੀ:** ਯੋਗ ਸਾਨੂੰ ਉਲਝਣਾਂ ਅਤੇ ਮੁਸ਼ਕਲ ਸਮਿਆਂ ਦੌਰਾਨ ਅਦਭੁਤ ਮਾਨਸਿਕ ਸਪਸ਼ਟਤਾ (Clarity) ਅਤੇ ਅੰਦਰੂਨੀ ਸ਼ਾਂਤੀ (Calmness) ਪ੍ਰਦਾਨ ਕਰਦਾ ਹੈ।

**ਸਾਹ ਦੀ ਵਿਸ਼ੇਸ਼ ਪ੍ਰਕਿਰਿਆ:** ਸਮਾਗਮ ਦੌਰਾਨ ਸਾਹ ਲੈਣ ਅਤੇ ਛੱਡਣ ਦੇ ਖ਼ਾਸ ਤਰੀਕਿਆਂ ਦਾ ਅਭਿਆਸ ਕਰਵਾਇਆ ਗਿਆ। ਇਸ ਵਿੱਚ ਅੰਦਰ ਸਾਹ ਖਿੱਚ ਕੇ ਚੇਤਨਾ ਨੂੰ ਉੱਪਰ ਵੱਲ ਲੈ ਕੇ ਜਾਣਾ ਅਤੇ ਸਾਹ ਬਾਹਰ ਛੱਡਦੇ ਹੋਏ ਗਰਦਨ ਦੇ ਪਿਛਲੇ ਹਿੱਸੇ ਦੇ ਤਣਾਅ (Tension) ਨੂੰ ਮੁਕਤ ਕਰਨਾ ਸ਼ਾਮਲ ਹੈ। ਇਸ ਦੇ ਨਾਲ ਹੀ, ਸਾਹ ਬਾਹਰ ਕੱਢਦੇ ਸਮੇਂ ਗਲੇ ਦੇ ਹੇਠਲੇ ਹਿੱਸੇ (Pit of the throat) ਵਿੱਚੋਂ ਇੱਕ ਵਿਸ਼ੇਸ਼ ਆਵਾਜ਼ ਪੈਦਾ ਕਰਨ ਦੀ ਤਕਨੀਕ ਵੀ ਸਿਖਾਈ ਗਈ, ਜੋ ਸਾਹ ਅਤੇ ਸਰੀਰਕ ਹਰਕਤ ਦੇ ਤਾਲਮੇਲ ਨੂੰ ਮਜ਼ਬੂਤ ਕਰਦੀ ਹੈ।

**ਨੌਜਵਾਨ ਆਗੂਆਂ ਲਈ 'ਏਕਤਾ ਅਤੇ ਅਨੁਸ਼ਾਸਨ' ਦਾ ਸੁਨੇਹਾ :** ਇਸ ਪਵਿੱਤਰ ਅਭਿਆਸ ਨੂੰ ਦੇਸ਼ ਦੇ ਭਵਿੱਖ ਯਾਨੀ ਨੌਜਵਾਨ ਪੀੜ੍ਹੀ ਨਾਲ ਜੋੜਦਿਆਂ ਅਨੁਸ਼ਾਸਨ ਦੇ ਮਹੱਤਵ 'ਤੇ ਵਿਸ਼ੇਸ਼ ਚਰਚਾ ਕੀਤੀ ਗਈ:

ਸੱਚੀ ਭਾਵਨਾ: ਯੋਗ ਦੇ ਅਭਿਆਸ ਨੂੰ ਨੌਜਵਾਨ ਆਗੂਆਂ (Young Leaders) ਦੇ ਚਰਿੱਤਰ ਨਿਰਮਾਣ ਲਈ ਬੇਹੱਦ ਲਾਹੇਵੰਦ ਦੱਸਿਆ ਗਿਆ, ਜੋ ਯੋਗ ਦੀ ਅਸਲ ਭਾਵਨਾ 'ਏਕਤਾ ਅਤੇ ਅਨੁਸ਼ਾਸਨ' (Unity and Discipline) ਦੇ ਆਦਰਸ਼ਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ।

ਗੁਰੂ ਤੋਂ ਸ਼ੁਰੂਆਤ: ਸਮਾਗਮ ਵਿੱਚ ਸਪਸ਼ਟ ਕੀਤਾ ਗਿਆ ਕਿ ਅਨੁਸ਼ਾਸਨ ਦੀ ਨੀਂਹ ਹਮੇਸ਼ਾ ਗੁਰੂ (Master) ਤੋਂ ਸ਼ੁਰੂ ਹੁੰਦੀ ਹੈ ਅਤੇ ਇਨ੍ਹਾਂ ਬੁਨਿਆਦੀ ਸਿਧਾਂਤਾਂ 'ਤੇ ਚੱਲ ਕੇ ਹੀ ਜੀਵਨ ਵਿੱਚ ਵੱਡੀ ਸਫ਼ਲਤਾ ਅਤੇ ਅੰਦਰੂਨੀ ਵਿਕਾਸ ਹਾਸਲ ਕੀਤਾ ਜਾ ਸਕਦਾ ਹੈ।

## ਜਲੰਧਰ 'ਚ ਵਿਕਾਸ ਕਾਰਜਾਂ ਨੂੰ ਵੱਡਾ ਹੁੰਗਾਰਾ

# ਭਗਵੰਤ ਮਾਨ ਵੱਲੋਂ ਸ਼ਾਹਕੋਟ ਦੇ ਪਿੰਡ ਮੰਡਾਲਾ ਛੰਨਾ ਵਿਖੇ 'ਧੁੱਸੀ ਬੰਨ੍ਹ ਲਿੰਕ ਰੋਡ' ਦਾ ਨੀਂਹ ਪੱਥਰ






ਜਲੰਧਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਲੰਧਰ ਜ਼ਿਲ੍ਹੇ ਦੇ ਹਲਕਾ ਸ਼ਾਹਕੋਟ ਅਧੀਨ ਪੈਂਦੇ ਪਿੰਡ ਮੰਡਾਲਾ ਛੰਨਾ ਵਿਖੇ ਇੱਕ ਅਹਿਮ ਵਿਕਾਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਸ਼ੁੱਕਰਵਾਰ ਨੂੰ ਇੱਕ ਵਿਸ਼ੇਸ਼ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਰਸਮੀ ਤੌਰ 'ਤੇ ਪਲੇਕ (Plaque) ਤੋਂ ਪਰਦਾ ਹਟਾ ਕੇ 'ਧੁੱਸੀ ਬੰਨ੍ਹ ਲਿੰਕ ਰੋਡ' (Dhussi Bandh Link Road) ਦਾ ਨੀਂਹ ਪੱਥਰ ਰੱਖਿਆ।

ਹੜ੍ਹ ਪ੍ਰਭਾਵਿਤ ਖੇਤਰਾਂ ਲਈ ਅਹਿਮ ਸਾਬਿਤ ਹੋਵੇਗਾ ਪ੍ਰੋਜੈਕਟ

ਇਸ ਲਿੰਕ ਰੋਡ ਦਾ ਨੀਂਹ ਪੱਥਰ ਰੱਖੇ ਜਾਣ ਨਾਲ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ:

ਸੰਪਰਕ ਵਿੱਚ ਸੁਧਾਰ: ਇਹ ਨਵੀਂ ਲਿੰਕ ਰੋਡ ਧੁੱਸੀ ਬੰਨ੍ਹ ਦੇ ਆਲੇ-ਆਲੇ ਵਸੇ ਪਿੰਡਾਂ ਨੂੰ ਮੁੱਖ ਮਾਰਗਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

ਮਜ਼ਬੂਤ ਬੁਨਿਆਦੀ ਢਾਂਚਾ: ਸ਼ਾਹਕੋਟ ਦਾ ਇਹ ਖੇਤਰ ਪਿਛਲੇ ਸਮੇਂ ਵਿੱਚ ਹੜ੍ਹ ਦੀ ਮਾਰ ਝੱਲ ਚੁੱਕਾ ਹੈ, ਜਿਸ ਕਾਰਨ ਧੁੱਸੀ ਬੰਨ੍ਹ ਦੇ ਨਾਲ ਲੱਗਦੀਆਂ ਸੜਕਾਂ ਨੂੰ ਮਜ਼ਬੂਤ ਕਰਨਾ ਪ੍ਰਸ਼ਾਸਨ ਲਈ ਇੱਕ ਵੱਡੀ ਤਰਜੀਹ ਸੀ। ਇਸ ਸੜਕ ਦੇ ਬਣਨ ਨਾਲ ਐਮਰਜੈਂਸੀ ਹਾਲਾਤਾਂ ਵਿੱਚ ਵੀ ਰਾਹਤ ਸਮੱਗਰੀ ਪਹੁੰਚਾਉਣੀ ਆਸਾਨ ਹੋ ਜਾਵੇਗੀ।

**ਸਥਾਨਕ ਲੀਡਰਸ਼ਿਪ ਅਤੇ ਪ੍ਰਸ਼ਾਸਨ ਰਿਹਾ ਮੌਜੂਦ** : ਨੀਂਹ ਪੱਥਰ ਰੱਖਣ ਦੇ ਇਸ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਜੰਗਲਾਤ ਤੇ ਲੋਕ ਨਿਰਮਾਣ ਵਿਭਾਗ ਦੇ ਸੀਨੀਅਰ ਅਧਿਕਾਰੀ, ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਮੁੱਖ ਮੰਤਰੀ ਨੇ ਇਲਾਕੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਸ ਪ੍ਰੋਜੈਕਟ ਦੇ ਨਿਰਮਾਣ ਕਾਰਜ ਨੂੰ ਬਿਨਾਂ ਕਿਸੇ ਦੇਰੀ ਦੇ ਮਿਥੇ ਸਮੇਂ ਦੇ ਅੰਦਰ ਪੂਰਾ ਕੀਤਾ ਜਾਵੇਗਾ ਤਾਂ ਜੋ ਬਰਸਾਤ ਦੇ ਮੌਸਮ ਤੋਂ ਪਹਿਲਾਂ ਬੁਨਿਆਦੀ ਢਾਂਚਾ ਪੂਰੀ ਤਰ੍ਹਾਂ ਤਿਆਰ ਹੋ ਸਕੇ।

## ਮੇਰਠ 'ਚ ਯੂਰੀਆ ਦੀ ਕਿੱਲਤ ਖ਼ਿਲਾਫ਼ ਕਿਸਾਨਾਂ ਦਾ ਹੱਲਾਬੋਲ

# ਸੜਕਾਂ 'ਤੇ ਉੱਤਰ ਕੇ ਕੇਂਦਰ ਤੇ ਰਾਜ ਸਰਕਾਰ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ







ਮੇਰਠ : ਉੱਤਰ ਪ੍ਰਦੇਸ਼ ਦੇ ਮੇਰਠ ਜ਼ਿਲ੍ਹੇ ਵਿੱਚ ਖਾਦ (ਯੂਰੀਆ) ਦੀ ਭਾਰੀ ਕਿੱਲਤ ਅਤੇ ਆਮ ਜਨਤਾ ਨਾਲ ਜੁੜੇ ਹੋਰ ਅਹਿਮ ਮੁੱਦਿਆਂ ਨੂੰ ਲੈ ਕੇ ਕਿਸਾਨਾਂ ਦਾ ਗੁੱਸਾ ਫੁੱਟ ਪਿਆ ਹੈ। ਸੋਮਵਾਰ ਨੂੰ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਇਕੱਠੇ ਹੋ ਕੇ ਸਰਕਾਰ ਦੀਆਂ ਨੀਤੀਆਂ ਖ਼ ?ਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਅਤੇ ਤੁਰੰਤ ਖਾਦ ਦੀ ਸਪਲਾਈ ਬਹਾਲ ਕਰਨ ਦੀ ਮੰਗ ਕੀਤੀ।

**ਫ਼ਸਲਾਂ ਦੇ ਨੁਕਸਾਨ ਦਾ ਖ਼ਦਸ਼ਾ ਅਤੇ ਪ੍ਰਸ਼ਾਸਨਿਕ ਨਾਕਾਮੀ ਦਾ ਵਿਰੋਧ**

ਪ੍ਰਦਰਸ਼ਨਕਾਰੀ ਕਿਸਾਨਾਂ ਨੇ ਦੱਸਿਆ ਕਿ ਖੇਤੀ ਦੇ ਇਸ ਅਹਿਮ ਸੀਜ਼ਨ ਦੌਰਾਨ ਬਾਜ਼ਾਰਾਂ ਅਤੇ ਸਹਿਕਾਰੀ ਸਭਾਵਾਂ ਵਿੱਚੋਂ ਯੂਰੀਆ ਖਾਦ ਪੂਰੀ ਤਰ੍ਹਾਂ ਗਾਇਬ ਹੈ:

**ਕਾਲਾਬਾਜ਼ਾਰੀ ਦੇ ਆਰੋਪ:** ਕਿਸਾਨਾਂ ਨੇ ਦੋਸ਼ ਲਗਾਇਆ ਕਿ ਖਾਦ ਦੀ ਨਕਲੀ ਕਿੱਲਤ ਪੈਦਾ ਕਰਕੇ ਕੁਝ ਥਾਵਾਂ 'ਤੇ ਇਸ ਦੀ ਕਾਲਾਬਾਜ਼ਾਰੀ ਕੀਤੀ ਜਾ ਰਹੀ ਹੈ, ਜਿਸ ਕਾਰਨ ਗ਼ਰੀਬ ਕਿਸਾਨਾਂ ਨੂੰ ਮਹਿੰਗੇ ਭਾਅ 'ਤੇ ਖਾਦ ਖਰੀਦਣੀ ਪੈ ਰਹੀ ਹੈ।

**ਜਨਹਿਤ ਦੇ ਹੋਰ ਮੁੱਦੇ:** ਯੂਰੀਆ ਦੀ ਕਿੱਲਤ ਦੇ ਨਾਲ-ਨਾਲ ਕਿਸਾਨਾਂ ਨੇ ਬਿਜਲੀ ਦੀ ਅਣਐਲਾਨੀ ਕਟੌਤੀ, ਸਿੰਚਾਈ ਲਈ ਪਾਣੀ ਦੀ ਘਾਟ ਅਤੇ ਆਮ ਲੋਕਾਂ ਨਾਲ ਜੁੜੀਆਂ ਹੋਰ ਬੁਨਿਆਦੀ ਸਮੱਸਿਆਵਾਂ ਨੂੰ ਲੈ ਕੇ ਵੀ ਪ੍ਰਸ਼ਾਸਨ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਫ਼ਸਲਾਂ ਨੂੰ ਖ਼ਤਰਾ: ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਅਗਲੇ ਕੁਝ ਦਿਨਾਂ ਦੇ ਅੰਦਰ ਫ਼ਸਲਾਂ ਨੂੰ ਯੂਰੀਆ ਨਾ ਮਿਲਿਆ, ਤਾਂ ਪੂਰੀ ਫ਼ਸਲ ਬਰਬਾਦ ਹੋ ਜਾਵੇਗੀ, ਜਿਸ ਦੀ ਸਿੱਧੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

ਮੌਕੇ 'ਤੇ ਪਹੁੰਚੇ ਅਧਿਕਾਰੀ, ਦਿੱਤਾ ਭਰੋਸਾ

ਕਿਸਾਨਾਂ ਦੇ ਵਧਦੇ ਰੋਸ ਅਤੇ ਹੰਗਾਮੇ ਨੂੰ ਦੇਖਦਿਆਂ ਸਥਾਨਕ ਪੁਲਿਸ ਅਤੇ ਖੇਤੀਬਾੜੀ ਵਿਭਾਗ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ। ਅਧਿਕਾਰੀਆਂ ਨੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਤੋਂ ਮੰਗ ਪੱਤਰ ਲਿਆ ਅਤੇ ਭਰੋਸਾ ਦਿੱਤਾ ਕਿ ਜ਼ਿਲ੍ਹੇ ਵਿੱਚ ਯੂਰੀਆ ਦੀ ਸਪਲਾਈ ਨੂੰ ਜਲਦ ਤੋਂ ਜਲਦ ਦਰੁਸਤ ਕੀਤਾ ਜਾਵੇਗਾ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕਿਸਾਨਾਂ ਨੇ ਸਾਫ਼ ਆਖਿਆ ਹੈ ਕਿ ਜੇਕਰ ਵਾਅਦੇ ਮੁਤਾਬਕ ਖਾਦ ਨਾ ਮਿਲੀ, ਤਾਂ ਉਹ ਆਪਣਾ ਅੰਦੋਲਨ ਹੋਰ ਵੱਡੇ ਪੱਧਰ 'ਤੇ ਤੇਜ਼ ਕਰਨਗੇ।

# ਪੰਜਾਬ ਕਾਂਗਰਸ ਵਲੋਂ ਮੁੱਖ ਮੰਤਰੀ ਦੇ ਬਾਈਕਾਟ ਦਾ ਐਲਾਨ




ਚੰਡੀਗੜ੍ਹ : ਪੰਜਾਬ ਕਾਂਗਰਸ ਨੇ ਗੁਰੂ ਸਾਹਿਬਾਨ ਦੀ ਬੇਅਦਬੀ ਦੇ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਉੱਤਰਦਿਆਂ ਉਨ੍ਹਾਂ ਤੋਂ ਤੁਰੰਤ ਅਸਤੀਫ਼ੇ ਅਤੇ ਨਵੇਂ ਬੇਅਦਬੀ ਕਾਨੂੰਨ ਤਹਿਤ ਉਨ੍ਹਾਂ ਖ਼ਿਲਾਫ਼ ਐਫ.ਆਈ.ਆਰ. ਦਰਜ ਕਰਨ ਦੀ ਵੀ ਮੰਗ ਕੀਤੀ । ਪੰਜਾਬ ਕਾਂਗਰਸ ਭਵਨ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਸੁਖਪਾਲ ਖਹਿਰਾ, ਪਰਗਟ ਸਿੰਘ ਅਤੇ ਏ.ਆਈ.ਸੀ.ਸੀ. ਦੇ ਖ਼ਜ਼ਾਨਚੀ ਵਿਜੈ ਇੰਦਰ ਸਿੰਗਲਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਮੁਤਾਬਕ ਭਗਵੰਤ ਮਾਨ ਦਾ ਪੂਰਨ ਤੌਰ 'ਤੇ ਸਮਾਜਿਕ ਬਾਈਕਾਟ ਕਰਨ । ਕਾਂਗਰਸੀ ਆਗੂਆਂ ਨੇ ਕਿਹਾ ਕਿ ਸਿੱਖ ਪੰਥ ਅਤੇ ਗੁਰੂ ਸਾਹਿਬਾਨ ਹਰ ਚੀਜ਼ ਤੋਂ ਉੱਪਰ ਹਨ । ਇਸ ਮੌਕੇ ਪੰਜਾਬ ਕਾਂਗਰਸ ਦੇ ਆਗੂਆਂ ਨੇ ਕਿਹਾ ਕਿ ਉਹ ਐਲਾਨ ਕਰਦੇ ਹਨ ਕਿ ਪੰਜਾਬ ਕਾਂਗਰਸ ਦਾ ਕੋਈ ਵੀ ਆਗੂ ਅਹੁਦੇਦਾਰ ਅਤੇ ਵਰਕਰ ਮੁੱਖ ਮੰਤਰੀ ਨਾਲ ਨਿੱਜੀ ਸਿਆਸੀ ਰਿਸ਼ਤਾ ਨਹੀਂ ਰੱਖੇਗਾ । ਪਾਰਟੀ ਆਗੂਆਂ ਨੇ ਪੰਜਾਬ ਪੁਲਿਸ ਦੇ ਉਨ੍ਹਾਂ ਦੋ ਅਫਸਰਾਂ ਨੂੰ ਵੀ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ, ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗਲਤ ਸਾਬਤ ਕਰਨ ਲਈ ਇਕ ਝੂਠੀ ਅਤੇ ਘੜੀ ਹੋਈ 'ਫੋਰੈਂਸਿਕ' ਰਿਪੋਰਟ ਤਿਆਰ ਕਰਵਾਈ। ਇਸ ਮੌਕੇ ਬੋਲਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ 'ਤੇ ਇਕਜੁੱਟ ਹੈ ਅਤੇ ਭਗਵੰਤ ਮਾਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਮੁਆਫ਼ੀ ਮੰਗਣੀ ਚਾਹੀਦੀ ਹੈ । ਉਨ੍ਹਾਂ ਕਿਹਾ ਕਿ ਗੁਰੂਗ੍ਰਾਮ ਵਿਚ ਐਫ.ਆਈ.ਆਰ ਦਰਜ ਹੋਣ ਤੋਂ ਬਾਅਦ ਸਾਰੇ ਸ਼ੱਕ ਦੂਰ ਹੋ ਗਏ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਝੂਠ ਨੂੰ ਕਿਵੇਂ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਭਗਵੰਤ ਮਾਨ ਇਕ ਲਗਾਤਾਰ ਗਲਤੀਆਂ ਕਰਨ ਵਾਲੇ ਆਗੂ ਸਾਬਤ ਹੋਏ ਹਨ। ਉਨ੍ਹਾਂ ਨੇ ਮੁੱਖ ਮੰਤਰੀ ਨਾਲ ਜੁੜੀਆਂ ਕਈ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਮੌਜੂਦਾ ਮਾਮਲਾ ਸਭ ਤੋਂ ਵੱਧ ਨਾ ਮੁਆਫੀਯੋਗ ਹੈ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਪਾਰਟੀ ਇਸ ਗੱਲ 'ਤੇ ਇਕਮਤ ਹੈ ਕਿ ਭਗਵੰਤ ਮਾਨ ਅਸਤੀਫ਼ਾ ਦੇਣ ਅਤੇ ਇਨ੍ਹਾਂ ਦੇ ਨਾਲ-ਨਾਲ ਹਰਪਾਲ ਚੀਮਾ, ਬਲਤੇਜ ਪੰਨੂ ਅਤੇ ਉਨ੍ਹਾਂ ਦੋ ਪੁਲਿਸ ਅਫ਼ਸਰਾਂ ਖ਼ਿਲਾਫ਼ ਵੀ ਐਫ.ਆਈ.ਆਰ ਦਰਜ ਹੋਵੇ, ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗਲਤ ਸਾਬਤ ਕਰਨ ਲਈ ਸਾਜਿਸ਼ ਰਚੀ ਸੀ। ਸਾਬਕਾ ਮੰਤਰੀ ਪਰਗਟ ਸਿੰਘ ਨੇ ਕਿਹਾ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਉਨ੍ਹਾਂ ਸਾਰੇ ਵਿਵਾਦਾਂ ਦੀ ਜੜ੍ਹ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਦੱਸਿਆ। ਵਿਜੈ ਇੰਦਰ ਸਿੰਗਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਮੁੱਖ ਮੰਤਰੀ ਨੂੰ ਆਪਣਾ ਪੱਖ ਰੱਖਣ ਲਈ ਪੂਰਾ ਮੌਕਾ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਉਹੀ ਆਮ ਆਦਮੀ ਪਾਰਟੀ ਹੈ, ਜਿਸ ਨੇ ਪੁਰਾਣੇ ਬੇਅਦਬੀ ਨਾਲ ਸੰਬੰਧਿਤ ਮਾਮਲਿਆਂ ਵਿਚ ਇਨਸਾਫ਼ ਦਿਵਾਉਣ ਦੇ ਨਾਂਅ 'ਤੇ ਵੋਟਾਂ ਮੰਗੀਆਂ ਸਨ, ਪਰ ਹੁਣ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਦੇ ਰਾਹ 'ਤੇ ਹੈ। ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਸਿੱਧੇ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਨੂੰ ਚੁਣੌਤੀ ਦੇ ਰਹੇ ਹਨ। ਉਨ੍ਹਾਂ ਨੇ ਮੁੱਖ ਮੰਤਰੀ ਦੇ ਅਸਤੀਫ਼ੇ ਅਤੇ ਨਵੇਂ ਬੇਅਦਬੀ ਕਾਨੂੰਨ ਤਹਿਤ ਐਫ.ਆਈ.ਆਰ. ਦਰਜ ਕਰਨ ਦੀ ਮੰਗ ਦੁਹਰਾਈ।


# ਬਾਬਾ ਬਿਧੀ ਚੰਦ ਖੇਮਕਰਨੀ ਦੀ ਜੀਵਨੀ

## (ਅਸਲ ਤੱਥ ਅਤੇ ਪ੍ਰਵਾਰ ਦੀਆਂ ਕੁਰਬਾਨੀਆਂ)

ਵਿਸ਼ਵ ਦੇ ਰਾਜਾ ਕੁਰਾਸ ਕਾਮਬੋਜਿਆ ਸਾਈਰਸ ਤੇ ਦਾਰਾ ਮਹਾਨ ਦੇ ਅਚਾਮੇਨਿਦ, ਪਾਰਥੀਅਨ, ਸ਼ਸਾਨੀਅਨ ਸਾਮਰਾਜ ਦਾ ਕਾਮਕਾਰੀਅਨ ਪਰਿਵਾਰ, ਨਿੱਬਰ/ਕਲਮੀ ਕਾਮਬੋਜ ਅਤੇ ਖੇਮਕਰਨ ਦੀ ਪਰੰਪਰਾ ਬਾਬਾ ਲੱਖਾ ਸਿੰਘ ਖੇਮਕਰਨੀ ਜਿਨ੍ਹਾਂ ਨੇ ਆਪਣੀ ਮੋਰੀ ਗੇਟ ਲਾਹੌਰ ਵਾਲੀ ਹਵੇਲੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰਨੌਨਿਹਾਲ ਸਿੰਘ ਨੂੰ ਤੋਹਫੇ ਵਜੋਂ ਭੇਟ ਕੀਤੀ ਸੀ, ਦੇ ਗੌਰਵਸ਼ਾਲੀ ਪਰਿਵਾਰ ਦੇ ਪਿਛੋਕੜ ਦਾ ਇਤਿਹਾਸ

ਕਾਮਕਾਰੀਅਨ ਪਰਿਵਾਰ (9ਵੀਂ-10ਵੀਂ ਸਦੀ) ਈਰਾਨੀ ਦੇਹਕਾਨ (ਕੁਲੀਨ ਜ਼ਮੀਨਦਾਰ) ਵਰਗ ਦਾ ਇੱਕ ਪ੍ਰਮੁੱਖ ਵੰਸ਼ ਸੀ, ਜਿਸਦਾ ਪਿਛੋਕੜ ਸਾਸਾਨੀਅਨ ਰਾਜਘਰਾਣੇ ਦੀ ਪਰੰਪਰਾ ਨਾਲ ਸੀ, ਇਸ ਪਰਿਵਾਰ ਨੇ ਆਪਣੇ ਵੰਸ਼ ਨੂੰ ਯਜ਼ਦੇਗਰਦ ਤੀਜੇ, ਸਾਸਾਨੀਅਨ ਸਾਮਰਾਜ ਦੇ ਆਖਰੀ ਸਮਰਾਟ, ਤੱਕ ਪਹੁੰਚਾਇਆ। ਅਰਬ ਜਿੱਤਾਂ ਤੋਂ ਬਾਅਦ ਸਾਸਾਨੀਅਨ ਰਾਜ ਦੇ ਪਤਨ ਵਿੱਚ ਇੱਕ ਪਵਿੱਤਰ ਸ਼ਹੀਦ ਬਣ ਗਏ, ਜਦ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ, ਬਾਬਾ ਅਮਰ ਸਿੰਘ ਜੀ ਖਾਲਸਾ ਫੌਜ ਦੀ ਸਰਵਉੱਚ ਅਗਵਾਈ ਸੰਭਾਲ ਲਈ ਤੇ ਉਹਨਾਂ ਨੇ ਫਿਰ ਇਹਨਾਂ ਖੱਤਰੀ ਪਰਿਵਾਰਾਂ ਨੂੰ ਵੰਗਾਰਿਆ ਤਾਂ ਭਾਈ ਮਨੀ ਸਿੰਘ ਜੀ ਨੇ ਸਮਝੌਤਾ ਕਰਵਾਇਆ ਕਿ ਇਹ ਖੱਤਰੀ ਪਰਿਵਾਰਾਂ ਦੇ ਵੰਸ਼ਜਾਂ ਦੇ ਬਿਨੋਦ ਸਿੰਘ ਤ੍ਰੇਹਨ ਅਕਾਲ ਬੁੰਗੇ ਦੀ ਸੇਵਾ ਕਰਨਗੇ ਤੇ ਖਾਲਸਾ ਫੌਜ ਦੇ ਜਥੇਦਾਰ ਬਾਬਾ ਅਮਰ ਸਿੰਘ ਖੇਮਕਰਨੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ ਕਰਨਗੇ ਤੇ ਇਸ ਤੋਂ ਬਾਅਦ ਬਾਕੀ ਗੁਰਦੁਆਰਿਆਂ ਤੇ ਜ਼ਮੀਨ ਜਾਇਦਾਦਾਂ ਦੇ ਵੀ ਇਸੇ ਤਰਾਂ ਰਲ ਮਿਲਕੇ ਬੰਦੋਬਸਤ ਕੀਤੇ ਜਾਣਗੇ ਤਾਂਕਿ ਆਪਸ ਵਿੱਚ ਲੜਾਈ ਝਗੜੇ ਤੋ ਬਚਿਆ ਜਾ ਸਕੇ ਇਸ ਸਮਝੌਤਾ ਦੇ ਹੋਣ ਤੋ ਬਾਅਦ ਬਾਬਾ ਅਮਰ ਸਿੰਘ ਜੀ ਨਿਸ਼ਚਿਤ ਅਡੋਲ ਹੋ ਗਏ ਤੇ ਆਪਣੇ ਕੁਝ ਸਾਥੀਆਂ ਨਾਲ ਮੱਥਾ ਟੇਕਣ ਲਈ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਲਈ ਗਏ। ਜਦ ਉਹ ਮੱਥਾ ਟੇਕ ਕੇ ਦਰਸ਼ਨੀ ਡਿਉਢੀ ਤੋਂ ਬਾਹਰ ਨਿਕਲੇ ਤਾਂ ਅਚਨਚੇਤ ਬਿਨੋਦ ਸਿੰਘ ਤ੍ਰੇਹਨ ਤੇ ਉਸਦੇ ਸਾਥੀ ਖੱਤਰੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ।

ਸਿੱਖ ਇਤਿਹਾਸ ਨੂੰ ਲਿਖਣ ਵਾਲੇ ਵੀ ਖੱਤਰੀ ਪਰਿਵਾਰ ਸਨ ਤੇ ਬਾਅਦ ਵਿੱਚ ਇਹਨਾਂ ਖੱਤਰੀ ਪਰਿਵਾਰਾਂ ਨੇ ਸਿੱਖ ਕੌਮ ਨੂੰ ਗੁੰਮਰਾਹ ਕਰਨ ਲਈ ਹਜਾਰਾਂ ਏਕੜ ਜ਼ਮੀਨਾਂ ਦੇ ਨਾਲ ਗੁਰਦੁਆਰਿਆਂ ਤੇ ਕਬਜ਼ਾ ਕਾਇਮ ਰੱਖਣ ਲਈ ਇਹ ਤੱਤ ਖਾਲਸਾ ਤੇ ਬੰਦੇਈ ਖਾਲਸਾ ਦੀਆਂ ਝੂਠੀਆਂ ਪਰਚੀਆਂ ਦੀ ਕਹਾਣੀ ਘੜੀ ਤੇ ਅੱਜ ਤੱਕ ਖਾਲਸਾ ਰਾਜ ਦੇ ਵਾਰਸਾਂ ਨੂੰ ਉਹਨਾਂ ਦੇ ਬਾਬਾ ਬੰਦਾ ਬਹਾਦਰ ਸਿੰਘ ਜੀ ਤੋਂ ਬਾਅਦ ਦੇ ਜਥੇਦਾਰ ਬਾਬਾ ਅਮਰ ਸਿੰਘ ਖੇਮਕਰਨੀ ਦੀ ਸ਼ਹਾਦਤ ਬਾਰੇ ਕੋਈ ਜਾਣਕਾਰੀ ਨਹੀਂ ਹੈ, ਜਿਸ ਤਰਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਾਥੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਕਰਦਿਆਂ ਸ਼ਹੀਦ ਹੋ ਗਏ ਤੇ ਦੋਖੀ ਲੋਗ ਉਹਨਾਂ ਨੂੰ ਕਾਂਗਰਸੀ, ਸਰਕਾਰੀ ਕਹੀ ਜਾ ਰਹੇ ਹਨ ਤੇ ਜੋ ਹੱਥ ਖੜੇ ਕਰਕੇ ਸਰਕਾਰ ਨਾਲ ਮਿਲਕੇ ਬਾਹਰ ਆ ਗਏ, ਉਹ ਅੱਜ ਤੱਕ ਆਪਣੇ ਆਪ ਨੂੰ ਪੰਥਕ ਕਹਾ ਰਹੇ ਹਨ। ਸ਼ਹੀਦ ਬਾਬਾ ਗੁਰਬਖਸ਼ ਸਿੰਘ ਖੇਮਕਰਨੀ "ਦਮਦਮੀ ਟਕਸਾਲਦੇ ਮੁੱਖੀ ਦੀ ਅਹਿਮਦ ਸ਼ਾਹ ਨੂੰ ਖ਼ਬਰ ਮਿਲੀ ਕਿ ਸਿੱਖ ਅੰਮ੍ਰਿਤਸਰ ਵੱਲ ਪਿੱਛੇ ਹਟ ਗਏ ਹਨ। ਅਹਿਮਦ ਸ਼ਾਹ 1 ਦਸੰਬਰ 1764 ਨੂੰ ਅੰਮ੍ਰਿਤਸਰ ਪਹੁੰਚਿਆ; ਹਾਲਾਂਕਿ, ਅਫ਼ਗਾਨ ਫ਼ੌਜਾਂ ਨੂੰ ਸਿੱਖਾਂ ਦਾ ਕੋਈ ਵੱਡਾ ਇਕੱਠ ਨਹੀਂ ਮਿਲਿਆ। ਬਾਬਾ ਗੁਰਬਖ਼ਸ਼ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਬਸੰਤ ਸਿੰਘ, ਬਾਬਾ ਮਾਨ ਸਿੰਘ ਅਤੇ 26 ਹੋਰ ਸਿੱਖ ਅਫ਼ਗਾਨ ਅਤੇ ਬਲੋਚ ਫ਼ੌਜਾਂ ਵਿਰੁੱਧ ਆਖਰੀ ਲੜਾਈ ਲੜਨ ਲਈ ਅੰਮ੍ਰਿਤਸਰ ਵਿੱਚ ਰੁਕੇ ਹੋਏ ਸਨ। ਜਲਦੀ ਹੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬਾਬਾ ਗੁਰਬਖ਼ਸ਼ ਸਿੰਘ ਖੇਮਕਰਨੀ ਦੀ ਅਗਵਾਈ ਵਿੱਚ 30 ਸਿੱਖਾਂ ਨੇ ਅਫ਼ਗਾਨਾਂ 'ਤੇ ਹਮਲਾ ਕਰ ਦਿੱਤਾ। ਇਸ ਖ਼ੂਨੀ ਝੜਪ ਵਿੱਚ ਬਾਬਾ ਗੁਰਬਖ਼ਸ਼ ਸਿੰਘ 29 ਸਿੱਖ ਰਾਖਿਆਂ ਸਮੇਤ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਦੇ ਹੋਏ ਅਫ਼ਗਾਨੀ ਫ਼ੌਜਾਂ ਨਾਲ ਲੜਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ।





ਮੁਗਲ ਸਮੇਂ ਵਿਚ ਰਾਏ ਬਿਧੀ ਚੰਦ ਪ੍ਰਭਾਵਸ਼ਾਲੀ ਕਾਮਬੋਜ ਜਗੀਰਦਾਰ ਅਤੇ ਸਿੱਖ ਧਾਰਾ ਨਾਲ ਜੁੜਿਆ ਨਾਮ ਵਜੋਂ ਮਿਲਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਯੁੱਧਕਾਲੀਨ ਦੌਰ ਵਿਚ ਉਨ੍ਹਾਂ ਅਤੇ ਉਨ੍ਹਾਂ ਦੀ ਲੜੀ ਨੇ ਸਿੱਖ ਫੌਜੀ ਤੇ ਰਾਜਨੀਤਕ ਸਰਗਰਮੀਆਂ ਵਿਚ ਅਹਿਮ ਭੂਮਿਕਾ ਨਿਭਾਈ।

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੂੰ ਇਸ ਖੇਮਕਰਨੀ ਪਰਿਵਾਰ ਦੀ ਮੋਰੀ ਗੇਟ ਲਾਹੌਰ ਬਹੁਤ ਖੂਬਸੂਰਤ ਆਲੀਸ਼ਾਨ ਹਵੇਲੀ ਬਹੁਤ ਪਸੰਦ ਆਏ ਤਾਂ ਉਹਨਾਂ ਨੇ ਇਸ ਹਵੇਲੀ ਦੇ ਮਾਲਿਕ ਬਾਬਾ ਲੱਖਾ ਸਿੰਘ ਖੇਮਕਰਨੀ ਨੂੰ ਸੱਦ ਕੇ ਇਸ ਦੀ ਕੀਮਤ ਪੁੱਛੀ ਤਾਂ ਉਹਨਾਂ ਨੇ ਬਿਨਾਂ ਕੋਈ ਪੈਸੇ ਲਏ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੂੰ ਤੋਹਫ਼ੇ ਵਜੋਂ ਭੇਟ ਕਰ ਦਿੱਤੀ ਜਿਸ ਨਾਲ ਮਹਾਰਾਜਾ ਰਣਜੀਤ ਸਿੰਘ ਬਹੁਤ ਖੁਸ਼ ਹੋਏ ਤੇ ਉਹਨਾਂ ਨੇ ਬਾਬਾ ਲੱਖਾ ਸਿੰਘ ਜੀ ਨੂੰ ਬਾਬਾ ਲੱਖਾ ਸਿੰਘ ਪ੍ਰਤਾਪੀ ਦਾ ਨਾਮ ਦਿੱਤਾ ਸਿੱਖ ਰਾਜ ਚ ਬਾਬਾ ਲੱਖਾ ਸਿੰਘ ਪ੍ਰਤਾਪੀ ਖੇਮਕਰਨੀ ਦਾ ਬਹੁਤ ਜਿਆਦਾ ਸਤਿਕਾਰ ਤੇ ਮਾਣ ਇੱਜ਼ਤ ਕੀਤਾ ਜਾਂਦਾ ਸੀ। ਇਸ ਸਾਰੇ ਇਤਿਹਾਸ ਦੇ ਤੱਥਾਂ ਤੇ ਅਧਾਰਿਤ ਪਿੰਡ ਰਾਏ ਬਿਧੀ ਚੰਦ, ਖੇਮਕਰਨ ਦੇ ਅਰਬੀ ਫ਼ਾਰਸੀ ਦੇ ਉਸ ਸਮੇਂ ਦੇ ਰਿਕਾਰਡ ਤੇ 1849-1870 ਦੇ ਪਹਿਲੇ ਬ੍ਰਿਟਿਸ਼ ਬੰਦੋਬਸਤ ਰਿਕਾਰਡ ਦੇ ਨਾਲ ਪੰਜਾਬ ਆਰ ਸੀ ਐਚ ਓ ਐਲ ਓ ਜੀ ਐਲ ਆਈ ਐਨ ਟੀ ਆਰ ਐਸ ਟੀ ਦੀਆਂ ਵਸਤੂਆਂ- ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੁਆਰਾ ਭੇਜੇ ਗਏ ਰਿਟਰਨਾਂ, ਲੋਕ ਨਿਰਮਾਣ ਵਿਭਾਗ ਦੀਆਂ ਪੁਰਾਣੀਆਂ ਸੂਚੀਆਂ ਅਤੇ ਪੁਰਾਤੱਤਵ ਸਰਵੇਖਣ ਦੀਆਂ ਸੰਕਲਿਤ ਰਿਪੋਰਟਾਂ ਤੋਂ ਇਲਾਵਾ ਹਰ ਕਰਨ (ਜਿਸਨੂੰ ਹਰ ਕਰਨ ਮੁਲਤਾਨੀ ਵੀ ਕਿਹਾ ਜਾਂਦਾ ਹੈ), ਇੱਕ ਸਤਿਕਾਰਯੋਗ ਪ੍ਰਸ਼ਾਸਕੀ ਸਕੱਤਰ (ਮੁਨਸ਼ੀ) ਜਿਸਨੇ ਬਾਦਸ਼ਾਹ ਜਹਾਂਗੀਰ ਅਤੇ ਸ਼ਾਹਜਹਾਂ ਦੇ ਰਾਜ ਦੌਰਾਨ ਮਸ਼ਹੂਰ ਫਾਰਸੀ ਪੱਤਰ ਲਿਖਤ 'ਇੰਸ਼ਾ-ਏ-ਹਰ ਕਰਨ' ਲਿਖੀ ਦੀਆਂ ਖੇਮਕਰਨੀ ਰਾਏ


ਰਾਗੀ ਸੁਖਵਿੰਦਰ ਸਿੰਘ ਨਾਗੋਕੇ
ਮੁੱਖ ਸਹਿਯੋਗੀ ਭਾਈ
ਸਰਬਜੀਤ ਸਿੰਘ ਜੀ

ਪਰਿਵਾਰ ਬਾਰੇ ਫਾਰਸੀ ਭਾਸ਼ਾ ਦੀਆਂ ਲਿਖਤਾਂ ਦੇ ਨਾਲ ਹੁਣ ਇਸੇ ਸਮੇਂ ਵੀ ਖੇਮਕਰਨ ਵਿੱਚ ਪਰਿਵਾਰ ਦੇ ਪੁਰਾਤਨ ਖੂਹ ਹਵੇਲੀਆਂ ਤੇ ਕਿਲ੍ਹੇ ਜੋ ਖੰਡਰ ਬਨ ਚੁੱਕੇ ਹਨ ਸਾਡੇ ਪਰਿਵਾਰ ਦੇ (ਸਰਬਜੀਤ ਸਿੰਘ) ਮੂੰਹ ਬੋਲਦੇ ਇਤਿਹਾਸ ਦੀ ਗਵਾਹੀ ਭਰ ਰਹੇ ਹਨ ਜਿਸ ਬਾਰੇ ਹੁਣ ਵੀ ਜਮੀਨੀ ਤੱਥਾਂ ਤੇ ਅਧਾਰਿਤ ਵਧੇਰੇ ਜਾਣਕਾਰੀ ਖੇਮਕਰਨ ਵਿਚ ਰਹਿ ਰਹੇ ਉਥੋ ਦੇ ਜੱਦੀ ਪੁਸਤੀ ਲੋਕਾਂ ਤੋ ਲਈ ਜਾ ਸਕਦੀ ਹੈ ।

ਜਿਹੜੇ ਲੋਕ ਅਸਲ ਇਤਿਹਾਸ ਤੋਂ ਜਾਣੂ ਨਹੀਂ ਹਨ, ਉਹ ਬਾਬਾ ਬਿਧੀ ਚੰਦ ਜੀ ਨੂੰ ਚੋਰ ਦੱਸਦੇ ਸਨ! ਜਦ ਕਿ ਉਸ ਬਾਬਤ ਇਕ ਮੁਸਲਮਾਨ ਲਿਖਾਰੀ ਜਿਸ ਦਾ ਨਾਮ "ਮੋਹਸਿਨ ਫਾਨੀ" ਸੀ ਓਸ ਨੇ ਆਪਣੀ ਪੁਸਤਕ ਜਿਸ ਦਾ ਨਾਮ "ਦਬਿਸਤਾਨ-ਏ-ਮਜਹਿਬ'' ਵਿਚ ਲਿਖਿਆ ਹੈ ਕਿ ਇਕ ਨਾਨਕ ਪੰਥ ਹੈ ਜਿਸ ਦਾ ਜਾਨਸੀਨ ਗੁਰੂ ਹਰਗੋਬਿੰਦ ਹੈ, ਜਿਸ ਕੋਲ ਇਕ ਛੋਟੀ ਫ਼ੌਜੀ ਟੁਕੜੀ ਹੈ। ਗੁਰੂ ਹਰਗੋਬਿੰਦ ਨੂੰ ਇੱਕ ਬਿਧੀਆ ਨਾਮ ਦਾ ਚੋਰ ਮਿਲਿਆ ਜਿਸ ਨੂੰ ਗੁਰੂ ਹਰਗੋਬਿੰਦ ਜੀ ਨੇ ਚੋਰੀ ਕਰਨ ਤੋ ਹਟਾ ਕੇ ਚੰਗੇ ਰਸਤੇ ਪਾ ਦਿੱਤਾ ਸੀ। ਇਹ ਉਸ ਲੇਖਕ ਦੀ ਪੁਸਤਕ ਵਿੱਚ ਦਰਜ਼ ਹੈ।



ਗੁਰਦੁਆਰਾ ਥੰਮ ਸਾਹਿਬ (ਰਾਏਪੁਰ)

ਬਾਬਾ ਬਿਧੀ ਚੰਦ ਜੀ ਮਾਝੇ ਦੇ ਬਹੁਤ ਵੱਡੇ ਕਾਰੋਬਾਰੀ ਜ਼ਿਮੀਦਾਰ ਸਨ ਤੇ ਓਨ੍ਹਾਂ ਦੀ ਸਰਕਾਰੇ ਦਰਬਾਰੇ ਕਾਫ਼ੀ ਚੱਲਦੀ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਬਿਧੀ ਚੰਦ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਜਹਾਂਗੀਰ ਤੋ ਦੋ ਘੋੜੇ ਦਿਲਬਾਗ, ਗੁਲਬਾਗ ਲਿਆਉਣ ਲਈ ਕਿਹਾ ਸੀ। ਬਾਬਾ ਬਿਧੀ ਚੰਦ ਜੀ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਆਪਣੇ ਅਸਰ ਰਸੂਖ਼ ਨਾਲ ਜਹਾਂਗੀਰ ਨੂੰ ਮਿਲ ਕੇ ਦੋਨੋ ਘੋੜੇ ਲੈ ਆਂਦੇ ਸਨ ।

ਭਾਈ ਸਰਬਜੀਤ ਸਿੰਘ ਜੀ ਜੋ ਵਿਸਵ ਦੇ ਰਾਜਾ ਕੁਰਾਸ ਕਾਮਬੋਜਿਆ ਦੇ ਗੱਦੀ ਨਸ਼ੀਨ ਹਨ ਓਨ੍ਹਾਂ ਦੇ ਸਹਿਯੋਗ ਨਾਲ ਸਾਰੇ ਇਤਿਹਾਸ ਨੂੰ ਆਪ ਸੰਗਤਾਂ ਪਾਸ ਅਸਲ ਤੱਥ ਦੱਸਣ ਦਾ ਓਪਰਾਲਾ ਕੀਤਾ ਗਿਆ ਹੈ ।

**ਸਾਸਾਨੀਅਨ ਅਤੇ ਕਾਮਕਾਰੀਅਨ ਪਰਿਵਾਰ ਕਿਤਾਬਾਂ ਦੇ ਹਵਾਲੇ** * The Cambridge History of Iran* Encyclopaedia Iranica* The Decline and Fall of the Sasanian Empire

**ਮੁਗਲ ਯੁੱਗ ਦੇ ਫ਼ਾਰਸੀ ਸਰੋਤ**

*Maasir-ul-Umara* Insha-i-Harkaran* Tuzuk-i-Jahangiri* Padshahnama

**ਪੰਜਾਬ, ਲਾਹੌਰ, ਕਸੂਰ ਅਤੇ ਖੇਮਕਰਨ**

* Lahore District Gazetteer* Amritsar District Gazetteer* Kasur Settlement Report* Punjab Chiefs

**ਸਿੱਖ ਇਤਿਹਾਸ**

* Panth Prakash* Guru Kian Sakhian* Sri Gur Panth Prakash* History of the Sikhs

**ਬਾਬਾ ਗੁਰਬਖ਼ਸ਼ ਸਿੰਘ ਜੀ ਅਤੇ ਦਮਦਮੀ ਟਕਸਾਲ**

* Damdami Taksal ਦੀਆਂ ਪਰੰਪਰਾਗਤ ਵੰਸ਼ਾਵਲੀਆਂ* Panth Prakash* Bansavalinama Dasan Patshahian Ka

1. ਖੇਮਕਰਨ, ਰਾਏ ਬਿਧੀ ਚੰਦ ਅਤੇ ਹੈਬਤਪੁਰ ਪੱਟੀ ਦੇ 1849-1870 ਦੇ ਬੰਦੋਬਸਤ ਰਿਕਾਰਡ।
2. ਪੁਰਾਣੇ ਸ਼ਜਰਾ ਨਸਬ ਅਤੇ ਸ਼ਜਰਾ ਕਿਸ਼ਤਵਾਰ।
3. ਲਾਹੌਰ, ਕਸੂਰ ਅਤੇ ਅੰਮ੍ਰਿਤਸਰ ਗਜ਼ੇਟੀਅਰ।
4. ਹਰਕਰਨ ਮੁਲਤਾਨੀ ਦੀਆਂ ਫ਼ਾਰਸੀ ਲਿਖਤਾਂ ਵਿੱਚ ਕਾਮਬੋਹ/ਕਾਮਬੋਜ ਪਰਿਵਾਰਾਂ ਦੇ ਜ਼ਿਕਰ।
5. ਖੇਮਕਰਨ ਵਿੱਚ ਮੌਜੂਦ ਪੁਰਾਣੀਆਂ ਹਵੇਲੀਆਂ, ਖੂਹਾਂ, ਕਿਲ੍ਹਿਆਂ ਅਤੇ ਮਕਬਰਿਆਂ ਦਾ ਮੈਦਾਨੀ ਸਰਵੇਖਣ।




ਸ਼ਹੀਦ ਬਾਬਾ ਮੂਲ ਸਿੰਘ ਖੇਮਕਰਨੀ

ਸ਼ਹੀਦ ਬਾਬਾ ਅਮਰ ਸਿੰਘ ਖੇਮਕਰਨੀ (ਬਾਬਾ ਬੰਦਾ ਬਹਾਦਰ ਸਿੰਘ ਜੀ ਤੋਂ ਬਾਅਦ ਖਾਲਸਾ ਫੌਜ ਦੇ ਜਰਨੈਲ)

ਸ਼ਹੀਦ ਬਾਬਾ ਗੁਰਬਖਸ਼ ਸਿੰਘ ਖੇਮਕਰਨੀ (ਦਮਦਮੀ ਟਕਸਾਲ ਦੇ ਜਥੇਦਾਰ ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਬਾਅਦ)

ਇਹ ਪਰਿਵਾਰ ਸਿਰਫ਼ ਜਗੀਰਦਾਰੀ ਤੱਕ ਸੀਮਤ ਨਹੀਂ ਰਿਹਾ, ਸਗੋਂ ਸਿੱਖ ਕੌਮ ਲਈ ਸ਼ਹੀਦੀ ਦੀਆਂ ਮਿਸ਼ਾਲਾਂ ਕਾਇਮ ਕੀਤੀਆਂ।

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਦਰਸ਼ਨ

**ਦਸਤਗੀਰ ਹੁਇ ਪੰਜ ਪੀਰ ਹਰਿ**
**ਗੁਰੁ ਹਰਿ ਗੋਬਿੰਦ ਅਤੋਲਾ॥**
**ਦੀਨ ਦੁਨੀ ਦਾ ਪਾਤਿਸਾਹੁ**
**ਪਾਤਿਸਾਹਾਂ ਪਾਤਿਸਾਹੁ ਅਡੋਲਾ॥**

ਭਾਈ ਗੁਰਦਾਸ ਜੀ ਨੇ ਇਹ ਤੁਕਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਬੰਧ ਵਿੱਚ ਆਪਣੀਆਂ ਵਾਰਾਂ ਵਿੱਚ ਦਰਜ ਕੀਤੀਆਂ ਹਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬਾਰੇ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿੱਚ ਇਸ ਤਰ੍ਹਾਂ ਵੀ ਲਿਖਿਆ ਹੈ:

**ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥**
**ਅਰਜਨ ਕਾਇਆਂ ਪਲਟ ਕੈ ਮੂਰਤ ਹਰਿ ਗੋਬਿੰਦ ਸਵਾਰੀ॥**
**ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥**
**ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁਪਰਉਪਕਾਰੀ॥**

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਮਾਤਾ ਗੰਗਾ ਜੀ ਦੀ ਕੁੱਖੋਂ ਸੰਮਤ 1652, (1595 ਈਸਵੀ) ਨੂੰ ਅੰਮ੍ਰਿਤਸਰ ਸਾਹਿਬ ਦੇ ਪਿੰਡ ਵਡਾਲੀ ਵਿਖੇ ਹੋਇਆ। ਗੁਰੂ ਜੀ ਦਾ ਬਚਪਨ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਵਰਗੇ ਮਹਾਨ ਸਿੱਖਾਂ ਦੀ ਸੰਗਤ ਵਿੱਚ ਗੁਜ਼ਰਿਆ। ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਤਲਵਾਰਬਾਜ਼ੀ, ਕੁਸ਼ਤੀ ਅਤੇ ਘੋੜ ਸਵਾਰੀ ਦੀ ਸਿੱਖਿਆ ਦਿੱਤੀ। ਆਪ ਜੀ ਦੀ ਉਮਰ ਜਦੋਂ ਲਗਭਗ 11 ਸਾਲ ਦੇ ਕਰੀਬ ਹੀ ਸੀ, ਉਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਬਾਦਸ਼ਾਹ ਦੇ ਹੁਕਮ 'ਤੇ ਹੀ ਆਸਾ ਵਾਰ ਸਿਆਸਤ ਕਾਨੂੰਨ ਦੇ ਤਹਿਤ ਲਾਹੌਰ ਵਿਖੇ ਤੱਤੀ ਤਵੀ 'ਤੇ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਗੁਰੂ ਅਰਜਨ ਦੇਵ ਜੀ ਲਾਹੌਰ ਜਾਣ ਤੋਂ ਪਹਿਲਾਂ ਗੁਰਤਾ ਗੱਦੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸੌਂਪ ਗਏ। ਆਪ ਜੀ ਸਿੱਖਾਂ ਦੇ ਛੇਵੇਂ ਗੁਰੂ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤੇ ਇਹ ਸੰਦੇਸ਼ ਦਿੱਤਾ ਕਿ ਹੁਣ ਤੋਂ ਬਾਅਦ ਸਿੱਖ ਧਰਮ ਵਿੱਚ ਪੀਰੀ ਦੇ ਨਾਲ ਮੀਰੀ ਵੀ ਬਰਾਬਰ ਚੱਲੇਗੀ। ਆਪ ਜੀ ਨੇ ਸਾਰੇ ਸਿੱਖਾਂ ਨੂੰ ਇਹ ਸੰਦੇਸ਼ ਦਿੱਤਾ ਕਿ ਜਦੋਂ ਵੀ ਸਿੱਖ ਸੰਗਤ ਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਵੇ ਤਾਂ ਉਹ ਧਨ-ਦੌਲਤ ਦੀ ਥਾਂ ਹਥਿਆਰ ਅਤੇ ਘੋੜੇ ਲੈ ਕੇ ਆਵੇ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਿਲਕੁੱਲ ਸਾਹਮਣੇ ਸੰਨ 1663 ਈਸਵੀ ਨੂੰ ਆਪ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਅਕਾਲ ਤਖ਼ਤ ਦਾ ਭਾਵ ਹੈ 'ਅਕਾਲ ਪੁਰਖ ਦਾ ਸਿੰਘਾਸਨ।' ਪਹਿਲਾਂ ਇਸ ਨੂੰ ਅਕਾਲ ਬੁੰਗਾ ਕਿਹਾ ਜਾਂਦਾ ਸੀ। ਬੁੰਗਾ ਤੋਂ ਭਾਵ ਅਜਿਹੀ ਵੱਡੀ ਇਮਾਰਤ ਤੋਂ ਹੁੰਦਾ ਹੈ ਜਿਸ ਦੇ ਉਤੇ ਗੁੰਬਦ ਬਣਿਆ ਹੋਵੇ। ਅੰਮ੍ਰਿਤਸਰ ਸ਼ਹਿਰ ਦੇ ਨੇੜੇ ਹੀ ਆਪ ਜੀ ਨੇ ਇਕ ਕਿਲਾ ਵੀ ਤਿਆਰ ਕਰਵਾਇਆ, ਜਿਸ ਦਾ ਨਾਂ ਲੋਹਗੜ੍ਹ ਰੱਖਿਆ ਗਿਆ। ਅਕਾਲ ਤਖ਼ਤ ਸਾਹਿਬ ਨੂੰ ਦਿੱਲੀ ਦੇ ਜਹਾਂਗੀਰ ਬਾਦਸ਼ਾਹ ਦੇ ਤਖ਼ਤ ਨਾਲੋਂ ਲਗਭਗ ਡੇਢ ਫੁੱਟ ਉੱਚਾ ਰੱਖਿਆ ਗਿਆ। ਹੁਣ ਸਿੱਖਾਂ ਦੇ ਜੋ ਵੀ ਮਸਲੇ ਹੁੰਦੇ ਸਨ, ਉਹ ਸਾਰੇ ਅਕਾਲ ਤਖ਼ਤ ਸਾਹਿਬ ਉਤੇ ਵਿਚਾਰੇ ਜਾਂਦੇ ਅਤੇ ਗੁਰੂ ਜੀ ਆਪਣਾ ਫ਼ੈਸਲਾ ਸੁਣ ਕੇ ਸਾਰਿਆਂ ਲਈ ਯੋਗ ਹੁੰਦਾ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਢਾਡੀ ਪ੍ਰੰਪਰਾ ਨੂੰ ਪ੍ਰਫੁੱਲਿਤ ਕੀਤਾ। ਆਪ ਜੀ ਦੇ ਦਰਬਾਰ 'ਚ ਨਚਣਾ ਅਤੇ ਅਬਦੁਲਾ ਨਾਂ ਦੇ ਦੋ ਢਾਡੀ ਸਨ, ਜੋ ਸਿੱਖ ਸੰਗਤਾਂ ਨੂੰ ਬੀਰ-ਰਸੀ ਵਾਰਾਂ ਸੁਣਾ ਕੇ ਉਨ੍ਹਾਂ ਵਿੱਚ ਜੋਸ਼ ਭਰਿਆ ਕਰਦੇ ਸਨ ਤੇ ਢਾਡੀ ਕਲਾ ਹੀ ਸੀ, ਜਿਸ ਨੇ ਵੱਡੇ-ਵੱਡੇ ਸੂਰਮਿਆਂ ਦੇ ਠੰਡੇ ਪੈ ਚੁੱਕੇ ਖ਼ੂਨ ਵਿੱਚ ਅਨੋਖੀ ਬੀਰਤਾ ਦਾ ਜੋਸ਼ ਭਰਿਆ। ਸਿੱਖਾਂ ਨੂੰ ਰਾਜਨੀਤਿਕ ਤੌਰ 'ਤੇ ਮਜ਼ਬੂਤ ਹੁੰਦਿਆਂ ਵੇਖ ਕੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਇਸ ਨੂੰ ਆਪਣੇ ਰਾਜ ਭਾਗ ਦੇ ਲਈ ਵੱਡਾ



ਖ਼ਤਰਾ ਸਮਝਿਆ। ਦੂਜੇ ਪਾਸੇ ਚੰਦੂ ਨੇ ਵੀ ਬਾਦਸ਼ਾਹ ਜਹਾਂਗੀਰ ਦੇ ਖ਼ੂਬ ਕੰਨ ਭਰੇ ਅਤੇ ਦੱਸਿਆ ਕਿ ਗੁਰੂ ਜੀ ਦੇ ਬਰਾਬਰ ਆਪਣੀ ਫੌਜ

-ਗੁਰਪ੍ਰੀਤ ਸਿੰਘ ਨਿਆਮੀਆਂ

ਤਿਆਰ ਕਰ ਰਹੇ ਹਨ। ਅਸਲ ਵਿੱਚ ਚੰਦੂ ਨੇ ਗੁਰੂ ਜੀ ਨੂੰ ਇਕ ਪੱਤਰ ਲਿਖ ਕੇ ਆਪਣੀ ਲੜਕੀ ਦਾ ਰਿਸ਼ਤਾ ਸਵੀਕਾਰ ਕਰ ਲੈਣ ਦੀ ਅਪੀਲ ਕੀਤੀ ਸੀ ਪਰ ਗੁਰੂ ਜੀ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ, ਜਿਸ ਨੂੰ ਚੰਦੂ ਨੇ ਆਪਣੀ ਬੇਇੱਜ਼ਤੀ ਸਮਝਿਆ ਸੀ। ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਕੈਦ ਕਰ ਦਿੱਤਾ। ਕਈ ਸਾਲਾਂ ਤੱਕ ਗੁਰੂ ਹਰਗੋਬਿੰਦ ਸਾਹਿਬ ਜੀ ਇਸ ਕਿਲ੍ਹੇ ਵਿੱਚ ਕੈਦ ਰਹੇ। ਵੱਡੀ ਗਿਣਤੀ ਵਿੱਚ ਸਿੱਖ ਬਾਬਾ ਬੁੱਢਾ ਜੀ ਜਾਂ ਭਾਈ ਗੁਰਦਾਸ ਜੀ ਦੀ ਅਗਵਾਈ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਰਵਾਨਾ ਹੁੰਦੇ ਅਤੇ ਗਵਾਲੀਅਰ ਦੇ ਕਿਲ੍ਹੇ ਤੱਕ ਪਹੁੰਚ ਕੇ ਗਵਾਲੀਅਰ ਦੇ ਕਿਲ੍ਹੇ ਦੀ ਦੀਵਾਰ ਨੂੰ ਨਮਸਕਾਰ ਕਰਕੇ ਸਿੱਖ ਉਥੋਂ ਵਾਪਸ ਆ ਜਾਂਦੇ। ਇਹ ਸਿਲਸਿਲਾ ਜਾਰੀ ਰਿਹਾ। ਬਾਦਸ਼ਾਹ ਉਤੇ ਗੁਰੂ ਜੀ ਨੂੰ ਰਿਹਾਅ ਕਰਨ ਲਈ ਦਬਾਅ ਵਧਦਾ ਗਿਆ ਤੇ ਅਖ਼ੀਰ ਉਸ ਨੇ ਗੁਰੂ ਜੀ ਨੂੰ ਰਿਹਾਅ ਕਰਨ ਦਾ ਫ਼ੈਸਲਾ ਕਰ ਲਿਆ। ਜਿਸ ਜੇਲ੍ਹ ਵਿੱਚ ਗੁਰੂ ਜੀ ਨਗਰ ਵਸਾਉਣ, ਉਥੇ 52 ਪਹਾੜੀ ਹਿੰਦੂ ਰਾਜੇ ਵੀ ਕੈਦ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਨ੍ਹਾਂ ਸਾਰੇ ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਨ ਲਈ ਕਿਹਾ ਅਤੇ ਇਨ੍ਹਾਂ ਤੋਂ ਬਿਨਾਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਅਖ਼ੀਰ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਜੀ ਦੇ ਨਾਲ ਸਮਝਾ ਕੈਦੀਆਂ ਨੂੰ ਵੀ ਰਿਹਾਅ ਕਰਨਾ ਪਿਆ। ਉਸ ਨੇ ਗੁਰੂ ਜੀ ਨੂੰ ਕਿਹਾ ਕਿ ਜਿਹੜਾ ਵੀ ਰਾਜਾ ਗੁਰੂ ਜੀ ਦੇ ਚੋਲੇ ਨੂੰ ਫੜ ਕੇ ਕਿਲ੍ਹੇ ਤੋਂ ਬਾਹਰ ਆ ਜਾਵੇਗਾ, ਉਸੇ ਨੂੰ ਰਿਹਾਅ ਕੀਤਾ ਜਾਵੇਗਾ। ਗੁਰੂ ਜੀ ਨੇ ਇਸ ਕਾਰਜ ਲਈ ਵਿਸ਼ੇਸ਼ ਤੌਰ 'ਤੇ 52 ਕਲੀਆਂ ਵਾਲਾ ਚੋਲਾ ਸਿਲਵਾਇਆ। ਸਾਰੇ ਦੇ ਸਾਰੇ ਰਾਜੇ ਗੁਰੂ ਜੀ ਦੇ ਇਸ ਚੋਲੇ ਦੀਆਂ ਕਲੀਆਂ ਨੂੰ ਫੜ ਕੇ ਕੈਦ 'ਚੋਂ ਰਿਹਾਅ ਹੋ ਗਏ। ਗੁਰੂ ਜੀ ਦੀ ਕਿਸੇ ਵੀ ਧਰਮ ਜਾਂ ਜਾਤ ਨਾਲ ਕੋਈ ਦੁਸ਼ਮਣੀ ਨਹੀਂ ਸੀ। ਉਹ ਕੇਵਲ ਇਨਸਾਨੀਅਤ ਦੀ ਸੇਵਾ ਕਰਦੇ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਮੇਂ ਦੀ ਹਕੂਮਤ ਨਾਲ ਚਾਰ ਵੱਡੀਆਂ ਜੰਗਾਂ ਲੜਨੀਆਂ ਪਈਆਂ। ਇਨ੍ਹਾਂ ਚਾਰੇ ਜੰਗਾਂ ਵਿੱਚ ਜਿੱਤ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਹੋਈ।

ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਿੰਨ ਵਿਆਹ ਹੋਏ ਸਨ। ਆਪ ਜੀ ਦੇ ਮਹਿਲ ਮਾਤਾ ਨਾਨਕੀ, ਮਹਾਦੇਵੀ ਜੀ ਅਤੇ ਦਮੋਦਰੀ ਜੀ ਸਨ। ਆਪ ਜੀ ਦੇ ਪੰਜ ਪੁੱਤਰ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਗੁਰੂ ਤੇਗ ਬਹਾਦਰ ਜੀ, ਬਾਬਾ ਅਣੀ ਰਾਇ ਜੀ ਅਤੇ ਬਾਬਾ ਅਟੱਲ ਰਾਏ ਜੀ ਅਤੇ ਇਕ ਪੁੱਤਰੀ ਬੀਬੀ ਵੀਰੋ ਜੀ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਮੁਲਾਕਾਤ ਹੋਈ ਤਾਂ ਉਨ੍ਹਾਂ ਨੇ ਗੁਰੂ ਜੀ ਕੋਲੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਆਪਣੇ ਲਈ ਮੰਗ ਲਿਆ। ਬਾਅਦ ਵਿਚ ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਉਦਾਸੀ ਮੱਤ ਦਾ ਉੱਤਰਾਧਿਕਾਰੀ ਐਲਾਨ ਦਿੱਤਾ। ਬਾਬਾ ਗੁਰਦਿੱਤਾ ਜੀ ਤੇ ਉਨ੍ਹਾਂ ਦੀ ਪਤਨੀ ਨਿਹਾਲ ਕੌਰ ਦੀ ਕੁੱਖੋਂ ਗੁਰੂ ਹਰਿ ਰਾਏ ਜੀ ਦਾ ਪ੍ਰਕਾਸ਼ ਹੋਇਆ, ਜਿਨ੍ਹਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖਾਂ ਦਾ ਸੱਤਵਾਂ ਗੁਰੂ ਐਲਾਨਿਆ ਤੇ ਗੁਰਤਾ ਗੱਦੀ ਸੰਭਾਲ ਦਿੱਤੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜੰਗਾਂ-ਯੁੱਧਾਂ ਤੋਂ ਵਿਹਲੇ ਹੋ ਕੇ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਪਹਾੜੀਆਂ ਵਿੱਚ ਇਕ ਸੁੰਦਰ ਸ਼ਹਿਰ ਵਸਾਉਣ ਦਾ ਆਦੇਸ਼ ਦਿੱਤਾ ਸੀ, ਜਿਸ ਦੇ ਨਤੀਜੇ ਵਜੋਂ ਕੀਰਤਪੁਰ ਸਾਹਿਬ ਸ਼ਹਿਰ ਹੋਂਦ ਵਿੱਚ ਆਇਆ। ਗੁਰੂ ਹਰਗੋਬਿੰਦ ਸਾਹਿਬ ਇਸੇ ਸ਼ਹਿਰ 'ਚ ਆ ਕੇ ਰਹਿਣ ਲੱਗੇ ਅਤੇ ਇੱਥੇ ਹੀ ਜੋਤੀ-ਜੋਤ ਸਮਾਏ।

# ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ

ਸੰਨ 1581 ਈ: ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜਦ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਉਹਨਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਬੁਰਾ ਮਨਾਇਆ ਤੇ ਘਰ ਵਿੱਚੋਂ ਵੱਡਾ ਭਰਾ ਹੋਣ ਦੇ ਨਾਤੇ ਗੁਰਗੱਦੀ ਤੇ ਆਪਣਾ ਹੱਕ ਜਤਾਇਆ। ਕੋਈ ਚਾਰਾ ਨਾ ਚੱਲਦਾ ਵੇਖ ਕੇ ਪ੍ਰਿਥੀ ਚੰਦ ਇਹ ਸੋਚਦਾ ਰਹਿੰਦਾ ਕਿ ਚਲੋ ਕੋਈ ਗੱਲ ਨਹੀ, ਗੁਰੂ ਅਰਜਨ ਦੇ ਘਰ ਸ਼ਾਦੀ ਤੋਂ 14 ਸਾਲ ਬੀਤ ਜਾਣ ਤੇ ਵੀ ਕੋਈ ਬੱਚਾ ਨਹੀ ਹੋਇਆ ਤੇ ਨਾ ਹੀ ਅਗਾਂਹ ਹੋਏਗਾ। ਗੁਰੂ ਅਰਜਨ ਦੇਵ ਜੀ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੂੰ ਹਮੇਸ਼ਾ ਆਪਣੇ ਨਾਲ ਰੱਖਦੇ ਸਨ। ਇਸ ਗੱਲ ਨੂੰ ਲੈ ਕੇ ਪ੍ਰਿਥੀ ਚੰਦ ਮਨ ਹੀ ਮਨ ਇਹ ਸੋਚ ਕੇ ਖ਼ੁਸ਼ ਹੋ ਲੈਂਦਾ ਸੀ ਕਿ ਗੱਦੀ ਦੇ ਮਾਲਕ ਤਾਂ ਅਸੀ ਹੀ ਹਾਂ। ਉਧਰ ਮਾਤਾ ਗੰਗਾ ਜੀ ਦਰਾਣੀਆਂ ਜਠਾਣੀਆਂ ਦੇ ਤਾਅਨੇ ਮਿਅਨੇ ਸੁਣ ਕੇ ਤੰਗ ਆ ਚੁੱਕੇ ਸਨ। ਗੁਰੂ ਅਰਜਨ ਦੇਵ ਜੀ ਦੇ ਕਹਿਣ ਤੇ ਮਾਤਾ ਗੰਗਾ ਜੀ ਇੱਕ ਦਿਨ ਅੰਮ੍ਰਿਤਸਰ ਤੋਂ 9-10 ਮੀਲ ਦੂਰ ਬੀੜ ਸਾਹਬ ਬਾਬਾ ਬੁੱਢਾ ਜੀ ਕੋਲ ਪੁੱਤਰ ਦਾ ਵਰ ਪ੍ਰਾਪਤ ਕਰਨ ਲਈ ਪਹੁੰਚੇ ਤਾਂ ਬਾਬਾ ਬੁੱਢਾ ਜੀ ਬੜੇ ਪ੍ਰਸੰਨ ਹੋਏ ਤੇ ਪੁੱਤਰ ਦਾ ਵਰ ਦਿੱਤਾ ਤੇ ਕਿਹਾ ਕਿ 'ਤੁਮਰੇ ਗ੍ਰਹਿ ਪ੍ਰਗਟੇਗਾ ਜੋਧਾ ਜਾ ਕੋ ਬਲ ਗੁਨ ਕਿਨਹੂੰ ਨਾ ਸੋਧਾ' ਤਾਂ ਬਾਬਾ ਬੁੱਢਾ ਜੀ ਦੇ ਵਰ ਨਾਲ 21 ਹਾੜ ਸੰਮਤ 1652 (14 ਜੂਨ 1595) ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰੂ ਕੀ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਉਦਰ ਤੋਂ ਹੋਇਆ। ਇਸੇ ਖ਼ੁਸ਼ੀ ਵਿੱਚ ਗੁਰੂ ਪਿਤਾ ਜੀ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ ਜੋ ਅੱਜ ਕੱਲ ਗੁਰਦੁਆਰਾ ਛੇਹਰਟਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਵੱਡੇ ਭਰਾ ਪ੍ਰਿਥੀ ਚੰਦ ਨੇ ਕਈ ਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਬ ਜੀ ਨੂੰ ਮਾਰਨ ਦੀਆਂ ਕੋਸ਼ੀਆਂ ਚਾਲਾਂ ਚੱਲੀਆਂ, ਪਰ ਕਾਮਯਾਬ ਇੱਕ ਵੀ ਨਾ ਹੋਈ। ਜਦ 16 ਜੂਨ 1606 ਈ: ਨੂੰ ਲਾਹੌਰ ਵਿਖੇ ਸ਼ਾਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ ਤਾਂ ਗੁਰਗੱਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਮਹਿਜ਼ 11 ਸਾਲ ਸੀ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ 58 ਵੀਂ ਪਉੜੀ ਵਿੱਚ ਫੁਰਮਾਇਆ ਹੈ ਕਿ

**ਪੰਜ ਪਿਆਲੇ ਪੰਜ ਪੀਰ**
**ਛਠਮ ਪੀਰ ਬੈਠਾ ਗੁਰ ਭਾਰੀ॥**
**ਅਰਜਨ ਕਾਇਆ ਪਲਟ ਕੈ**
**ਮੂਰਤਿ ਹਰਿਗੋਬਿੰਦ ਸਵਾਰੀ॥**

ਇਤਹਾਸ ਵਿੱਚ ਆਪ ਜੀ ਦੇ ਤਿੰਨ ਵਿਆਹਾਂ ਦਾ ਜ਼ਿਕਰ ਆਉਂਦਾ ਹੈ। ਆਪ ਜੀ ਦਾ ਪਹਿਲਾਂ ਵਿਆਹ ਡੱਲਾ ਨਿਵਾਸੀ ਸ੍ਰੀ ਨਰਾਇਣ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ (1608 ਈ:) ਨੂੰ ਹੋਇਆ। ਜਿਨ੍ਹਾਂ ਦੇ ਉਦਰ ਤੋਂ ਬਾਬਾ ਗੁਰਦਿੱਤਾ ਜੀ (1613 ਈ:), ਬੀਬੀ ਵੀਰੋ ਜੀ (1615 ਈ:) ਅਤੇ ਅਣੀ ਰਾਏ ਜੀ (1618 ਈ:) ਵਿੱਚ ਪੈਦਾ ਹੋਏ। ਦੂਜਾ ਵਿਆਹ ਬਾਬਾ ਬਕਾਲਾ ਨਿਵਾਸੀ ਸ੍ਰੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਨਾਲ (1613 ਈ:) ਵਿੱਚ ਹੋਇਆ। ਜਿਨ੍ਹਾਂ ਦੇ ਉਦਰ ਤੋਂ ਬਾਬਾ ਅਟੱਲ ਰਾਏ (1619 ਈ:) ਅਤੇ ਤੇਗ ਬਹਾਦਰ (1621 ਈ:) ਨੂੰ ਪੈਦਾ ਹੋਏ। ਤੀਜਾ ਵਿਆਹ ਮੰਡਿਆਲੀ ਵਾਸੀ ਸ਼ ?ਰੀ ਦਇਆ ਰਾਮ ਦੀ ਸਪੁੱਤਰੀ ਮਹਾਦੇਵੀ ਜੀ ਨਾਲ (1615 ਈ:) ਨੂੰ ਹੋਇਆ। ਜਿੰਨ੍ਹਾਂ ਦੇ ਉਦਰ ਤੋਂ ਸੂਰਜ ਮੱਲ (1617 ਈ:) ਪੈਦਾ ਹੋਏ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਉਹਨਾਂ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਸਿਰ ਤੇ ਕਲਗੀ ਸਜਾਈ। ਆਪ ਨੇ ਸੰਗਤਾਂ ਨੂੰ ਰੁਪੈ ਪੈਸੇ ਦੀ ਜਗ ?ਾ ਗੁਰੂ ਘਰ ਲਈ ਸ਼ਸਤਰ ਅਤੇ ਘੋੜੇ ਭੇਟਾ ਲਿਆਉਣ ਦਾ ਆਦੇਸ਼



ਕੀਤਾ। ਆਪ ਜੀ ਨੇ 1609 ਈ: ਵਿੱਚ ਅਕਾਲ ਬੁੰਗੇ ਦੀ ਨੀਂਹ ਰੱਖੀ, ਜਿਹੜਾ ਕਿ ਪੰਥ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਾਂ ਨਾਲ ਪ੍ਰਸਿੱਧ ਹੋਇਆਂ। ਗੁਰੂ ਜੀ ਨੇ ਆਪਣੇ ਜਾਨ ਤੋਂ ਪਿਆਰੇ ਸਿੱਖਾਂ ਵਿੱਚ ਜੋਸ਼ ਅਤੇ ਉਤਸ਼ਾਹ ਭਰਨ ਲਈ ਢਾਡੀਆਂ ਦੁਆਰਾ ਵਾਰਾਂ ਦਾ ਗਾਇਨ ਆਰੰਭ ਕਰਾਇਆਂ। ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਦੌਰਾਨ ਚਾਰ ਜੰਗਾਂ ਲੜੀਆਂ ਅਤੇ ਚਾਰਾਂ ਹੀ ਤੇ ਜਿੱਤ ਹਾਸਲ ਕੀਤੀ। ਪਹਿਲੀ ਜੰਗ 1629 ਈ: ਵਿੱਚ ਕਿਲ੍ਹਾ ਲੋਹਗੜ੍ਹ ਵਿੱਚ ਸ਼ਾਹੀ ਮੁਗ਼ਲ ਸੈਨਾ ਨਾਲ ਹੋਈ। ਬਾਦਸ਼ਾਹ ਸ਼ਾਹਜਹਾਨ ਦੇ ਚਿੱਟੇ ਬਾਜ਼ ਨੂੰ ਸਿੱਖਾਂ ਨੇ ਫੜ ਲਿਆ ਤਾਂ ਬਾਦਸ਼ਾਹ ਨੇ ਮੀਰ ਸ਼ਿਕਾਰੀ ਨੂੰ ਬਾਜ਼ ਲੈਣ ਲਈ ਭੇਜਿਆ ਤਾਂ ਸਿੱਖਾਂ ਨੇ ਬਾਜ਼ ਦੇਣ ਤੋਂ ਨਾਹ ਕਰ ਦਿੱਤੀ ਤਾਂ ਬਾਦਸ਼ਾਹ ਨੇ ਆਪਣੇ ਇੱਕ ਖਾਸ ਅਹਿਲਕਾਰ ਮੁਖਲਿਸ ਖਾਂ ਨੂੰ 7000 ਫੌਜ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਚੜਾਈ ਕਰਨ ਲਈ ਭੇਜ ਦਿੱਤਾ। ਇਸ ਮੁਕਾਮ ਤੇ ਗੁਰੂ ਜੀ ਦਾ ਤੁਰਕਾਂ ਨਾਲ ਭਾਰੀ ਯੁੱਧ ਹੋਇਆ ਤੇ ਆਖਰ ਪਿੰਡ ਚੱਬੇ ਦੇ ਮੈਦਾਨ ਵਿੱਚ ਸ੍ਰੀ ਸੰਗਰਾਣਾ ਸਾਹਿਬ ਚੱਬਾ ਵਿਖੇ ਜਿੱਤ ਦਾ ਪਰਚਮ ਲਹਿਰਾਇਆ। ਦੂਜਾ ਯੁੱਧ 1630 ਈ: ਵਿੱਚ ਹਰਿਗੋਬਿੰਦਪੁਰ ਵਿਖੇ ਹੋਇਆ। ਤੀਜਾ ਯੁੱਧ 1632 ਈ: ਨੂੰ ਲਾਹੌਰ ਦੇ ਸੂਬੇਦਾਰ ਨਾਲ ਹੋਇਆ। ਚੌਥਾ ਯੁੱਧ 1634 ਈ: ਨੂੰ ਕਾਲੇ ਖਾਂ ਨਾਲ ਹੋਇਆ। ਇਸ ਯੁੱਧ ਵਿੱਚ ਬਾਬਾ ਗੁਰਦਿੱਤਾ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਤਲਵਾਰ ਦੇ ਜੌਹਰ ਵਿਖਾਏ। ਇਸ ਸਮੇਂ ਇਨ੍ਹਾਂ ਦੀ ਉਮਰ ਮਹਿਜ਼ 14 ਸਾਲ ਸੀ। ਗੁਰੂ ਜੀ ਦੀ ਚੜ੍ਹਤ ਵੇਖ ਕੇ ਗੁਰੂ ਘਰ ਦੇ ਵਿਰੋਧੀਆਂ ਨੇ ਸਰਗਰਮੀਆਂ ਤੇਜ਼ ਕਰ ਦਿੱਤੀਆ ਤੇ ਸਮੇਂ ਦੇ ਹਾਕਮਾਂ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਨੇ ਆਪਣੇ ਵੱਡੇ ਵਡੇਰਿਆ ਦੀ ਮਰਿਆਦਾ ਨੂੰ ਛੱਡ ਕੇ ਧਾੜਵੀਆਂ ਵਾਲਾ ਰੁੱਖ ਅਪਨਾਇਆਂ ਹੋਇਆਂ ਹੈ। ਗੁਰੂ ਘਰ ਦੇ ਵਿਰੋਧੀਆਂ ਦੀ ਹਮੇਸ਼ਾ ਤੋਂ ਇਹ ਸੋਚ ਰਹੀ ਹੈ ਕਿ ਗੁਰੂ ਘਰ ਨੂੰ ਦਬਾ ਕੇ ਰੱਖਿਆ ਜਾਵੇ ਤਾਂ ਕਿ ਇਹ ਸਮੇਂ ਦੀਆ ਸਰਕਾਰਾਂ ਵਿਰੁੱਧ ਬਗ਼ਾਵਤ ਨਾ ਸਕਣ। ਇਸੇ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਕੈਦ ਹੋਣਾ ਪਿਆ। ਜਦੋਂ ਸਾਂਈ ਮੀਆਂ ਮੀਰ ਜੀ ਨੇ ਬਾਦਸ਼ਾਹ ਨੂੰ ਸਾਰੀ ਗੱਲ ਸਮਝਾਈ ਤਾਂ ਗੁਰੂ ਸਾਹਿਬ ਜੀ ਦੀ ਰਿਹਾਈ ਸੰਭਵ ਹੋਈ ਤੇ ਨਾਲ ਹੀ ਗੁਰੂ ਜੀ ਨੇ ਹੋਰ ਰਿਆਸਤਾ ਦੇ ਬਵੰਜਾ ਰਾਜਿਆਂ ਨੂੰ ਵੀ ਰਿਹਾ ਕਰਵਾਇਆ। ਗੁਰੂ ਜੀ ਅਤੇ ਬਾਦਸ਼ਾਹ ਦੇ ਸਬੰਧਾਂ ਵਿੱਚ ਮਿਠਾਸ ਆਈ ਤਾਂ ਉਹ ਦੇਸ਼ ਰਟਨ ਦੇ ਕਈ ਮੌਕਿਆ ਤੇ ਗੁਰੂ ਜੀ ਨੂੰ ਆਪਣੇ ਨਾਲ ਲੈ ਕੇ ਗਿਆ। ਇਸੇ ਕਰਕੇ ਗੁਰੂ ਘਰ ਦੇ ਦੋਖੀ ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ ਗਿਆ ਤਾਂ ਸਿੱਖਾਂ ਨੇ ਉਸਨੂੰ ਨਕੇਲ ਪਾ ਕੇ ਸ਼ਹਿਰ ਵਿੱਚ ਘੁਮਾਇਆ ਤੇ ਉਸਦਾ ਬਹੁਤ ਬੁਰਾ ਅੰਤ ਹੋਇਆ। ਗੁਰੂ ਘਰ ਦੇ ਉਪਦੇਸ਼ਾ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਹਿੰਦੂ, ਮੁਸਲਮਾਨ ਵੀ ਗੁਰੂ ਘਰ ਦੇ ਉਪਾਸ਼ਕ ਬਣਨ ਲੱਗੇ ਜੋ ਗੁਰੂ ਘਰ ਦੇ ਦੋਖੀਆਂ ਲਈ ਖਤਰੇ ਦੀ ਘੰਟੀ ਸੀ। ਗੁਰੂ ਸਾਹਿਬ ਜੀ ਆਪਣੇ ਭਗਤਾਂ ਦਾ ਦਿਲੋਂ ਸਤਿਕਾਰ ਕਰਦੇ ਸਨ। ਜੰਗਾਂ ਯੁੱਧਾਂ ਵਿੱਚ ਸ਼ਹੀਦ ਹੋਏ ਸਿੱਖਾਂ ਅਤੇ ਮੁਸਲਮਾਨਾਂ ਦੇ ਸਰੀਰ ਉਹਨਾਂ ਦੇ ਅਕੀਦੇ ਮੁਤਾਬਿਕ ਅੰਤਿਮ ਸਸਕਾਰ ਕੀਤੇ ਜਾਂਦੇ ਸਨ। ਦੁਸ਼ਮਣਾਂ ਦੀਆਂ ਲੋਥਾਂ ਨੂੰ ਵੀ ਦਫਨਾ ਦਿੱਤਾ ਜਾਂਦਾ ਸੀ। ਗੁਰੂ ਜੀ ਦੇ ਮਨ ਵਿੱਚ ਕਿਸੇ ਪ੍ਰਤੀ ਕੋਈ ਗਿਲਾ ਨਹੀ ਸੀ ਜੋ ਵੀ ਸ਼ਰਧਾ ਭਾਵਨਾ ਨਾਲ ਗੁਰੂ ਜੀ ਦੇ ਚਰਨਾਂ ਦਾ ਮੁਰੀਦ ਬਣ ਕੇ ਆਇਆ, ਗੁਰੂ ਜੀ ਵੀ ਹਮੇਸ਼ਾਂ-ਹਮੇਸ਼ਾਂ ਲਈ ਉਸਦੇ ਹੋ ਕੇ ਰਹਿ ਗਏ। ਕਿਹਾ ਜਾਂਦਾ ਹੈ ਕਿ ਬੀਬੀ ਕੌਲਾਂ ਜੀ ਇੱਕ ਕਾਜ਼ੀ ਦੀ ਬੇਟੀ ਸੀ ਅਤੇ ਗੁਰੂ ਘਰ ਦੀ ਸ਼ਰਧਾਲੂ ਸੀ। ਕਾਜ਼ੀ ਨੇ ਸ਼ਰ੍ਹਾ ਵਿੱਚ ਈਮਾਨ ਰੱਖਦੇ ਹੋਏ ਹੋਰ ਕਾਜ਼ੀਆਂ ਨਾਲ ਮੌਤ ਦਾ ਫਤਵਾ ਜਾਰੀ ਕਰ ਦਿੱਤਾ ਤਾਂ ਜਦੋਂ ਇਸ ਗੱਲ ਦਾ ਪਤਾ ਸਾਂਈ ਮੀਆਂ ਮੀਰ ਜੀ ਨੂੰ ਲੱਗਾ ਤਾਂ ਉਹ ਬੀਬੀ ਕੌਲਾਂ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲ ਲੈ ਆਏ। ਉਸ ਤੋਂ ਬਾਅਦ ਬੀਬੀ ਜੀ ਨੇ ਆਪਣਾ ਸਾਰਾ ਜੀਵਨ ਗੁਰੂ ਘਰ ਦੇ ਲੇਖੇ ਲਾ ਦਿੱਤਾ ਸੀ। ਗੁਰੂ ਜੀ ਨੇ ਵੀ ਬੀਬੀ ਜੀ ਨੂੰ ਸਦੀਵੀਂ ਤੌਰ ਤੇ ਜਿਉਂਦਾ ਰੱਖਣ ਲਈ ਇੱਕ ਸਰੋਵਰ ਦੀ ਉਸਾਰੀ ਕਰਵਾਈ, ਜਿਸ ਦਾ ਨਾਂ ਕੌਲਸਰ ਰੱਖਿਆ ਗਿਆ। ਗੁਰੂ ਜੀ ਨੇ ਜਗਤ ਨੂੰ ਸੰਦੇਸ਼ਾ ਦਿੱਤਾ ਕਿ ਜ਼ੁਲਮ ਨਹੀ ਕਰਨਾ ਤੇ ਨਾ ਹੀ ਸਹਿਣਾ ਹੈ।

ਵੰਡ ਕੇ ਛਕਣਾ, ਹੱਥੀਂ ਕਿਰਤ ਕਰਨ ਨੂੰ ਪਹਿਲ ਦਿੱਤੀ, ਦੀਨ ਦੁਖੀਆਂ ਦੀ ਸੇਵਾ ਕਰਨੀ, ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿੱਚੋਂ ਗੁਰੂ ਘਰ ਲਈ ਦਸਵੰਧ ਕੱਢਣਾ, ਨਾਮ ਜੱਪਣਾ, ਨਾਮ ਜਪਾਉਣਾ ਤੇ ਸਦਾ ਮਾਲਕ ਦੇ ਭਾਣੇ ਵਿੱਚ ਰਹਿਣਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਪੋਤੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰਗੱਦੀ ਪੁਰ ਥਾਪ ਕੇ 7 ਚੇਤ ਸੰਮਤ 1701 (3 ਮਾਰਚ ਸੰਨ 1644) ਨੂੰ ਜੋਤੀ ਜੋਤ ਸਮਾ ਗਏ।

# ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਬਾਬਾ ਬੰਦਾ ਸਿੰਘ ਜੀ ਬਹਾਦਰੀ

ਸਿੱਖ ਧਰਮ ਦਾ ਸੰਦੇਸ਼ ਬਰਾਬਰਤਾ ਹੈ। ਸਾਦਾ ਜੀਵਨ ਵਿਚ ਕ੍ਰਿਤ ਕਰੋ, ਨਾਮੁ ਜਪੋ ਤੇ ਵੰਡ ਛਕੋ ਦਾ ਸਿਧਾਂਤ ਹੈ। ਗੁਰੂਆਂ ਦੇ ਸੱਚੇ ਸੰਦੇਸ਼ ਸਰਵਣ ਕਰਕੇ, ਦੂਸਰੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿਚ ਆਏ। ਪੰਗਤ ਸੰਗਤ ਵਿਚ ਬੈਠ ਕੇ ਸਾਂਝੇ ਲੰਗਰ ਛਕਣਾ ਇਹ ਇਕ ਬਰਾਬਰਤਾ ਦਾ ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਪ੍ਰਚਲਤ ਝੂਠੇ ਕਰਮ ਕਾਂਡਾਂ, ਬੇਲੋੜੇ ਰੀਤੀ-ਰਿਵਾਜ਼ਾਂ ਦਾ ਖੰਡਨ ਕਰਕੇ, ਸਮਾਜ ਨੂੰ ਇਕ ਸੱਚੀ ਦਿਸ਼ਾ ਪ੍ਰਮਾਤਮਾ ਦੇ ਰਾਹ ਤੋਰਿਆ। ਮਨੁੱਖ ਨੂੰ ਨਿਰਭਉ, ਨਿਰਵੈਰ ਬਣਾ ਕੇ ਸੱਚ ਲਈ ਜੂਝਣ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇਕ ਕਰ ਜੋੜਿਆ। ਸਮਾਜਿਕ ਰਾਜਨੀਤਕ ਚੇਤਨਾ ਸੱਚੇ ਧਰਮ ਵਿਚੋਂ ਮਿਲਦੀ ਹੈ। ਜਿਸ ਨਾਲ ਨਰੋਏ ਸਮਾਜ ਦੀ ਉਸਾਰੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਤੇ ਖਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ ਮਾਣ ਅਤੇ ਸਵੈ ਰੱਖਿਆ ਲਈ ਸੰਘਰਸ਼ ਕਰਨ ਦਾ ਐਲਾਨ ਕੀਤਾ। ਆਪਣੇ ਜੋਤੀ ਜੋਤ ਸਮਾਉਣ ਵੇਲੇ ਬੰਦਾ ਸਿੰਘ ਬਹਾਦਰ ਜੀ ਨੂੰ ਸੰਘਰਸ਼ ਜਾਰੀ ਰੱਖਣ ਲਈ ਹਥਿਆਰਬੰਦ ਬਣਾ ਕੇ ਖਾਲਸਾ ਦੀ ਅਗਵਾਈ ਦੇ ਰਾਹ ਤੋਰਿਆ।

ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦਾ ਜਾਂਬਾਜ਼ ਯੋਧਾ ਹੋਇਆ ਹੈ। ਉਸਨੇ ਫਿਰ ਤੋਂ ਖਾਲਸਾ ਫੌਜ ਨੂੰ ਜੁਝਾਰੂ ਰੂਪ ਦਿੱਤਾ। ਉਨ੍ਹਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਉਭਰ ਕੇ ਆਈ। ਮੁਗਲਾਂ ਦੇ ਜੁਲਮਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਜ਼ੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਉਂ ਲਛਮਣ ਦਾਸ ਸੀ। ਉਸਦੇ ਕੋਲ ਦੁਨਿਆਵੀ ਹਿਸਾਬੀ ਵਿਦਿਆ ਨਹੀਂ ਸੀ। ਸਮੇਂ ਦੀ ਲੋੜ ਅਨੁਸਾਰ ਉਹ ਬਚਪਨ ਵਿਚ ਹੀ ਹਿਕ ਚੰਗਾ ਘੋੜ ਸਵਾਰ ਅਤੇ ਨਿਸ਼ਾਨੇਬਾਜ਼ ਬਣ ਗਿਆ। ਛੋਟੀ ਹੀ ਉਸਨੂੰ ਬੈਹਾਰਾ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿਚ ਬੈਰਾਗੀ ਹੋ ਗਿਆ। ਉਸਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਇਸ ਸਾਧੂ ਨੇ ਨਾਉਂ ਬਦਲ ਕੇ ਮਾਧੋਦਾਸ ਰੱਖ ਦਿੱਤਾ।

ਮਾਧੋਦਾਸ ਨੇ ਨਾਂਦੇੜ ਕੰਢੇ ਆਪਣਾ ਸੁੰਦਰ ਟਿਕਾਣਾ ਬਣਾ ਲਿਆ, ਉਥੇ ਆਪਣੀ ਯੋਗ ਵਿਦਿਆ ਨਾਲ ਲੋਕਾਂ ਨੂੰ ਭਰਮਾਉਣ ਲੱਗ ਪਿਆ। ਮਾਧੋਦਾਸ ਦੀਆਂ ਚਲਾਕ ਕਾਰਵਾਈਆਂ ਦੀ ਖਬਰ ਗੁਰੂ ਸਾਹਿਬ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਮਾਧੋਦਾਸ ਨੂੰ ਉਸਦੇ ਡੇਰੇ ਜਾ ਮਿਲੇ। ਮਾਧੋਦਾਸ ਗੁਰੂ ਜੀ ਦੀ ਸ਼ਖਸੀਅਤ ਦਾ ਤੇਜ਼ ਪ੍ਰਤਾਪ ਵੇਖ ਕੇ ਬੜਾ ਪ੍ਰਭਾਵਿਤ ਹੋਇਆ ਕਿ ਗੁਰੂ ਜੀ ਦਾ ਗੁਲਾਮ ਹੋ ਗਿਆ। ਉਸ ਗੁਰੂ ਜੀ ਨੂੰ ਕਿਹਾ ਕਿ ਇ ਬੰਦੇ 'ਤੇ ਆਪਣੇ ਰਹਿਮ ਦੀ ਕ੍ਰਿਪਾ ਕਰੋ ਮੈਂ ਆਪ ਜੀ ਦਾ ਸੇਵਕ ਬੰਦਾ ਹਾਂ। ਗੁਰੂ ਜੀ ਨੂੰ ਵੀ ਖਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇਕ ਬੰਦੇ ਦੀ ਤਲਾਸ਼ ਸੀ। ਗੁਰੂ ਜੀ ਨੇ ਜਾਣ ਲਿਆ ਕਿ ਉਨ੍ਹਾਂ ਨੂੰ ਬੰਦਾ ਲੱਭ ਗਿਆ ਹੈ।

ਗੁਰਬੂ ਸਾਹਿਬ ਨੇ ਮਾਧੋਦਾਸ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਬੰਦਾ ਸਿੰਘ ਨਾਉਂ ਦਿੱਤਾ ਅਤੇ ਸਨਮਾਨ ਵਜੋਂ ਬਹਾਦਰ ਨਾਲ ਜੋੜ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਉਮਰ 38 ਸਾਲ ਸੀ ਉਨ੍ਹਾਂ ਦੇ ਚਿਹਰੇ 'ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਂਵੇ ਸਨ ਪਰ ਫਰਤੀਲੇ ਬਹੁਤ ਸਨ। ਇਹੀ ਉਨ੍ਹਾਂ ਦੀ ਬਹਾਦਰੀ ਦਾ ਕਰਤਬ ਸੀ। ਉਨ੍ਹਾਂ ਦਾ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਸੀ। ਜਿਸ ਨੇ ਜੰਗਾਂ ਵਿਚ ਕਮਾਲ ਕੀਤਾ। ਉਨ੍ਹਾਂ ਨੇ ਜੀਅ-ਜਾਨ ਨਾਲ ਖਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਪੰਥ ਦੀਸੇਵਾ ਦਾ ਸੁਭਾਗ ਪ੍ਰਾਪਤ ਕੀਤਾ। ਗੁਰਾਂ ਨੇ ਉਨ੍ਹਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ ਤਾ ਕਿ ਉਹ ਮਾਨਸਿਕ ਤੌਰ 'ਤੇ ਆਪਣੇ ਫਰਜ਼ ਲਈ ਤਿਆਰ ਹੋ ਸਕਣ। ਗੁਰਾਂ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਦਾ ਉਤਮ ਕਾਰਜ ਹੈ। ਗੁਰਾਂ ਨੇ ਉਨ੍ਹਾਂ ਨੂੰ ਖਾਲਸਾ ਜਥੇਦਾਰ ਦੀ ਜ਼ਿੰਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਗੁਰਾਂ ਨੇ ਸਿੱਖਾਂ ਲਈ ਹੁਕਮਨਾਮੇ ਲਿਖ ਦਿੱਤੇ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਆਪਣਾ ਆਗੂ ਮੰਨਣ। ਮੁਗਲਾਂ ਵਿਰੁੱਧ ਅਰੰਭੇ ਜਾਣ ਵਾਲੇ ਜੰਗਾਂ ਵਿਚ ਉਨ੍ਹਾਂ ਦਾ ਸਾਥ ਦੇਣ ਅਤੇ ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ, ਪੰਜ ਤੀਰ ਦਿੱਤੇ। ਪੰਜ ਸਲਾਹਕਾਰ ਭੇਜੇ ਜੋ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ, ਬਾਬਾ ਦਇਆ ਸਿੰਘ, ਭਾਈ ਰਣ ਸਿੰਘ ਅਤੇ ਭਾਈ ਵੀਰ ਸਿੰਘ ਸਨ। ਵੀਹ ਸਿੰਘਾਂ ਦਾ ਜਥਾ ਵੀ ਸ਼ਾਮਲ ਕੀਤਾ। ਕੁਝ ਹਥਿਆਰ ਵੀ ਦਿੱਤੇ। ਇਸ ਕਾਫ਼ਲੇ ਸਮੇਤ ਅਕਤੂਬਰ 1708 ਵਿਚ ਜੰਗੀ ਮੁਹਿੰਮ 'ਤੇ ਤੁਰੇ।

ਇਹ ਕਾਫ਼ਲਾ ਜੈਪੁਰ ਅਤੇ ਰਾਜਪੂਤ ਰਿਆਸਤਾਂ ਦਿੱਲੀ ਆਦਿ ਲੰਘ ਕੇ ਰੋਹਤਕ-ਸੋਨੀਪਤ ਸਹੇਰੀ-ਖੰਡਾ ਪਿੰਡ ਵਿਚ ਰੁਕਿਆ। ਇਥੋਂ ਉਨ੍ਹਾਂ ਸਫ਼ਲ ਜਰਨੈਲ ਵਾਂਗ ਰਣਨੀਤੀ ਤਹਿ ਕੀਤੀ। ਇਥੋਂ ਉਨ੍ਹਾਂ ਨੇ ਸੂਚਨਾ ਪੱਤਰ ਅਤੇ ਗੁਰੂ ਜੀ ਦੇ ਹੁਕਮਨਾਮੇ ਜਾਰੀ ਕੀਤੇ ਕਿ ਸਿੰਘ ਹਥਿਆਰਬੰਦ ਹੋ ਕੇ ਪਿੰਡ ਸਹੇਰੀ-ਖੰਡਾ ਪਹੁੰਚਣ।



ਸਿੰਘ ਜੋ ਵੀ ਹਥਿਆਰ ਲੱਭਾ ਲੈ ਕੇ ਜਥਿਆਂ ਦੇ ਰੂਪ ਵਿਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਤੋਂ ਵੱਡੀ ਗਿਣਤੀ ਵਿਚ ਪਹੁੰਚੇ ਜਿਵੇਂ ਭਾਈ ਭਗਤੂ ਦਾ ਪੋਤਰਾ ਫਤਹਿ ਸਿੰਘ, ਭਾਈ ਰੂਪੇ ਦੀ ਸੰਤਾਨ ਵਿਚ ਕਰਮ ਸਿੰਘ, ਧਰਮ ਸਿੰਘ ਨਗਾਹੀਆ ਸਿੰਘ ਤੇ ਚੂਹੜ ਸਿੰਘ ਪਹੁੰਚੇ। ਨਾਲ ਹੀ ਸਲੌਦੀ ਲੁਧਿਆਣਾ ਦੇ ਆਲੀ ਸਿੰਘ, ਮਾਲੀ ਸਿੰਘ ਪਹੁੰਚੇ। ਫੂਲਕੀਆ ਘਰਾਣੇ ਦੇ ਚੌਧਰੀ ਰਾਮ ਸਿੰਘ ਤੇ ਤਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸਹੇਰੀ ਖੰਡਾ ਇਕ ਫੌਜੀ ਛਾਉਣੀ ਕੇਂਦਰ ਬਣ ਗਿਆ।

ਸੋਨੀਪਤ ਤੇ ਹਮਲਾ ਕਰਕੇ ਆਪਣੀ ਮੁਹਿੰਮ ਸ਼ੁਰੂ ਕੀਤੀ। ਸੋਨੀਪਤ ਮੁਗਲ ਹਕੂਮਤ ਦੀ ਮਜ਼ਬੂਤ ਚੌਕੀ ਦੀ ਜਿੱਤ ਸਿੰਘਾਂ ਦੀ ਪਹਿਲੀ ਇਖਲਾਕੀ ਜਿੱਤ ਸੀ। ਸੋਨੀਪਤ ਦਾ ਫੌਜਦਾਰ ਭੱਜ ਗਿਆ। ਸੋਨੀਪਤ ਤੋਂ ਸਮਾਣਾ ਵੱਲ ਵਧਿਆ। ਕੈਥਲ ਨੇੜੇ ਪਿੰਡ ਭੂਣਾ ਦੇ ਕੋਲ ਜਾਂਦੇ ਸਰਕਾਰੀ ਖਜ਼ਾਨੇ ਨੂੰ ਲੁੱਟ ਲਿਆ। ਬਹੁਤ ਸਾਰੇ ਘੋੜੇ ਵੀ ਕਾਬੂ ਆ ਗਏ। ਕੈਥਲ ਤੇ ਕਬਜ਼ਾ ਹੋ ਗਿਆ। ਸੋਨੀਪਤ ਅਤੇ ਕੈਥਲ ਦਾ ਪ੍ਰਬੰਧ ਪੰਚਾਇਤਾਂ ਨੂੰ ਸੌਂਪ ਦਿੱਤਾ। ਨਵੰਬਰ 11, 1709 ਨੂੰ ਸਮਾਣਾ ਸ਼ਹਿਰ 'ਤੇ ਹਮਲਾ ਕੀਤਾ। ਕਈ ਘੰਟੇ ਕਤਲੋਗਾਰਤ ਹੁੰਦੀ ਰਹੀ। ਨੇੜਲੇ ਪਿੰਡਾਂ ਦੇ ਮੁਜ਼ਾਰੇ ਵੀ ਵੱਡੀ ਗਿਣਤੀ ਵਿਚ ਆ ਰਲੇ। ਮਹਿਲ ਮਾੜੀਆਂ ਨੂੰ ਮਿੱਟੀ ਕਰ ਦਿੱਤਾ। ਕਿਸੇ ਵੀ ਧਾਰਮਿਕ ਅਸਥਾਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਡਾ. ਗੰਡਾ ਸਿੰਘ ਅਨੁਸਾਰ ਇਸ ਵਿਚ ਦਸ ਹਜ਼ਾਰ ਦਾ ਜਾਨੀ ਨੁਕਸਾਨ ਹੋਇਆ। ਜੋ ਬਚ ਗਏ ਉਹ ਸ਼ਹਿਰ ਛੱਡ ਗਏ। ਬਹੁਤ ਸਾਰੀ ਦੌਲਤ ਅਤੇ ਜੰਗੀ ਸਮਾਨ ਸਿੰਘਾਂ ਦੇ ਹੱਥ ਆਇਆ। ਭਾਈ ਫਤਹਿ ਸਿੰਘ ਨੂੰ ਸਮਾਣਾ ਦਾ ਫੌਜਦਾਰ ਨਿਯੁਕਤ ਕੀਤਾ ਗਿਆ ਅਤੇ ਇਕ ਖਾਲਸਾ ਪੰਚਾਇਤ ਕਾਇਮ ਕੀਤੀ।

ਸਮਾਣੇ ਨੂੰ ਜਿੱਤ ਕੇ ਖਾਲਸੇ ਨੇ ਘੁੜਾਮ, ਠਸਕਾ, ਸ਼ਾਹਬਾਜ਼ ਕੁੰਜਪੂਰਾ, ਮੁਸਤਾਬਾਦ ਆਦਿ ਮੁਗਲਾਂ ਦੇ ਅੱਡੇ ਫਤਹਿ ਕੀਤੇ। ਇਨ੍ਹਾਂ ਹਮਲਿਆਂ ਵਿਚੋਂ ਖ਼ਜ਼ਾਨਾ, ਤੋਪਾਂ ਅਤੇ ਜੰਗੀ ਸਮਾਨ ਮਿਲਿਆ। ਫਿਰ ਕਪੂਰੀ ਪੁੱਜੇ। ਹਾਕਮ ਕਦਮ ਦੀਨ ਬੜੇ ਜ਼ੁਲਮ ਕਰਦਾ ਸੀ। ਇਸਤਰੀਆਂ ਦੇ ਡੋਲੇ ਲੁੱਟ ਕੇ ਪੱਤ ਲੁੱਟਦਾ ਸੀ। ਕਪੂਰੀ ਨੂੰ ਸਰ ਕਰਕੇ ਉਸਦੇ ਚਲਦੇ ਬਦਮਾਸ਼ੀ ਅੱਡਿਆਂ ਨੂੰ ਖਤਮ ਕੀਤਾ। ਉਸਦੀ ਦੌਲਤ ਨੂੰ ਕਾਬੂ ਕੀਤਾ। ਸਢੌਰਾ ਦਾ ਹਾਕਮ ਉਸਮਾਨ ਖਾਂ ਹਿੰਦੂਆਂ ਨੂੰ ਬੜਾ ਤੰਗ ਕਰਦਾ ਸੀ। ਉਨ੍ਹਾਂ ਨੂੰ ਧਾਰਮਿਕ ਰਸਮਾਂ ਨਿਭਾਉਣ 'ਤੇ ਪਾਬੰਦੀ ਸੀ। ਮੁਰਦਿਆਂ ਦੇ ਸਸਕਾਰ ਕਰਨ ਦੀ ਮਨਾਹੀ ਸੀ। ਜਦੋਂ ਸਿੰਘਾ ਨੇ ਹਮਲਾ ਕੀਤਾ ਤਾਂ ਪਿੰਡ ਦੇ ਦੁਖੀ ਕਿਸਾਨ ਵੀ ਸ਼ਾਮਲ ਹੋ ਗਏ। ਖ਼ੂਨੀ ਲੜਾਈ ਹੋਈ। ਅਮੀਰ ਵਜ਼ੀਰ ਡਰ ਕੇ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਜਾ ਲੁੱਕੇ। ਹਜ਼ੂਮ ਨੇ ਉਨ੍ਹਾਂ ਨੂੰ ਹਵੇਲੀ ਵਿਚ ਹੀ ਕਤਲ ਕਰ ਦਿੱਤਾ। ਉਸ ਹਵੇਲੀ ਦਾ ਨਾਉਂ 'ਕਤਲਗੜ੍ਹੀ' ਪੈ ਗਿਆ। ਪੁਰਾਣੀਆਂ ਮਸਜਿਦਾਂ, ਈਦਗਾਹਾਂ, ਕਬਰਾਂ, ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਅਮੀਰ ਰਜਵਾੜਿਆਂ ਦੀਆਂ ਹਵੇਲੀਆਂ ਵਿਚੋਂ ਦੌਲਤ ਅਤੇ ਹਥਿਆਰ ਕਬਜ਼ੇ ਵਿਚ ਆ ਗਏ। ਪਹਾੜੀ ਕਿਲ੍ਹਾ ਮੁਖਲਿਸਗੜ੍ਹ 'ਤੇ ਵੀ ਕਬਜ਼ਾ ਕਰ ਲਿਆ।

ਅਗਲਾ ਨਿਸ਼ਾਨਾ ਸਰਹਿੰਦ ਸੀ। ਮਾਝੇ ਅਤੇ ਦੁਆਬੇ ਦੇ ਸਿੰਘ ਵੀ ਕੀਰਤਪੁਰ ਤੋਂ ਤੁਰ ਪਏ। ਦੋਹਾਂ ਦਲਾਂ ਦਾ ਮਿਲਾਪ ਰੋਕਣ ਲਈ, ਵਜ਼ੀਰ ਖਾਂ ਨੇ ਮਲੇਰਕੋਟਲਾ ਦੇ ਨਵਾਬ ਨੂੰ ਕਿਹਾ। ਉਹ ਤਗੜੀ ਫੌਜ ਲੈ ਕੇ ਰੋਪੜ ਵਲ ਵਧਿਆ। ਰੋਪੜ ਦੇ ਕੋਲ ਸਿੰਘਾਂ ਅਤੇ ਪਠਾਣਾਂ ਦੀ ਦੋ ਦਿਨ ਸਖਤ ਲੜਾਈ ਹੋਈ। ਸਿੰਘਾਂ ਕੋਲ ਫੌਜ ਵੀ ਥੋੜ੍ਹੀ ਸੀ ਤੇ ਹਥਿਆਰ ਅਤੇ ਘੋੜਿਆਂ ਦਾ ਵੀ ਘਾਟਾ ਸੀ। ਫਿਰ ਵੀ ਮੈਦਾਨ ਖਾਲਸੇ ਦੇ ਹੱਥ ਆਇਆ। ਬਾਬਾ ਜੀ ਵੀ ਛੱਤ ਬਨੂੜ ਤੋਂ ਖਰੜ ਵੱਲ ਤੁਰ ਪਏ। ਜੇਤੂ ਸਿੰਘਾਂ ਨਾਲ ਬਾਬਾ ਜੀ ਦੀ ਮਿਲਣੀ ਖਰੜ ਅਤੇ ਬਨੂੜ ਦੇ ਵਿਚਕਾਰ ਹੋਈ। ਇਸ ਨਾਲ ਖਾਲਸੇ ਦੀ ਤਾਕਤ ਵੱਧ ਗਈ। ਉਹ ਸਰਹਿੰਦ ਵੱਲ ਵਧ ਪਏ।

ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ। ਚੱਪੜਚਿੜੀ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਸਿੰਘਾਂ ਨੇ ਸਰਹਿੰਦ 'ਤੇ ਹਮਲੇ ਦੀਆਂ ਤਿਆਰੀਆਂ ਵਿਚ ਬਹੁਤ ਸਮਾਂ ਜੰਗੀ ਅਭਿਆਸ ਵਿਚ ਲਾਇਆ ਸੀ। ਸਰਹਿੰਦ ਦੀ ਤਾਕਤ ਖਤਮ ਕਰਨ ਲਈ ਪਹਿਲਾਂ ਹੀ ਕਈ ਇਲਾਕੇ ਜਿੱਤ ਲਏ ਸਨ। ਮਈ 12, 1710 ਨੂੰ ਚੱਪੜਚਿੜੀ ਦੇ ਮੈਦਾਨ ਵਿਚ ਖ਼ੂਨ ਡੋਲਵੀਂ ਜ਼ੋਰਦਾਰ ਜੰਗ ਹੋਹੀ। ਇਸ ਮੁਕਾਬਲੇ ਦੀ ਜੰਗ ਵਿਚ ਵਜ਼ੀਰ ਖਾਂ ਮਾਰਿਆ ਗਿਆ। ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਖ਼ਾਲਸੇ ਨੇ ਸਰਹਿੰਦ ਫਤਹਿ ਕਰ ਲਈ।

ਮੁਗਲਾਂ ਨੂੰ ਲੱਕ-ਤੋੜਵੀਂ ਸ਼ਿਕਸ਼ਤ ਦੇਣ ਬਾਅਦ 14 ਮਈ 1710 ਨੂੰ ਜੇਤੂ ਹੋ ਕੇ ਸਰਹਿੰਦ ਵਿਚ ਖਾਲਸਾ ਦਾਖਲ ਹੋਇਆ। ਬਾਬਾ ਜੀ ਨੇ ਇਸ ਜੁਲਮੀ ਨਗਰੀ ਦੀ ਇੱਟ ਨਾਲ ਇੱਟ ਖੜਕਾ ਕੇ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਨਾਲ ਆਣ ਰਲੇ ਹਜ਼ੂਮ ਨੇ ਤਿੰਨ ਦਿਨ ਸ਼ਹਿਰ ਦੀ ਲੁੱਟ ਮਾਰ ਚਲਾਈ ਰੱਖੀ। ਮੁਸਲਮਾਨਾਂ ਦਾ ਕਤਲੇਆਮ ਹੋਇਆ। ਸ਼ਾਹੀ ਅਮੀਰਾਂ ਤੋਂ ਧੰਨ ਵਸੂਲਿਆ ਗਿਆ। ਦੋਸ਼ੀਆਂ ਨੂੰ ਚੁਣ ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਵਜ਼ੀਰ ਖਾਂ ਦੇ ਮਹਿਲਾਂ ਵਿਚੋਂ ਬਹੁਤ ਸਾਰਾ ਧੰਨ ਖਾਲਸੇ ਦੇ ਹੱਥ ਲੱਗਾ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਹੁਕਮਰਾਨ ਨਿਯੁਕਤ ਕੀਤਾ। ਸਮਾਣਾ ਦਾ ਹੁਕਮਰਾਨ ਸਰਦਾਰ ਫਤਹਿ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ।

ਸਰਹਿੰਦ ਤੋਂ ਬਾਅਦ ਬਾਬਾ ਜੀ ਮਲੇਰਕੋਟਲੇ ਵੱਲ ਵਧੇ। ਨਵਾਬ ਮਲੇਰਕੋਟਲੇ ਨੇ ਕੋਈ ਮੁਕਾਬਲਾ ਨਾ ਕੀਤਾ। ਇਸ ਹਿਰ ਵਿਚ ਕੋਈ ਨੁਕਸਾਨ ਨਹੀਂ ਹੋਇਆ। ਸਿਰਫ਼ ਬੀਬੀ ਅਨੂਪ ਕੌਰ ਦੀ ਕਬਰ ਪੁਟੀ ਅਤੇ ਲਾਸ਼ ਨੂੰ ਸਿੱਖ ਮਰਯਾਦਾ ਅਨੁਸਾਰ ਸਸਕਾਰ ਕੀਤਾ। ਜਿਸ ਨੂੰ ਸ਼ੇਰ ਮੁਹੰਮਦ ਖਾਂ ਜ਼ਬਰੀ ਚੁੱਕ ਕੇ ਲੈ ਗਿਆ ਸੀ ਉਸਨੇ ਆਪਣੀ ਅਣਖ ਖਾਤਰ ਆਤਮ ਹੱਤਿਆ ਕਰ ਲਈ ਸੀ। ਬਾਬਾ ਜੀ ਨੇ ਮੁਖਲਿਸਗੜ੍ਹ ਨੂੰ ਰਾਜਧਾਨੀ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸਾਹ ਜਹਾਨ ਦੇ ਸਮੇਂ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਜੀ ਨੇ ਇਸ ਕਿਲ੍ਹੇ 'ਤੇ ਕਬਜ਼ਾ ਕੀਤਾ ਤਾਂ ਬੜੀ ਟੁੱਟੀ ਭੱਜੀ ਹਾਲਤ ਵਿਚ ਸੀ। ਇਸ ਦੀ ਮੁਰੰਮਤ ਕਰਵਾ ਕੇ ਨਾਉਂ ਲੋਹਗੜ੍ਹ ਰੱਖਿਆ ਗਿਆ। ਜੰਗਾਂ ਵਿਚੋਂ ਪ੍ਰਾਪਤ ਹੋਇਆ ਮਾਲ-ਅਸਬਾਬ ਜੰਗੀ ਸਮਾਨ, ਉਗਰਾਇਆ ਸਮਾਨ ਸਭ ਕੁਝ ਇਥੇ ਇਕੱਠਾ ਕਰ ਲਿਆ। ਫੌਜਰੀ ਸੁਰੱਖਿਆ ਵਜੋਂ ਇਹ ਜਗ੍ਹਾ ਲਾਭਕਾਰੀ ਸੀ ਕਿ ਇਹ ਮੁਖ ਮਾਰਗ ਤੋਂ ਹਟ ਕੇ ਪਹਾੜੀ ਇਲਾਕੇ ਵਿਚ ਸੀ। ਹੁਣ ਬਾਬਾ ਬੰਦਾ ਸਿੰਘ ਬਹਾਦਰ ਇਕ ਬਾਦਸ਼ਾਹ ਸਥਾਪਤ ਹੋ ਗਿਆ ਸੀ। ਉਸ ਕੋਲ ਸਮਰਪਿਤ ਸਿੰਘਾਂ ਦੀ ਫੌਜ ਸੀ। ਰਾਜ ਕਾਜ ਲਈ ਰਾਜਧਾਨੀ ਅਤੇ ਰਹਿਣ ਲਈ ਮਹਿਲ ਸੀ।

ਬਾਦਸ਼ਾਹ ਦੀ ਪੱਕੀ ਨਿਸ਼ਾਨੀ ਵਜੋਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਦਾ ਸਿੱਕਾ ਜਾਰੀ ਕਰ ਦਿੱਤਾ। ਜਿਸ 'ਤੇ ਫਾਰਸੀ ਵਿਚ ਉਕਰਿਆ ਸੀ:

ਸਿੱਕਾ ਜ਼ਦਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ॥

ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫਜਲਿ ਸੱਚਾ ਸਾਹਿਬ ਅਸਤ।

ਅਰਥਾਤ

ਸਿੱਕਾ ਮਾਰਿਆ ਦੋ ਜਹਾਨ ਉਤੇ,
ਬਖਸ਼ਾ ਬਖਸ਼ੀਆ ਨਾਨਕ ਦੀ ਤੇਗ ਨੇ ਜੀ।
ਫਤਹਿ ਸ਼ਾਹਿ ਜਹਾਨ ਗੋਬਿੰਦ ਸਿੰਘ ਦੀ,
ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਚਲੰਤ ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਦੂਜੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਸ਼ਬਦ ਸਨ-

ਜਬਰ ਬ-ਅਮਾਨੁ-ਦਹਿਰ ਮੁਸਵਰਤ ਸ਼ਹਿਰ,
ਜੀਵਨਤੁ ਤਖਤੁ, ਮੁਬਾਰਕ ਬਖਤ।

ਅਰਥਾਤ

ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਤਿ ਧੰਨਭਾਗੀ ਰਾਜਧਾਨੀ ਤੋਂ ਬਾਬਾ ਜੀ ਨੇ ਸਰਕਾਰੀ ਦਸਤਾਵੇਜ਼, ਸਨਦਾ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ ਜਿਸਦੇ ਸ਼ਬਦ ਸਨ:

ਦੇਗੋ ਤੇਗੋ ਫਤਹਿ ਓ ਨੁਸਰਹਿ ਬੇ-ਦਿੰਰਗ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਅਰਥਾਤ

ਦੇਗ ਤੇਗ ਜਿੱਤ, ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਮੁਗਲ ਬਾਦਸ਼ਾਹਾਂ ਦੇ ਰਾਜ-ਸੰਮਤ ਦੀ ਤਰ੍ਹਾਂ ਬਾਬਾ ਜੀ ਨੇ ਵੀ ਸਰਹਿੰਦ ਦੀ ਫਤਹਿ ਤੋਂ ਇਕ ਨਵਾਂ ਸੰਮਤ ਨਾਨਕਸ਼ਾਹੀ ਅਰੰਭ ਕੀਤਾ ਜੋ ਉਨ੍ਹਾਂ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ। ਇਹ ਸਭ ਕੁਝ ਮੁਗਲ ਬਾਦਸ਼ਾਹਾਂ ਨੂੰ ਅਹਿਸਾਸ ਕਰਵਾਉਣਾ ਕਿ ਸਿੰਘਾਂ ਦੀ ਸ਼ਾਨ ਬਾਦਸ਼ਾਹਾਂ ਤੋਂ ਘੱਟ ਨਹੀਂ ਹੈ। ਬਾਬਾ ਜੀ ਨੇ ਨਿੱਜੀ ਨਾਉਂ 'ਤੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਸਾਹਿਬ ਦਾ ਸੇਵਕ ਦੱਸਿਆ।

ਖ਼ਾਲਸਾ ਰਾਜ ਦੇ ਸਥਾਪਤ ਅਤੇ ਵਿਸਥਾਰ ਲਈ ਜੰਗਾਂ ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ। ਬਾਬਾ ਜੀ ਨੇ ਜੁਲਾਈ 1710 ਵਿਚ ਗੰਗਾ ਤੇ ਯਮਨਾ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਅਕਤੂਬਰ 1710 ਵਿਚ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਵੀ ਕਬਜ਼ੇ ਹੇਠ ਆ ਗਏ। ਜਦ ਮੁਗਲ ਸਮਰਾਟ ਬਹਾਦਰ ਸ਼ਾਹ ਨੂੰ ਜਦੋਂ ਖ਼ਾਲਸੇ ਦੀਆਂ ਜਿੱਤਾਂ ਦਾ ਪਤਾ ਲੱਗਾ। ਉਸਨੇ ਜਿੱਤੇ ਇਲਾਕੇ ਵਾਪਸ ਲੈਣ ਲਈ ਪੰਜਾਬ ਵੱਲ ਵਧਿਆ। ਵਕਤ ਦੀ ਨਜ਼ਾਤਕ ਵੇਖ ਕੇ ਬਾਬਾ ਜੀ ਲੋਹਗੜ੍ਹ ਦੇ ਕਿਲ੍ਹੇ ਵਿਚ ਜਾ ਟਿੱਕੇ। ਸਾਹੀ 60000 ਦੀ ਫੌਜ ਨੇ ਕਿਲ੍ਹੇ ਨੂੰ ਘੇਰ ਲਿਆ। ਬਾਬਾ ਜੀ ਖਾਲਸਾ ਫੌਜ ਨਾਲ ਪਹਾੜਾਂ ਵਲ ਚਲੇ ਗਏ। ਖਾਲਸਾ ਫੌਜਾਂ ਨੇ ਬਿਲਾਸਪੁਰ 'ਤੇ ਹਮਲਾ ਕਰ ਦਿੱਤਾ। ਇਸ ਜੰਗ ਵਿਚ ਪਹਾੜੀ ਰਾਜੇ ਭੀਮ ਚੰਦ ਦੇ ਨਾਲ ਉਸਦੇ 1300 ਸੈਨਿਕ ਮਾਰੇ ਗਏ। ਬਾਕੀ ਪਹਾੜੀ ਰਾਜੇ ਸ਼ਰਨ ਵਿਚ ਆ ਗਏ। ਮੰਡੀ ਦੇ ਰਾਜੇ ਸਿੱਧ ਸੈਨ ਨੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ। ਉਸਨੇ ਕੁੱਲੂ ਦੇ ਰਾਜੇ ਵਿਰੁੱਧ ਬਾਬਾ ਜੀ ਦੀ ਮਦਦ ਕੀਤੀ। ਚੰਬਾ ਰਿਆਸਤ ਦੇ ਰਾਜੇ ਨੇ ਆਪਣੀ ਸੁੰਦਰ ਲੜਕੀ ਬਾਬਾ ਜੀ ਨਾਲ ਵਿਆਹ ਦਿੱਤੀ। ਉਸਦੀ ਕੁੱਖੋਂ ਪੁੱਤਰ ਅਜੈ ਸਿੰਘ ਪੈਦਾ ਹੋਇਆ। ਜੂਨ 5, 1711 ਨੂੰ ਬਹਿਰਾਮ ਦਾ ਜੰਗ ਹੋਇਆ। ਜੰਮੂ ਦਾ ਫੌਜਦਾਰ ਹਾਰ ਗਿਆ। ਖ਼ਾਲਸੇ ਨੇ ਬਹਿਰਾਮ ਤੇ ਰਾਏਪੁਰ 'ਤੇ ਕਬਜ਼ਾ ਕਰ ਲਿਆ। ਨਾਲ ਹੀ ਕਲਾਨੌਰ ਬਟਾਲਾ ਤੇ ਕਬਜ਼ਾ ਕੀਤਾ। ਉਸ ਵੇਲੇ ਮੁਹੰਮਦ ਅਮੀਨ ਖਾਂ 'ਤੇ ਰੁਸਤਮਦਿਲ ਖਾਂ ਦੀ ਫੌਜ ਆਉਣ 'ਤੇ ਬਾਬਾ ਜੀ ਫਿਰ ਪਹਾੜੀਆਂ ਵਿਚ ਜਾਣਾ ਪੈਂਦਾ ਰਿਹਾ।

ਬਾਦਸ਼ਾਹ ਵਲੋਂ ਹੁਕਮ ਹੋਇਆ ਕਿ ਜਿਥੇ ਵੀ ਕੋਈ ਸਿੱਖ ਮਿਲੇ ਮਾਰ ਦਿੱਤਾ ਜਾਵੇ। ਬਹਾਦਰ ਸ਼ਾਹ 18 ਫਰਵਰੀ, 1712 ਨੂੰ ਪਾਗਲ ਹੋ ਕੇ ਮਾਰ ਗਿਆ। ਸੰਨ 1713 ਨੂੰ ਫਰੁਖਸੀਅਰ ਬਾਦਸ਼ਾਹ ਬਣ ਗਿਆ। ਤਖਤ ਵਾਸਤੇ ਮੁਗਲਾਂ ਦੇ ਘਰੋਗੀ ਝਗੜੇ ਨੇ ਬਾਬਾ ਜੀ ਨੂੰ ਆਪਣੇ ਖੁਸੇ ਹੋਏ ਇਲਾਕਿਆਂ ਤੇ ਮੁੜ ਕਬਜ਼ਾ ਕਰਨ ਦਾ ਮੌਕਾ ਮਿਲਿਆ ਗਿਆ। ਸਢੌਰਾ ਅਤੇ ਲੋਹਗੜ੍ਹ ਤੇ ਕਬਜ਼ਾ ਕਰ ਲਿਆ। ਅਬਦੁਲ ਸੱਮਦ ਖਾਂ ਨੂੰ ਲਾਹੌਰ ਦਾ ਸੂਬਾ ਨਿਯੁਕਤ ਕੀਤਾ ਗਿਆ। ਉਸਦੇ ਪੁੱਤਰ ਜ਼ਕਰੀਆ ਖਾਂ ਨੂੰ ਜੰਮੂ ਦਾ ਹਾਕਮ ਥਾਪਿਆ। ਉਨ੍ਹਾਂ ਨੇ ਅਕਤੂਬਰ 1713 ਵਿਚ ਸਢੌਰਾ ਤੇ ਲੋਹਗੜ੍ਹ ਤੇ ਜਿੱਤ ਪ੍ਰਾਪਤ ਕਰ ਲਈ। ਬਾਬਾ ਜੀ ਜੰਮੂ ਦੀਆਂ ਪਹਾੜੀਆਂ ਵਿਚ ਚਲੇ ਗਏ। ਸੰਨ 1715 ਵਿਚ ਕਲਾਨੌਰ ਤੇ ਬਟਾਲਾ ਜਿੱਤ ਲਏ। ਮੁਗਲਾਂ ਨੇ ਲਾਹੌਰ ਵਿਖੇ ਵੱਡੀ ਸੈਸਾ ਇਕੱਠੀ ਕਰ ਲਈ। ਕਾਂਗੜੇ ਦਾ ਕਟੋਚ ਰਾਜਾ ਅਤੇ ਜਸਰੋਟਾ ਦੇ ਰਾਜੇ ਵਲੋਂ ਸੈਨਿਕ ਭੇਜੇ। ਬਾਬਾ ਜੀ ਨੇ ਕੋਟ ਮਿਰਜ਼ਾ ਜਾਨ ਪਿੰਡ ਤੋਂ ਮੁਗਲਾਂ ਦਾ ਟਾਕਰਾ ਕੀਤੀ। ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ ਬਾਬਾ ਜੀ ਸ਼ਾਹੀ ਫੌਜਾਂ ਨੂੰ ਹਾਰ ਦੇਣ ਦੇ ਬਿਲਕੁਲ ਨੇੜੇ ਸਨ ਕਿ ਮੁਗਲਾਂ ਦੀ ਹੋਰ ਭਾਰੀ ਫੌਜ ਆਣ ਪਹੁੰਚੀ। ਇਸ ਲਈ ਸਿੰਘਾਂ ਨੂੰ ਗੁਰਦਾਸ-ਨੰਗਲ ਪਿੰਡ ਵੱਲ ਪਿਛੇ ਹੱਟਣਾ ਪਿਆ। ਉਥੇ ਭਾਈ ਦੁਨੀ ਚੰਦ ਦੀ ਹਵੇਲੀ ਵਿਚ ਠਹਿਰੇ। ਹਵੇਲੀ ਦੇ ਗਿਰਦ ਮੋਰਚੇ ਬਦਾਏ। ਦੋਹੀਂ ਪਾਸੀਂ ਖਾਈ ਪੁੱਟ ਕੇ ਪਾਣੀ ਭਰ ਲਿਆ ਤੇ ਖੋਭੇ ਵਾਲੀ ਥਾਂ ਬਣਾ ਲਹੀ ਤਾਂ ਜੋ ਵੈਰੀ ਅਗਾਂਹ ਨਾ ਵਧਣ।

ਸ਼ਾਹੀ ਫੌਜਾਂ ਨੇ ਅਪ੍ਰੈਲ 1715 ਈ. ਵਿਚ ਗੁਰਦਾਸ-ਨੰਗਲ ਆ ਘੇਰਿਆ। ਸਿੰਘਾਂ ਨੇ ਗੁਰੀਲਾ ਯੁੱਧਨੀਤੀ ਅਪਣਾਈ। ਚਾਲੀ ਪੰਜਾਹ ਸਿੱਖ ਬਾਹਰ ਨਿਕਲਦੇ ਪਸ਼ੂਆਂ ਲਈ ਘਾਹ-ਪੱਠਾ ਲੱਦੇ, ਸ਼ਾਹੀ ਫੌਜਾਂ ਟਾਕਰਾ ਕਰਦੀਆਂ ਤਾਂ ਉਨ੍ਹਾਂ ਦਾ ਖਾਤਮਾ ਕਰਕੇ ਅਲੋਪ ਹੋ ਜਾਂਦੇ। ਘੇਰੇ ਦੇ ਲੰਮੇਰੇ ਹੋ ਜਾਣ ਕਰਕੇ ਆਟਾ ਦਾਣਾ ਮੁਕ ਗਿਆ। ਬਾਬਾ ਬਿਨੋਦ ਸਿੰਘ ਆਪਣੇ ਪੁੱਤਰ ਨੂੰ ਨਾਲ ਲੈ ਕੇ ਕਿਲ੍ਹਾ ਛੱਡ ਗਿਆ। ਸਿੰਘਾਂ ਨੂੰ ਘੋੜਿਆਂ, ਖੋਤਿਆਂ ਤੇ ਪਸ਼ੂਆਂ ਦਾ ਮਾਸ ਖਾਣਾ ਪਿਆ। ਉਨ੍ਹਾਂ ਨੇ ਘਾਹ ਤੇ ਦਰਖ਼ਤਾਂ ਦੇ ਪੱਤੇ



ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377

ਖਾ ਕੇ ਗੁਜ਼ਾਰਾ ਕੀਤਾ। ਬਹੁਤ ਸਾਰੇ ਬਿਮਾਰੀਆਂ ਕਰਕੇ ਮਰਦੇ ਗਏ। ਸਿੰਘ ਅੱਠ ਮਹੀਨੇ ਤੱਕ ਮੁਗਲਾਂ ਦੀ ਫੌਜ ਦਾ ਟਾਕਰਾ ਕਰਦੇ ਰਹੇ। ਜਿਸ ਵਿਚ 8000 ਸਿੰਘ ਸ਼ਹੀਦੀ ਪਾ ਗਏ। ਦਸੰਬਰ 7, 1715 ਨੂੰ ਮੁਗਲ ਫੌਜ ਨੇ ਹਵੇਲੀ 'ਤੇ ਕਬਜ਼ਾ ਕਰ ਲਿਆ। ਬਾਬਾ ਜੀ ਅਤੇ ਸਿੰਘ ਨੂੰ ਕੈਦ ਕਰ ਲਿਆ ਗਿਆ। ਮੁਗਲਾਂ ਨੇ ਲਗਭਗ 300 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਸਿੰਘਾਂ ਦੇ ਮ੍ਰਿਤਕ ਸਰੀਰਾਂ ਦੀ ਚੀਰ ਫਾੜ ਕਰ ਦਿੱਤੀ ਕਿ ਇਨ੍ਹਾਂ ਨੇ ਸੋਨੇ ਦੇ ਸਿੱਕੇ ਨਿਗਲ ਲਏ ਹਨ। ਸ਼ਹੀਦ ਸਿੱਖਾਂ ਦੇ ਸਿਰ ਨੇਜਿਆਂ, ਬਰਛਿਆਂ 'ਤੇ ਟੰਗੇ ਗਏ। ਬਾਬਾ ਜੀ ਸੁਪਤਨੀ ਤੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਵੀ ਫੜ ਲਿਆ। ਗੁਰਦਾਸ-ਨੰਗਲ ਤੋਂ ਬਾਬਾ ਜੀ ਅਤੇ ਸਾਥੀਆਂ ਨੂੰ ਕੈਦੀ ਬਣਾ ਕੇ ਲਾਹੌਰ ਲਿਆਂਦਾ ਗਿਆ। ਬਾਬਾ ਜੀ ਨੂੰ ਲੋਹੇ ਦੀਆਂ ਜੰਜੀਰਾਂ ਨਾਲ ਜਕੜ ਦੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਪਿੰਜਰਾ ਹਾਥੀ ਉਪਰ ਬੰਨ੍ਹ ਦਿੱਤਾ। ਦੋ ਮੁਗਲ ਸੈਨਿਕ ਖੰਜਰ ਲੈ ਕੇ ਪਹਿਰਾ ਦੇ ਰਹੇ ਸਨ। ਸਾਥੀਆਂ ਨੂੰ ਵੀ ਜੰਜੀਰਾਂ ਨਾਲ ਬੰਨ੍ਹ ਕੇ ਖਚਰਾ ਖੋਤਿਆਂ ਉਪਰ ਬਿਠਾਇਆ।

ਬੰਦਾ ਸਿੰਘ ਬਹਾਦਰ ਜੀ ਨਾਲ 200 ਸਾਥੀਆਂ ਨੂੰ ਜ਼ਕਰੀਆ ਖਾਂ ਨੇ ਜਲੂਸ ਦੀ ਸ਼ਕਲ ਵਿਚ ਦਿੱਲੀ ਤੋਰਿਆ ਬਾਦਸ਼ਾਹ ਨੂੰ ਖੁਸ਼ ਕਰਨ ਲਈ ਉਸਨੇ ਕੈਦੀਆਂ ਨੂੰ ਵਧਾਉਣ ਦੀ ਸੋਚੀ ਰਾਹ ਵਿਚ ਹੋਰ ਸਿੱਖ ਫੜਨੇ ਸ਼ੁਰੂ ਕਰ ਦਿੱਤੇ। ਕੁਝ ਨੂੰ ਕੈਦੀ ਬਣਾ ਲਿਆ। ਕੁਝ ਦੇ ਸਿਰ ਵੱਡ ਕੇ ਹੋਰ ਨੇਜ਼ਿਆਂ ਤੇ ਟੰਗ ਲਏ। ਇਸ ਤਰ੍ਹਾਂ ਕੈਦੀਆਂ ਦੀ ਗਿਣਤੀ 740 ਅਤੇ ਟੰਗੇ ਹੋਏ ਸਿਰਾਂ ਦੀ ਗਿਣਤੀ 2000 ਹੋ ਗਈ। ਇਸ ਤੋਂ ਇਲਾਵਾ ਸਿੱਖਾਂ ਦੇ ਸਿਰ ਗੱਡਿਆਂ 'ਤੇ ਵੀ ਲੈਂਦੇ ਹੋਏ ਸਨ। ਇਹ ਜਲੂਸ 29 ਫਰਵਰੀ, 1916 ਈ. ਨੂੰ ਦਿੱਲੀ ਪੁੱਜਾ। ਜਲੂਸ ਦੇ ਅੱਗੇ ਟੰਗੇ ਹੋਏ ਸਿਰ ਸਨ। ਉਨ੍ਹਾਂ ਨਾਲ ਇਕ ਬਿੱਲੀ ਵੀ ਟੰਗੀ ਸੀ। ਇਹ ਦੱਸਣ ਲਈ ਕਿ ਗੁਰਦਾਸ-ਨੰਗਲ ਵਿਚ ਸਿੱਖ ਤਾਂ ਇਕ ਪਾਸੇ ਬਿੱਲੀ ਤੱਕ ਵੀ ਮਾਰ ਦਿੱਤੀ ਹੈ। ਇਸ ਤੋਂ ਬਾਅਦ ਬਾਬਾ ਜੀ ਸਨ, ਜੋ ਹਾਥੀ ਤੇ ਇਕ ਪਿੰਜਰੇ ਵਿਚ ਸਨ। ਮਖੌਲ ਉਡਾਉਣ ਲਈ ਤਿਲੇ ਗੋਟੇ ਵਾਲੇ ਕੀਮਤੀ ਕੱਪੜੇ ਪਾਏ ਹੋਏ ਸਨ। ਉਨ੍ਹਾਂ ਦੇ ਪਿਛੇ ਇਕ ਸੈਨਿਕ ਨੰਗੀ ਤਲਵਾਰ ਲੈ ਕੇ ਖੜ੍ਹਾ ਸੀ। ਪਿਛੇ ਬਾਕੀ ਕੈਦੀ ਆ ਰਹੇ ਸਨ। ਜੋ ਦੋ-ਦੋ ਬੰਨ੍ਹ ਦੇ ਬਿਨਾਂ ਕਾਠੀ ਵਾਲੇ ਊਠਾਂ 'ਤੇ ਬੈਠੇ ਹੋਏ ਸਨ। ਜਿਨ੍ਹਾਂ ਦੇ ਸਿਰਾਂ 'ਤੇ ਭੇਡ ਦੀ ਖੱਲ ਦੀਆਂ ਨੋਕਦਾਰ ਸ਼ੀਸ਼ੇ ਜੜੀਆਂ ਟੋਪੀਆਂ ਸਨ। ਅਗਰਾਬਾਦ ਅਤੇ ਦਿੱਲੀ ਦੇ ਲਾਹੌਰੀ ਦਰਵਾਜ਼ੇ ਦੇ ਵਿਚਕਾਰ ਮੀਲਾਂ ਲੰਮੀ ਸੜਕ ਦੇ ਦੋਨੋਂ ਪਾਸੇ ਤਮਾਸ਼ਬੀਨ ਖੜ੍ਹੇ ਸਨ।

ਮਿਰਜ਼ਾ ਮੁਹੰਮਦ ਹਰੀ ਸੀ ਜੋ ਇਸ ਨੂੰ ਦੇਖਿਆ ਤਮਾਸ਼ ਕਹਿੰਦਾ ਹੈ। ਗਲੀਆਂ ਬਜ਼ਾਰਾਂ ਵਿਚ ਇਤਨਾ ਭਾਰੀ ਇਕੱਠ ਸ਼ਾਇਦ ਹੀ ਕਿਸੇ ਨੇ ਵੇਖਿਆ ਹੋਵੇ। ਮੁਸਲਮਾਨ ਖੁਸ਼ੀ ਦੇ ਮਾਰੇ ਫੁੱਲੇ ਨਹੀਂ ਸਨ ਸਮਾਉਂਦੇ, ਪਰ ਸਿੱਖ ਵੀ ਭਾਣੇ ਨੂੰ ਮੰਨਦੇ ਹੋਏ ਸ਼ਾਂਤ ਸਨ। ਗੁਰਬਾਣੀ ਦਾ ਜਾਪ ਕਰਦੇ ਰਹੇ। ਤਮਾਸ਼ਬੀਨ ਆਖਦੇ ਕਿ ਤੁਹਾਡੀਆਂ ਕੀਤੀਆਂ ਨੇ ਇਹ ਦਿਨ ਵਿਖਾਏ ਹਨ। ਸਿੰਘ ਕਹਿੰਦੇ ਸਭ ਕੁਝ ਰੱਬ ਦੀ ਰਜ਼ਾ ਵਿਚ ਹੋ ਰਿਹਾ ਹੈ। ਭੀੜ ਨੇ ਕਿਹਾ ਕਿ ਹੁਣ ਤੁਹਾਨੂੰ ਮਾਰ ਦਿੱਤਾ ਜਾਵੇਗਾ। ਸਿੰਘ ਕਹਿੰਦੇ ਅਸੀਂ ਮੌਤ ਤੋਂ ਕਦ ਡਰੇ ਹਾਂ? ਜੇਕਰ ਅਸੀਂ ਡਰਦੇ ਹੁੰਦੇ ਤਾਂ ਇੰਨੀਆਂ ਜੰਗਾਂ ਕਿਵੇਂ ਲੜ ਸਕਦੇ ਸੀ? ਅਸੀਂ ਤਾਂ ਮਜ਼ਬੂਰੀ ਵੱਸ ਤੁਹਾਡੇ ਕਾਬੂ ਆ ਗਏ। ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਅਸੀਂ ਕਿਹੋ ਜਿਹੇ ਹੱਥ ਵਿਖਾ ਸਕਦੇ ਹਾਂ।

ਜਦੋਂ ਸ਼ਾਹੀ ਕਿਲ੍ਹੇ ਕੋਲ ਪਹੁੰਚੇ ਤਾਂ ਬਾਬਾ ਜੀ ਦੇ ਪ੍ਰਮੁੱਖ ਸਾਥੀ ਜਿਵੇਂ-ਬਾਜ਼ ਸਿੰਘ, ਫਤਹਿ ਸਿੰਘ, ਬਾਬਾ ਕਾਨ੍ਹ ਸਿੰਘ ਆਦਿ ਨੂੰ ਬੰਦੀ ਖਾਨੇ ਭੇਜ ਦਿੱਤਾ। ਬਾਬਾ ਜੀ ਦੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਉਸਦੀ ਮਾਤਾ ਤੇ ਖਿਡਾਵੀ ਨੂੰ ਸ਼ਾਹੀ ਜ਼ਨਾਨਖਾਨਾ ਵਿਚ ਰੱਖਿਆ। ਮਾਰਚ 5,1716 ਨੂੰ ਕੋਤਵਾਲੀ ਦੇ ਸਾਹਮਣੇ ਸਿੱਖ ਕੈਦੀਆਂ ਦੇ 100-100 ਕਰਕੇ ਕਤਲ ਸ਼ੁਰੂ ਹੋਏ। ਵਾਰ-ਵਾਰ ਐਲਾਨ ਕੀਤਾ ਜਾਂਦਾ ਕਿ ਜਿਹੜਾ ਆਪਣਾ ਧਰਮ ਤਿਆਗ ਕੇ ਮੁਸਲਮਾਨ ਬਣ ਜਾਵੇ ਉਸਦੀ ਜਾਨ ਬਖਸ਼ ਦਿੱਤੀ ਜਾਵੇ। ਜਾਨ ਸਰਮਨ ਸਟੀਫ ਨਸਨ ਜੋ ਸ਼ਾਹੀ ਦਰਬਾਰ ਵਿਚ ਸਨ, ਦਾ ਕਥਨ ਹੈ ਕਿ ਕੋਈ ਵੀ ਸਿੱਖ ਆਪਣੇ ਧਰਮ ਤੋਂ ਨਹੀਂ ਫਿਰਿਆ। ਸੱਤ ਦਿਨਾਂ ਵਿਚ ਸਾਰੇ ਸਿੱਖ ਸ਼ਹੀਦ ਹੋ ਗਏ। ਰਾਤ ਨੂੰ ਸ਼ਹੀਦਾਂ ਦੇ ਸਰੀਰ ਗੱਡਿਆਂ 'ਤੇ ਲੱਦ ਕੇ ਸ਼ਹਿਰੋਂ ਬਾਹਰ ਦਰਖਤਾਂ 'ਤੇ ਟੰਗ ਦਿੱਤੇ ਜਾਂਦੇ।

ਇਸ ਕਤਲੇਆਮ ਤੋਂ ਤਿੰਨ ਮਹੀਨੇ ਤੱਕ ਬਾਬਾ ਜੀ ਅਤੇ ਸਾਥੀਆਂ ਨੂੰ ਸਖ਼ਤ ਤਸੀਹੇ ਦਿੱਤੇ ਗਏ ਕਿ ਉਹ ਆਪਣੇ ਦੱਬੇ ਹੋਏ ਖਜ਼ਾਨੇ ਅਤੇ ਉਨ੍ਹਾਂ ਦੇ ਮਦਦਗਾਰ ਕੌਣ ਸਨ, ਦਾ ਪਤਾ ਦੇਣ। ਅੰਤ ਬਾਬਾ ਜੀ ਅਤੇ ਉਨ੍ਹਾਂ ਦੇ 26 ਸਾਥੀਆਂ ਨੂੰ 9, ਜੂਨ 1917 ਨੂੰ ਸ਼ਹੀਦ ਕਰਨ ਲਈ ਖਵਾਜ਼ਾ ਕੁਤਬਦੀਨ ਬਖਤਿਆਰ ਕਾਕੀ ਦੇ ਮਕਬਰੇ ਦੀ ਪਰਿਕ੍ਰਮਾ ਕਰਵਾਈ ਗਈ। ਫਿਰ ਦੁਹਰਾਇਆ ਕਿ ਇਸ ਇਸਲਾਮ ਕਬੂਲ ਕਰੋ ਜਾਂ ਫਿਰ ਮੌਤ। ਦਸ਼ਮੇਸ਼ ਪਿਤਾ ਦੇ ਸਿੱਦਕੀ ਸੰਤ ਸੂਰਮਿਆਂ ਨੇ ਸ਼ਹੀਦੀ ਪ੍ਰਾਪਤ ਕਰ ਲਈ।

ਬਾਬਾ ਜੀ ਦੇ ਤਿੰਨ ਸਾਲਾ ਪੁੱਤਰ ਅਜੈ ਸਿੰਘ ਨੂੰ ਬਾਬਾ ਜੀ ਦੀ ਗੋਦ ਵਿਚ ਬਿਠਾਇਆ ਅਤੇ ਆਪਣੇ ਪੁੱਤਰ ਨੂੰ ਖ਼ੁਦ ਵੱਡ ਦਿਓ। ਬਾਬਾ ਜੀ ਨੇ ਇਨਕਾਰ ਕੀਤਾ ਤਾਂ ਜਲਾਦ ਨੇ ਬੱਚੇ ਦੇ ਟੋਟੇ ਕਰ ਦਿੱਤੇ। ਬੱਚੇ ਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁਨਿਆ ਗਿਆ। ਬਾਬਾ ਜੀ ਰੱਬ ਦੇ ਪਾਣੇ ਨੂੰ ਮਿਠਾ ਕਰਕੇ ਮੰਨਦੇ ਅਡੋਲ ਰਹੇ। ਮੁਸਲਮਾਨ ਇਤਿਹਾਸਕਾਰ ਗੁਲਾਮ ਹੁਸੈਨ ਲਿਖਦਾ ਹੈ ਕਿ ਇਤਮਾਦਲ ਦੌਲਾ ਮੁਹੰਮਦ ਅਮੀਨ ਜੋ ਬਾਬਾ ਜੀ ਦੇ ਕੋਲ ਖੜ੍ਹਾ ਸੀ। ਇਸ ਸ਼ਹੀਦੀ ਦਾ ਉਸਦੇ ਮਨ 'ਤੇ ਅਸਰ ਹੋਇਆ ਤਾਂ ਉਹ ਕਹਿ ਉਠਿਆ ਕਿ ਅਜਿਹੀ ਸਿਆਣਪ, ਸਾਊਪੁਣੇ ਤੇ ਉਚਿਤਾ ਦੇ ਮਾਲਕ ਨੇ ਦੁਨੀਆ ਨੂੰ ਅਜਿਹੇ ਵਖਤਾਂ ਵਿਚ ਕਿਉਂ ਪਾਇਆ ਅਤੇ ਆਪਣੀ ਜਾਨ ਨੂੰ ਇਸ ਬਿਪਤਾ ਵਿਚ ਫਸਾਇਆ।

ਜਲਦਾ ਨੇ ਸਭ ਤੋਂ ਪਹਿਲਾਂ ਬਾਬਾ ਜੀ ਦੀਆਂ ਅੱਖਾਂ ਕੱਢੀਆਂ। ਹੱਥ ਪੈਰ ਵੱਡਣ ਉਪਰੰਤ ਭਖਦੇ ਹੋਏ ਨਾਲ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਅਜਿਹੇ ਅਣਮਨੁੱਖੀ ਤਸੀਹੇ ਸਹਿੰਦਿਆਂ ਬਾਬਾ ਜੀ, ਜੂਨ 9, 1716 ਨੂੰ ਸ਼ਹੀਦੀ ਪਾ ਗਏ।

ਬਾਬਾ ਜੀ ਦੇ 6 ਸਾਲ ਦੇ ਰਾਜ ਪ੍ਰਬੰਧ ਦੀਆਂ ਵਿਸ਼ੇਸ਼ਤਾਈਆਂ ਹਨ ਕਿ ਬਾਬਾ ਜੀ ਸਿੱਖ ਕੌਮ ਦੇ ਉਹ ਸਿਪਾਹੀ ਹਨ ਜਿਨ੍ਹਾਂ ਸਿੱਖ ਧਰਮ ਵਿਚ ਬਹਾਦਰੀ ਦੇ ਸਿਧਾਂਤ ਨੂੰ ਅਗਾਂਹ ਤੋਰਿਆ। ਖਾਲਸੇ ਨੇ ਬਰਾਬਰਤਾ ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਪਹਿਲੀ ਵਾਰ ਰਾਜਸੀ ਸੱਤਾ 'ਤੇ ਕਬਜ਼ਾ ਕੀਤਾ। ਉਨ੍ਹਾਂ ਨੇ ਨੀਚਾਂ ਵਿਚੋਂ ਨੀਚ ਨੂੰ ਹਾਕਮ ਬਣਾਇਆ। ਖਾਸੇ ਨੇ ਜਿਸ ਇਲਾਜਕੇ 'ਤੇ ਕਬਜ਼ਾ ਕੀਤਾ, ਉਸ ਸੂਬਾ ਦਾ ਪਹਿਲਾ ਹਾਕਮ ਭਾਈ ਬੀਰ ਸਿੰਘ ਨੂੰ ਥਾਪਿਆ ਜੋ ਇਕ ਨੀਵੀਂ ਜਾਤ ਵਿਚੋਂ ਸਨ। ਉਨ੍ਹਾਂ ਦੇ ਰਾਜ ਵਿਚ ਸਿੱਖ ਇਕ ਅਜਿੱਤ ਕੌਮ ਦੇ ਰੂਪ ਵਿਚ ਸਾਹਮਣੇ ਆਏ। ਉਨ੍ਹਾਂ ਦੇ ਰਾਜ ਕਾਲ ਵਿਚ ਹਰ ਇਕ ਨੂੰ ਬਰਾਬਰ ਅਜ਼ਾਦੀ ਸੀ। ਉਹ ਕਿਸੇ ਕੌਮ ਜਾਂ ਫਿਰਕੇ ਦੇ ਵਿਰੁੱਧ ਨਹੀਂ ਸਨ। ਉਨ੍ਹਾਂ ਤੋਂ ਬਾਅਦ 1717-1748 ਤੱਕ ਮੁਗਲਾਂ ਦੇ ਅਕਹਿ ਜ਼ੁਲਮ ਸਹਿ ਕੇ ਵੀ ਖਾਲਸੇ ਦੀਆਂ ਬਾਰਾਂ ਮਿਸਲਾਂ ਹੋਂਦ ਵਿਚ ਆਈਆਂ। ਫਿਰ 1801 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕੀਤਾ।

ਬਾਬਾ ਜੀ ਨੇ ਜਨਤੰਤਰ ਦੀ ਨੀਂਹ ਰੱਖੀ। ਡਾ. ਗੰਡਾ ਸਿੰਘ ਜੀ ਅਨੁਸਾਰ-ਬਾਬਾ ਜੀ ਦੀ ਅਗਵਾਈ ਹੇਠ ਖਾਲਸੇ ਨੇ ਜ਼ਿੰਮੀਦਾਰਾ ਪ੍ਰਬੰਧ ਖਤਮ ਕੀਤਾ। ਜ਼ਮੀਨ 'ਤੇ ਉਨ੍ਹਾਂ ਕਿਸਾਨਾਂ ਦੀ ਮਾਲਕੀ ਕੀਤੀ ਜੋ ਖ਼ੁਦ ਹੱਲ ਵਾਹੁੰਦੇ ਸਨ। ਅਜਿਹੇ ਲੋਕਾਂ ਨੂੰ ਉਘਾ ਕੀਤਾ ਜੋ ਬੇਜ਼ਮੀਨੇ ਅਤੇ ਨਿਖਿਧ ਸਨ।

ਬਾਬਾ ਜੀ ਇਕ ਸੂਰਬੀਰ, ਸਫ਼ਲ ਪ੍ਰਬੰਧਕ, ਸਿੱਦਕੀ ਅਤੇ ਧਰਮੀ ਸਿੱਖ ਸਨ। ਉਨ੍ਹਾਂ ਦੀ ਸਿੱਖ ਕੌਮ ਨੂੰ ਬੇਮਿਸਾਲ ਦੇਣ ਹੈ। ਉਨ੍ਹਾਂ ਦੀ ਵਿਲੱਖਣ ਸ਼ਹੀਦੀ ਅਤੇ ਉਨ੍ਹਾਂ ਦਾ ਸਿੱਖ ਪੰਥ ਦੀ ਸਥਾਪਤੀ ਵਿਚ ਪਾਏ ਯੋਗਦਾਨ ਤੇ ਕੌਮ ਨੂੰ ਹਮੇਸ਼ਾ ਮਾਣ ਰਹੇਗਾ।

ਅੰਤਿਕਾ : ਜੋ ਮਨੁੱਖ ਜਗਤ ਰੂਪ ਰਣਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ 'ਤੇ ਅੜ ਖਲੋਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ। ਜਦ ਇਨ੍ਹਾਂ ਨਾਲ ਲੜਿਆ ਜਾ ਸਕਦਾ ਹੈ। ਉਹ ਅਸਲ ਸੂਰਮਾ ਹੈ। ਉਸਦੇ ਦਸਮ-ਦੁਆਰ ਵਿਚ ਧੌਂਸਾਂ ਵੱਜਦਾ ਹੈ। ਉਸਦੇ ਨਿਸ਼ਾਨੇ 'ਤੇ ਚੋਟ ਪੈਂਦੀ ਹੈ। ਭਾਵ ਉਸਦਾ ਮੰਨ ਪ੍ਰਭੂ-ਚਰਨਾਂ ਵਿਚ ਉਚੀਆਂ ਉਡਾਰੀਆਂ ਲਾਉਂਦਾ ਹੈ ਜਿਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸਦੇ ਹਿਰਦੇ ਵਿਚ ਪ੍ਰਭੂ-ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ। ਹਾਂ ਇਕ ਸੂਰਮਾ ਹੋਰ ਵੀ ਹੈ। ਉਸ ਮਨੁੱਖ ਨੂੰ ਹੀ ਸੂਰਮਾ ਸਮਝਣਾ ਚਾਹੀਦਾ ਹੈ ਜੋ ਗਰੀਬ ਦੀ ਖਾਤਰ ਲੜਦਾ ਹੇ। ਗਰੀਬਾਂ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਰ ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੀ ਖਾਤਰ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ। ਅੰਗ 1105 ਭਗਤ ਕਬੀਰ ਜੀ

# ਸਥਾਪਤੀ ਦੇ ਆਲੋਚਕ ਆਵਾਜ਼ ਭਗਤ ਕਬੀਰ ਜੀ

ਪ੍ਰਭੂ ਪ੍ਰੇਮ ਵਿੱਚ ਰੱਤੇ, ਆਪਣੇ ਦੌਰ ਦੇ ਸਮਾਜਿਕ ਅਤੇ ਰਾਜਨੀਤਿਕ ਹਾਲਾਤ 'ਤੇ ਤਿੱਖੀ ਚੋਟ ਕਰਨ ਵਾਲੇ ਅਤੇ ਰੂੜ੍ਹੀਵਾਦੀ ਪਰੰਪਰਾਵਾਂ ਦਾ ਡਟ ਕੇ ਵਿਰੋਧ ਕਰਨ ਵਾਲੇ ਭਗਤ ਕਬੀਰ ਜੀ 14ਵੀਂ ਸਦੀ ਦੇ ਅਖੀਰ ਵਿੱਚ ਜਨਮੇ ਇੱਕ ਅਜਿਹੇ ਇਨਕਲਾਬੀ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਦਾ ਜੀਵਨ ਅਤੇ ਬਾਣੀ ਸਦੀਆਂ ਤੱਕ ਸਮਾਜ ਨੂੰ ਸੇਧ ਦਿੰਦੀ ਰਹੇਗੀ। ਭਗਤਾਂ, ਸੰਤਾਂ, ਗੁਰੂਆਂ ਆਦਿ ਦੇ ਜੀਵਨ ਬਿਰਤਾਂਤ ਸਬੰਧੀ ਭਰੋਸੇਯੋਗ ਸਰੋਤਾਂ ਦੇ ਘੱਟ ਹੋਣ ਕਾਰਨ ਉਨ੍ਹਾਂ ਦੇ ਜੀਵਨ ਬਾਰੇ ਕੁਝ ਭੁਲੇਖੇ ਅਕਸਰ ਹੀ ਮਿਲਦੇ ਹਨ। ਇਸੇ ਤਰ੍ਹਾਂ ਕਬੀਰ ਜੀ ਦੇ ਜਨਮ ਸਥਾਨ, ਜਨਮ ਤਾਰੀਖ, ਜੀਵਨ ਆਦਿ ਸਬੰਧੀ ਸਾਰੇ ਵਿਦਵਾਨ ਅਤੇ ਲਿਖਾਰੀ ਇਕਮੱਤ ਨਹੀਂ ਹਨ। ਉਨ੍ਹਾਂ ਦਾ ਜਨਮ ਇੱਕ ਮੁਸਲਮਾਨ ਜੁਲਾਹੇ ਦੇ ਘਰ ਹੋਇਆ ਮੰਨਿਆ ਜਾਂਦਾ ਹੈ। ਕੁਝ ਵਿਦਵਾਨਾਂ ਅਨੁਸਾਰ ਇਹ ਕਿਸੇ ਬ੍ਰਾਹਮਣ ਪਰਿਵਾਰ 'ਚ ਜਨਮੇ ਸੀ, ਪਰ ਪਰਿਵਾਰ ਵੱਲੋਂ ਬਾਹਰ ਸੁੱਟ ਦਿੱਤੇ ਗਏ ਸੀ ਜਿੱਥੋਂ ਇੱਕ ਜੁਲਾਹੇ ਨੀਰੂ ਨੇ ਉਨ੍ਹਾਂ ਨੂੰ ਚੁੱਕਿਆ ਅਤੇ ਆਪਣੀ ਪਤਨੀ ਨੀਮਾ ਸਮੇਤ ਪਾਲਿਆ। ਉਨ੍ਹਾਂ ਦਾ ਜਨਮ 1398 ਵਿੱਚ ਹੋਇਆ ਮੰਨਿਆ ਜਾਂਦਾ ਹੈ। ਜੁਲਾਹਾ ਜਾਤ ਉਸ ਸਮੇਂ ਦੇ ਸਮਾਜ ਲਈ ਇੱਕ ਨੀਵੀਂ ਜਾਤ ਸੀ ਅਤੇ ਅਛੂਤ ਮੰਨੀ ਜਾਂਦੀ ਸੀ, ਜਿਸ ਕਾਰਨ ਸਮਾਜ ਦੇ ਕਥਿਤ ਉੱਚ ਵਰਗ ਵੱਲੋਂ ਛੂਤ ਛਾਤ ਦੇ ਵਿਤਕਰੇ ਦਾ ਸਾਹਮਣਾ ਕਬੀਰ ਜੀ ਨੂੰ ਕਰਨਾ ਪਿਆ। ਕਬੀਰ ਜੀ ਦੀ 30 ਸਾਲ ਦੀ ਉਮਰ ਵਿੱਚ ਲੋਈ ਨਾਲ ਸ਼ਾਦੀ ਹੋਈ, ਪਰ ਇਸ ਸ਼ਾਦੀ ਸਬੰਧੀ ਵੀ ਹੈਰਾਨੀਜਨਕ ਸਾਖੀਆਂ ਜੁੜੀਆਂ ਹੋਈਆਂ ਹਨ।

ਕਬੀਰ ਜੀ ਦਾ ਗੁਰੂ ਰਾਮਾਨੰਦ ਜੀ ਨੂੰ ਮੰਨਿਆ ਜਾਂਦਾ ਹੈ। ਕਬੀਰ ਜੀ ਸ਼ੂਦਰ ਜਾਤ ਨਾਲ ਸਬੰਧਿਤ ਸਨ ਅਤੇ ਉਸ ਸਮੇਂ ਦੀ ਸੋਚ ਅਨੁਸਾਰ ਇਸ ਜਾਤੀ ਦੇ ਲੋਕ ਧਰਮ ਸਿੱਖਣ ਲਈ ਕਿਸੇ ਕਥਿਤ ਉੱਚ ਜਾਤੀਏ ਨੂੰ ਗੁਰੂ ਨਹੀਂ ਸੀ ਧਾਰ ਸਕਦੇ। ਭਾਈ ਗੁਰਦਾਸ ਜੀ ਅਨੁਸਾਰ ਕਬੀਰ ਉਸ ਰਸਤੇ ਲੰਮੇ ਪੈ ਗਏ ਜਿੱਥੋਂ ਰਾਮਾਨੰਦ ਨਦੀ 'ਤੇ ਇਸ਼ਨਾਨ ਕਰਨ ਜਾਂਦੇ ਸਨ। ਕਬੀਰ ਦੇ ਠੁੱਡਾ ਲੱਗਣ 'ਤੇ ਰਾਮਾਨੰਦ ਨੇ ਕਿਹਾ, 'ਉੱਠ ਭਾਈ ਰਾਮ ਰਾਮ ਕਹੁ।।' 'ਤੇ ਕਬੀਰ ਨੂੰ ਗੁਰਮੰਤਰ ਮਿਲ ਗਿਆ।

**ਕਬੀਰ ਨਾਮ ਹੇਠ ਰਚਿਤ ਬਾਣੀ:** ਡਾਕਟਰ ਹਜਾਰਾ ਪ੍ਰਸਾਦ ਦ੍ਵਿਵੇਦੀ ਆਪਣੀ ਪੁਸਤਕ 'ਕਬੀਰ' ਵਿੱਚ ਲਿਖਦੇ ਹਨ, 'ਕਬੀਰ ਦਾਸ ਦੇ ਨਾਮ 'ਤੇ ਜੋ ਬਾਣੀਆਂ ਮਿਲਦੀਆਂ ਹਨ, ਉਨ੍ਹਾਂ ਦਾ ਕੋਈ ਹਿਸਾਬ ਨਹੀਂ ਹੈ। ਕਬੀਰ ਪੰਥੀ ਲੋਕਾਂ ਦਾ ਵਿਸ਼ਵਾਸ ਹੈ ਕਿ ਸਦਗੁਰੂ (ਕਬੀਰ) ਦੀ ਬਾਣੀ ਅਨੰਤ ਹੈ। ਇਹ ਸਾਰੇ ਮੰਨਦੇ ਹਨ ਕਿ ਕਬੀਰ ਜੀ ਨੇ ਕਦੇ ਕਾਗਜ਼ ਕਲਮ ਨੂੰ ਛੋਹਿਆ ਤੱਕ ਵੀ ਨਹੀਂ ਸੀ। ਸਪੱਸ਼ਟ ਹੈ ਕਿ ਉਨ੍ਹਾਂ ਦੇ ਮੌਖਿਕ ਉਪਦੇਸ਼ ਨੂੰ ਉਨ੍ਹਾਂ ਦੇ ਚੇਲਿਆਂ ਨੇ ਪਿੱਛੋਂ ਲਿਖਿਆ ਹੋਏਗਾ। ਕਬੀਰ ਦਾਸ ਦੇ ਨਾਮ ਹੇਠ 6 ਦਰਜਨ ਦੇ ਕਰੀਬ ਪੁਸਤਕਾਂ ਮਿਲਦੀਆਂ ਹਨ। ਇਨ੍ਹਾਂ ਵਿੱਚ ਰਮੈਨੀ, ਸ਼ਬਦ, ਗਿਆਨ ਚੌਂਤੀਸਾ, ਵਿਪ੍ਰਬਤੀਸੀ, ਕਹਰਾ ਵਸੰਤ, ਚਾਚਰ, ਬੇਲੀ, ਬਿਰਹੁਲੀ ਹਿੰਡੋਲਾ ਅਤੇ ਸਾਖੀ ਇਹ ਗਿਆਰਾਂ ਅੰਗ ਹਨ। ਇਨ੍ਹਾਂ ਵਿੱਚੋਂ ਇੱਕ ਇੱਕ ਭਾਗ ਨੂੰ ਅੱਡ ਅੱਡ ਕਰਕੇ ਕਈ ਵਾਰ ਸੁਤੰਤਰ ਪੋਥੀ ਬਣਾ ਦਿੱਤੀ ਜਾਂਦੀ ਹੈ। ਪ੍ਰੋ. ਰਾਮ ਕੁਮਾਰ ਵਰਮਾ ਅਤੇ ਹੋਰ ਵਿਦਵਾਨ ਖੋਜੀਆਂ ਨੇ ਕਬੀਰ ਸਾਹਿਬ ਦੇ ਜਿਉਂਦੇ ਹੁੰਦੇ ਵੀ ਉਨ੍ਹਾਂ ਦੀ ਬਾਣੀ ਵਿੱਚ ਰਲਾਅ ਦੀ ਗੱਲ ਆਖੀ ਹੈ। ਬਹੁਤੇ ਵਿਸਥਾਰ ਵਿੱਚ ਨਾ ਜਾਂਦੇ ਕਬੀਰ ਜੀ ਦੀਆਂ ਰਚੀਆਂ ਪ੍ਰਮੁੱਖ ਲਿਖਤਾਂ ਵਿੱਚ 'ਬੀਜਕ', 'ਕਬੀਰ ਗ੍ਰੰਥਾਵਲੀ', 'ਸਾਖੀ ਕਬੀਰ', 'ਕਬੀਰ ਸਾਗਰ', 'ਅਨੁਰਾਗ ਸਾਗਰ' ਹਨ।

**ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਬਾਣੀ:** ਇਨ੍ਹਾਂ ਸਾਰੇ ਗ੍ਰੰਥਾਂ ਦੇ ਰਚਨਹਾਰ ਬਾਬਤ ਵੱਖ ਵੱਖ ਵਿਚਾਰਧਾਰਾਵਾਂ ਪ੍ਰਚੱਲਿਤ ਹਨ। ਉਹ ਬਾਣੀ ਜੋ ਕਬੀਰ ਜੀ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹੈ, ਸਬੰਧੀ ਸਾਰੇ ਵਿਦਵਾਨ ਅਤੇ ਲਿਖਾਰੀ ਇਕਮੱਤ ਹਨ ਕਿ ਇਹ ਪ੍ਰਮਾਣਿਤ ਬਾਣੀ ਹੈ ਅਤੇ ਕਬੀਰ ਜੀ ਦੀ ਆਪਣੀ ਲਿਖੀ ਹੋਈ ਬਾਣੀ ਹੈ। ਇਸ ਲਈ ਅਸੀਂ ਇਸ ਕਬੀਰ ਬਾਣੀ ਨੂੰ, ਜਿਹੜੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਨੂੰ ਆਧਾਰ ਬਣਾਵਾਂਗੇ ਅਤੇ ਇਸੇ ਤੋਂ ਹੀ ਕਬੀਰ ਜੀ ਦੀ ਇਨਕਲਾਬੀ ਸੋਚ ਨੂੰ ਲੱਭਣ ਦਾ ਯਤਨ ਕਰਾਂਗੇ।

**ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਬੀਰ ਬਾਣੀ:** ਗੁਰੂ ਗ੍ਰੰਥ ਸਾਹਿਬ ਵਿੱਚ ਕਬੀਰ ਜੀ ਦੇ ਕੁਲ 225 ਸ਼ਬਦ ਦਰਜ ਹਨ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਰਾਗਾਂ ਵਿੱਚੋਂ 15 ਰਾਗਾਂ ਵਿੱਚ ਲਿਖੇ ਗਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਸ਼ਬਦ ਗਉੜੀ ਰਾਗ ਵਿੱਚ-74 ਸ਼ਬਦ ਅਤੇ ਸਭ ਤੋਂ ਘੱਟ ਤਿਲੰਗ ਰਾਗ ਵਿੱਚ- ਕੇਵਲ ਇੱਕ ਸ਼ਬਦ ਹਨ। ਬਾਵਨ ਅੱਖਰੀ, ਥਿਤੀ, ਵਾਰ ਸਤ ਵੀ ਗਉੜੀ ਰਾਗ ਵਿੱਚ ਹੀ ਹਨ ਅਤੇ 243 ਸਲੋਕ ਰਾਗ-ਰਹਿਤ ਹਨ। ਕਬੀਰ ਬਾਣੀ ਵਿੱਚ ਅਵਧੀ, ਭੋਜਪੁਰੀ, ਬ੍ਰਿਜ, ਮਾਰਵਾੜੀ, ਪੰਜਾਬੀ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਮਿਲਦੀ ਹੈ।

**ਕਬੀਰ ਸਾਹਿਬ ਜੀ ਦੀ ਵਿਚਾਰਧਾਰਾ**



**ਜਾਤ ਪਾਤ ਦਾ ਖੰਡਨ:** ਕਬੀਰ ਜੀ ਨੂੰ ਜਾਤ ਪਾਤ ਦੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੇ ਮਨੁੱਖ ਇੱਕੋ ਹੀ ਨੂਰ ਤੋਂ ਪੈਦਾ ਹੋਏ ਹਨ। ਕੋਈ ਉੱਚਾ ਨੀਵਾਂ ਕਿਵੇਂ ਹੋ ਸਕਦਾ ਹੈ। ਉਨ੍ਹਾਂ ਡੰਕੇ ਦੀ ਚੋਟ 'ਤੇ ਕਿਹਾ;

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥**

ਬ੍ਰਾਹਮਣਵਾਦ 'ਤੇ ਇਸ ਨਾਲੋਂ ਵੱਡੀ ਕਿਹੜੀ ਚੋਟ ਹੋ ਸਕਦੀ ਹੈ?

ਜਸਵਿੰਦਰ ਸਿੰਘ ਰੁਪਾਲ
9814715796



**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ।।**
**ਤਉ ਆਨ ਬਾਟ ਕਾਹੇ ਨਹੀ ਆਇਆ।।**

**ਧਾਰਮਿਕ ਰਸਮਾਂ ਅਤੇ ਕਰਮ ਕਾਂਡਾਂ ਦਾ ਵਿਰੋਧ:** ਕਬੀਰ ਸਾਹਿਬ ਦੇ ਸਮੇਂ ਹਿੰਦੂ ਵੀ ਅਤੇ ਮੁਸਲਮਾਨ ਵੀ ਆਪੋ ਆਪਣੇ ਮਤ ਅਨੁਸਾਰ ਕਾਫ਼ੀ ਧਾਰਮਿਕ ਰਸਮਾਂ ਅਤੇ ਕਰਮ ਕਾਂਡ ਕਰਦੇ ਸਨ। ਕਬੀਰ ਸਾਹਿਬ ਨੇ ਇਨ੍ਹਾਂ ਬਾਹਰੀ ਦਿਖਾਵੇ ਵਾਲੀਆਂ ਸਾਰੀਆਂ ਰਸਮਾਂ ਦਾ ਪੂਰੀ ਨਿਡਰਤਾ ਨਾਲ ਵਿਰੋਧ ਕੀਤਾ।

ਉਨ੍ਹਾਂ ਨੇ ਪਹਿਲਾਂ ਸਨਾਤਨ ਮਤ ਅਤੇ ਜੋਗ ਵਾਲਿਆਂ 'ਤੇ ਸ਼ਬਦਾਂ ਦੇ ਹਮਲੇ ਕੀਤੇ;

**ਨਗਨ ਫਿਰਤ ਜੌ ਪਾਈਐ ਜੋਗੁ।।**
**ਬਨ ਕਾ ਮਿਰਗੁ ਮੁਕਤਿ ਸਭੁ ਹੋਗੁ।।**
**(ਨੰਗੇ ਭਗਤੀ ਕਰਨ ਦਾ ਵਿਰੋਧ)**

ਇਸਲਾਮੀ ਕਰਮ ਕਾਂਡਾਂ ਦਾ ਵਿਰੋਧ: ਭਾਵੇਂ ਭਗਤ ਕਬੀਰ ਜੀ ਦਾ ਪਾਲਣ ਪੋਸ਼ਣ ਇੱਕ ਮੁਸਲਿਮ ਪਰਿਵਾਰ ਵਿੱਚ ਹੋਇਆ ਸੀ, ਪਰ ਉਹ ਸਿਰਫ਼ ਦਿਖਾਵੇ ਦੇ ਕਰਮ ਕਾਂਡਾਂ ਦੇ ਪੂਰਨ ਤੌਰ 'ਤੇ ਵਿਰੋਧੀ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਅਤੇ ਇਹੀ ਉਨ੍ਹਾਂ ਨੇ ਪ੍ਰਚਾਰਿਆ ਵੀ ਕਿ ਸਿਰਫ਼ ਹਿਰਦੇ ਤੋਂ ਪ੍ਰਭੂ ਨਾਲ ਪ੍ਰੀਤ ਚਾਹੀਦੀ ਹੈ, ਉਸ ਤੋਂ ਬਿਨਾਂ ਬਾਕੀ ਸਭ ਕੂੜ ਹੈ, ਝੂਠ ਹੈ। ਇਸਲਾਮੀ ਸ਼ਰਾ ਦੇ ਪਾਬੰਦ ਹੋਣ ਨਾਲੋਂ ਹਿਰਦੇ ਤੋਂ ਪ੍ਰਭੂ ਪ੍ਰੇਮ ਕਰਨਾ ਵਧੇਰੇ ਲਾਹੇਵੰਦ ਹੈ;

**ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥**
**ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ।।**
**(ਬਾਂਗ ਦੇਣ ਦਾ ਵਿਰੋਧ)**

***

**ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ॥**
**ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ॥**
**(ਹੱਜ ਦਾ ਵਿਰੋਧ)**

ਇਸਲਾਮ ਦੀ ਸ਼ਰਾ ਅਨੁਸਾਰ ਔਰਤ ਨੂੰ ਮਰਦ ਵਾਂਗ ਧਾਰਮਿਕ ਕਾਰਜ ਕਰਨ ਦੀ ਇਜਾਜ਼ਤ ਨਹੀ ਹੈ। ਕਬੀਰ ਸਾਹਿਬ ਨੇ ਸਖ਼ਤ ਰੂਪ ਨਾਲ ਇਸ ਦੀ ਆਲੋਚਨਾ ਕੀਤੀ ਹੈ;

**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥**
**ਅਰਧ ਸਰੀਰੀ ਨਾਰਿ ਨਾ ਛੋਡੈ ਤਾਂ ਤੇ ਹਿੰਦੂ ਹੀ ਰਹੀਐ॥**
**(ਸੁੰਨਤ ਦਾ ਵਿਰੋਧ)**

**ਜੀਵਨ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੋਣ ਦੇ ਚਾਹਵਾਨ:** ਕਬੀਰ ਜੀ ਕਿਰਤੀ ਅਤੇ ਮਿਹਨਤੀ ਦੇ ਨਾਲ ਖੜ੍ਹੇ ਹਨ ਅਤੇ ਆਖਦੇ ਹਨ ਕਿ ਜਿੰਨੀ ਦੇਰ ਮੇਰੀ ਕੁੱਲੀ ਗੁੱਲੀ ਜੁੱਲੀ ਦਾ ਠੀਕ ਪ੍ਰਬੰਧ ਨਹੀਂ ਹੈ, ਓਨੀ ਦੇਰ ਮੈਂ ਕਿਸੇ ਵੀ ਰੱਬ ਤੋਂ ਕੀ ਲੈਣਾ ਹੈ? ਉਹ ਅਜਿਹੀ ਭਗਤੀ ਤੋਂ ਤੌਬਾ ਕਰਦੇ ਹਨ;

**ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥**
**(ਪਹਿਲਾਂ ਮੁੱਢਲੀਆਂ ਲੋੜਾਂ ਪੂਰੀਆਂ ਹੋਣ)**

ਜ਼ੁਲਮ ਦੇ ਸ਼ਿਕਾਰ: ਕਬੀਰ ਜੀ 'ਤੇ ਵਕਤ ਦੇ ਹਾਕਮਾਂ ਨੇ ਜ਼ੁਲਮ ਵੀ ਕੀਤਾ ਹੈ। ਉਸ ਸਮੇਂ ਸਿਕੰਦਰ ਖਾਂ ਲੋਧੀ ਰਾਜ ਕਰਦਾ ਸੀ। ਉਨ੍ਹਾਂ ਦੀਆਂ ਬੇਬਾਕੀ ਅਤੇ ਨਿਰਭੈਤਾ ਨਾਲ ਕੀਤੀਆਂ ਸਖ਼ਤ ਟਿੱਪਣੀਆਂ ਦੀ ਸ਼ਿਕਾਇਤ ਰਾਜੇ ਕੋਲ ਕੀਤੀ ਗਈ। ਉਨ੍ਹਾਂ ਨੂੰ ਪਾਣੀ ਵਿੱਚ ਡੁਬੋਇਆ ਗਿਆ, ਫਿਰ ਹਾਥੀ ਅੱਗੇ ਵੀ ਸੁੱਟਿਆ ਗਿਆ, ਪਰ ਸਮੇਂ ਦੇ ਹਾਕਮ ਸੱਚ ਦੀ ਆਵਾਜ਼ ਨੂੰ ਨਹੀਂ ਰੋਕ ਸਕੇ। ਉਹ ਆਪਣੀ ਬਾਣੀ ਵਿੱਚ ਜ਼ਿਕਰ ਕਰਦੇ ਹਨ;

**ਗੰਗ ਗੁਸਾਇਨਿ ਗਹਿਰ ਗੰਭੀਰ॥**
**ਜੰਜੀਰ ਬਾਂਧਿ ਕਰ ਖਰੇ ਕਬੀਰ॥**

***

**ਗੰਗਾ ਕੀ ਲਹਿਰ ਮੇਰੀ ਟੁਟੀ ਜੰਜੀਰ॥**
**ਮ੍ਰਿਗਛਾਲਾ ਪਰ ਬੈਠੇ ਕਬੀਰ॥**

**ਹਿੰਦੂ ਮੁਸਲਮਾਨ ਦੋਹਾਂ ਤੋਂ ਉੱਪਰ:** ਕਬੀਰ ਜੀ ਕਿਸੇ ਵੀ ਪ੍ਰਚੱਲਿਤ ਮਜ਼ਹਬ ਦੀ ਪ੍ਰਸ਼ੰਸਾ ਨਹੀਂ ਕਰਦੇ। ਉਨ੍ਹਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦੇ ਧਰਮਾਂ ਦੀਆਂ ਕੁਰੀਤੀਆਂ, ਕਰਮ ਕਾਂਡਾਂ ਅਤੇ ਦਿਖਾਵਿਆਂ 'ਤੇ ਭਰਵੇਂ ਵਾਰ ਕੀਤੇ ਹਨ। ਉਹ ਹੋਰ ਬਾਣੀਕਾਰਾਂ ਵਾਂਗ ਹੀ ਅਕਾਲ ਪੁਰਖ ਨੂੰ ਸਾਰੇ ਮਜ਼ਹਬਾਂ ਤੋਂ ਉੱਪਰ ਮੰਨਦੇ ਹਨ। ਉਹ ਸਾਫ਼ ਕਹਿੰਦੇ ਹਨ ਕਿ ਹਿੰਦੂਆਂ ਅਤੇ ਮੁਸਲਮਾਨਾਂ ਦਾ ਪ੍ਰਭੂ ਇੱਕ ਹੀ ਹੈ;

**ਹਿੰਦੂ ਤੁਰਕ ਕਾ ਸਾਹਿਬੁ ਏਕ।।**
**ਕਹ ਕਰੈ ਮੁਲਾਂ ਕਹ ਕਰੈ ਸੇਖ।।**

ਉਨ੍ਹਾਂ ਨੇ ਇਨ੍ਹਾਂ ਵਿਚੋਲਿਆਂ ਨੂੰ ਪੂਰਨ ਤੌਰ 'ਤੇ ਹੀ ਛੱਡ ਦਿੱਤਾ;

**ਹਮਰਾ ਝਗਰਾ ਰਹਾ ਨ ਕੋਊ॥**
**ਪੰਡਿਤ ਮੁਲਾਂ ਛਾਡੇ ਦੋਊ॥**
**ਪੰਡਿਤ ਮੁਲਾਂ ਜੋ ਲਿਖਿ ਦੀਆ॥**
**ਛਾਡਿ ਚਲੇ ਹਮ ਕਛੂ ਨ ਲੀਆ॥**

**ਅੰਤਿਮ ਸਮੇਂ ਮਗਹਰ ਵਿੱਚ:** ਬ੍ਰਾਹਮਣਾਂ ਵੱਲੋਂ ਉਸ ਸਮੇ ਲੋਕਾਂ ਵਿੱਚ ਇਹ ਧਾਰਨਾ ਪ੍ਰਚੱਲਿਤ ਕੀਤੀ ਹੋਈ ਸੀ ਕਿ ਜੋ ਕਾਸੀ ਵਿਖੇ ਮਰੇਗਾ, ਉਹ ਮੁਕਤੀ ਪ੍ਰਾਪਤ ਕਰੇਗਾ ਅਤੇ ਜੋ ਮਗਹਰ ਵਿਖੇ ਮਰੇਗਾ, ਉਹ ਮਰਨ ਉਪਰੰਤ ਭਟਕੇਗਾ। ਭਗਤ ਕਬੀਰ ਜੀ ਜਾਣ ਬੁੱਝ ਕੇ ਆਪਣੇ ਅੰਤਿਮ ਸਮੇਂ ਮਗਹਰ ਵਿੱਚ ਗਏ ਅਤੇ ਉੱਥੇ ਜਾ ਕੇ ਪ੍ਰਾਣ ਤਿਆਗੇ। ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਵੀ ਆਪਣੀ ਬਾਣੀ ਵਿੱਚ ਕੀਤਾ ਹੈ;

**ਸਗਲ ਜਨਮੁ ਸਿਵ ਪੁਰੀ ਗਵਾਇਆ॥**
**ਮਰਤੀ ਬਾਰ ਮਗਹਰਿ ਉਠਿ ਆਇਆ॥**

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਦੇ ਜੀਵਨ ਵਿੱਚ ਵੀ ਅਤੇ ਉਨ੍ਹਾਂ ਦੀ ਬਾਣੀ ਵਿੱਚ ਵੀ ਸਥਾਪਿਤ ਨਿਜ਼ਾਮ ਵਿਰੁੱਧ ਭਾਰੀ ਰੋਹ ਸੀ, ਭਾਵੇਂ ਉਹ ਧਾਰਮਿਕ ਅਖਵਾਉਂਦੇ ਪੰਡਿਤ, ਬ੍ਰਾਹਮਣ, ਕਾਜੀ, ਮੌਲਵੀ ਆਦਿ ਜੋ ਵੀ ਸਤਿਕਾਰਯੋਗ ਹਸਤੀਆਂ ਹੋਣ। ਪ੍ਰਭੂ ਦੇ ਪ੍ਰੇਮ ਵਿੱਚ ਰੰਗੇ ਹੋਣ ਕਰਕੇ ਅਤੇ ਉਸ ਦੀ ਬ੍ਰਹਿਮੰਡੀ ਸੋਚ ਨੂੰ ਪੂਰਨ ਸਮਝਣ ਕਾਰਨ ਹੀ ਕਿਸੇ ਦੇ ਅੰਦਰ ਸਥਾਪਿਤ ਤਾਕਤਾਂ ਨੂੰ ਲਲਕਾਰਨ ਦਾ ਹੌਸਲਾ ਆਉਂਦਾ ਹੈ। ਉਨ੍ਹਾਂ ਦੇ ਦੇਹਾਂਤ ਬਾਰੇ ਵੀ ਸਾਰੇ ਵਿਦਵਾਨ ਇਕਸੁਰ ਨਹੀਂ ਹਨ, ਪਰ ਕਬੀਰ ਪੰਥੀਆਂ ਅਨੁਸਾਰ ਉਨ੍ਹਾਂ ਦੀ ਉਮਰ 120 ਸਾਲ ਸੀ ਅਤੇ ਇਸ ਤਰ੍ਹਾਂ ਉਹ 1518 ਈਸਵੀ ਨੂੰ ਮਗਹਰ ਵਿਖੇ ਆਪਣਾ ਸਰੀਰ ਤਿਆਗ ਗਏ। ਉਨ੍ਹਾਂ ਦੀ ਬਾਣੀ ਅੱਜ ਵੀ ਮਨੁੱਖਤਾ ਨੂੰ ਵਿਤਕਰੇ ਭੁਲਾ ਕੇ ਇੱਕ ਪ੍ਰਭੂ ਨਾਲ ਪ੍ਰੀਤ ਕਰਦੇ ਹੋਏ ਆਪਸੀ ਪਿਆਰ ਸਤਿਕਾਰ ਵਧਾਉਣ ਦੀ ਪ੍ਰੇਰਨਾ ਦਿੰਦੀ ਹੈ।

## ਬਰਸੀ 'ਤੇ ਵਿਸ਼ੇਸ਼

# ਪੰਜ ਦਰਿਆਵਾਂ ਦਾ ਸ਼ੇਰ ਮਹਾਰਾਜਾ ਰਣਜੀਤ ਸਿੰਘ

ਪੰਜਾਬ ਪੰਜਾਂ ਦਰਿਆਵਾਂ ਦੀ ਹੀ ਨਹੀਂ ਸਗੋਂ ਗੁਰੂਆਂ, ਪੀਰਾਂ, ਫ਼ਕੀਰਾਂ, ਸੂਫੀਆਂ, ਜੋਗੀਆਂ, ਯੋਧਿਆਂ ਤੇ ਸੂਰਬੀਰਾਂ ਦੀ ਧਰਤੀ ਹੈ। ਜੇ ਦੁਨੀਆ ਦੇ ਨਕਸ਼ੇ ਵਿੱਚੋਂ ਏਸ਼ੀਆ 'ਤੇ ਨਜ਼ਰ ਮਾਰੀਏ ਤਾਂ ਇਹ ਧਰਤੀ ਵਿਸ਼ੇਸ਼ ਰੂਪ ਵਿਚ ਨਜ਼ਰ ਆਉਂਦੀ ਹੈ ਕਿਉਂਕਿ ਪ੍ਰਾਚੀਨ ਸਮਿਆਂ ਵਿਚ ਜਿੱਥੇ ਇਹ ਵਪਾਰਕ ਗਤੀਵਿਧੀਆਂ ਲਈ ਪ੍ਰਸਿੱਧ ਸੀ ਓਥੇ ਭਾਰਤ ਵਰਗੇ ਵੱਡੇ ਭੂ-ਭਾਗ ਲਈ ਦੁਨੀਆ ਦਾ ਪ੍ਰਵੇਸ਼ ਦੁਆਰ ਵੀ ਸੀ। ਇਤਿਹਾਸਕ ਸਮਿਆਂ ਵਿਚ ਸਿਕੰਦਰ ਤੋਂ ਲੈ ਕੇ ਗਜ਼ਨਵੀ ਤਕ ਤੇ ਬਾਬਰ ਤੋਂ ਲੈ ਕੇ ਦੁਰਾਨੀਆਂ ਤਕ ਵਿਦੇਸ਼ੀ ਧਾੜਵੀ ਇਸ ਧਰਤੀ 'ਤੇ ਪੈਰ ਰੱਖ ਕੇ ਇਛਾਵਾਂ ਦੀ ਪੂਰਤੀ ਲਈ ਲਹੂ ਦੇ ਦਰਿਆ ਵਗਾਂਦੇ ਰਹੇ ਪਰ ਇੱਥੋਂ ਦੇ ਯੋਧਿਆਂ ਤੇ ਸਿਰਲੱਥ ਸੂਰਮਿਆਂ ਨੇ ਜਿੱਥੇ ਸਿਕੰਦਰ ਦਾ ਰਾਹ ਰੋਕ ਕੇ ਉਹਨੂੰ ਚਟਾਨੀ ਅਹਿਸਾਸ ਕਰਾਇਆ ਓਥੇ ਗੁਰੂ ਨਾਨਕ ਸਾਹਿਬ ਨੇ ਬਾਣੀ ਰਾਹੀਂ ਸ਼ਬਦ ਦੀ ਤਾਕਤ ਨੂੰ ਸਿਰਮੌਰ ਬਣਾ ਕੇ ਬਾਬਰ ਨੂੰ ਵੰਗਾਰਿਆ।

ਏਸੇ ਪੰਜ ਦਰਿਆਵਾਂ ਦੀ ਧਰਤੀ 'ਤੇ ਗੁਰੂ ਨਾਨਕ ਸਾਹਿਬ ਦੀ ਸ਼ਬਦ ਤੇ ਗੁਰੂ ਗੋਬਿੰਦ ਸਿੰਘ ਦੀ ਸ਼ਸਤਰੀ ਪਰੰਪਰਾ ਨੂੰ ਬਾਦਸ਼ਾਹੀ ਦੇਣ ਵਾਲਾ ਸ਼ਾਸਕ ਰਣਜੀਤ ਸਿੰਘ ਪੈਦਾ ਹੋਇਆ। ਉਹਦੀ ਸ਼ੇਰ ਵਾਲੀ ਭਬਕ ਨੇ ਜਿੱਥੇ ਅਫ਼ਗਾਨਾਂ ਦੇ ਸਾਹ ਸੂਤੇ ਉੱਥੇ ਈਸਟ ਇੰਡੀਆ ਕੰਪਨੀ ਦੇ ਯੂਰਪੀਆਂ ਨੂੰ ਉਹਦੇ ਜਿਉਂਦੇ ਜੀਅ ਇਸ ਭੂਖੰਡ 'ਤੇ ਕਬਜ਼ਾ ਕਰਨ ਦਾ ਹੀਆ ਨਾ ਪਿਆ। ਪਰ ਅੰਤ ਅੰਗਰੇਜ਼ਾਂ ਦੀਆਂ ਚਾਲਾਂ, ਸਾਜ਼ਿਸ਼ਾਂ ਤੇ ਬਦਨੀਤੀਆਂ ਕਰਕੇ ਇਕ ਵਿਸ਼ਾਲ ਖ਼ਾਲਸਾ ਰਾਜ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਗਿਆ।

1780 ਤੋਂ ਲੈ ਕੇ 1839 ਤਕ ਦੇ 59 ਸਾਲ ਸ਼ੇਰੇ ਪੰਜਾਬ, ਮਹਾਰਾਜਾ ਰਣਜੀਤ ਸਿੰਘ ਦੇ ਸਨ। ਇਨ੍ਹਾਂ ਸਾਲਾਂ ਵਿਚ ਪੰਜਾਬ ਦੇ ਇਤਿਹਾਸ ਵਿਚ ਇਕ ਸ਼ਾਨਦਾਰ ਇਤਿਹਾਸਕ ਵਰਤਾਰਾ ਵਰਤਿਆ ਸੀ। ਸਿੱਖ ਕੌਮ, ਜਿਸ ਨੇ 1699 ਤੋਂ ਹੀ ਆਪਣੀ ਸੁਤੰਤਰਤਾ ਲਈ ਹਥਿਆਰਬੰਦ ਸੰਘਰਸ਼ ਸ਼ੁਰੂ ਕੀਤਾ ਹੋਇਆ ਸੀ, ਸੰਘਰਸ਼ ਵਿਚ ਫਤਹਿਯਾਬ ਹੋ ਕੇ ਰਾਜ-ਭਾਗ ਦੀ ਉਸਾਰੀ ਕਰਨ ਵੱਲ ਜੁੱਟ ਗਈ ਸੀ। ਰਾਜ-ਭਾਗ ਦੀ ਸ਼ੁਰੂਆਤ ਮਿਸਲਾਂ ਦੀ ਸਰਦਾਰੀ ਰਾਹੀਂ ਹੋਈ ਸੀ ਪਰ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਵੱਖ-ਵੱਖ ਟੁਕੜਿਆਂ ਨੂੰ ਇਕੱਠਾ ਕਰ ਕੇ ਪੰਜ ਦਰਿਆਵਾਂ ਦੀ ਧਰਤੀ 'ਤੇ ਇਕ ਬਹੁਤ ਹੀ ਵਿਸ਼ਾਲ ਅਤੇ ਤਾਕਤਵਰ ਸਲਤਨਤ ਖੜ੍ਹੀ ਕਰ ਦਿੱਤੀ ਸੀ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਪੰਜ ਦਰਿਆਵਾਂ ਦੀ ਧਰਤੀ ਨੇ ਵਿਸ਼ਵ ਨੂੰ ਇਕ ਸ਼ਾਨਦਾਰ ਬਾਦਸ਼ਾਹਤ ਮੁਹੱਈਆ ਕੀਤੀ ਸੀ। ਪੰਜਾਬ ਦੇ ਪੰਜ ਦਰਿਆਵਾਂ ਦਾ ਵੱਡਾ ਸਮਾਂ ਸਿਰਫ਼ ਹਮਲਾਵਰਾਂ ਦੇ ਜੰਗਾਂ ਯੁੱਧਾਂ ਦੀਆਂ ਤਬਾਹੀਆਂ ਵਿਚ ਹੀ ਗੁਜ਼ਰਿਆ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਜਿਹੜਾ ਪੰਜਾਬ ਜੁਗਾਂ-ਜੁਗਾਂਤਰਾਂ ਤੋਂ ਸਿਰਫ਼ ਜੰਗਾਂ-ਯੁੱਧਾਂ ਦੀ ਭੂਮੀ ਹੀ ਬਣਿਆ ਰਿਹਾ ਸੀ, ਕੀ ਕਦੇ ਇਹ ਧਰਤੀ ਵੀ ਕੌਮਾਂਤਰੀ ਸੰਧੀਆਂ ਅਤੇ ਅਹਿਦਨਾਮਿਆਂ ਨੂੰ ਲਿਖੇ ਜਾਣ ਵਾਲੀ ਬਣ ਜਾਏਗੀ? ਮਹਾਰਾਜਾ ਰਣਜੀਤ ਸਿੰਘ ਨੇ ਇਹ ਗੌਰਵ ਹਾਸਲ ਕੀਤਾ ਸੀ।'

ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਲਾਸਾਨੀ ਦਰਜਾ ਹਾਸਲ ਹੈ, ਜਦੋਂ ਵਿਸ਼ਵ ਇਤਿਹਾਸ ਦਾ ਜ਼ਿਕਰ ਆਉਂਦਾ ਹੈ ਤਾਂ ਸੂਰਬੀਰ ਜੋਧਿਆਂ ਵਜੋਂ ਦੋ ਮਹਾਰਾਜਿਆਂ ਨੂੰ ਇਹ ਰੁਤਬਾ ਹਾਸਲ ਹੁੰਦਾ ਹੈ -ਇਕ ਹੈ ਨੈਪੋਲੀਅਨ ਬੋਨਾਪਾਰਟ ਦੂਜਾ ਮਹਾਰਾਜਾ ਰਣਜੀਤ ਸਿੰਘ। ਉਹਨੇ ਜਾਰਜ ਫਾਰੇਸਟਰ ਦੀ ਉਸ ਭਵਿੱਖ ਬਾਣੀ ਨੂੰ ਸੱਚ ਸਾਬਤ ਕਰ ਦਿੱਤਾ ਸੀ, ਜਿਹੜੀ ਉਹਨੇ ਮਾਰਚ 1783 ਵਿਚ ਆਪਣੇ ਪੱਤਰ ਰਾਹੀਂ ਕੀਤੀ ਸੀ। ਇਸ ਵਿਚ ਉਹਨੇ ਲਿਖਿਆ ਸੀ ਕਿ ਜੇਕਰ ਭਵਿੱਖ ਵਿਚ ਸਾਮਰਾਜ ਅਤੇ ਧਰਮ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਕਿਸੇ ਵੀ ਕਾਰਨ ਸਿੱਖਾਂ ਦੇ ਇਕ-ਜੁੱਟ ਪ੍ਰਯਤਨ ਦੀ ਲੋੜ ਪਈ ਤਾਂ ਸ਼ਾਇਦ ਕੋਈ ਉਤਸ਼ਾਹੀ ਮੁਖੀਆ ਆਪਣੀ ਸਿਆਣਪ ਅਤੇ ਸਫਲਤਾ ਤੋਂ ਪ੍ਰੇਰਨਾ ਲੈ ਕੇ ਅਤੇ ਆਪਣੇ ਸਾਥੀਆਂ ਦੀ ਸ਼ਕਤੀ ਗ੍ਰਹਿਣ ਕਰ ਕੇ ਆਪਣੇ ਖੇਤਰ ਦੇ ਖੰਡਰਾਤਾਂ ਤੋਂ ਰਾਜਤੰਤਰ ਦੇ ਮਿਆਰ ਦਾ ਪ੍ਰਦਰਸ਼ਨ ਕਰੇਗਾ।'

**ਸਾਂਝੇ ਰਾਜ ਦੀਆਂ ਸਿਫ਼ਤਾਂ**

ਮਹਾਰਾਜੇ ਨੇ ਆਪਣੀ ਸਿਆਸੀ ਸੂਝ ਬੂਝ, ਪ੍ਰਬੰਧਕੀ ਯੋਗਤਾ ਤੇ ਰਣਨੀਤੀ ਘਾੜੇ ਵਜੋਂ ਅਜਿਹਾ ਸੰਭਵ ਕਰ ਵਿਖਾਇਆ ਜਿਸਨੇ ਜੰਗਾਂ ਯੁੱਧਾਂ ਦੀ ਇਸ ਧਰਤੀ ਨੂੰ ਅਮਨ, ਚੈਨ ਤੇ ਸ਼ਾਂਤੀ ਦੇ ਖਿੱਤੇ ਵਿਚ ਬਦਲ ਦਿੱਤਾ। ਉਹਨੇ ਸਿੱਖ ਗੁਰੂਆਂ ਦੇ ਆਦਰਸ਼ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਦੇ ਲਿਖਤੀ ਸੰਦੇਸ਼ ਨੂੰ ਅਮਲੀ ਜਾਮਾ ਪਹਿਨਾ ਕੇ ਇਕ ਸਰਬ ਸਾਂਝੇ ਰਾਜ ਦੀ ਨੀਂਹ ਰੱਖੀ। ਇਸ ਸਾਂਝੇ ਰਾਜ ਦੀਆਂ ਸਿਫ਼ਤਾਂ ਦੇ ਗੁਣਗਾਨ ਕਰਦਾ ਸਾਡਾ ਉੱਘਾ ਲੋਕ ਕਵੀ ਸ਼ਾਹ ਮੁਹੰਮਦ ਲਿਖਦਾ ਹੈ -

ਮਹਾਂਬਲੀ ਰਣਜੀਤ ਸਿੰਘ<br>
ਹੋਇਆ ਪੈਦਾ,<br>
ਨਾਲ ਜ਼ੋਰ ਦੇ ਮੁਲਕ ਹਿਲਾ ਗਿਆ।<br>
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,<br>
ਜੰਮੂ, ਕਾਂਗੜਾ, ਕੋਟ,<br>
ਨਿਵਾ ਗਿਆ।<br>
ਹੋਰ ਦੇਸ਼ ਲਦਾਖ ਤੇ ਚੀਨ ਤੋੜੀ<br>
ਸਿੱਕਾ ਆਪਣੇ ਨਾਮ ਚਲਾ ਗਿਆ।<br>
ਸ਼ਾਹ ਮੁਹੰਮਦਾ ਜਾਣ<br>
ਪਚਾਸ ਬਰਸਾਂ<br>
ਅੱਛਾ ਰੱਜ ਕੇ ਰਾਜ ਕਮਾ ਗਿਆ।

ਏਸੇ ਮਹਾਰਾਜੇ ਦੀ ਮੌਤ 'ਤੇ ਉਹ ਹੰਝੂ ਵੀ ਕੇਰਦਾ ਹੈ। ਮਹਾਰਾਜੇ ਦੀ ਮੌਤ ਉਪਰੰਤ ਦਰਬਾਰ ਵਿਚ ਹੋਈ ਬੁਰਛਾਗਰਦੀ ਨੇ ਉਸ ਗੌਰਵਸ਼ਾਲੀ ਸਲਤਨਤ ਨੂੰ ਮੁੜ ਖੇਰੂੰ ਖੇਰੂੰ ਕਰ ਦਿੱਤਾ। ਮਹਿੰਗੇ ਮੁੱਲ ਦੀ ਆਜ਼ਾਦੀ ਬਸਤੀਵਾਦੀ ਸਾਮਰਾਜੀਆਂ ਦੇ ਕਬਜ਼ੇ ਵਿਚ ਆ ਗਈ ਤੇ ਪੰਜਾਬ ਮੁੜ ਇਕ ਨਵੇਂ ਧਾੜਵੀ ਨੂੰ ਵੰਗਾਰਨ ਤੇ ਆਜ਼ਾਦੀ ਪ੍ਰਾਪਤੀ ਦੇ ਰਾਹ ਪੈ ਗਿਆ ਜਿਸਦੇ ਸਿੱਟੇ ਵਜੋਂ ਇਹਦੇ ਟੋਟੇ-ਟੋਟੇ ਹੋ ਗਏ, ਇਹ ਖੰਡ ਖੰਡ ਹੋ ਕੇ ਬਿਖਰ ਗਿਆ ਤੇ ਇਤਿਹਾਸ ਦੇ ਪੰਨਿਆਂ ਨੂੰ ਲਹੂ ਲੁਹਾਨ ਕਰ ਗਿਆ। ਮਹਾਰਾਜਾ ਰਣਜੀਤ ਸਿੰਘ ਦੀਆਂ ਰਗਾਂ ਵਿਚ ਯੋਧਿਆਂ ਦਾ ਖ਼ੂਨ ਦੌੜਦਾ ਸੀ। ਉਹਦਾ ਪਹਿਲਾ ਵੱਡਾ ਵਡੇਰਾ ਸਰਦਾਰ ਬੁੱਢਾ ਸਿੰਘ ਸੀ ਜਿਹੜਾ ਇਕ ਸਾਧਾਰਣ ਹਾਲੀ ਤੋਂ ਗੁਰੂ ਗੋਬਿੰਦ ਸਿੰਘ ਦੀ ਪਾਰਸ ਛੋਹ ਨਾਲ ਗੁਰੂ ਜੀ ਦੇ ਸੰਤ ਸਿਪਾਹੀ ਦੇ ਰੂਪ ਵਿਚ ਪਰਿਵਰਤਤ ਹੋ ਗਿਆ। ਉਹ ਸ਼ੁੱਕਰਚੱਕ ਪਿੰਡ ਦਾ ਵਸਨੀਕ ਸੀ। ਉਹ ਸਤਵੇਂ ਗੁਰੂ ਹਰਿ ਰਾਏ ਸਾਹਿਬ ਦੀ ਪ੍ਰੇਰਨਾ ਨਾਲ ਸਿੱਖੀ ਦੇ ਲੜ ਲੱਗਿਆ। ਉਹ ਇਕ ਬਹਾਦਰ ਅਤੇ ਵੱਡ-ਜੋਧਾ ਸੀ।

ਕਿਹਾ ਜਾਂਦਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਨਾਲ ਲੜਾਈਆਂ ਵਿਚ ਵੀ ਜੌਹਰ ਦਿਖਾਂਦਾ ਰਿਹਾ। ਉਹ ਇਕ ਮਹਾਂ-ਸ਼ਕਤੀਸ਼ਾਲੀ ਯੋਧਾ ਸੀ ਜਿਸਨੇ ਆਪਣੇ ਜਿਸਮ 'ਤੇ ਤਲਵਾਰ ਦੇ ਤੀਹ ਜ਼ਖ਼ਮ ਤੇ ਬੰਦੂਕ ਦੇ ਨੌਂ ਜ਼ਖ਼ਮ ਹੰਢਾਏ ਸਨ। ਉਹ ਆਪਣੀ ਚਿੱਤਕਬਰੀ ਘੋੜੀ ਨੂੰ ਅੰਤਾਂ ਦਾ ਪਿਆਰ ਕਰਦਾ ਸੀ, ਜੋ ਯੁੱਧ ਵਿਚ ਉਹਦੀ ਹਮਸਫ਼ਰ ਬਣਦੀ ਸੀ। ਉਹਦਾ ਨਾਂ 'ਦੇਸੀ' ਸੀ, ਜਿਸ 'ਤੇ ਸਵਾਰ ਹੋ ਕੇ ਇਸ ਜੋਧੇ ਨੇ ਕੋਈ ਪੰਜਾਹ ਵਾਰੀ ਰਾਵੀ, ਜੇਲ੍ਹਮ ਤੇ ਝਨਾਂ ਦਰਿਆ ਟੱਪੇ ਸਨ।

**ਵਿਰਾਸਤ ਦਾ ਵਾਰਸ**

1718 ਵਿਚ ਬੁੱਢਾ ਸਿੰਘ ਦੀ ਮੌਤ ਹੋ ਗਈ ਤੇ ਉਹਨੇ ਆਪਣੀ ਵਿਰਾਸਤ ਆਪਣੇ ਦੋ ਪੁੱਤਰਾਂ ਨੌਧ ਸਿੰਘ ਅਤੇ ਚੰਦਾ ਸਿੰਘ ਦੇ ਨਾਂ ਕਰ ਦਿੱਤੀ। ਇਨ੍ਹਾਂ ਵਿੱਚੋਂ ਚੰਦਾ ਸਿੰਘ ਸੰਧਾਂਵਾਲੀਏ ਸਰਦਾਰਾਂ ਦਾ ਵਡੇਰਾ ਸੀ। ਨੌਧ ਸਿੰਘ ਨੇ 1749 ਵਿਚ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਅਹਿਮਦ ਸ਼ਾਹ ਅਬਦਾਲੀ ਦਾ ਪਿੱਛਾ ਕੀਤਾ ਤੇ ਉਹਦੇ ਨਾਲ ਦੋ-ਦੋ ਹੱਥ ਕੀਤੇ। 1752 ਵਿਚ ਮਜੀਠੇ ਨੇੜੇ ਅਫਗਾਨ ਸੰਘਰਸ਼ ਵਿਚ ਇਹ ਜੋਧਾ ਵੀਰਗਤੀ ਨੂੰ ਪ੍ਰਾਪਤ ਹੋਇਆ। ਉਹਦੇ ਚਾਰਾਂ ਪੁੱਤਰਾਂ ਵਿੱਚੋਂ ਚੜ੍ਹਤ ਸਿੰਘ ਸਭ ਤੋਂ ਵੱਡਾ ਤੇ ਉਹਦੀ ਵਿਰਾਸਤ ਦਾ ਵਾਰਸ ਸੀ। ਇਤਿਹਾਸ ਵਿਚ ਇਹ ਸਮਾਂ ਸਿੱਖ ਮਿਸਲਾਂ ਦੀ ਚੜ੍ਹਤ ਦਾ ਸੀ। ਚੜ੍ਹਤ ਸਿੰਘ ਨੇ ਛੇਤੀ ਹੀ ਸ਼ੁਕਰਚੱਕੀਆ ਮਿਸਲ ਦੀ ਕਮਾਨ ਸੰਭਾਲ ਲਈ ਤੇ ਗੁਜਰਾਂਵਾਲੇ ਨੂੰ ਆਪਣੀ ਛਾਉਣੀ ਬਣਾ ਲਿਆ। ਉਹਨੇ ਆਸ ਪਾਸ ਦੇ ਇਲਾਕਿਆਂ ਵਿਚ ਆਪਣਾ ਸਿੱਕਾ ਕਾਇਮ ਕਰਨ ਲਈ ਏਮਨਾਬਾਦ ਦੇ



ਅੱਤਿਆਚਾਰੀ ਹਾਕਮ ਨੂੰ ਸਖ਼ਤ ਸਜ਼ਾ ਦਿੱਤੀ ਤੇ ਲਾਹੌਰ ਦੇ ਖ਼ੁਆਜ਼ਾ ਆਬਿਦ ਤੋਂ ਗੁਜਰਾਂਵਾਲੇ ਨੂੰ ਬਚਾ ਲਿਆ। ਨਾਲ ਹੀ ਅਹਿਮਦ ਸ਼ਾਹ ਦੁਰਾਨੀ ਦੇ ਫ਼ੌਜੀ ਕਮਾਂਡਰ ਨੂਰਦੀਨ ਬਾਮੇਜ਼ੀ 'ਤੇ ਪ੍ਰਾਪਤ ਕੀਤੀ ਇਤਿਹਾਸਕ ਜਿੱਤ ਨੇ ਉਹਨੂੰ ਇਕ ਸ਼ਾਨਦਾਰ ਜੋਧੇ ਦੇ ਰੁਤਬੇ ਵਿਚ ਪ੍ਰਸਿੱਧ ਕਰ ਦਿੱਤਾ। ਜਲਦੀ ਹੀ ਉਹਨੇ ਨਵੀਆਂ ਮੁਹਿੰਮਾਂ ਛੇੜ ਲਈਆਂ ਤੇ ਖਿਓੜਾ ਤੇ ਮਿਆਣੀ ਦੀਆਂ ਲੂਣ ਦੀਆਂ ਪ੍ਰਸਿੱਧ ਖਾਣਾਂ ਸਮੇਤ ਵਜ਼ੀਰਾਬਾਦ, ਰਾਮ ਨਗਰ, ਸਿਆਲਕੋਟ, ਰੋਹਤਾਸ, ਪਿੰਡ ਦੱਦਣ ਖਾਨ ਅਤੇ ਧੰਨੀ ਪੋਠੋਹਾਰ ਦੇ ਵੱਡੇ ਇਲਾਕੇ ਨੂੰ ਜਿੱਤ ਕੇ ਸ਼ੁਕਰਚੱਕੀਆ ਮਿਸਲ

**- ਪਰਮਜੀਤ ਢੀਂਗਰਾ**

ਦੇ ਝੰਡੇ ਗੱਡ ਦਿੱਤੇ। ਉਹਦੀ ਮੌਤ ਤੋਂ ਬਾਅਦ ਉਹਦੀ ਮਿਸਲ ਦੀ ਕਮਾਨ ਉਹਦੇ ਦਸਾਂ ਸਾਲਾਂ ਦੇ ਪੁੱਤਰ ਮਹਾਂ ਸਿੰਘ ਦੇ ਹੱਥਾਂ 'ਚ ਆ ਗਈ।

ਮਹਾਨ ਜੋਧੇ ਚੜ੍ਹਤ ਸਿੰਘ ਦੀ ਵਿਧਵਾ ਮਾਈ ਦੇਸਾਂ ਬੜੀ ਸਿਆਣੀ, ਸੁਘੜ ਅਤੇ ਕਾਬਲੀਅਤ ਵਾਲੀ ਬਹਾਦਰ ਔਰਤ ਸੀ। ਉਹਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਪਤੀ ਦੇ ਜਿੱਤੇ ਇਲਾਕਿਆਂ ਨੂੰ ਕਬਜ਼ੇ ਵਿਚ ਰੱਖਣ ਲਈ ਉਹਨੂੰ ਆਸ-ਪਾਸ ਦੇ ਰਾਜਿਆਂ ਨਾਲ ਸਬੰਧ ਬਣਾਉਣ ਤੇ ਉਨ੍ਹਾਂ ਦੇ ਸੰਗ ਸਾਥ ਦੀ ਲੋੜ ਸੀ। ਏਸੇ ਕਰਕੇ ਉਹਨੇ ਆਪਣੀ ਲੜਕੀ ਰਾਜ ਕੌਰ ਗੁਜਰਾਤ ਦੇ ਸਾਹਿਬ ਸਿੰਘ ਭੰਗੀ ਨਾਲ ਵਿਆਹ ਦਿੱਤੀ ਤੇ ਜੀਂਦ ਦੇ ਰਾਜੇ ਗਜਪਤ ਸਿੰਘ ਦੀ ਲੜਕੀ ਰਾਜ ਕੌਰ ਨਾਲ ਆਪਣੇ ਲੜਕੇ ਮਹਾਂ ਸਿੰਘ ਦਾ ਵਿਆਹ ਕਰ ਦਿੱਤਾ। ਇੰਜ ਦੋ ਪ੍ਰਸਿੱਧ ਮਿਸਲਾਂ ਭੰਗੀ ਤੇ ਫੂਲਕੀਆ ਨਾਲ ਪਰਿਵਾਰਕ ਰਿਸ਼ਤੇ ਜੋੜ ਕੇ ਉਹਨੇ ਜਿੱਥੇ ਹਮਦਰਦੀ ਹਾਸਲ ਕੀਤੀ ਓਥੇ ਆਪਣਾ ਇਕ ਕਵਚ ਵੀ ਤਿਆਰ ਕਰ ਲਿਆ। ਉਹਨੇ ਗੁਜਰਾਂਵਾਲੇ ਕਿਲ੍ਹੇ ਨੂੰ ਮਜ਼ਬੂਤ ਕੀਤਾ ਤੇ ਉਹਦਾ ਵਿਸਥਾਰ ਕੀਤਾ।

ਹੁਣ ਵਾਰੀ ਮਹਾਂ ਸਿੰਘ ਦੀ ਸੀ। ਉਹਨੇ ਨੂਰਦੀਨ ਬਾਮੇਜ਼ੀ ਖ਼ਿਲਾਫ਼ ਮੁਹਿੰਮ ਦੀ ਅਗਵਾਈ ਕੀਤੀ ਤੇ ਰੋਹਤਾਸ 'ਤੇ ਕਬਜ਼ਾ ਕਰਕੇ ਕੋਟਲੀ ਲੁਹਾਰਾਂ ਨੂੰ ਵੀ ਜਿੱਤ ਲਿਆ। ਤਿੰਨ ਸਾਲਾਂ ਬਾਅਦ ਉਹਨੇ ਚੱਠਿਆਂ ਦਾ ਖ਼ਾਤਮਾ ਕਰਕੇ ਉਨ੍ਹਾਂ ਦੇ ਸ਼ਹਿਰ ਅਲੀਪੁਰ ਦਾ ਨਾਂ ਬਦਲ ਕੇ ਅਕਾਲਗੜ੍ਹ ਰਖਿਆ। ਉਹਨੇ ਵੀ ਆਪਣੇ ਵਡੇਰਿਆਂ ਵਾਂਗ ਆਪਣੀ ਮਿਸਲ ਦੀ ਚੜ੍ਹਤ ਕਾਇਮ ਰੱਖਣ ਲਈ ਲਗਾਤਾਰ ਮੁਹਿੰਮਾਂ ਵਿੱਢੀ ਰੱਖੀਆਂ। ਉਹਨੇ ਆਪਣੀ ਤਾਕਤ ਤੇ ਸੋਮਿਆਂ ਨਾਲ ਆਪਣੇ ਹਥਿਆਰ ਪਿੰਡੀ ਭੱਟੀਆਂ, ਸਾਹੀਵਾਲ ਤੇ ਈਸਾ ਖੇਲ ਵਿਚ ਰਖੇ। 1782 ਵਿਚ ਉਹਨੇ ਜੰਮੂ 'ਤੇ ਚੜ੍ਹਾਈ ਕੀਤੀ। ਉਸ ਸਮੇਂ ਮਿਸਲਾਂ ਵਿਚ ਵੀ ਖਿੱਚੋਤਾਣ ਚਲਦੀ ਰਹਿੰਦੀ ਸੀ। ਅੜੀਅਲ ਸੁਭਾਅ ਕਾਰਨ ਸਰਦਾਰ ਜੈ ਸਿੰਘ ਘਨੱਈਏ ਦੇ ਸਬੰਧ ਸ਼ੁੱਕਰਚੱਕੀਆਂ ਨਾਲ ਵਿਗੜ ਗਏ। ਪਰ ਦੋਹਾਂ ਮਿਸਲਾਂ ਦੇ ਸਬੰਧ, ਗੁਰਬਖ਼ਸ਼ ਸਿੰਘ ਦੀ ਵਿਧਵਾ ਸਦਾ ਕੌਰ ਦੇ ਜਤਨਾਂ ਨਾਲ ਆਪਣੀ ਲੜਕੀ ਮਹਿਤਾਬ ਕੌਰ ਦਾ ਸਾਕ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਜੋੜ ਕੇ, ਸਦਾ ਲਈ ਪੱਕੇ ਕਰ ਦਿੱਤੇ।

ਇਹ ਵੀ ਇਤਫਾਕ ਹੀ ਹੈ ਕਿ ਗੁੱਜਰ ਸਿੰਘ ਭੰਗੀ ਦੀ ਮੌਤ 'ਤੇ ਉਹਦੇ ਪੁੱਤਰ ਸਾਹਿਬ ਸਿੰਘ ਨਾਲ ਮਹਾਂ ਸਿੰਘ ਦੇ ਮੱਤ ਭੇਦ ਪੈਦਾ ਹੋ ਗਏ ਤੇ ਉਹਨੇ ਉਹਨੂੰ ਸੋਹਦਰਾ ਦੇ ਕਿਲ੍ਹੇ ਵਿਚ ਸ਼ਰਨ ਲੈਣ ਲਈ ਮਜਬੂਰ ਕਰ ਦਿੱਤਾ। ਏਥੇ ਹੀ 1790 ਵਿਚ ਮਹਾਂ ਸਿੰਘ ਅਚਾਨਕ ਬਿਮਾਰ ਹੋ ਗਿਆ ਤੇ ਆਪਣੀ ਮਿਸਲ ਦੀ ਕਮਾਨ ਆਪਣੇ ਬਾਪ ਵਾਂਗ ਦਸਾਂ ਸਾਲਾਂ ਦੇ ਪੁੱਤ ਨੂੰ ਸੌਂਪ ਆਪ ਗੁਜਰਾਂਵਾਲੇ ਵਿਖੇ ਇਸ ਜਹਾਨ ਤੋਂ ਰੁਖਸਤ ਹੋ ਗਿਆ।

**ਰਣ ਤੱਤੇ ਦਾ ਜੇਤੂ ਸ਼ੇਰ**

ਸ਼ੁੱਕਰਚੱਕੀਆ ਮਿਸਲ ਦੇ ਮਹਾਂ ਸਿੰਘ ਦੇ ਇਕਲੌਤੇ ਪੁੱਤਰ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਬੀਬੀ ਰਾਜ ਕੌਰ, ਜਿਸਨੂੰ ਮਾਈ ਮਲਵੈਣ ਵੀ ਕਿਹਾ ਜਾਂਦਾ ਸੀ, ਦੀ ਕੁੱਖੋਂ ਹੋਇਆ। ਪਹਿਲਾਂ ਇਸ ਬਾਲਕ ਦਾ ਨਾਂ ਬੁੱਧ ਸਿੰਘ ਰਖਿਆ ਗਿਆ ਪਰ ਪਿਤਾ ਦੀਆਂ ਯੁੱਧ-ਮੁਹਿੰਮਾਂ ਕਰਕੇ ਉਹਦਾ ਨਾਂ ਬਦਲ ਕੇ ਰਣਜੀਤ ਸਿੰਘ ਅਥਵਾ ਰਣ ਤੱਤੇ ਦਾ ਜੇਤੂ ਸ਼ੇਰ ਰੱਖ ਦਿੱਤਾ ਗਿਆ। ਬਚਪਨ ਵਿਚ ਹੀ ਚੇਚਕ ਵਰਗੀ ਭਿਆਨਕ ਬਿਮਾਰੀ ਨੇ ਬਾਲਕ 'ਤੇ ਹਮਲਾ ਕਰਕੇ ਉਹਦੇ ਚਿਹਰੇ 'ਤੇ ਚੇਚਕ ਦੇ ਦਾਗ਼ ਪਾ ਦਿੱਤੇ ਤੇ ਖੱਬੀ ਅੱਖ ਨੂੰ ਨੁਕਸਾਨ ਪਹੁੰਚਾ ਕੇ ਉਹਨੂੰ ਕਰੂਪ ਕਰ ਦਿੱਤਾ। ਪਰ ਇਸ ਕਰੂਪਤਾ ਪਿੱਛੇ ਇਕ ਜੇਤੂ ਗੌਰਵ ਸੀ ਜਿਸਨੇ ਇਤਿਹਾਸ ਦੇ ਪੰਨਿਆਂ 'ਤੇ ਉਹਨੂੰ ਸਦਾ ਲਈ ਮਾਨਵ ਹਿਤੈਸ਼ੀ ਮਹਾਰਾਜੇ ਵਜੋਂ ਅਮਰ ਸਥਾਨ ਦਿਵਾ ਦਿੱਤਾ।

ਬਚਪਨ ਵਿਚ ਬਾਲਕ ਰਣਜੀਤ ਸਿੰਘ ਨੂੰ ਪੜ੍ਹਨ ਲਈ ਭਾਈ ਭਾਗੂ ਸਿੰਘ ਕੋਲ ਗੁਜਰਾਵਾਲੇ ਉਹਦੀ ਧਰਮਸ਼ਾਲਾ ਵਿਚ ਭੇਜਿਆ ਗਿਆ ਪਰ ਪੜ੍ਹਾਈ ਵਿਚ ਉਹਦੀ ਬਹੁਤੀ ਰੁਚੀ ਨਹੀਂ ਸੀ। ਏਸ ਕਰਕੇ ਉਹ ਪੜ੍ਹ ਨਾ ਸਕਿਆ। ਪਰ ਇਹ ਵੀ ਇਕ ਇਤਫਾਕ ਹੈ ਕਿ ਜਦੋਂ ਉਹਨੇ ਰਾਜ ਭਾਗ ਦੀ ਵਾਗ ਡੋਰ ਸੰਭਾਲੀ ਤਾਂ ਸਭ ਤੋਂ ਵੱਧ ਜ਼ੋਰ ਸਿੱਖਿਆ 'ਤੇ ਦਿਤਾ ਤੇ ਉਹਦੇ ਰਾਜ ਵਿਚ ਸਾਖਰਤਾ ਦਰ ਬਹੁਤ ਜ਼ਿਆਦਾ ਸੀ। ਇਹ ਸਮੇਂ ਜੰਗਾਂ ਯੁੱਧਾਂ ਦੇ ਸਨ ਤੇ ਹਰ ਮਿਸਲ ਆਪਣੀ ਸਥਾਪਤੀ ਲਈ ਯੁੱਧ ਕਲਾ 'ਤੇ ਜ਼ੋਰ ਦੇਂਦੀ ਸੀ। ਏਸੇ ਕਰਕੇ ਬਾਲਕ ਰਣਜੀਤ ਸਿੰਘ ਨੇ ਬਚਪਨ ਵਿਚ ਹੀ ਘੋੜ ਸਵਾਰੀ ਤੇ ਸ਼ਸ਼ਤਰਾਂ ਦੇ ਕਰਤੱਬ ਸਿੱਖਣ ਵਿਚ ਵਧੇਰੇ ਦਿਲਚਸਪੀ ਦਿਖਾਈ।

ਆਪਣੇ ਪਿਤਾ ਦੀ ਮੌਤ ਸਮੇਂ ਉਹਦੀ ਉਮਰ ਅਜੇ ਨਿਆਣੀ ਸੀ। ਇਸ ਕਰਕੇ ਉਹਦੀ ਮਾਤਾ ਦੀਵਾਨ ਲੱਖਪਤ ਰਾਏ ਦੀ ਸਹਾਇਤਾ ਨਾਲ ਕਾਇਮ ਮੁਕਾਮ ਹਾਕਮ ਬਣ ਗਈ। ਉਹਨੇ ਸਾਰੀ ਪ੍ਰਬੰਧਕੀ ਵਾਗ-ਡੋਰ ਆਪਣੇ ਹੱਥ ਲੈ ਲਈ ਤੇ ਸਾਰੇ ਪ੍ਰਬੰਧਾਂ ਨੂੰ ਅਜਿਹੀ ਯੋਗਤਾ ਨਾਲ ਅੰਜਾਮ ਦਿੱਤਾ ਕਿ ਉਹਦੀ ਚੰਗੀ ਪੈਂਠ ਬਣ ਗਈ।

ਇਨ੍ਹਾਂ ਦਿਨਾਂ ਵਿਚ ਹਸ਼ਮਤ ਖ਼ਾਨ ਚੱਠੇ ਨੇ ਮਹਾਂ ਸਿੰਘ ਹੱਥੋਂ ਹੋਈ ਆਪਣੀ ਹਾਰ ਤੇ ਅਪਮਾਨ ਦਾ ਬਦਲਾ ਲੈਣ ਦੀ ਠਾਣ ਲਈ। ਉਹਨੇ ਰਣਜੀਤ ਸਿੰਘ 'ਤੇ ਜਾਨ ਲੇਵਾ ਹਮਲਾ ਕਰ ਦਿੱਤਾ। ਅਸਲ ਵਿਚ ਰਣਜੀਤ ਸਿੰਘ ਸ਼ਿਕਾਰ ਖੇਡਦਾ ਦੂਰ ਨਿਕਲ ਗਿਆ ਤੇ ਸਾਥੀਆਂ ਨਾਲੋਂ ਵਿਛੜ ਗਿਆ। ਅਚਾਨਕ ਚੱਠਾ ਸਰਦਾਰ ਆਪਣੀ ਲੁਕਣ ਵਾਲੀ ਥਾਂ ਤੋਂ ਨਿਕਲ ਆਇਆ ਤੇ ਉਹਨੇ ਰਣਜੀਤ ਸਿੰਘ 'ਤੇ ਹਮਲਾ ਕਰ ਦਿੱਤਾ। ਵਾਰ ਕੇਵਲ ਉਹਦੇ ਕਮਰਬੰਦ ਨੂੰ ਕੱਟਦਾ ਹੋਇਆ ਨਾਕਾਮ ਹੋ ਗਿਆ ਤੇ ਰਣਜੀਤ ਸਿੰਘ ਨੇ ਫੁਰਤੀ ਨਾਲ ਉਸ 'ਤੇ ਘਾਤਕ ਵਾਰ ਕਰ ਕੇ ਉਹਨੂੰ ਥਾਏਂ ਚਿੱਤ ਕਰ ਦਿੱਤਾ।

1796 ਵਿਚ 16 ਵਰ੍ ?ਆਂ ਦੀ ਉਮਰੇ ਉਹਦਾ ਵਿਆਹ ਬਟਾਲੇ ਵਿਖੇ ਘਨੱਈਏ ਮਿਸਲ ਦੀ ਮੁਖੀ ਮਾਤਾ ਸਦਾ ਕੌਰ ਦੀ ਪੁੱਤਰੀ ਮਹਿਤਾਬ ਕੌਰ ਨਾਲ ਹੋਇਆ। ਕਾਬਲ ਦੇ ਬਾਦਸ਼ਾਹ ਸ਼ਾਹ ਜਮਾਨ ਨੇ ਏਸੇ ਸਮੇਂ ਭਾਰਤ ਵਿਚ ਮੁੜ ਦੁਰਾਨੀ-ਸੱਤਾ ਸਥਾਪਤ ਕਰਨ ਲਈ ਜਤਨ ਕੀਤੇ ਤੇ 1797 ਵਿਚ ਲਾਹੌਰ ਸ਼ਹਿਰ 'ਤੇ ਕਬਜ਼ਾ ਕਰ ਲਿਆ ਪਰ ਮਿਸਲਾਂ ਨੇ ਛੇਤੀ ਹੀ ਉਹਨੂੰ ਵਾਪਸੀ ਵਾਲੇ ਰਾਹ ਤੋਰ ਦਿੱਤਾ। ਸਿੱਖਾਂ ਹੱਥੋਂ ਆਪਣੇ ਸੈਨਾਪਤੀ ਅਹਿਮਦ ਖ਼ਾਨ ਸ਼ਹਾਨਚੀ ਦੀ ਕਰਾਰੀ ਹਾਰ ਅਤੇ ਉਹਦੀ ਮੌਤ ਤੋਂ ਬਾਅਦ ਸ਼ਾਹ ਜਮਾਨ ਨੇ 1798 ਵਿਚ ਫਿਰ ਪੰਜਾਬ 'ਤੇ ਹੱਲਾ ਬੋਲਿਆ। ਉਹਨੇ ਫਿਰ ਲਾਹੌਰ 'ਤੇ ਹਮਲਾ ਕਰਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਸੋਹਣ ਲਾਲ ਸੂਰੀ ਤੇ ਬੂਟੇ ਸ਼ਾਹ ਨੇ ਆਪਣੇ ਰੋਜ਼ਨਾਮਚਿਆਂ ਵਿਚ ਲਿਖਿਆ ਹੈ।

ਰਣਜੀਤ ਸਿੰਘ ਨੇ ਇਸ ਸਮੇਂ ਸੀਮਤ ਗਿਣਤੀ ਵਿਚ ਸਰਦਾਰਾਂ ਨੂੰ ਲੈ ਕੇ ਕਿਲ੍ਹੇ ਦੇ ਸਮਨ ਬੁਰਜ 'ਤੇ ਤਿੰਨ ਵਾਰ ਚੜ੍ਹਾਈ ਕੀਤੀ। ਫਾਇਰ ਕੀਤੇ, ਕਈ ਅਫਗਾਨੀਆਂ ਨੂੰ ਮਾਰਿਆ ਅਤੇ ਜ਼ਖ਼ਮੀ ਕੀਤਾ। ਸ਼ਾਹ ਜ਼ਮਾਨ ਨੂੰ ਆਹਮੋ-ਸਾਹਮਣੇ ਲੜਾਈ ਲਈ ਵੰਗਾਰਦੇ ਹੋਏ ਰਣਜੀਤ ਸਿੰਘ ਨੇ ਕਿਹਾ 'ਆ ਜਾ ਓਏ ਅਹਿਮਦ ਸ਼ਾਹ ਦਿਆ ਪੋਤਰਿਆ, ਅੱਜ ਤੈਨੂੰ ਮਹਾਨ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਨਾਲ ਦੋ ਦੋ ਹੱਥ ਅਜ਼ਮਾਉਣੇ ਪੈਣਗੇ ਤੇ ਪਤਾ ਲੱਗ ਜਾਏਗਾ ਕਿਹੜਾ ਵੱਡਾ ਸੂਰਮਾ ਹੈ,' ਪਰ ਦੂਜੇ ਪਾਸਿਓਂ ਕੋਈ ਉਤਰ ਨਾ ਆਇਆ। ਸ਼ਾਹ ਜ਼ਮਾਨ ਮਹਾਰਾਜੇ ਤੋਂ ਡਰਦਾ ਹੀ ਵਾਪਸ ਪਰਤ ਗਿਆ।

ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਸਾਰਾ ਸਮਾਂ ਜੰਗਾਂ ਯੁੱਧਾਂ ਦੀਆਂ ਮੁਹਿੰਮਾਂ ਤੇ ਆਪਣੇ ਰਾਜ ਦੇ ਵਿਸਥਾਰ ਵਿਚ ਬੀਤਿਆ। ਸਭ ਤੋਂ ਪਹਿਲਾਂ ਤਾਂ ਉਹਨੇ ਸਿੱਖ ਮਿਸਲਾਂ ਨੂੰ ਇਕੱਠਿਆਂ ਕਰ ਕੇ ਆਪਣਾ ਸਿੱਕਾ ਜਮਾਇਆ। 7 ਜੁਲਾਈ, 1799 ਵਿਚ ਭੰਗੀ ਸਰਦਾਰਾਂ ਵਲੋਂ ਬਿਨਾਂ ਕਿਸੇ ਉਜਰ ਦੇ ਉਹ ਲਾਹੌਰ 'ਤੇ ਕਾਬਜ਼ ਹੋ ਗਿਆ। ਏਸੇ ਤਰ੍ਹਾਂ ਬੁੱਧੂ ਦੇ ਆਵੇ ਕੋਲੋਂ ਉਹਨੂੰ ਖ਼ਜ਼ਾਨਾ ਮਿਲਿਆ। ਫਿਰ ਉਹਨੇ ਜੰਮੂ, ਮੀਰੋਵਾਲ, ਨਾਰੋਵਾਲ ਅਤੇ ਜੱਸਰਵਾਲ ਨੂੰ ਜਿੱਤ ਲਿਆ। 1801 ਦੇ ਅਰੰਭ ਵਿਚ ਉਹਦੇ ਪਹਿਲੇ ਸ਼ਹਿਜ਼ਾਦੇ ਖੜਕ ਸਿੰਘ ਦਾ ਜਨਮ ਹੋਇਆ।

**ਅੰਮ੍ਰਿਤਸਰ ਦੀ ਸੰਧੀ**

ਅੰਮ੍ਰਿਤਸਰ ਦੀ ਸੰਧੀ ਮਹਾਰਾਜੇ ਦੀ ਜ਼ਿੰਦਗੀ ਦੀ ਅਹਿਮ ਘਟਨਾ ਸੀ। ਮਹਾਰਾਜਾ ਬ੍ਰਿਟਿਸ਼ ਸਾਮਰਾਜ ਦੀਆਂ ਚਾਲਾਂ ਤੋਂ ਜਾਣੂ ਸੀ। ਉਸਨੂੰ ਆਪਣੇ 'ਤੇ ਉਨ੍ਹਾਂ ਦਾ ਖ਼ਤਰਾ ਮੰਡਰਾ ਰਿਹਾ ਮਹਿਸੂਸ ਹੋ ਰਿਹਾ ਸੀ ਕਿਉਂਕਿ ਮਹਾਰਾਜੇ ਦੇ ਦ੍ਰਿੜ ਇਰਾਦੇ ਨੂੰ ਦੇਖਦੇ ਹੋਏ ਬ੍ਰਿਟਿਸ਼ ਸਰਕਾਰ ਕਿਸੇ ਵੇਲੇ ਵੀ ਕਸੂਰ, ਮੁਲਤਾਨ ਅਤੇ ਝੰਗ ਦੇ ਸ਼ਾਸਕਾਂ ਨੂੰ ਸੁਰੱਖਿਆ ਦੇ ਸਕਦੀ ਸੀ। ਇਸ ਨੂੰ ਧਿਆਨ ਵਿਚ ਰੱਖਦਿਆਂ ਹੀ ਮਹਾਰਾਜੇ ਨੇ 25 ਮਾਰਚ, 1809 ਨੂੰ ਅੰਮ੍ਰਿਤਸਰ ਸੰਧੀ ਕਰਨ ਦੀ ਅਕਲਮੰਦੀ ਕੀਤੀ। ਇਸ ਸੰਧੀ ਦੀਆਂ ਕੁਝ ਪ੍ਰਮੁੱਖ ਸ਼ਰਤਾਂ ਸਨ :

ਬ੍ਰਿਟਿਸ਼ ਸਰਕਾਰ ਤੇ ਲਾਹੌਰ ਦਰਬਾਰ ਵਿਚ ਸਥਾਈ ਮਿੱਤਰਤਾ ਕਾਇਮ ਰਹੇਗੀ। ਲਾਹੌਰ ਰਾਜ ਨੂੰ ਸਭ ਤੋਂ ਵੱਧ ਨਿਵਾਜਿਆ ਜਾਵੇਗਾ ਤੇ ਬ੍ਰਿਟਿਸ਼ ਸਰਕਾਰ ਸਤਲੁਜ ਦਰਿਆ ਦੇ ਉੱਤਰ ਵਿਚ ਮਹਾਰਾਜੇ ਦੇ ਇਲਾਕਿਆਂ ਤੇ ਜਨਤਾ ਨਾਲ ਕੋਈ ਸਰੋਕਾਰ ਨਹੀਂ ਰੱਖੇਗੀ। ਦਰਿਆ ਸਤਲੁਜ ਦੇ ਖੱਬੇ ਕੰਢੇ ਆਪਣੇ ਅਧੀਨ ਪੈਂਦੇ ਇਲਾਕਿਆਂ ਵਿਚ ਮਹਾਰਾਜਾ ਕੇਵਲ ਓਨੀ ਫੌਜ ਹੀ ਰੱਖੇਗਾ ਜਿੰਨੀ ਇਲਾਕੇ ਦੀਆਂ ਅੰਦਰੂਨੀ ਲੋੜਾਂ ਨੂੰ ਪੂਰਿਆਂ ਕਰਨ ਲਈ ਜ਼ਰੂਰੀ

(ਬਾਕੀ ਸਫ਼ਾ 41 'ਤੇ)

ਹੋਵੇਗੀ ਤੇ ਪਾਰਲੇ ਇਲਾਕਿਆਂ ਵਿਚ ਕੋਈ ਦਖਲ ਨਹੀਂ ਦੇਵੇਗਾ।

ਦੋਹਾਂ ਵਿਚੋਂ ਕਿਸੇ ਵੀ ਰਾਜ ਦੁਆਰਾ ਉਪਰੋਕਤ ਧਰਾਵਾਂ ਜਾਂ ਮਿੱਤਰਤਾ ਦੀ ਉਲੰਘਣਾ ਦੀ ਸੂਰਤ ਵਿਚ ਇਸ ਸੰਧੀ ਨੂੰ ਰੱਦ ਸਮਝਿਆ ਜਾਵੇਗਾ।

ਪਰ ਇਹ ਵੀ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਅੰਤ ਬ੍ਰਿਟਿਸ਼ ਸਰਕਾਰ ਨੇ ਹੀ ਇਸ ਸੰਧੀ ਨੂੰ ਤੋੜ ਕੇ ਪੰਜਾਬ 'ਤੇ ਜਬਰੀ ਕਬਜ਼ਾ ਕੀਤਾ।

ਆਪਣੀ ਬਣਾਈ ਇਸ ਵੱਡ-ਆਕਾਰੀ ਸਲਤਨਤ ਨੂੰ ਕਾਇਮ ਰੱਖਣ ਲਈ ਉਹ ਅੰਤਮ ਸਵਾਸਾਂ ਤਕ ਲੜਦਾ ਰਿਹਾ ਪਰ ਉਹਦੇ ਦਰਬਾਰ ਵਿਚ ਜਿਸ ਤਰ੍ਹਾਂ ਦੀਆਂ ਸਾਜ਼ਿਸ਼ਾਂ ਦਾ ਮੁੱਢ ਬੱਝ ਚੁੱਕਾ ਸੀ ਉਨ੍ਹਾਂ ਨੂੰ ਠੱਲ ਪਾਉਣ ਵਿਚ ਉਹ ਕਾਮਯਾਬ ਨਹੀਂ ਹੋ ਸਕਿਆ। ਉਹਦੇ ਸਾਹਮਣੇ ਤਿੰਨ ਤਰ੍ਹਾਂ ਦੀਆਂ ਚੁਣੌਤੀਆਂ ਸਨ। ਇਕ ਤਾਂ ਉਹਦੇ ਪੁੱਤਰਾਂ ਵਿਚ ਗੱਦੀ ਦੇ ਵਾਰਸ ਬਣਨ ਲਈ ਹੋੜ ਲੱਗੀ ਹੋਈ ਸੀ। ਦੂਸਰਾ ਦਰਬਾਰੀ ਤੇ ਡੋਗਰੇ ਸਰਦਾਰ ਗੱਦੀ ਹੜੱਪਣ ਤੇ ਸਰਕਾਰੀ ਖ਼ਜ਼ਾਨੇ 'ਤੇ ਕਬਜ਼ੇ ਕਰਨ ਲਈ ਅੰਗਰੇਜ਼ਾਂ ਨਾਲ ਗੰਢ ਤੁੱਪ ਕਰ ਰਹੇ ਸਨ ਤੀਜਾ ਅੰਗਰੇਜ਼ ਇਨ੍ਹਾਂ ਸਾਰਿਆਂ ਤੋਂ ਉਪਰ ਚਾਰੋਂ ਤਰਫੋਂ ਖ਼ਾਲਸਾ ਦਰਬਾਰ ਨੂੰ ਚਿੱਤ ਕਰਨ ਦੇ ਮਨਸੂਬੇ ਘੜੀ ਬੈਠੇ ਸਨ।

ਓਧਰ ਮਹਾਰਾਜੇ ਦੀ ਸਿਹਤ ਡਿੱਗਦੀ ਜਾ ਰਹੀ ਸੀ ਤੇ ਮਹਾਰਾਜੇ ਦੇ ਫੌਲਾਦੀ ਸਰੀਰ ਨੂੰ ਬਿਮਾਰੀ ਖੋਖਲਾ ਕਰਦੀ ਜਾ ਰਹੀ ਸੀ। ਅਪ੍ਰੈਲ 1839 ਵਿਚ ਤੇਜ਼ ਬੁਖਾਰ ਕਰਕੇ ਮਹਾਰਾਜੇ ਦਾ ਜਲੋਧਰ ਰੋਗ ਵਧ ਗਿਆ ਤੇ ਦਵਾਈਆਂ ਦਾ ਅਸਰ ਖ਼ਤਮ ਹੋਣ ਲੱਗਾ। ਇੰਜ ਲੱਗਣ ਲੱਗ ਪਿਆ ਸੀ ਜਿਵੇਂ ਇਕ ਵਿਸ਼ਾਲ ਰੰਗਮੰਚ ਦੇ ਪਿਛੋਕੜ ਵਿਚ ਇਕ ਵੱਡੀ ਸਲਤਨਤ ਡਗਮਗਾ ਰਹੀ ਹੋਵੇ ਤੇ ਪਰਦਾ ਡਿੱਗਣ ਵਾਲਾ ਹੋਵੇ। ਅੰਤ 27 ਜੂਨ 1839 ਨੂੰ ਇਸ ਰੰਗ ਮੰਚ 'ਤੇ ਪਰਦਾ ਡਿੱਗ ਪਿਆ ਤੇ ਇਸ ਤੋਂ ਬਾਅਦ ਤ੍ਰਾਸਦੀ ਦਾ ਇਕ ਲੰਬਾ ਇਤਿਹਾਸਕ ਦੌਰ ਸ਼ੁਰੂ ਹੋਇਆ ਜੋ ਅੱਜ ਤਕ ਰੰਗ ਮੰਚ 'ਤੇ ਖੇਡਿਆ ਜਾ ਰਿਹਾ ਹੈ।

**ਮਹਾਰਾਜੇ ਦਾ ਖਿਤਾਬ**

ਇਨ੍ਹਾਂ ਖ਼ੁਸ਼ਨੁਮਾ ਦਿਨਾਂ ਦੌਰਾਨ ਮੁਖੀਆਂ, ਪ੍ਰਸਿੱਧ ਹਸਤੀਆਂ, ਦਰਬਾਰੀਆਂ ਤੇ ਸ਼ਹਿਰੀਆਂ ਨੇ ਉਸਨੂੰ ਮਹਾਰਾਜੇ ਦਾ ਖਿਤਾਬ ਦੇਣ ਦਾ ਫ਼ੈਸਲਾ ਕੀਤਾ। ਇਸ ਉਤਸਵ ਲਈ 1801 ਦੀ ਵੈਸਾਖੀ ਤੋਂ ਇਕ ਦਿਨ ਪਹਿਲਾਂ 12 ਅਪ੍ਰੈਲ ਨੂੰ ਇਕ ਸ਼ਾਨਦਾਰ ਦਰਬਾਰ ਸਜਾਇਆ ਗਿਆ ਜਿਸ 'ਚ ਸਾਰੇ ਵੱਡੇ ਸਰਦਾਰ, ਮਿਸਲਦਾਰ, ਉੱਘੇ ਹਿੰਦੂ ਅਤੇ ਮੁਸਲਿਮ ਅਹਿਲਕਾਰ ਹਾਜ਼ਰ ਹੋਏ। ਕੁਝ ਸਿੱਖ ਧਾਰਮਕ ਰਸਮਾਂ ਤੋਂ ਬਾਅਦ ਬਾਬਾ ਸਾਹਿਬ ਸਿੰਘ ਬੇਦੀ ਨੇ ਸਰਦਾਰ ਰਣਜੀਤ ਸਿੰਘ ਦੇ ਮੱਥੇ 'ਤੇ ਮਹਾਰਾਜਸ਼ਾਹੀ ਤਿਲਕ ਦੀ ਰਸਮ ਕੀਤੀ ਤੇ ਉਹਨੂੰ ਮਹਾਰਾਜੇ ਦਾ ਖਿਤਾਬ ਦਿੱਤਾ। ਹਾਲਾਂਕਿ ਉਹਨੇ ਆਪ ਕਿਸੇ ਬਾਦਸ਼ਾਹਤ ਦਾ ਦਾਅਵਾ ਨਹੀਂ ਸੀ ਕੀਤਾ। ਸਗੋਂ ਉਹਦੇ ਲਈ ਗੁਰੂ ਹੀ ਸੱਚਾ ਪਾਤਸ਼ਾਹ ਤੇ ਅਸਲੀ ਬਾਦਸ਼ਾਹ ਸੀ। ਉਹ ਤਾਂ ਆਪਣੇ ਆਪਨੂੰ ਗੁਰੂ ਦਾ ਨਿਮਾਣਾ ਜਿਹਾ ਸੇਵਕ ਮੰਨਦਾ ਸੀ। ਉਹਨੇ ਸਭ ਨੂੰ ਕਹਿ ਦਿੱਤਾ ਸੀ ਕਿ ਅੱਗੇ ਤੋਂ ਉਹਨੂੰ ਸਰਕਾਰ ਕਿਹਾ ਜਾਵੇ। ਉਹਨੇ ਆਪਣੇ ਅਸਲੀ ਬਾਦਸ਼ਾਹ ਗੁਰੂ ਦੇ ਨਾਂ ਦੇ ਸਿੱਕੇ ਢਾਲੇ ਜੋ ਨਾਨਕਸ਼ਾਹੀ ਨਾਂ ਨਾਲ ਅੱਜ ਤਕ ਪ੍ਰਸਿੱਧ ਹਨ। ਉਨ੍ਹਾਂ 'ਤੇ ਉਹਨੇ ਗੁਰੂ ਦੀ ਮੋਹਰ ਉਕਰਵਾਈ

**ਦੇਗ਼ ਵ ਤੇਗ਼ ਫਤਹਿ, ਨਸ਼ਰਤ ਬੇਦਰੰਗ**
**ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ**

ਦੇਗ਼ ਗ਼ਰੀਬਾਂ ਦੇ ਢਿੱਡ ਭਰਨ ਦਾ ਚਿੰਨ੍ਹ ਹੈ ਤੇ ਤੇਗ਼ ਕਮਜ਼ੋਰਾਂ ਤੇ ਬੇਸਹਾਰਿਆਂ ਦੀ ਸੁਰੱਖਿਆ ਲਈ ਸ਼ਕਤੀ ਦਾ ਚਿੰਨ੍ਹ ਹੈ। ਏਸੇ ਕਰਕੇ ਮਹਾਰਾਜੇ ਨੇ ਦੋ ਰਾਜਧਾਨੀਆਂ ਬਣਾਈਆਂ। ਦੁਨਿਆਵੀ ਪ੍ਰਸ਼ਾਸਨ, ਅਧਿਕਾਰ ਤੇ ਰਾਜਨੀਤੀ ਦੀ ਰਾਜਧਾਨੀ ਲਾਹੌਰ ਸੀ ਤੇ ਧਾਰਮਕ ਆਸਥਾ ਤੇ ਸਾਂਝੀਵਾਲਤਾ ਦੀ ਰਾਜਧਾਨੀ ਅੰਮ੍ਰਿਤਸਰ ਸੀ।

**ਲਾਲ ਰੰਗ ਦਾ ਅਰਥ**

ਮਹਾਰਾਜੇ ਬਾਰੇ ਪ੍ਰਚੱਲਤ ਕਥਾ ਕਹਾਣੀਆਂ ਦੀ ਗੱਲ ਕਰਦਿਆਂ ਖ਼ੁਸ਼ਵੰਤ ਸਿੰਘ ਆਪਣੀ ਪ੍ਰਸਿੱਧ ਕਿਤਾਬ 'ਸਿੱਖ ਰਾਜ ਦਾ ਅੰਤ' ਦੇ ਮੁੱਢ ਵਿਚ ਲਿਖਦਾ ਹੈ- 'ਇਸ ਲਾਲ ਰੰਗ ਦਾ ਕੀ ਮਤਲਬ ਹੈ ?' ਮਹਾਰਾਜਾ ਰਣਜੀਤ ਸਿੰਘ ਨੇ ਇਕ ਅੰਗਰੇਜ਼ ਨਕਸ਼ਾ ਨਵੀਸ ਤੋਂ ਪੁੱਛਿਆ ਜੋ ਉਹਨੂੰ ਹਿੰਦੋਸਤਾਨੀ ਨਕਸ਼ਾ ਵਿਖਾ ਰਿਹਾ ਸੀ।

'ਮਹਾਰਾਜ, ਲਾਲ ਰੰਗ ਉਸ ਇਲਾਕੇ ਨੂੰ ਦਰਸਾ ਰਿਹਾ ਹੈ ਜਿੱਥੇ ਅੰਗਰੇਜ਼ਾਂ ਦਾ ਰਾਜ ਹੈ।' ਮਹਾਰਾਜੇ ਨੇ ਸਾਰੇ ਨਕਸ਼ੇ ਨੂੰ ਆਪਣੀ ਇਕੋ ਅੱਖ ਨਾਲ ਨਿਹਾਰਦਿਆਂ ਧਿਆਨ ਨਾਲ ਵੇਖਿਆ ਤੇ ਜਾਣਿਆ ਕਿ ਸਿਰਫ਼ ਪੰਜਾਬ ਨੂੰ ਛੱਡ ਕੇ ਬਾਕੀ ਸਾਰਾ ਹਿੰਦੋਸਤਾਨ ਲਾਲ ਹੋਇਆ ਪਿਆ ਹੈ। ਉਹ ਕੁਝ ਦੇਰ ਰੁਕ ਕੇ ਸੋਚਦਾ ਰਿਹਾ ਤੇ ਫਿਰ ਦਰਬਾਰੀਆਂ ਵੱਲ ਮੂੰਹ ਕਰ ਕੇ ਕਿਹਾ ਕਿ 'ਇਕ ਦਿਨ ਇਹ ਸਾਰਾ ਲਾਲ ਹੋ ਜਾਏਗਾ।' ਇਸ ਤੋਂ ਸਪਸ਼ਟ ਹੈ ਕਿ ਮਹਾਰਾਜਾ ਅੰਗਰੇਜ਼ਾਂ ਦੀਆਂ ਕੁਟਿਲ ਨੀਤੀਆਂ ਤੋਂ ਜਾਣੂੰ ਸੀ। ਇਹ ਨਹੀਂ ਕਿ ਉਹ ਕਮਜ਼ੋਰ ਬਾਦਸ਼ਾਹ ਸੀ ਪਰ ਜਿਹੋ ਜਿਹੇ ਹਾਲਾਤ ਬਣਦੇ ਜਾ ਰਹੇ ਸਨ ਉਹ ਪੰਜਾਬ ਲਈ ਬਹੁਤੇ ਸਾਜਗਾਰ ਨਹੀਂ ਸਨ। ਉਹਦੀ ਚੜ੍ਹਤ ਅਤੇ ਬਾਦਸ਼ਾਹੀ ਦੇ ਵਰ੍ਹੇ ਪੰਜਾਬ ਹੀ ਨਹੀਂ ਦੁਨੀਆ ਦੇ ਇਤਿਹਾਸ ਵਿਚ ਸੁਨਹਿਰੀ ਝਾਲ ਵਾਲੇ ਹਨ।

# ਆਧੁਨਿਕ ਯੁੱਗ ਦਾ ਘਾਤਕ ਹਥਿਆਰ 'ਡਰੋਨ'



ਤੇਰ੍ਹਵੀਂ ਸਦੀ ਵਿੱਚ ਇੰਗਲਿਸ਼ ਲੌਂਗਬੋਅ (ਇੰਗਲੈਂਡ ਤੇ ਵੇਲਜ਼ 'ਚ ਮੱਧਕਾਲ ਦੌਰਾਨ ਵਰਤੀ ਜਾਂਦੀ ਵੱਡੀ ਕਮਾਨ/ਧਨੁਸ਼) ਇੱਕ ਖ਼ੌਫ਼ਨਾਕ ਹਥਿਆਰ ਵਜੋਂ ਉੱਭਰੀ। ਇਸ ਕਮਾਨ ਨੂੰ 13ਵੀਂ ਤੋਂ 15ਵੀਂ ਸਦੀ ਦਰਮਿਆਨ ਇੰਗਲੈਂਡ ਦੇ ਫ਼ੌਜੀ ਦਬਦਬੇ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਨੇ ਮੱਧਕਾਲੀ ਜੰਗ ਦੇ ਇਤਿਹਾਸ ਵਿੱਚ ਇੱਕ ਨਵਾਂ ਮੋੜ ਲਿਆਂਦਾ, ਇੰਗਲੈਂਡ ਦੀ ਫ਼ੌਜੀ ਤਾਕਤ ਲੋਹੇ ਦੇ ਬਖ਼ਤਰਬੰਦ ਕੱਪੜੇ ਪਾਉਣ ਵਾਲੇ ਕੁਲੀਨ ਵਰਗ ਦੇ ਹੱਥਾਂ ਵਿੱਚੋਂ ਨਿਕਲ ਕੇ ਸਾਧਾਰਨ ਤੀਰਅੰਦਾਜ਼ਾਂ ਦੇ ਹੱਥਾਂ ਵਿੱਚ ਚਲੀ ਗਈ। ਇਹ ਬਦਲਾਅ ਐਨਾ ਵੱਡਾ ਸੀ ਕਿ ਐਡਵਰਡ (ਤੀਜੇ) ਨੇ ਇੱਕ ਸ਼ਾਹੀ ਫ਼ਰਮਾਨ ਜਾਰੀ ਕੀਤਾ ਕਿ "... ਹਰੇਕ ਤੰਦਰੁਸਤ ਵਿਅਕਤੀ ਐਤਵਾਰ ਅਤੇ ਛੁੱਟੀ ਵਾਲੇ ਦਿਨ ਤੀਰਅੰਦਾਜ਼ੀ ਦਾ ਅਭਿਆਸ ਕਰੇਗਾ ਅਤੇ ਬਾਕੀ ਸਾਰੀਆਂ ਖੇਡਾਂ 'ਤੇ ਪਾਬੰਦੀ ਹੋਵੇਗੀ।

'ਐਜਿਨਕੋਰਟ ਦੀ ਜੰਗ' (1415) ਤਾਕਤ ਦੇ ਇਸ ਬਦਲਾਅ ਦੀ ਸਭ ਤੋਂ ਉੱਤਮ ਮਿਸਾਲ ਹੈ, ਜਿੱਥੇ ਲਗਪਗ 7,000 ਸਿਪਾਹੀਆਂ ਦੀ ਛੋਟੀ ਜਿਹੀ ਅੰਗਰੇਜ਼ ਫ਼ੌਜ ਨੇ (ਜਿਸ ਵਿੱਚ 5,000 ਤੀਰਅੰਦਾਜ਼ ਸਨ) ਬਖ਼ਤਰਬੰਦ ਘੋੜਸਵਾਰਾਂ ਵਾਲੀ ਬਹੁਤ ਵੱਡੀ ਫ਼ਰਾਂਸੀਸੀ ਫ਼ੌਜ (ਜਿਸ ਦੀ ਗਿਣਤੀ ਲਗਪਗ 20,000 ਸੀ) ਨੂੰ ਕਰਾਰੀ ਹਾਰ ਦਿੱਤੀ। ਇਸ ਵੱਡੀ ਕਮਾਨ (ਲੌਂਗਬੋਅ) ਨੇ ਆਮ ਲੋਕਾਂ ਨੂੰ ਫ਼ੌਜੀ ਤਾਕਤ ਦਾ ਅਹਿਮ ਹਿੱਸਾ ਬਣਾ ਦਿੱਤਾ ਅਤੇ ਇਸ ਨੇ ਵਪਾਰ ਤੇ ਦਸਤਕਾਰੀ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ। ਸ਼ੇਕਸਪੀਅਰ ਨੇ ਐਜਿਨਕੋਰਟ ਦੀ ਜੰਗ ਤੋਂ ਪਹਿਲਾਂ ਰਾਜਾ ਹੈਨਰੀ (ਪੰਜਵੇਂ) ਦੇ ਭਾਸ਼ਣ ਰਾਹੀਂ ਇਸ ਤਬਦੀਲੀ ਨੂੰ ਹਮੇਸ਼ਾ ਲਈ ਅਮਰ ਕਰ ਦਿੱਤਾ: "ਅਸੀਂ ਕੁਝ ਲੋਕ, ਅਸੀਂ ਖ਼ੁਸ਼ਕਿਸਮਤ ਲੋਕ, ਅਸੀਂ ਭਰਾਵਾਂ ਦੀ ਇੱਕ ਟੋਲੀ ਹਾਂ; ਕਿਉਂਕਿ ਜੋ ਅੱਜ ਮੇਰੇ ਨਾਲ ਆਪਣਾ ਖ਼ੂਨ ਵਹਾਏਗਾ, ਉਹ ਮੇਰਾ ਭਰਾ ਬਣ ਜਾਵੇਗਾ; ਚਾਹੇ ਉਹ ਕਿੰਨਾ ਵੀ ਸਾਧਾਰਨ ਕਿਉਂ ਨਾ ਹੋਵੇ, ਇਹ ਦਿਨ ਉਸ ਦਾ ਰੁਤਬਾ ਉੱਚਾ ਕਰ ਦੇਵੇਗਾ।" ਅੱਜ ਦੇ ਦੌਰ ਵਿੱਚ ਡਰੋਨ ਇੱਕ ਖ਼ੌਫ਼ਨਾਕ ਹਥਿਆਰ ਬਣ ਕੇ ਉੱਭਰਿਆ ਹੈ। ਇਹ ਆਧੁਨਿਕ ਜੰਗ ਦੇ ਰੂਪ ਨੂੰ ਬਦਲ ਰਿਹਾ ਹੈ, ਜਿੱਥੇ ਬਹੁਤ ਛੋਟੇ ਦੇਸ਼ ਵੀ ਮਹਾਸ਼ਕਤੀਆਂ ਦੀ ਫ਼ੌਜੀ ਤਾਕਤ ਨੂੰ ਵੰਗਾਰ ਅਤੇ ਉਨ੍ਹਾਂ ਦੇ ਹੰਕਾਰ ਨੂੰ ਮਿੱਟੀ ਵਿੱਚ ਮਿਲਾ ਰਹੇ ਹਨ। ਅਸੀਂ ਰੂਸ-ਯੂਕਰੇਨ ਜੰਗ ਅਤੇ ਅਮਰੀਕਾ-ਇਜ਼ਰਾਈਲ-ਇਰਾਨ ਟਕਰਾਅ ਵਿੱਚ ਇਹ ਪ੍ਰਤੱਖ ਦੇਖ ਚੁੱਕੇ ਹਾਂ। ਡੇਵਿਡ ਨੇ ਗੋਲਾਯਥ ਨੂੰ ਸਫ਼ਲਤਾਪੂਰਵਕ ਟੱਕਰ ਦਿੱਤੀ ਹੈ ਕਿਉਂਕਿ ਹੁਣ ਡੇਵਿਡ ਦੇ ਹੱਥ ਵਿੱਚ ਇੱਕ ਨਵੀਂ ਗੁਲੇਲ ਹੈ, ਜਿਸ ਨੂੰ 'ਡਰੋਨ' ਕਿਹਾ ਜਾਂਦਾ ਹੈ। ਸਸਤੇ ਅਤੇ ਵੱਡੇ ਪੱਧਰ 'ਤੇ ਤਿਆਰ ਕੀਤੇ ਗਏ ਡਰੋਨਾਂ ਨੇ ਵੱਡੀਆਂ-ਵੱਡੀਆਂ ਫ਼ੌਜਾਂ ਤੇ ਜੰਗੀ ਬੇੜਿਆਂ ਨੂੰ ਉਲਝਾ ਕੇ ਰੱਖ ਦਿੱਤਾ ਹੈ ਅਤੇ ਉਨ੍ਹਾਂ ਦੀ ਰਫ਼ਤਾਰ ਨੂੰ ਬਰੇਕਾਂ ਲਗਾ ਦਿੱਤੀਆਂ ਹਨ।

ਅਸੀਂ ਰੂਸ ਦੀ ਉਦਾਹਰਣ ਦੇਖੀਏ। ਰੂਸ ਲੰਮੇ ਸਮੇਂ ਤੋਂ ਯੂਕਰੇਨ 'ਤੇ ਹਮਲਾ ਕਰਨ ਅਤੇ ਉਸ ਨੂੰ ਆਪਣੇ ਨਾਲ ਰਲਾਉਣ ਦੀ ਯੋਜਨਾ ਬਣਾ ਰਿਹਾ ਸੀ। ਉਸ ਨੂੰ ਅਜਿਹਾ ਕਰਨ ਦਾ ਬਹਾਨਾ ਨਾਟੋ ਦੇ ਲਗਾਤਾਰ ਹੋ ਰਹੇ ਪਸਾਰ ਤੋਂ ਮਿਲਿਆ, ਜਿਸ ਨੇ ਯੂਕਰੇਨ ਨੂੰ ਆਪਣਾ ਮੈਂਬਰ ਦੇਸ਼ ਬਣਾਉਣ ਦੀ ਧਮਕੀ ਦਿੱਤੀ ਸੀ ਤਾਂ ਜੋ ਰੂਸ ਦੀਆਂ ਸਰਹੱਦਾਂ ਤੱਕ ਪਹੁੰਚਿਆ ਜਾ ਸਕੇ। ਰੂਸੀਆਂ ਨੇ ਇਸ ਮੁਹਿੰਮ ਨੂੰ 'ਵਿਸ਼ੇਸ਼ ਫ਼ੌਜੀ ਕਾਰਵਾਈ' ਦਾ ਨਾਂ ਦਿੱਤਾ ਜੋ ਕਿ ਪੈਦਲ ਫ਼ੌਜ, ਤੋਪਖਾਨੇ, ਹਵਾਈ ਫ਼ੌਜ ਅਤੇ ਜਲ ਸੈਨਾ ਦੁਆਰਾ ਕੀਤਾ ਗਿਆ ਇੱਕ ਪੂਰਨ ਹਮਲਾ ਸੀ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਦਾਅਵਾ ਕੀਤਾ ਸੀ ਕਿ ਇਹ ਕਾਰਵਾਈ ਕੁਝ ਹੀ ਦਿਨਾਂ ਵਿੱਚ ਮੁਕੰਮਲ ਹੋ ਜਾਵੇਗੀ। ਟੀਵੀ ਚੈਨਲਾਂ 'ਤੇ ਯੂਕਰੇਨ ਵੱਲ ਵਧਦੇ ਰੂਸੀ ਬਖ਼ਤਰਬੰਦ ਵਾਹਨਾਂ ਦੇ ਅੰਤਹੀਣ ਕਾਫ਼ਲੇ ਸਾਫ਼ ਦਿਖਾਈ ਦੇ ਰਹੇ ਸਨ, ਪਰ ਰੂਸ ਨੇ ਦੁਸ਼ਮਣ ਨੂੰ ਕਮਜ਼ੋਰ ਸਮਝਣ ਦੀ ਭੁੱਲ ਕਰ ਦਿੱਤੀ। ਇਸ ਜੰਗ ਵਿੱਚ ਯੂਕਰੇਨ ਨੂੰ ਅਮਰੀਕਾ ਅਤੇ ਨਾਟੋ ਵੱਲੋਂ ਹਥਿਆਰਾਂ, ਗੋਲਾ-ਬਾਰੂਦ ਅਤੇ ਖ਼ੁਫ਼ੀਆ ਜਾਣਕਾਰੀ ਦੀ ਭਰਪੂਰ ਮਦਦ ਮਿਲ ਰਹੀ ਸੀ।

ਹੌਲੀ-ਹੌਲੀ ਰੂਸੀ ਫ਼ੌਜ ਇਸ ਦਲਦਲ ਵਿੱਚ ਫਸ ਗਈ ਅਤੇ ਉਸ ਨੂੰ ਭਾਰੀ ਜਾਨੀ-ਮਾਲੀ ਨੁਕਸਾਨ ਝੱਲਣਾ ਪਿਆ। ਯੂਕਰੇਨ ਨੇ ਸ਼ੁਰੂਆਤੀ ਪਛਾੜ ਤੋਂ ਉੱਭਰਦਿਆਂ ਵਿਸ਼ਾਲ ਰੂਸੀ ਫ਼ੌਜ ਦੇ ਕਦਮ ਰੋਕ ਦਿੱਤੇ। ਅਖ਼ਬਾਰ 'ਦਿ ਹਿੰਦੂ' ਦੇ ਇੱਕ ਹਾਲੀਆ ਲੇਖ ਮੁਤਾਬਿਕ ਯੂਕਰੇਨ ਨੇ ਆਮ ਨਾਗਰਿਕਾਂ ਦੀ ਵਰਤੋਂ ਵਾਲੇ ਵਪਾਰਕ ਡਰੋਨਾਂ ਨੂੰ ਬਹੁਤ ਤੇਜ਼ੀ ਨਾਲ ਜਾਸੂਸੀ ਅਤੇ ਹਮਲਾਵਰ ਹਥਿਆਰਾਂ ਵਿੱਚ ਬਦਲ ਦਿੱਤਾ। ਛੋਟੇ ਕੁਆਡਕਾਪਟਰ ਅਤੇ ਐੱਫ ਪੀ ਵੀ (ਫਰਸਟ ਪਰਸਨ ਵਿਊ) ਡਰੋਨਾਂ ਨੂੰ ਘੱਟ ਲਾਗਤ ਵਾਲੇ ਸਟੀਕ ਨਿਸ਼ਾਨਾ ਲਗਾਉਣ ਵਾਲੇ ਮਾਰੂ ਹਥਿਆਰਾਂ ਵਜੋਂ ਜੰਗ ਵਿੱਚ ਉਤਾਰਿਆ ਗਿਆ।

ਇਹ ਡਰੋਨ ਤਬਾਹੀ ਦਾ ਵੱਡਾ ਜ਼ਰੀਆ ਬਣੇ ਅਤੇ ਸਾਲ 2024 ਤੱਕ ਇਨ੍ਹਾਂ ਨੂੰ ਯੂਕਰੇਨੀ ਫ਼ੌਜ ਦੇ ਹਰ ਹਿੱਸੇ ਵਿੱਚ ਪੂਰੀ ਤਰ੍ਹਾਂ ਸ਼ਾਮਿਲ ਕਰ ਲਿਆ ਗਿਆ। ਸੰਖੇਪ ਵਿੱਚ ਕਹੀਏ ਤਾਂ ਡਰੋਨਾਂ ਨੇ ਜੰਗ ਦਾ ਪਾਸਾ ਹੀ ਪਲਟ ਦਿੱਤਾ। ਕਦੇ ਬਚਾਅ ਦੀ ਸਥਿਤੀ ਵਿੱਚ ਪਿੱਛੇ ਹਟ ਰਿਹਾ ਯੂਕਰੇਨ ਅੱਜ ਰੂਸ ਦੇ ਅੰਦਰ ਤੱਕ ਤੇਲ ਡਿੱਪੂਆਂ, ਹਵਾਈ ਅੱਡਿਆਂ, ਜੰਗੀ ਜਹਾਜ਼ਾਂ ਅਤੇ ਮਾਸਕੋ ਤੇ ਸੇਂਟ ਪੀਟਰਸਬਰਗ ਵਰਗੇ ਸ਼ਹਿਰਾਂ 'ਤੇ ਸਿੱਧੇ ਹਮਲੇ ਕਰ ਰਿਹਾ ਹੈ। ਰੂਸ ਦੀ ਤਿੰਨ ਦਿਨਾਂ ਦੀ ਇਹ ਕਾਰਵਾਈ ਹੁਣ ਇੱਕ ਅਜਿਹੀ ਲੰਮੀ ਜੰਗ ਵਿੱਚ ਬਦਲ ਚੁੱਕੀ ਹੈ, ਜੋ ਆਪਣੇ ਪੰਜਵੇਂ ਸਾਲ ਵਿੱਚ ਦਾਖ਼ਲ ਹੋ ਗਈ ਹੈ।

ਗੁਰਬਚਨ ਜਗਤ

ਇਸੇ ਸੰਦਰਭ ਵਿੱਚ ਅਮਰੀਕਾ-ਇਜ਼ਰਾਈਲ ਦੀ ਇਰਾਨ ਨਾਲ ਜੰਗ ਦਾ ਜ਼ਿਕਰ ਕਰਨਾ ਵੀ ਵਾਜਬ ਹੋਵੇਗਾ। ਅਮਰੀਕਾ ਨੇ ਖਾੜੀ ਖੇਤਰ ਵਿੱਚ ਆਪਣੇ ਵੱਡੇ ਜੰਗੀ ਬੇੜੇ ਅਤੇ ਫ਼ੌਜਾਂ ਤਾਇਨਾਤ ਕਰਕੇ ਇਰਾਨ ਨੂੰ ਬਿਨਾਂ ਸ਼ਰਤ ਆਤਮ-ਸਮਰਪਣ ਕਰਨ ਲਈ ਕਿਹਾ। ਇਸ ਤੋਂ ਬਾਅਦ ਅਮਰੀਕਾ ਅਤੇ ਇਜ਼ਰਾਈਲ ਨੇ ਹਵਾਈ ਹਮਲਿਆਂ ਰਾਹੀਂ ਇਰਾਨ ਦੀ ਅਧਿਆਤਮਕ, ਫ਼ੌਜੀ ਅਤੇ ਖ਼ੁਫ਼ੀਆ ਲੀਡਰਸ਼ਿਪ ਦਾ ਖ਼ਾਤਮਾ ਕਰ ਦਿੱਤਾ ਅਤੇ ਇਰਾਨ ਨੂੰ ਨਕਸ਼ੇ ਤੋਂ ਮਿਟਾਉਣ ਦੀ ਧਮਕੀ ਦਿੱਤੀ। ਦਰਅਸਲ, ਅਮਰੀਕਾ ਇਰਾਨੀਆਂ ਦੇ ਸੱਭਿਆਚਾਰਕ ਜਜ਼ਬੇ, ਇਤਿਹਾਸ ਅਤੇ ਲੱਖਾਂ ਡਰੋਨਾਂ ਤੇ ਮਿਜ਼ਾਈਲਾਂ ਦੇ ਨਿਰਮਾਣ ਵਿੱਚ ਉਨ੍ਹਾਂ ਦੀ ਤਰੱਕੀ ਨੂੰ ਭੁੱਲ ਗਿਆ। ਇਰਾਨ ਕੋਲ ਲੀਡਰਸ਼ਿਪ ਦੀਆਂ ਅਗਲੀਆਂ ਸਫ਼ਾਂ ਅਤੇ ਰਣਨੀਤਕ ਸੂਝ-ਬੂਝ ਮੌਜੂਦ ਸੀ। ਨਤੀਜੇ ਵਜੋਂ, ਅਮਰੀਕਾ ਦੇ ਹੰਕਾਰ ਨੂੰ ਫਿਰ ਮਾਤ ਮਿਲੀ। ਇਰਾਨ ਨੇ ਡਰੋਨਾਂ ਅਤੇ ਮਿਜ਼ਾਈਲਾਂ ਨਾਲ ਖਾੜੀ ਦੇਸ਼ਾਂ ਵਿੱਚ ਅਮਰੀਕੀ ਟਿਕਾਣਿਆਂ 'ਤੇ ਜ਼ੋਰਦਾਰ ਹਮਲੇ ਕੀਤੇ। ਇਜ਼ਰਾਈਲ ਨੂੰ ਵੀ ਇਨ੍ਹਾਂ ਹਮਲਿਆਂ ਦਾ ਸੇਕ ਝੱਲਣਾ ਪਿਆ। ਡਰੋਨ ਅਤੇ ਮਿਜ਼ਾਈਲ ਹਮਲਿਆਂ ਦੇ ਡਰੋਂ ਵਪਾਰਕ ਜਹਾਜ਼ਾਂ ਲਈ ਹੋਰਮੁਜ਼ ਜਲਡਮਰੂ ਨੂੰ ਬੰਦ ਕਰਨਾ ਇਰਾਨ ਦਾ ਇੱਕ ਵੱਡਾ ਰਣਨੀਤਕ ਦਾਅ ਸੀ, ਜਿਸ ਨੇ ਪੂਰੀ ਦੁਨੀਆ ਦੀ ਆਰਥਿਕਤਾ ਨੂੰ ਗੋਡਿਆਂ ਪਰਨੇ ਕਰ ਦਿੱਤਾ। ਇੱਕ ਵਾਰ ਫਿਰ ਇੱਕ ਦ੍ਰਿੜ੍ਹ ਫ਼ੌਜ ਦੇ ਹੱਥਾਂ ਵਿੱਚ ਮੌਜੂਦ ਸਸਤੇ ਅਤੇ ਆਮ ਡਰੋਨਾਂ ਨੇ ਆਪਣੀ ਤਾਕਤ ਤੋਂ ਕਿਤੇ ਵੱਡਾ ਮਾਅਰਕਾ ਮਾਰਦਿਆਂ ਇੱਕ ਮਹਾਸ਼ਕਤੀ ਅਤੇ ਉਸ ਦੀ ਸਮੁੱਚੀ ਫ਼ੌਜੀ ਮਸ਼ੀਨਰੀ ਦੀ ਰਫ਼ਤਾਰ ਨੂੰ ਬਰੇਕਾਂ ਲਗਾ ਦਿੱਤੀਆਂ।

ਡਰੋਨਾਂ ਦੁਆਰਾ ਸੰਚਾਲਿਤ ਇਸ 'ਆਸਮਾਨੀ ਯੁੱਧ' ਨੇ ਜੰਗ ਦੇ ਮੈਦਾਨ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਤਿਹਾਸ ਗਵਾਹ ਹੈ ਕਿ ਅਜਿਹੀਆਂ ਤਬਦੀਲੀਆਂ ਹਮੇਸ਼ਾ ਸਿਆਸੀ, ਸਮਾਜਿਕ ਅਤੇ ਆਰਥਿਕ ਉਲਟਫੇਰ ਲੈ ਕੇ ਆਉਂਦੀਆਂ ਹਨ। 'ਇੰਗਲਿਸ਼ ਲੌਂਗਬੋਅ' ਇਸ ਦੀ ਵੱਡੀ ਮਿਸਾਲ ਸੀ। ਇਤਿਹਾਸ ਵਿੱਚ ਅਜਿਹੀਆਂ ਕਈ ਹੋਰ ਉਦਾਹਰਨਾਂ ਮਿਲਦੀਆਂ ਹਨ ਜਿਵੇਂ ਮੰਗੋਲਾਂ ਦੇ ਧਨੁਸ਼, ਬਾਰੂਦ ਦੀ ਖੋਜ ਅਤੇ ਲੀ-ਐਨਫੀਲਡ ਰਾਈਫਲ। ਜਦੋਂ ਵੀ ਤਾਕਤ ਦਾ ਸੰਤੁਲਨ ਵਿਗੜਦਾ ਹੈ, ਪੁਰਾਣੀ ਵਿਵਸਥਾ ਟੁੱਟਦੀ ਹੈ ਅਤੇ ਨਵੇਂ ਸਾਮਰਾਜ ਤੇ ਗੱਠਜੋੜ ਉੱਭਰਦੇ ਹਨ। ਇਹ ਕਹਿਣਾ ਮੁਸ਼ਕਿਲ ਹੈ ਕਿ ਇਸ ਪ੍ਰਕਿਰਿਆ ਵਿੱਚ ਕਿੰਨਾ ਸਮਾਂ ਲੱਗੇਗਾ, ਪਰ ਬਦਲਾਅ ਅਟੱਲ ਹੈ।

ਇਹ ਸਥਿਤੀ ਸਾਨੂੰ ਇਸ ਸਵਾਲ ਵੱਲ ਲੈ ਕੇ ਆਉਂਦੀ ਹੈ ਕਿ ਇਸ ਸਭ ਦਾ ਭਾਰਤ 'ਤੇ ਕੀ ਅਸਰ ਪਵੇਗਾ ? ਮੈਂ ਆਪਣੇ ਪਿਛਲੇ ਲੇਖਾਂ ਵਿੱਚ ਚੀਨ-ਪਾਕਿਸਤਾਨ-ਬੰਗਲਾਦੇਸ਼ ਦੇ ਉੱਭਰ ਰਹੇ ਗੱਠਜੋੜ ਦਾ ਜ਼ਿਕਰ ਕੀਤਾ ਹੈ। ਅਮਰੀਕਾ ਅਤੇ ਚੀਨ ਉੱਪਰ ਪਾਕਿਸਤਾਨ ਦਾ ਪ੍ਰਭਾਵ ਜਿਉਂ-ਜਿਉਂ ਵਧੇਗਾ, ਤਿਉਂ-ਤਿਉਂ ਉਸ ਦੀਆਂ ਲਾਲਸਾਵਾਂ ਵੀ ਵਧਣਗੀਆਂ (ਜਿਸ ਦਾ ਪ੍ਰਗਟਾਵਾ ਉਹ ਜੰਮੂ-ਕਸ਼ਮੀਰ ਦੇ ਸੰਦਰਭ ਵਿੱਚ ਕਈ ਵਾਰ ਕਰ ਚੁੱਕਾ ਹੈ)। ਦੂਜੇ ਪਾਸੇ, ਚੀਨ ਨੂੰ ਅਮਰੀਕਾ ਅਤੇ ਰੂਸ ਦੀਆਂ ਰਣਨੀਤਕ ਗ਼ਲਤੀਆਂ ਦਾ ਸਿੱਧਾ ਫ਼ਾਇਦਾ ਮਿਲ ਰਿਹਾ ਹੈ। ਚੀਨ ਦਾ ਰਵੱਈਆ ਲੱਦਾਖ਼, ਉੱਤਰ-ਪੂਰਬ ਦੇ ਨਾਲ-ਨਾਲ ਭਾਰਤ ਨਾਲ ਵਪਾਰ ਦੇ ਮਾਮਲੇ ਵਿੱਚ ਅਜੇ ਵੀ ਹਮਲਾਵਰ ਹੈ।

ਇੱਕੀਵੀਂ ਸਦੀ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ), ਰੋਬੋਟਿਕਸ, ਡਰੋਨ ਅਤੇ ਊਰਜਾ ਤਬਦੀਲੀ ਦਾ ਦੌਰ ਹੈ, ਜਿੱਥੇ ਨਵੇਂ ਫ਼ੌਜੀ ਅਤੇ ਆਰਥਿਕ ਗੱਠਜੋੜ ਬਣ ਰਹੇ ਹਨ। ਅਮਰੀਕਾ ਨੇ ਮੁਕਤ ਵਪਾਰ ਦੀ ਪੁਰਾਣੀ ਆਲਮੀ ਵਿਵਸਥਾ ਨੂੰ ਖ਼ਤਮ ਕਰ ਕੇ ਇਸ ਨਵੇਂ ਬਦਲਾਅ ਦੀ ਕਮਾਨ ਸੰਭਾਲ ਲਈ ਹੈ। ਬੇਸ਼ੱਕ, ਚੀਨ ਦੀ ਉਦਯੋਗਿਕ ਅਤੇ ਵਪਾਰਕ ਤਾਕਤ ਨੇ ਹੀ ਅਮਰੀਕਾ ਨੂੰ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ।

18ਵੀਂ ਅਤੇ 19ਵੀਂ ਸਦੀ ਵਿੱਚ ਦੁਨੀਆ ਦੇ ਸਰੋਤਾਂ 'ਤੇ ਕਬਜ਼ਾ ਕਰਨ ਲਈ ਬਸਤੀਵਾਦੀਆਂ ਦੀ ਦੌੜ ਲੱਗੀ ਹੋਈ ਸੀ। ਅੱਜ ਇੱਕ ਵਾਰ ਫਿਰ ਤਾਕਤ ਦਾ ਪਹੀਆ ਘੁੰਮ ਰਿਹਾ ਹੈ ਅਤੇ ਮਹਾਸ਼ਕਤੀਆਂ ਦੁਨੀਆ 'ਤੇ ਦਬਦਬਾ ਬਣਾਉਣ ਲਈ ਆਹਮੋ-ਸਾਹਮਣੇ ਹਨ। ਇਸ ਉਥਲ-ਪੁਥਲ ਦੇ ਦੌਰ ਵਿੱਚ ਭਾਰਤ ਨੂੰ ਬਹੁਤ ਤੇਜ਼ੀ ਨਾਲ ਆਪਣੀ ਦਿਸ਼ਾ ਤੈਅ ਕਰਨੀ ਪਵੇਗੀ। ਸਾਡੀ ਆਰਥਿਕਤਾ ਮੱਧ-ਆਮਦਨ ਦੇ ਜਾਲ ਵਿੱਚ ਫਸ ਰਹੀ ਹੈ, ਜਿੱਥੇ ਵਿਕਾਸ ਤਾਂ ਹੋ ਰਿਹਾ ਹੈ ਪਰ ਰੁਜ਼ਗਾਰ 'ਚ ਵਾਧਾ ਨਹੀਂ ਹੋ ਰਿਹਾ। ਸਾਡੇ ਬਹੁਤੇ ਡਿਗਰੀਧਾਰੀ ਨੌਜਵਾਨਾਂ ਦੀ ਆਮਦਨ, ਟੈਕਸ ਦੀ ਹੱਦ ਤੋਂ ਵੀ ਘੱਟ ਹੈ ਅਤੇ ਉਨ੍ਹਾਂ ਨੂੰ ਮਹਿੰਗਾਈ ਦੀ ਮਾਰ ਝੱਲਣੀ ਪੈ ਰਹੀ ਹੈ। ਬੇਰੁਜ਼ਗਾਰੀ ਅਤੇ ਮਹਿੰਗਾਈ ਦਾ ਇਹ ਸੁਮੇਲ ਬੇਹੱਦ ਘਾਤਕ ਹੈ, ਜਿਸ ਦਾ ਫ਼ਾਇਦਾ ਦੇਸ਼ ਵਿਰੋਧੀ ਅਨਸਰ ਅੰਦਰੂਨੀ ਕਲੇਸ਼ ਪੈਦਾ ਕਰਨ ਲਈ ਉਠਾ ਸਕਦੇ ਹਨ। ਐੱਫ ਪੀ ਵੀ ਡਰੋਨਾਂ ਨੇ ਦਿਖਾ ਦਿੱਤਾ ਹੈ ਕਿ ਇੱਕ ਬੰਦਾ ਵੀ ਕਿੰਨੀ ਵੱਡੀ ਤਬਾਹੀ ਮਚਾ ਸਕਦਾ ਹੈ।

ਜੰਮੂ ਕਸ਼ਮੀਰ, ਪੰਜਾਬ, ਰਾਜਸਥਾਨ, ਗੁਜਰਾਤ ਅਤੇ ਉੱਤਰ-ਪੂਰਬ ਦੀਆਂ ਸਰਹੱਦਾਂ ਰਾਹੀਂ ਹਥਿਆਰਾਂ, ਗੋਲਾ-ਬਾਰੂਦ ਅਤੇ ਨਸ਼ਿਆਂ ਦੀ ਤਸਕਰੀ ਲਈ ਡਰੋਨਾਂ ਦੀ ਲਗਾਤਾਰ ਵਰਤੋਂ ਕੀਤੀ ਜਾ ਰਹੀ ਹੈ। ਉੱਤਰ-ਪੂਰਬ ਅਤੇ ਜੰਮੂ ਕਸ਼ਮੀਰ ਵਰਗੇ ਸੰਵੇਦਨਸ਼ੀਲ ਇਲਾਕਿਆਂ ਦੇ ਆਪਸੀ ਮੱਤਭੇਦਾਂ ਨੂੰ ਸਾਰਿਆਂ ਦੀ ਸ਼ਮੂਲੀਅਤ ਅਤੇ ਵਿਕਾਸ ਦੀ ਭਾਵਨਾ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਾਡੇ ਕੋਲ ਕੋਈ ਹੋਰ ਰਾਹ ਨਹੀਂ ਹੈ। ਦੇਸ਼ ਨੂੰ ਅੰਦਰੂਨੀ ਤੌਰ 'ਤੇ ਇਕਜੁੱਟ ਹੋ ਕੇ ਰਣਨੀਤਕ ਭਾਈਵਾਲੀ ਅਤੇ ਕੂਟਨੀਤੀ ਰਾਹੀਂ ਆਪਣੇ ਕੌਮਾਂਤਰੀ ਗੱਠਜੋੜ ਮਜ਼ਬੂਤ ਕਰਨ ਦੀ ਲੋੜ ਹੈ।

ਰੂਸ ਅਤੇ ਅਮਰੀਕਾ ਦੇ ਮੌਜੂਦਾ ਤਜਰਬਿਆਂ ਤੋਂ ਸਬਕ ਲੈਂਦਿਆਂ ਭਾਰਤ ਨੂੰ ਆਪਣੀਆਂ ਮੌਜੂਦਾ ਅਤੇ ਭਵਿੱਖੀ ਫ਼ੌਜੀ ਰਣਨੀਤੀਆਂ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਫ਼ੌਜ ਵਿੱਚ ਨਵੇਂ ਹਥਿਆਰਾਂ ਅਤੇ ਡਰੋਨ ਵਿਰੋਧੀ ਪ੍ਰਣਾਲੀਆਂ ਨੂੰ ਤੁਰੰਤ ਸ਼ਾਮਿਲ ਕਰਨਾ ਸਮੇਂ ਦੀ ਮੁੱਖ ਮੰਗ ਹੈ।

*** ਸਾਬਕਾ ਰਾਜਪਾਲ, ਮਨੀਪੁਰ ਅਤੇ ਸਾਬਕਾ ਡੀ ਜੀ ਪੀ, ਜੰਮੂ ਕਸ਼ਮੀਰ।**

# ਮਤਲਬ ਦੀ ਤੱਕੜੀ ਵਿੱਚ ਤੁਲਦੇ ਰਿਸ਼ਤੇ

**ਸਫਲਤਾ ਦੇ ਸਰਵਉੱਚ ਸਿਖਰ 'ਤੇ ਪਹੁੰਚ ਕੇ ਵੀ ਜੇਕਰ ਤੁਹਾਡੀ ਪਿੱਠ ਥਾਪੜਨ ਵਾਲਾ ਮਾਪਿਆਂ ਦਾ ਹੱਥ ਨਹੀਂ ਹੈ ਜਾਂ ਤੁਹਾਡੀ ਖ਼ੁਸ਼ੀ ਵਿੱਚ ਸੱਚੇ ਦਿਲੋਂ ਨੱਚਣ ਵਾਲਾ ਕੋਈ ਸੱਚਾ ਦੋਸਤ ਨਹੀਂ ਹੈ, ਤਾਂ ਉਹ ਪ੍ਰਾਪਤ ਕੀਤੀ ਸਫਲਤਾ ਅਸਲ ਵਿੱਚ ਇੱਕ ਬਹੁਤ ਵੱਡੀ ਹਾਰ ਅਤੇ ਸਿਰਫ਼ ਇੱਕ ਭੁਲੇਖਾ ਹੈ। ਬੇਈਮਾਨੀ, ਸੁਆਰਥ ਅਤੇ ਮੌਕਾਪ੍ਰਸਤੀ ਦੀ ਵਰਤੋਂ ਕਰਕੇ ਸ਼ਾਇਦ ਕੁਝ ਸਮੇਂ ਲਈ ਦੁਨੀਆ ਦੀਆਂ ਵੱਡੀਆਂ-ਵੱਡੀਆਂ ਭੌਤਿਕ ਸੁਖ-ਸਹੂਲਤਾਂ ਅਤੇ ਐਸ਼ੋ-ਆਰਾਮ ਹਾਸਲ ਕੀਤੇ ਜਾ ਸਕਦੇ ਹਨ, ਪਰ ਮਨ ਦਾ ਪਰਮ ਸਕੂਨ, ਆਤਮਿਕ ਸ਼ਾਂਤੀ ਅਤੇ ਸਮਾਜ ਵਿੱਚ ਸੱਚਾ ਸਨਮਾਨ ਕਦੇ ਵੀ ਖ਼ਰੀਦਿਆ ਜਾਂ ਕਮਾਇਆ ਨਹੀਂ ਜਾ ਸਕਦਾ।**

ਮਨੁੱਖੀ ਜ਼ਿੰਦਗੀ ਦਾ ਸਭ ਤੋਂ ਖ਼ੂਬਸੂਰਤ, ਪਵਿੱਤਰ ਅਤੇ ਮਜ਼ਬੂਤ ਪਾਸਾ ਇਹ ਹੈ ਕਿ ਇਹ ਆਪਸੀ ਸਾਂਝ, ਅਟੁੱਟ ਵਿਸ਼ਵਾਸ, ਤਿਆਗ ਅਤੇ ਅਪਣੱਤ ਦੇ ਸਿਰ 'ਤੇ ਚੱਲਦੀ ਹੈ। ਸਦੀਆਂ ਤੋਂ ਸਮਾਜ ਦਾ ਨਿਯਮ ਰਿਹਾ ਹੈ ਕਿ ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਬਿਨਾਂ ਕਿਸੇ ਸਵਾਰਥ ਦੇ ਸ਼ਾਮਲ ਹੋਣਾ, ਕਿਸੇ ਮਜਬੂਰ ਦੀ ਬਾਂਹ ਫੜਨਾ ਅਤੇ ਬਿਨਾਂ ਕਿਸੇ ਲਾਲਚ ਦੇ ਕਿਸੇ ਦੇ ਕੰਮ ਆਉਣਾ ਹੀ ਇਨਸਾਨੀਅਤ ਦਾ ਅਸਲ ਗਹਿਣਾ ਹੈ, ਪਰ ਅੱਜ ਦੇ ਆਧੁਨਿਕ ਅਤੇ ਭੌਤਿਕਵਾਦੀ ਯੁੱਗ ਵਿੱਚ ਜਿੱਥੇ ਹਰ ਚੀਜ਼ ਦੀ ਕੀਮਤ ਪੈਸੇ, ਰੁਤਬੇ ਅਤੇ ਨਿੱਜੀ ਫਾਇਦੇ ਨਾਲ ਤੈਅ ਹੋਣ ਲੱਗ ਪਈ ਹੈ, ਉੱਥੇ ਮਨੁੱਖੀ ਰਿਸ਼ਤੇ ਵੀ ਇਸ ਦੀ ਮਾਰ ਤੋਂ ਬਚ ਨਹੀਂ ਸਕੇ। ਅੱਜ ਸਾਡਾ ਸਮਾਜ ਇੱਕ ਅਜਿਹੇ ਨਿਰਾਸ਼ਾਜਨਕ ਮੋੜ 'ਤੇ ਆ ਖੜ੍ਹਾ ਹੈ, ਜਿੱਥੇ ਰੂਹਾਨੀ ਪਿਆਰ ਅਤੇ ਸੱਚੀ ਹਮਦਰਦੀ ਦੀ ਥਾਂ 'ਮਤਲਬਪ੍ਰਸਤੀ' ਨੇ ਲੈ ਲਈ ਹੈ।

ਜੇਕਰ ਅਸੀਂ ਅਜੋਕੇ ਸਮਾਜਿਕ ਤਾਣੇ-ਬਾਣੇ ਦਾ ਡੂੰਘਾਈ ਨਾਲ ਅਧਿਐਨ ਕਰੀਏ ਤਾਂ ਇਹ ਕੌੜੀ ਹਕੀਕਤ ਸਾਫ਼ ਨਜ਼ਰ ਆਉਂਦੀ ਹੈ ਕਿ ਜ਼ਿੰਦਗੀ ਦੇ ਰੰਗਮੰਚ 'ਤੇ ਤਿੰਨ ਨਕਾਰਾਤਮਕ ਕਿਰਦਾਰ-ਬੇਈਮਾਨ, ਸੁਆਰਥੀ ਅਤੇ ਅਵਸਰਵਾਦੀ-ਮਨੁੱਖੀ ਰਿਸ਼ਤਿਆਂ ਦੀਆਂ ਬੁਨਿਆਦਾਂ ਨੂੰ ਸਭ ਤੋਂ ਵੱਧ ਖੋਖਲਾ ਕਰ ਰਹੇ ਹਨ। ਇਹ ਉਹ ਲੋਕ ਹਨ ਜੋ ਕਿਸੇ ਵੀ ਸਾਂਝ ਨੂੰ ਦਿਲ ਜਾਂ ਰੂਹ ਨਾਲ ਨਹੀਂ ਨਿਭਾਉਂਦੇ, ਸਗੋਂ ਦਿਮਾਗ਼ ਦੀ ਗਣਿਤ, ਫਾਇਦੇ-ਨੁਕਸਾਨ ਦੇ ਫਾਰਮੂਲਿਆਂ ਅਤੇ 'ਮਤਲਬ ਦੀ ਤੱਕੜੀ' ਵਿੱਚ ਤੋਲ ਕੇ ਨਿਭਾਉਂਦੇ ਹਨ। ਰਿਸ਼ਤਿਆਂ ਵਿੱਚ ਆਈ ਇਹ ਗਿਰਾਵਟ ਕੇਵਲ ਪਰਿਵਾਰਾਂ ਤੱਕ ਸੀਮਿਤ ਨਹੀਂ ਰਹੀ, ਸਗੋਂ ਇਸ ਨੇ ਪੂਰੇ ਸਮਾਜਿਕ ਢਾਂਚੇ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ ਹੈ, ਜਿਸ ਕਾਰਨ ਮਨੁੱਖੀ ਸਾਂਝ ਦੀ ਨਿੱਘ ਖ਼ਤਮ ਹੁੰਦੀ ਜਾ ਰਹੀ ਹੈ।

ਇਸ ਤੱਕੜੀ ਦਾ ਪਹਿਲਾ ਅਤੇ ਸਭ ਤੋਂ ਖ਼ਤਰਨਾਕ ਕਿਰਦਾਰ 'ਬੇਈਮਾਨ' ਹੈ। ਜਦੋਂ ਅਸੀਂ ਬੇਈਮਾਨੀ ਸ਼ਬਦ ਸੁਣਦੇ ਹਾਂ ਤਾਂ ਆਮ ਤੌਰ 'ਤੇ ਸਾਡੇ ਦਿਮਾਗ਼ ਵਿੱਚ ਪੈਸੇ ਦੀ ਹੇਰਾਫੇਰੀ ਜਾਂ ਕਿਸੇ ਵਪਾਰਕ ਧੋਖਾਧੜੀ ਦਾ ਖ਼ਿਆਲ ਆਉਂਦਾ ਹੈ, ਪਰ ਇਸ ਦੇ ਨਾਲ-ਨਾਲ ਬੇਈਮਾਨੀ ਦਾ ਸਭ ਤੋਂ ਭਿਆਨਕ, ਅਸਲੀ ਅਤੇ ਮਾਰੂ ਰੂਪ ਜਜ਼ਬਾਤੀ ਅਤੇ ਰਿਸ਼ਤਿਆਂ ਦੀ ਬੇਈਮਾਨੀ ਹੈ। ਇੱਕ ਜਜ਼ਬਾਤੀ ਤੌਰ 'ਤੇ ਬੇਈਮਾਨ ਵਿਅਕਤੀ ਦੀ ਸਭ ਤੋਂ ਵੱਡੀ ਤਰਾਸਦੀ ਅਤੇ ਪਛਾਣ ਇਹ ਹੁੰਦੀ ਹੈ ਕਿ ਉਸ ਨੂੰ ਆਪਣੀ ਕਿਸੇ ਵੀ ਗਲਤ ਹਰਕਤ, ਝੂਠ ਜਾਂ ਧੋਖੇ 'ਤੇ ਕਦੇ ਕੋਈ ਪਛਤਾਵਾ ਨਹੀਂ ਹੁੰਦਾ। ਪਛਤਾਵਾ ਹਮੇਸ਼ਾਂ ਉੱਥੇ ਹੁੰਦਾ ਹੈ ਜਿੱਥੇ ਇਨਸਾਨ ਦੀ ਜ਼ਮੀਰ ਜਿਉਂਦੀ ਹੋਵੇ, ਪਰ ਬੇਈਮਾਨੀ ਦੇ ਰਾਹ 'ਤੇ ਚੱਲਣ ਵਾਲੇ ਲੋਕ ਆਪਣੇ ਅੰਦਰ ਦੀ ਆਵਾਜ਼ ਨੂੰ ਬਹੁਤ ਪਹਿਲਾਂ ਹੀ ਦਬਾ ਚੁੱਕੇ ਹੁੰਦੇ ਹਨ। ਅਜਿਹੇ ਲੋਕ ਸਾਹਮਣੇ ਵਾਲੇ ਦਾ ਅੰਨ੍ਹਾ ਵਿਸ਼ਵਾਸ ਜਿੱਤਦੇ ਹਨ, ਉਸ ਦੇ ਨਿਰਮਲ ਜਜ਼ਬਾਤਾਂ ਨਾਲ ਖੇਡਦੇ ਹਨ ਅਤੇ ਜਦੋਂ ਉਨ੍ਹਾਂ ਦਾ ਆਪਣਾ ਉੱਲੂ ਸਿੱਧਾ ਹੋ ਜਾਂਦਾ ਹੈ ਤਾਂ ਬਿਨਾਂ ਕਿਸੇ ਹਿਚਕਿਚਾਹਟ ਜਾਂ ਸ਼ਰਮ ਦੇ ਪਿੱਠ ਦਿਖਾ ਦਿੰਦੇ ਹਨ। ਉਨ੍ਹਾਂ ਦੇ ਮਨ ਵਿੱਚ ਇਹ ਗਿਲਾਨੀ ਕਦੇ ਨਹੀਂ ਆਉਂਦੇ ਕਿ ਉਨ੍ਹਾਂ ਦੇ ਕਾਰਨ ਕਿਸੇ ਮਾਸੂਮ ਦੀ ਜ਼ਿੰਦਗੀ ਬਰਬਾਦ ਹੋ ਗਈ ਜਾਂ ਕਿਸੇ ਦਾ ਭਰੋਸਾ ਹਮੇਸ਼ਾਂ ਲਈ ਟੁੱਟ ਗਿਆ। ਇਸ ਦੇ



ਉਲਟ ਉਹ ਆਪਣੀ ਇਸ ਘਿਣਾਉਣੀ ਚਲਾਕੀ ਨੂੰ ਆਪਣੀ ਸਿਆਣਪ, ਦੂਰਅੰਦੇਸ਼ੀ ਅਤੇ 'ਸਮਾਰਟਨੈੱਸ' ਦਾ ਨਾਮ ਦਿੰਦੇ ਹਨ। ਉਹ ਸਮਾਜ ਵਿੱਚ ਬੜੀ ਆਕੜ ਅਤੇ ਫ਼ਖ਼ਰ ਨਾਲ ਘੁੰਮਦੇ ਹਨ ਕਿਉਂਕਿ ਉਨ੍ਹਾਂ ਲਈ ਦੂਜਿਆਂ ਦੀਆਂ ਭਾਵਨਾਵਾਂ ਅਤੇ ਹੰਝੂਆਂ ਦੀ ਕੋਈ ਕੀਮਤ ਨਹੀਂ ਹੁੰਦੀ; ਜਦੋਂ ਕੋਈ ਮਨੁੱਖ ਇਸ ਹੱਦ ਤੱਕ ਸੰਵੇਦਨਹੀਣ ਹੋ ਜਾਵੇ ਤਾਂ ਉਹ ਰਿਸ਼ਤਿਆਂ ਦਾ ਸਿਰਜਣਹਾਰ ਨਹੀਂ, ਸਗੋਂ ਜਜ਼ਬਾਤਾਂ ਦਾ ਬੇਰਹਿਮ ਵਪਾਰੀ ਬਣ ਜਾਂਦਾ ਹੈ।

ਦੂਜਾ ਕਿਰਦਾਰ ਜੋ ਅੱਜ ਦੇ ਸਮੇਂ ਵਿੱਚ ਹਰ ਘਰ, ਗਲੀ ਅਤੇ ਮੋੜ 'ਤੇ ਦੇਖਣ ਨੂੰ ਮਿਲਦਾ ਹੈ, ਉਹ ਹੈ 'ਸੁਆਰਥੀ' ਮਨੁੱਖ। ਸੁਆਰਥ ਇੱਕ ਅਜਿਹਾ ਮਾਨਸਿਕ ਪਰਦਾ ਹੈ ਜੋ ਇਨਸਾਨ ਦੀਆਂ ਅੱਖਾਂ ਦੇ ਅੱਗੇ ਆ ਕੇ ਉਸ ਨੂੰ ਸਿਰਫ਼ ਅਤੇ ਸਿਰਫ਼ ਆਪਣੀ ਜਾਤ, ਆਪਣੀ ਸੁਖ-ਸਹੂਲਤ ਤੋਂ ਇਲਾਵਾ ਕੁਝ ਹੋਰ ਦੇਖਣ ਜਾਂ ਸੋਚਣ ਹੀ ਨਹੀਂ ਦਿੰਦਾ। ਸੁਆਰਥੀ ਬੰਦੇ ਦੀ ਸਭ ਤੋਂ ਵੱਡੀ ਫ਼ਿਤਰਤ ਇਹ ਹੁੰਦੀ ਹੈ ਕਿ ਉਸ ਦੀ ਯਾਦਦਾਸ਼ਤ ਬਹੁਤ ਕਮਜ਼ੋਰ ਹੁੰਦੀ ਹੈ-ਖ਼ਾਸ ਕਰਕੇ ਉਨ੍ਹਾਂ ਪਲਾਂ ਨੂੰ ਲੈ ਕੇ ਜਦੋਂ ਕਿਸੇ ਨੇ ਉਸ ਦੀ ਬਿਪਤਾ, ਗ਼ਰੀਬੀ ਜਾਂ ਮੁਸ਼ਕਿਲ ਵੇਲੇ ਆਪਣਾ ਤਨ, ਮਨ ਅਤੇ ਧਨ ਲਗਾ ਕੇ ਮਦਦ ਕੀਤੀ ਹੁੰਦੀ ਹੈ। ਜਦੋਂ ਸੁਆਰਥੀ ਇਨਸਾਨ ਮੁਸੀਬਤ ਦੇ ਦੌਰ ਵਿੱਚ ਹੁੰਦਾ ਹੈ, ਜਦੋਂ ਉਸ ਦਾ ਕੋਈ ਸਹਾਰਾ ਨਹੀਂ ਹੁੰਦਾ, ਉਦੋਂ ਉਹ ਤੁਹਾਡੇ ਸਾਹਮਣੇ ਸਭ ਤੋਂ ਨਿਮਾਣਾ, ਮਾਸੂਮ ਅਤੇ ਵਫ਼ਾਦਾਰ ਬਣ ਕੇ ਪੇਸ਼ ਆਉਂਦਾ ਹੈ। ਤੁਸੀਂ ਉਸ ਦੀ ਤਕਲੀਫ਼ ਨੂੰ ਆਪਣੀ ਤਕਲੀਫ਼ ਸਮਝ ਕੇ ਆਪਣਾ ਕੀਮਤੀ ਵਕਤ, ਪੈਸਾ ਅਤੇ ਜਜ਼ਬਾਤ ਸਭ ਕੁਝ ਦਾਅ 'ਤੇ ਲਗਾ ਦਿੰਦੇ ਹੋ, ਪਰ ਜਿਵੇਂ ਹੀ ਉਸ ਦੇ ਸੰਕਟ ਦੇ ਬੱਦਲ ਛਟਦੇ ਹਨ, ਉਸ ਦੇ ਦਿਨ ਫਿਰਦੇ ਹਨ ਅਤੇ ਉਹ ਆਰਥਿਕ ਜਾਂ ਸਮਾਜਿਕ ਤੌਰ 'ਤੇ ਮਜ਼ਬੂਤ ਹੁੰਦਾ ਹੈ, ਉਹ ਸਭ ਤੋਂ ਪਹਿਲਾਂ ਤੁਹਾਡੇ ਕੀਤੇ ਅਹਿਸਾਨਾਂ ਨੂੰ ਮਿੱਟੀ ਵਿੱਚ ਰੋਲ ਦਿੰਦਾ ਹੈ। ਅਹਿਸਾਨ-ਫ਼ਰਾਮੋਸ਼ੀ ਅਜਿਹੇ ਲੋਕਾਂ ਦੇ ਸੁਭਾਅ ਦਾ ਪੱਕਾ ਹਿੱਸਾ ਬਣ ਜਾਂਦੀ ਹੈ। ਜੇਕਰ ਤੁਸੀਂ ਕਦੇ ਭੁੱਲੇ-ਭਟਕੇ ਉਨ੍ਹਾਂ ਨੂੰ ਉਨ੍ਹਾਂ ਦੇ ਮੁਸ਼ਕਿਲ ਦਿਨਾਂ ਦੀ ਯਾਦ ਦਿਵਾਉਣ ਦੀ ਕੋਸ਼ਿਸ਼ ਵੀ ਕਰੋ, ਤਾਂ ਉਹ ਉਸ ਨਿਸੁਆਰਥ ਮਦਦ ਨੂੰ ਵੀ ਤੁਹਾਡਾ ਕੋਈ ਨਿੱਜੀ ਮਤਲਬ ਜਾਂ ਸਾਜ਼ਿਸ਼ ਦੱਸ ਕੇ ਖ਼ਾਰਜ ਕਰ ਦਿੰਦੇ ਹਨ। ਇਨ੍ਹਾਂ ਲੋਕਾਂ ਲਈ ਦੂਜੇ ਇਨਸਾਨ ਸਿਰਫ਼ ਇੱਕ ਪੌੜੀ ਦੇ ਡੰਡੇ ਵਰਗੇ ਹੁੰਦੇ ਹਨ, ਜਿਨ੍ਹਾਂ 'ਤੇ ਪੈਰ ਰੱਖ ਕੇ ਉਹ ਸਫਲਤਾ ਦੀਆਂ ਉਚਾਈਆਂ ਵੱਲ ਚੜ੍ਹਦੇ ਹਨ ਅਤੇ ਮੰਜ਼ਿਲ 'ਤੇ ਪਹੁੰਚਦਿਆਂ ਹੀ ਉਸ ਪੌੜੀ ਨੂੰ ਲੱਤ ਮਾਰ ਕੇ ਡੇਗ ਦਿੰਦੇ ਹਨ ਤਾਂ ਜੋ ਕੋਈ ਹੋਰ ਉੱਥੇ ਨਾ ਪਹੁੰਚ ਸਕੇ।

ਇਸ ਕੜੀ ਵਿੱਚ ਤੀਜਾ ਅਤੇ ਸਭ ਤੋਂ

ਡਾ. ਸੰਦੀਪ ਸਿੰਘ ਮੁੰਡੇ

ਬਹਿਰੂਪੀਆ ਕਿਰਦਾਰ 'ਅਵਸਰਵਾਦੀ' ਯਾਨੀ ਮੌਕਾਪ੍ਰਸਤ ਲੋਕਾਂ ਦਾ ਹੈ। ਇਹ ਉਹ ਲੋਕ ਹਨ ਜਿਨ੍ਹਾਂ ਦੀ ਆਪਣੀ ਕੋਈ ਪੱਕੀ ਵਫ਼ਾਦਾਰੀ, ਕੋਈ ਨੈਤਿਕ ਸਿਧਾਂਤ, ਕੋਈ ਆਦਰਸ਼ ਜਾਂ ਕੋਈ ਦੀਨ-ਈਮਾਨ ਨਹੀਂ ਹੁੰਦਾ। ਇਨ੍ਹਾਂ ਦੀ ਦੋਸਤੀ, ਪਿਆਰ, ਰਿਸ਼ਤੇਦਾਰੀ ਅਤੇ ਸਾਂਝ ਕਿਸੇ ਵਿਅਕਤੀ ਦੇ ਚੰਗੇ ਗੁਣਾਂ, ਉੱਚੇ ਸੁਭਾਅ ਜਾਂ ਇਨਸਾਨੀਅਤ ਨਾਲ ਨਹੀਂ, ਸਗੋਂ ਉਸ ਦੇ ਉੱਚੇ ਅਹੁਦੇ, ਸਮਾਜਿਕ ਰੁਤਬੇ, ਸਿਆਸੀ ਪਹੁੰਚ ਅਤੇ ਬੈਂਕ ਬੈਲੇਂਸ ਨਾਲ ਹੁੰਦੀ ਹੈ। ਜਦੋਂ ਤੱਕ ਤੁਹਾਡੀ ਸਮਾਜ ਵਿੱਚ ਚੜ੍ਹਾਈ ਹੈ, ਜਦੋਂ ਤੱਕ ਤੁਹਾਡੇ ਹੱਥ ਵਿੱਚ ਤਾਕਤ ਅਤੇ ਪੈਸਾ ਹੈ, ਇਹ ਅਵਸਰਵਾਦੀ ਲੋਕ ਤੁਹਾਡੇ ਪਰਛਾਵੇਂ ਵਾਂਗ ਤੁਹਾਡੇ ਅੱਗੇ-ਪਿੱਛੇ ਘੁੰਮਣਗੇ। ਉਹ ਤੁਹਾਡੀ ਹਰ ਸਹੀ-ਗਲਤ ਗੱਲ 'ਤੇ ਤਾਲੀਆਂ ਵਜਾਉਣਗੇ, ਤੁਹਾਡੀ ਹਰ ਜਾਇਜ਼-ਨਾਜਾਇਜ਼ ਹਰਕਤ ਦੀ ਜੀ-ਹਜ਼ੂਰੀ ਕਰਨਗੇ ਅਤੇ ਦਿਨ-ਰਾਤ ਤੁਹਾਨੂੰ ਇਹ ਯਕੀਨ ਦਿਵਾਉਣਗੇ ਕਿ ਇਸ ਪੂਰੇ ਸੰਸਾਰ ਵਿੱਚ ਉਨ੍ਹਾਂ ਤੋਂ ਵੱਡਾ ਤੁਹਾਡਾ ਕੋਈ ਹਮਦਰਦ ਜਾਂ ਖ਼ੈਰ-ਖ਼ਵਾਹ ਨਹੀਂ ਹੈ, ਪਰ ਜ਼ਿੰਦਗੀ ਦਾ ਪਹੀਆ ਹਮੇਸ਼ਾਂ ਇੱਕੋ ਜਿਹਾ ਨਹੀਂ ਰਹਿੰਦਾ, ਵਕਤ ਸਭ ਦਾ ਬਦਲਦਾ ਹੈ; ਜਿਵੇਂ ਹੀ ਤੁਹਾਡਾ ਵਕਤ ਬਦਲਦਾ ਹੈ, ਤੁਹਾਡੀ ਜੇਬ ਖ਼ਾਲੀ ਹੁੰਦੀ ਹੈ ਜਾਂ ਤੁਹਾਡੇ ਹੱਥੋਂ ਸੱਤਾ ਨਿਕਲਦੀ ਹੈ, ਇਹ ਲੋਕ ਸਭ ਤੋਂ ਪਹਿਲਾਂ ਰੰਗ ਬਦਲਦੇ ਹਨ ਅਤੇ ਪਾਸਾ ਵੱਟ ਲੈਂਦੇ ਹਨ। ਉਹ ਇੱਕ ਪਲ ਵਿੱਚ ਤੁਹਾਡਾ ਸਾਥ ਛੱਡ ਕੇ ਉਸ ਨਵੇਂ ਵਿਅਕਤੀ ਦੇ ਗ਼ੁਲਾਮ ਅਤੇ ਚਮਚੇ ਬਣ ਜਾਂਦੇ ਹਨ ਜੋ ਹੁਣ ਤਾਕਤ ਜਾਂ ਅਹੁਦੇ 'ਤੇ ਆਇਆ ਹੈ। ਅਵਸਰਵਾਦੀ ਇਨਸਾਨ ਕਦੇ ਕਿਸੇ ਦਾ ਸੱਚਾ ਮਿੱਤਰ, ਭਰਾ ਜਾਂ ਸਕਾ ਨਹੀਂ ਹੋ ਸਕਦਾ, ਕਿਉਂਕਿ ਉਸ ਦੀ ਅੰਨ੍ਹੀ ਵਫ਼ਾਦਾਰੀ ਸਿਰਫ਼ ਅਤੇ ਸਿਰਫ਼ ਆਪਣੇ ਨਿੱਜੀ ਫਾਇਦੇ ਅਤੇ ਮੌਕੇ ਨੂੰ ਸੰਭਾਲਣ ਪ੍ਰਤੀ ਹੁੰਦੀ ਹੈ।

ਇਨ੍ਹਾਂ ਤਿੰਨਾਂ ਕਿਰਦਾਰਾਂ (ਬੇਈਮਾਨ, ਸੁਆਰਥੀ, ਅਵਸਰਵਾਦੀ) ਦੀ ਸਭ ਤੋਂ ਵੱਡੀ ਅਤੇ ਸਾਂਝੀ ਬੁਰਾਈ ਇਹ ਹੈ ਕਿ ਇਹ ਸਾਰੇ ਰਿਸ਼ਤਿਆਂ ਦੀ ਪਵਿੱਤਰਤਾ ਨੂੰ 'ਮਤਲਬ ਦੀ ਤੱਕੜੀ' ਵਿੱਚ ਤੋਲਦੇ ਹਨ। ਅੱਜ ਸਾਡੇ ਪਰਿਵਾਰਾਂ, ਸਕੇ-ਸਬੰਧੀਆਂ ਅਤੇ ਦੋਸਤੀਆਂ ਵਿੱਚ ਜੋ ਅਥਾਹ ਦੂਰੀਆਂ ਵਧ ਰਹੀਆਂ ਹਨ, ਘਰ-ਘਰ ਵਿੱਚ ਜੋ ਕਲੇਸ਼ ਅਤੇ ਅਦਾਲਤੀ ਮੁਕੱਦਮੇ ਚੱਲ ਰਹੇ ਹਨ, ਉਸ ਦਾ ਮੁੱਖ ਕਾਰਨ ਇਹੀ ਮਤਲਬੀ ਮਾਨਸਿਕਤਾ ਹੈ। ਜਦੋਂ ਇੱਕ ਨੌਜਵਾਨ ਪੁੱਤਰ ਆਪਣੇ ਬੁੱਢੇ, ਬਿਮਾਰ ਅਤੇ ਲਾਚਾਰ ਮਾਪਿਆਂ ਨੂੰ ਸਿਰਫ਼ ਇਸ ਲਈ ਬੋਝ ਸਮਝ ਕੇ ਬਿਰਧ ਆਸ਼ਰਮ ਛੱਡ ਆਉਂਦਾ ਹੈ ਕਿਉਂਕਿ ਹੁਣ ਉਹ ਕਮਾ ਕੇ ਨਹੀਂ ਦੇ ਸਕਦੇ, ਤਾਂ ਉਹ ਸੁਆਰਥ ਦੀ ਸਭ ਤੋਂ ਘਿਣਾਉਣੀ ਸਿਖਰ ਹੁੰਦੀ ਹੈ। ਜਦੋਂ ਇੱਕ ਸਕਾ ਭਰਾ ਦੂਜੇ ਭਰਾ ਦੀ ਜ਼ਮੀਨ, ਜਾਇਦਾਦ ਜਾਂ ਹੱਕ ਹੜੱਪਣ ਲਈ ਦਿਨ-ਰਾਤ ਖ਼ੂਨੀ ਸਾਜ਼ਿਸ਼ਾਂ ਘੜਦਾ ਹੈ, ਤਾਂ ਉਹ ਰਿਸ਼ਤਿਆਂ ਦੀ ਬੇਈਮਾਨੀ ਹੁੰਦੀ ਹੈ। ਜਦੋਂ ਇੱਕ ਜਿਗਰੀ ਦੋਸਤ ਆਪਣੇ ਦੋਸਤ ਦੀ ਦਿਨ-ਰਾਤ ਦੀ ਮਿਹਨਤ, ਵਿਚਾਰ ਜਾਂ ਫ਼ਲ ਖ਼ੁਦ ਚੋਰੀ ਕਰਕੇ ਉਸ ਨੂੰ ਪਿੱਛੇ ਧੱਕ ਕੇ ਅੱਗੇ ਲੰਘ ਜਾਂਦਾ ਹੈ, ਤਾਂ ਉਹ ਅਵਸਰਵਾਦ ਦੀ ਮਿਸਾਲ ਹੁੰਦੀ ਹੈ। ਇਸੇ ਤਰ੍ਹਾਂ ਵਪਾਰਕ ਸਾਂਝ ਵਿੱਚ ਕੁਝ ਲੋਕ ਆਪਣੇ ਸਾਥੀ ਦੇ ਭਰੋਸੇ ਦਾ ਫਾਇਦਾ ਚੁੱਕ ਕੇ ਬੇਈਮਾਨੀ ਨਾਲ ਸਿਰਫ਼ ਆਪਣਾ ਘਰ ਭਰਨ ਨੂੰ ਹੀ ਤਰਜੀਹ ਦਿੰਦੇ ਹਨ। ਇਸ ਪ੍ਰਵਿਰਤੀ ਨੇ ਅਜੋਕੇ ਸਮਾਜ ਵਿੱਚ ਇੱਕ ਅਜਿਹਾ ਖ਼ੌਫ਼ਨਾਕ, ਸ਼ੱਕੀ ਅਤੇ ਅਸੁਰੱਖਿਅਤ ਮਾਹੌਲ ਸਿਰਜ ਦਿੱਤਾ ਹੈ ਜਿੱਥੇ ਕੋਈ ਵੀ ਇਨਸਾਨ ਦੂਜੇ ਇਨਸਾਨ 'ਤੇ ਅੱਖਾਂ ਬੰਦ ਕਰਕੇ ਭਰੋਸਾ ਕਰਨ ਤੋਂ ਬੁਰੀ ਤਰ੍ਹਾਂ ਡਰਦਾ ਹੈ। ਅੱਜ ਹਰ ਵਿਅਕਤੀ ਦੂਜੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦਾ ਹੈ ਕਿ ਜੇ ਇਹ ਮੇਰੇ ਨਾਲ ਇੰਨਾ ਮਿੱਠਾ ਬੋਲ ਰਿਹਾ ਹੈ, ਤਾਂ ਪਤਾ ਨਹੀਂ ਇਸ ਦਾ ਮੇਰੇ ਨਾਲ ਜੁੜਨ ਪਿੱਛੇ ਕੀ ਗੁਪਤ ਮਤਲਬ ਜਾਂ ਸਵਾਰਥ ਹੈ। ਇਸ ਘਾਤਕ ਭਰੋਸੇਹੀਣਤਾ ਦੇ ਕਾਰਨ ਅਜੋਕਾ ਮਨੁੱਖ ਬਾਹਰੀ ਤੌਰ 'ਤੇ ਭਾਵੇਂ ਕਿੰਨਾ ਵੀ ਸਫਲ, ਉਦਯੋਗਪਤੀ, ਅਮੀਰ, ਪੜ੍ਹਿਆ-ਲਿਖਿਆ ਜਾਂ ਆਧੁਨਿਕ ਦਿਖਾਈ ਦੇਵੇ, ਪਰ ਉਹ ਅੰਦਰੂਨੀ ਤੌਰ 'ਤੇ ਬਹੁਤ ਜ਼ਿਆਦਾ ਇਕੱਲਾ, ਖੋਖਲਾ ਅਤੇ ਮਾਨਸਿਕ ਤੌਰ 'ਤੇ ਕੰਗਾਲ ਹੋ ਚੁੱਕਾ ਹੈ। ਅੱਜ ਦੇ ਸਮੇਂ ਵਿੱਚ ਤੇਜ਼ੀ ਨਾਲ ਵਧ ਰਹੀਆਂ ਮਾਨਸਿਕ ਬਿਮਾਰੀਆਂ, ਡਿਪਰੈਸ਼ਨ, ਘਬਰਾਹਟ ਅਤੇ ਖ਼ੁਦਕੁਸ਼ੀਆਂ ਦੇ ਪਿੱਛੇ ਸਭ ਤੋਂ ਵੱਡਾ ਸਮਾਜਿਕ ਕਾਰਨ ਇਹੀ ਹੈ ਕਿ ਅੱਜ ਮਨੁੱਖ ਕੋਲ ਕਰੋੜਾਂ ਰੁਪਏ, ਆਲੀਸ਼ਾਨ ਗੱਡੀਆਂ ਤਾਂ ਹਨ, ਪਰ ਆਪਣਾ ਸੱਚਾ ਦੁੱਖ-ਸੁੱਖ ਸਾਂਝਾ ਕਰਨ ਲਈ ਕੋਈ 'ਸੱਚਾ ਦਿਲ' ਜਾਂ ਨਿਰਸੁਆਰਥ ਰਿਸ਼ਤਾ ਨਹੀਂ ਬਚਿਆ। ਜੇਕਰ ਅਸੀਂ ਸੱਚਮੁੱਚ ਇੱਕ ਨਰੋਏ, ਸਿਹਤਮੰਦ, ਪਿਆਰ ਭਰੇ ਅਤੇ ਸੰਵੇਦਨਸ਼ੀਲ ਸਮਾਜ ਦਾ ਦੁਬਾਰਾ ਨਿਰਮਾਣ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਸ 'ਮਤਲਬਖੋਰੀ' ਅਤੇ 'ਮਤਲਬ ਦੀ ਤੱਕੜੀ' ਵਾਲੇ ਸੱਭਿਆਚਾਰ ਨੂੰ ਜੜ੍ਹੋਂ ਉਖੇੜ ਕੇ ਨਕਾਰਨਾ ਪਵੇਗਾ। ਸਾਨੂੰ ਆਪਣੀ ਆਉਣ ਵਾਲੀ ਨਵੀਂ ਪੀੜ੍ਹੀ ਅਤੇ ਬੱਚਿਆਂ ਨੂੰ ਬਚਪਨ ਤੋਂ ਇਹ ਨੈਤਿਕ ਸਿੱਖਿਆ ਦੇਣੀ ਹੋਵੇਗੀ ਕਿ ਜ਼ਿੰਦਗੀ ਦੀ ਅਸਲ ਅਮੀਰੀ ਬੈਂਕ ਖਾਤਿਆਂ, ਜਾਇਦਾਦਾਂ ਜਾਂ ਸੋਨੇ-ਚਾਂਦੀ ਵਿੱਚ ਨਹੀਂ ਹੋਣੀ, ਸਗੋਂ ਉਨ੍ਹਾਂ ਵਫ਼ਾਦਾਰ, ਨਿਰਸੁਆਰਥ ਰਿਸ਼ਤਿਆਂ ਵਿੱਚ ਹੁੰਦੀ ਹੈ ਜੋ ਤੁਹਾਡੀ ਹਰ ਮੁਸ਼ਕਿਲ ਘੜੀ, ਬਿਮਾਰੀ ਅਤੇ ਗ਼ਰੀਬੀ ਵਿੱਚ ਵੀ ਤੁਹਾਡੀ ਢਾਲ ਬਣ ਕੇ ਤੁਹਾਡੇ ਨਾਲ ਖੜ੍ਹਦੇ ਹਨ।

ਸਫਲਤਾ ਦੇ ਸਰਵਉੱਚ ਸਿਖਰ 'ਤੇ ਪਹੁੰਚ ਕੇ ਵੀ ਜੇਕਰ ਤੁਹਾਡੀ ਪਿੱਠ ਥਾਪੜਨ ਵਾਲਾ ਮਾਪਿਆਂ ਦਾ ਹੱਥ ਨਹੀਂ ਹੈ ਜਾਂ ਤੁਹਾਡੀ ਖ਼ੁਸ਼ੀ ਵਿੱਚ ਸੱਚੇ ਦਿਲੋਂ ਨੱਚਣ ਵਾਲਾ ਕੋਈ ਸੱਚਾ ਦੋਸਤ ਨਹੀਂ ਹੈ, ਤਾਂ ਉਹ ਪ੍ਰਾਪਤ ਕੀਤੀ ਸਫਲਤਾ ਅਸਲ ਵਿੱਚ ਇੱਕ ਬਹੁਤ ਵੱਡੀ ਹਾਰ ਅਤੇ ਸਿਰਫ਼ ਇੱਕ ਭੁਲੇਖਾ ਹੈ। ਬੇਈਮਾਨੀ, ਸੁਆਰਥ ਅਤੇ ਮੌਕਾਪ੍ਰਸਤੀ ਦੀ ਵਰਤੋਂ ਕਰਕੇ ਸ਼ਾਇਦ ਕੁਝ ਸਮੇਂ ਲਈ ਦੁਨੀਆ ਦੀਆਂ ਵੱਡੀਆਂ-ਵੱਡੀਆਂ ਭੌਤਿਕ ਸੁਖ-ਸਹੂਲਤਾਂ ਅਤੇ ਐਸ਼ੋ-ਆਰਾਮ ਹਾਸਲ ਕੀਤੇ ਜਾ ਸਕਦੇ ਹਨ, ਪਰ ਮਨ ਦਾ ਪਰਮ ਸਕੂਨ, ਆਤਮਿਕ ਸ਼ਾਂਤੀ ਅਤੇ ਸਮਾਜ ਵਿੱਚ ਸੱਚਾ ਸਨਮਾਨ ਕਦੇ ਵੀ ਖ਼ਰੀਦਿਆ ਜਾਂ ਕਮਾਇਆ ਨਹੀਂ ਜਾ ਸਕਦਾ। ਰਿਸ਼ਤਿਆਂ ਨੂੰ ਹਮੇਸ਼ਾਂ ਮਤਲਬ ਦੀ ਧੁੰਦਲੀ ਐਨਕ ਲਾ ਕੇ ਦੇਖਣ ਦੀ ਬਜਾਏ, ਉਨ੍ਹਾਂ ਵਿੱਚ ਮੁੜ ਤੋਂ ਨਿਰਸੁਆਰਥ ਭਾਵਨਾ, ਤਿਆਗ, ਅਹਿਸਾਨਮੰਦੀ, ਸਤਿਕਾਰ ਅਤੇ ਸੱਚੀ ਵਫ਼ਾਦਾਰੀ ਦੀ ਪਵਿੱਤਰ ਰੂਹ ਫੂਕਣੀ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ, ਅਹਿਮ ਅਤੇ ਮੁੱਖ ਲੋੜ ਹੈ ਤਾਂ ਹੀ ਮਨੁੱਖੀ ਜੀਵਨ ਸਾਰਥਿਕ ਹੋ ਸਕਦਾ ਹੈ। ਜਦੋਂ ਅਸੀਂ ਰਿਸ਼ਤਿਆਂ ਨੂੰ ਨਫ਼ੇ-ਨੁਕਸਾਨ ਦੇ ਪੈਮਾਨੇ ਤੋਂ ਮੁਕਤ ਕਰਕੇ ਦੇਖਾਂਗੇ, ਉਦੋਂ ਹੀ ਸਮਾਜ ਵਿੱਚ ਸੱਚੀ ਖ਼ੁਸ਼ਹਾਲੀ ਅਤੇ ਆਪਸੀ ਭਾਈਚਾਰਾ ਮੁੜ ਬਹਾਲ ਹੋ ਸਕੇਗਾ।

# ਰਾਜਨੀਤਕ ਸਵਾਰਥਾਂ ਵਿਚੋਂ ਉਪਜਿਆ ਹੈ ਅਜੋਕਾ ਸੰਕਟ

**ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀਆਂ ਹੋਣ ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਵਲੋਂ ਜੋ 'ਜਾਗਿਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਬਿੱਲ' ਪਾਸ ਕਰਵਾਇਆ ਗਿਆ, ਉਸ ਨੂੰ ਪਾਸ ਕਰਵਾਉਣ ਤੋਂ ਪਹਿਲਾਂ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਾਇਦ ਇਸ ਕਰਕੇ ਰਾਇ ਨਹੀਂ ਲਈ ਗਈ ਤਾਂ ਕਿ ਇਸ ਦਾ ਸਿਹਰਾ ਆਮ ਆਦਮੀ ਪਾਰਟੀ ਅਤੇ ਉਸ ਦੀ ਸਰਕਾਰ ਦੇ ਸਿਰ ਬੰਨ੍ਹਿਆ ਜਾ ਸਕੇ। ਹੁਣ ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਇਸ ਦੀਆਂ ਕੁਝ ਧਾਰਾਵਾਂ 'ਤੇ ਇਤਰਾਜ਼ ਉਠਾ ਰਹੇ ਹਨ, ਪਰ ਸਰਕਾਰ ਕਾਨੂੰਨ ਵਿਚ ਕੋਈ ਤਬਦੀਲੀ ਕਰਨ ਲਈ ਤਿਆਰ ਨਹੀਂ ਹੈ।**

ਸਤਨਾਮ ਸਿੰਘ ਮਾਣਕ

ਪੰਜਾਬ ਦੀ ਸਿਆਸਤ ਪਿਛਲੇ ਲੰਮੇ ਸਮੇਂ ਤੋਂ ਕੁਰਾਹੇ ਪਈ ਹੋਈ ਹੈ। ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਤੇ ਉਨ੍ਹਾਂ ਦੇ ਆਗੂਆਂ ਨੇ ਰਾਜ ਨੂੰ ਦਰਪੇਸ਼ ਗੰਭੀਰ ਸਮੱਸਿਆਵਾਂ, ਜਿਨ੍ਹਾਂ ਵਿਚ ਖੇਤੀ ਸੰਕਟ, ਧਰਤੀ ਹੇਠਲੇ ਪਾਣੀ ਦਾ ਡਿਗ ਰਿਹਾ ਪੱਧਰ, ਨੌਜਵਾਨਾਂ ਵਿਚ ਵਧ ਰਹੀ ਬੇਰੁਜ਼ਗਾਰੀ, ਆਸਾਧਾਰਨ ਪ੍ਰਵਾਸ, ਗੈਂਗਸਟਰਵਾਦ ਤੇ ਨਸ਼ਿਆਂ ਦਾ ਪ੍ਰਚਲਣ ਆਦਿ ਦੇ ਹੱਲ ਲੱਭਣ ਲਈ ਮਿਲ-ਬੈਠ ਕੇ ਸੋਚਣ ਦਾ ਕੋਈ ਗੰਭੀਰ ਉਪਰਾਲਾ ਕਦੇ ਨਹੀਂ ਕੀਤਾ ਅਤੇ ਨਾ ਹੀ ਉਹ ਇਕੱਠੇ ਹੋ ਕੇ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਕੇਂਦਰ ਸਰਕਾਰ ਕੋਲ ਗਏ ਹਨ। ਪਰ ਇਕ-ਦੂਜੇ ਨਾਲ ਆਪੋ-ਆਪਣੀਆਂ ਪਾਰਟੀਆਂ ਦੇ ਸਵਾਰਥਾਂ ਅਤੇ ਆਪਣੇ ਨਿੱਜੀ ਹਿੱਤਾਂ ਲਈ ਨਿਰੰਤਰ ਲੜਦੇ ਆ ਰਹੇ ਹਨ। ਜਮਹੂਰੀ ਪ੍ਰਣਾਲੀ ਵਾਲੇ ਦੇਸ਼ ਵਿਚ ਸਿਆਸੀ ਦਲਾਂ ਵਿਚਕਾਰ ਰਾਜਨੀਤਕ ਮਤਭੇਦ ਹੋਣਾ ਕੋਈ ਆਸਾਧਾਰਨ ਗੱਲ ਨਹੀਂ ਹੁੰਦੀ ਪਰ ਮਤਭੇਦਾਂ ਨੂੰ ਇਕ-ਦੂਜੇ ਦੇ ਖਿਲਾਫ਼ ਦੁਸ਼ਮਣੀ ਵਿਚ ਤਬਦੀਲ ਕਰ ਲੈਣਾ ਤੇ ਹਰ ਹੀਲੇ ਇਕ-ਦੂਜੇ ਨੂੰ ਬਦਨਾਮ ਕਰਨਾ ਜਾਂ ਇਕ-ਦੂਜੇ ਨੂੰ ਝੂਠੇ ਸੱਚੇ ਕੇਸ ਦਰਜ ਕਰਕੇ ਜੇਲ੍ਹਾਂ ਵਿਚ ਸੁੱਟਣ ਤੱਕ ਚਲੇ ਜਾਣਾ, ਜਮਹੂਰੀਅਤ ਦੀ ਤੋਰ ਨੂੰ ਵੀ ਅਸਥਿਰ ਕਰ ਦਿੰਦਾ ਹੈ ਅਤੇ ਅਜਿਹੇ ਰੁਝਾਨ ਦੇ ਚਲਦਿਆਂ ਸੰਬੰਧਿਤ ਦੇਸ਼ ਜਾਂ ਪ੍ਰਾਂਤ ਵੀ ਵਿਕਾਸ ਦੇ ਮੌਕਿਆਂ ਨੂੰ ਗੁਆ ਬੈਠਦਾ ਹੈ। ਕੁਝ ਅਜਿਹੀ ਹੀ ਸਥਿਤੀ ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਬਣੀ ਹੋਈ ਹੈ।

ਸ਼ ?ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਗੱਠਜੋੜ ਨੇ 2007 ਤੋਂ ਲੈ ਕੇ 2017 ਤੱਕ ਲਗਾਤਾਰ 10 ਸਾਲ ਰਾਜ ਵਿਚ ਸਰਕਾਰ ਚਲਾਈ ਸੀ। ਇਸ ਸਮੇਂ ਦੌਰਾਨ ਸਰਕਾਰ ਨੇ ਰਾਜ ਦੇ ਵਿਕਾਸ ਲਈ ਵੀ ਬਹੁਤ ਸਾਰੇ ਕੰਮ ਕੀਤੇ ਪਰ ਉਸ ਤੋਂ ਬਹੁਤ ਸਾਰੀਆਂ ਵੱਡੀਆਂ ਗ਼ਲਤੀਆਂ ਵੀ ਹੋਈਆਂ। ਭਾਵੇਂ ਕਿ ਦੋ ਕਾਰਜਕਾਲਾਂ ਤੱਕ ਚੱਲੀ ਅਕਾਲੀ ਦਲ ਤੇ ਭਾਜਪਾ ਦੇ ਗੱਠਜੋੜ ਦੀ ਸਰਕਾਰ ਖੇਤੀ ਸੰਕਟ ਨੂੰ ਹੱਲ ਕਰਨ, ਪੰਜਾਬ ਵਿਚ ਸਨਅਤੀ ਨਿਵੇਸ਼ ਵਧਾ ਕੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਗੈਂਗਸਟਰਵਾਦ ਅਤੇ ਨਸ਼ਿਆਂ ਦੇ ਰੁਝਾਨ ਨੂੰ ਨੱਥ ਪਾਉਣ ਲਈ ਠੋਸ ਕਦਮ ਉਠਾਉਣ ਵਿਚ ਬਹੁਤੀ ਸਫ਼ਲ ਨਹੀਂ ਹੋਈ। ਉਸ ਸਮੇਂ ਦੌਰਾਨ ਇਹ ਸਮੱਸਿਆਵਾਂ ਵਧਦੀਆਂ ਹੀ ਗਈਆਂ। ਪਰ ਇਸ ਤੋਂ ਵਧੇਰੇ ਵੱਡੀ ਗ਼ਲਤੀ ਇਹ ਹੋਈ ਕਿ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਹੋਈਆਂ ਘਟਨਾਵਾਂ ਅਤੇ ਉਨ੍ਹਾਂ ਕਾਰਨ ਪੈਦਾ ਹੋਏ ਅੰਦੋਲਨਾਂ ਨਾਲ ਇਹ ਠੀਕ ਤਰ੍ਹਾਂ ਨਹੀਂ ਨਿਪਟ ਸਕੀ। ਇਸ ਨੂੰ ਅਤੇ ਕਈ ਹੋਰ ਮੁੱਦਿਆਂ ਨੂੰ ਅਧਾਰ ਬਣਾ ਕੇ 2017 ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਤੇ ਇਨ੍ਹਾਂ ਚੋਣਾਂ ਵਿਚ ਜਿੱਤ ਕਾਂਗਰਸ ਪਾਰਟੀ ਨੂੰ ਮਿਲੀ ਅਤੇ ਕੈਪਟਨ ਅਮਰਿੰਦਰ ਸਿੰਘ ਰਾਜ ਦੇ ਮੁੱਖ ਮੰਤਰੀ ਬਣ ਗਏ। ਸਰਕਾਰ ਬਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਪਾਰਟੀ ਦੀ ਸਰਕਾਰ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸੰਬੰਧੀ ਅਦਾਲਤੀ ਕਾਰਵਾਈ ਨੂੰ ਅੱਗੇ ਵਧਾਉਣ ਦਾ ਯਤਨ ਕਰਦੀ ਰਹੀ, ਉਥੇ ਇਸ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਉਸ ਦੇ ਨੇਤਾਵਾਂ ਨੂੰ ਆਲੋਚਨਾ ਦਾ ਕੇਂਦਰ ਬਣਾ ਕੇ ਸਿਆਸੀ ਲਾਭ ਉਠਾਉਣ ਦੀ ਵੀ ਕੋਸ਼ਿਸ਼ ਕਰਦੀ ਰਹੀ, ਤਾਂ ਜੋ ਅਕਾਲੀ ਦਲ ਹਾਸ਼ੀਏ 'ਤੇ ਹੀ ਰਹੇ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਅਤੇ ਖਾਸ ਕਰਕੇ ਇਸ ਦੇ ਆਗੂ ਭਗਵੰਤ ਸਿੰਘ ਮਾਨ ਵੀ ਅਕਾਲੀ ਦਲ ਦੀ ਸ੍ਰੀ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਨੂੰ ਅਧਾਰ ਬਣਾ ਕੇ ਤਿੱਖੀ ਆਲੋਚਨਾ ਕਰਦੇ ਰਹੇ। 2022 ਦੀਆਂ ਚੋਣਾਂ ਵਿਚ ਵੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਹੋਰ ਮੁੱਦਿਆਂ ਦੇ ਨਾਲ-ਨਾਲ ਬੇਅਦਬੀ ਦੀਆਂ ਘਟਨਾਵਾਂ ਨੂੰ ਵੀ ਚੋਣਾਂ ਦਾ ਵੱਡਾ ਮੁੱਦਾ ਬਣਾਇਆ ਤੇ ਇਨ੍ਹਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਵੱਡੀ ਜਿੱਤ ਹਾਸਿਲ ਕਰਕੇ ਆਪਣੀ ਸਰਕਾਰ ਬਣਾਈ। ਆਮ ਆਦਮੀ ਪਾਰਟੀ ਦਾ ਚੋਣਾਂ ਵਿਚ ਇਕ ਹੋਰ ਵੱਡਾ ਨਾਅਰਾ ਬਦਲਾਓ ਦੀ ਰਾਜਨੀਤੀ ਕਰਨਾ ਵੀ ਸੀ। ਸੱਤਾਧਾਰੀ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਆਪਣਾ ਧਿਆਨ ਖੇਤੀ ਸੰਕਟ ਹੱਲ ਕਰਨ, ਸਨਅਤੀ ਨਿਵੇਸ਼ ਵਧਾਉਣ, ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਗੈਂਗਸਟਰਵਾਦ ਨੂੰ ਨੱਥ ਪਾਉਣ, ਨਸ਼ਿਆਂ ਦੇ ਰੁਝਾਨ ਨੂੰ ਰੋਕਣ ਅਤੇ ਸਮੁੱਚੇ ਤੌਰ 'ਤੇ ਅਮਨ-ਕਾਨੂੰਨ ਦੀ ਸਥਿਤੀ ਸੁਧਾਰਨ ਲਈ ਆਪਣੇ ਵਲੋਂ ਬਹੁਤ ਸਾਰੇ ਯਤਨ ਜ਼ਰੂਰ ਕੀਤੇ ਪਰ ਉਸ ਦਾ ਜ਼ਿਆਦਾ ਜ਼ੋਰ ਵਿਰੋਧੀ ਪਾਰਟੀਆਂ, ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਸ਼ਾਮਿਲ ਸਨ, ਨੂੰ ਭ੍ਰਿਸ਼ਟਾਚਾਰ ਖਤਮ ਕਰਨ ਦੇ ਨਾਂਅ 'ਤੇ ਕੇਸਾਂ ਵਿਚ ਉਲਝਾ ਕੇ ਉਨ੍ਹਾਂ ਦੀ ਸਾਖ਼ ਖ਼ਰਾਬ ਕਰਨ ਵੱਲ ਰਿਹਾ। ਪਰ ਵਿਜੀਲੈਂਸ ਵਿਭਾਗ ਨੇ ਜਿਨ੍ਹਾਂ ਕਾਂਗਰਸੀ ਨੇਤਾਵਾਂ 'ਤੇ ਗੰਭੀਰ ਦੋਸ਼ ਲਗਾ ਕੇ ਕੇਸ ਦਰਜ ਕੀਤੇ ਸਨ, ਉਨ੍ਹਾਂ ਵਿਚੋਂ ਕਈ ਨੇਤਾ ਅਦਾਲਤਾਂ ਵਿਚੋਂ ਬਰੀ ਹੋ ਗਏ। ਬਿਕਰਮ ਸਿੰਘ ਮਜੀਠੀਆ 'ਤੇ ਪਹਿਲਾਂ ਨਸ਼ਿਆਂ ਦੀ ਤਸਕਰੀ ਦਾ ਕੇਸ ਦਰਜ ਕੀਤਾ ਗਿਆ ਅਤੇ ਉਹ ਇਸ ਕੇਸ ਵਿਚ ਸੁਪਰੀਮ ਕੋਰਟ ਵਿਚੋਂ ਜ਼ਮਾਨਤ ਹਾਸਲ ਕਰਕੇ ਜੇਲ੍ਹ ਵਿਚੋਂ ਬਾਹਰ ਆ ਗਏ। ਫਿਰ ਉਸ 'ਤੇ ਆਮਦਨ ਤੋਂ ਵਧੇਰੇ ਜਾਇਦਾਦ ਬਣਾਉਣ ਦਾ ਕੇਸ ਦਰਜ ਕਰਕੇ ਮੁੜ ਉਸ ਨੂੰ ਗ੍ਰਿਫਤਾਰ ਕੀਤਾ ਗਿਆ, ਇਸ ਕੇਸ ਵਿਚ ਵੀ ਹੁਣ ਉਹ ਜ਼ਮਾਨਤ 'ਤੇ ਹਨ। ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਅਤੇ ਕੁੱਝ ਪੁਲਿਸ ਅਧਿਕਾਰੀਆਂ 'ਤੇ ਬਹਿਬਲਕਲਾਂ ਅਤੇ ਕੋਟਕਪੂਰਾ ਗੋਲੀਕਾਂਡਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਸੰਬੰਧ ਵਿਚ ਕੇਸ ਦਰਜ ਕੀਤੇ ਗਏ ਅਤੇ ਉਹ ਕੇਸ ਅਜੇ ਵੀ ਅਦਾਲਤਾਂ ਵਿਚ ਚੱਲ ਰਹੇ ਹਨ, ਜੋ ਅਜੇ ਤੱਕ ਵੀ ਕਿਸੇ ਸਿੱਟੇ 'ਤੇ ਨਹੀਂ ਪੁੱਜੇ।

ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਨਿਸ਼ਾਨਾ ਬਣਾਉਣ ਲਈ ਪੰਜਾਬ ਸਰਕਾਰ ਨੇ ਗੁੰਮ ਹੋਏ 328 ਸਰੂਪਾਂ ਦੇ ਕੇਸ ਦੀ ਜਾਂਚ ਲਈ ਮੁੜ ਤੋਂ ਐਸ.ਆਈ.ਟੀ. ਬਣਾਈ, ਭਾਵੇਂ ਕਿ ਸ਼੍ਰੋਮਣੀ ਕਮੇਟੀ ਦੋਸ਼ੀਆਂ ਦੇ ਖਿਲਾਫ਼ ਆਪਣੇ ਤੌਰ 'ਤੇ ਇਸ ਮਾਮਲੇ ਵਿਚ ਪਹਿਲਾਂ ਹੀ ਕਾਰਵਾਈ ਕਰ ਚੁੱਕੀ ਸੀ। ਐਸ.ਆਈ.ਟੀ. ਵਲੋਂ ਇਸ ਸੰਬੰਧੀ




ਸ਼੍ਰੋਮਣੀ ਕਮੇਟੀ ਤੋਂ ਬਹੁਤ ਸਾਰਾ ਅਸਲੀ ਰਿਕਾਰਡ ਮੰਗਿਆ ਜਾ ਰਿਹਾ ਹੈ, ਜਦੋਂਕਿ ਆਮ ਹਾਲਤਾਂ ਵਿਚ ਜਾਂਚ ਏਜੰਸੀਆਂ ਸਿਰਫ਼ ਰਿਕਾਰਡ ਦੀਆਂ ਅਟੈਸਟਿਡ ਫੋਟੋ ਕਾਪੀਆਂ ਹੀ ਮੰਗਦੀਆਂ ਹਨ। ਅਸਲੀ ਰਿਕਾਰਡ ਤਾਰੀਖ 'ਤੇ ਅਦਾਲਤ ਵਿਚ ਹੀ ਪੇਸ਼ ਕੀਤਾ ਜਾਂਦਾ ਹੈ। ਐਸ.ਆਈ.ਟੀ. ਵਲੋਂ ਵਾਰ-ਵਾਰ ਅਜਿਹਾ ਰਿਕਾਰਡ ਵੀ ਸ਼੍ਰੋਮਣੀ ਕਮੇਟੀ ਤੋਂ ਮੰਗਿਆ ਜਾ ਰਿਹਾ ਹੈ, ਜਿਸ ਦਾ ਕਥਿਤ ਤੌਰ 'ਤੇ ਗੁੰਮ ਹੋਏ 328 ਸਰੂਪਾਂ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ। ਇਸ ਸੰਬੰਧ ਵਿਚ ਹੀ ਐਸ.ਆਈ.ਟੀ. ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕ ਕਾਰਜਕਾਰੀ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਬਿਆਨ ਵੀ ਦਰਜ ਕੀਤੇ ਹਨ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਨੇ ਇਸ ਸਾਰੇ ਘਟਨਾਕ੍ਰਮ ਤੋਂ ਇਹ ਸਮਝਿਆ ਕਿ ਉਨ੍ਹਾਂ ਦੀ ਰਾਜਨੀਤਕ ਤੇ ਧਾਰਮਿਕ ਸਾਖ਼ ਨੂੰ ਖ਼ਰਾਬ ਕਰਨ ਲਈ ਆਮ ਆਦਮੀ ਪਾਰਟੀ ਤੇ ਪੰਜਾਬ ਸਰਕਾਰ ਵਲੋਂ ਵਿਸ਼ੇਸ਼ ਤੌਰ 'ਤੇ ਯਤਨ ਕੀਤੇ ਜਾ ਰਹੇ ਹਨ, ਤਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਕਥਿਤ ਤੌਰ 'ਤੇ ਗੁੰਮ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ 2015 ਵਿਚ ਹੋਈਆਂ ਘਟਨਾਵਾਂ ਨੂੰ ਇਕ ਵਾਰ ਫਿਰ ਉਭਾਰ ਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਉਸ ਦੀ ਲੀਡਰਸ਼ਿਪ ਨੂੰ ਹਾਸ਼ੀਏ 'ਤੇ ਧੱਕਿਆ ਜਾ ਸਕੇ ਤੇ 2027 ਦੀਆਂ ਚੋਣਾਂ ਵਿਚ ਇਸ ਦਾ ਸਿਆਸੀ ਲਾਭ ਉਠਾਇਆ ਜਾ ਸਕੇ।

ਇਸੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀਆਂ ਹੋਣ ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਵਲੋਂ ਜੋ 'ਜਾਗਿਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਬਿੱਲ' ਪਾਸ ਕਰਵਾਇਆ ਗਿਆ, ਉਸ ਨੂੰ ਪਾਸ ਕਰਵਾਉਣ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਾਇਦ ਇਸ ਕਰਕੇ ਰਾਇ ਨਹੀਂ ਲਈ ਗਈ ਤਾਂ ਕਿ ਇਸ ਦਾ ਸਿਹਰਾ ਆਮ ਆਦਮੀ ਪਾਰਟੀ ਅਤੇ ਉਸ ਦੀ ਸਰਕਾਰ ਦੇ ਸਿਰ ਬੰਨ੍ਹਿਆ ਜਾ ਸਕੇ। ਹੁਣ ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਇਸ ਦੀਆਂ ਕੁਝ ਧਾਰਾਵਾਂ 'ਤੇ ਇਤਰਾਜ਼ ਉਠਾ ਰਹੇ ਹਨ, ਪਰ ਸਰਕਾਰ ਕਾਨੂੰਨ ਵਿਚ ਕੋਈ ਤਬਦੀਲੀ ਕਰਨ ਲਈ ਤਿਆਰ ਨਹੀਂ ਹੈ।

ਇਸ ਤਰ੍ਹਾਂ ਦੇ ਘਟਨਾਕ੍ਰਮਾਂ ਨੇ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਉਸ ਦੀ ਲੀਡਰਸ਼ਿਪ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਆਮ ਆਦਮੀ ਪਾਰਟੀ ਅਤੇ ਇਸ ਦੀ ਸਰਕਾਰ ਨੂੰ ਆਹਮੋ-ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਦੋਵਾਂ ਧਿਰਾਂ ਵਲੋਂ ਇਕ ਤਰ੍ਹਾਂ ਨਾਲ ਇਕ-ਦੂਜੇ ਦੇ ਸਿਆਸੀ ਅਤੇ ਧਾਰਮਿਕ ਵਜੂਦ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਪ੍ਰਸੰਗ ਵਿਚ ਹੀ 15 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਵਲੋਂ ਅਤੇ ਹੋਰ ਸਿੰਘ ਸਾਹਿਬਾਨ ਵਲੋਂ ਰਾਜ ਦੇ ਮੁੱਖ ਮੰਤਰੀ ਨਾਲ ਸੰਬੰਧਿਤ ਇਕ ਕਥਿਤ ਪੁਰਾਣੀ ਵੀਡੀਓ ਨੂੰ ਅਧਾਰ ਬਣਾ ਕੇ ਅਤੇ 'ਜਾਗਿਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਬਿੱਲ' ਨੂੰ ਪਾਸ ਕਰਵਾਉਣ ਵਿਚ ਆਪਣਾ ਯੋਗਦਾਨ ਪਾਉਣ ਵਾਲੇ ਸਿੱਖ ਮੰਤਰੀਆਂ ਅਤੇ ਵਿਧਾਇਕਾਂ ਨੂੰ 29 ਜੂਨ ਨੂੰ ਪੇਸ਼ ਹੋਣ ਲਈ ਦਿੱਤੇ ਗਏ ਆਦੇਸ਼ ਨੂੰ ਦੇਖਿਆ ਜਾ ਸਕਦਾ ਹੈ। ਪੈਦਾ ਹੋਈ ਇਸ ਸਥਿਤੀ ਨਾਲ ਜਿਥੇ ਸਿੰਘ ਸਾਹਿਬਾਨ ਅਤੇ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਅਤੇ ਹਸਤੀ ਲਈ ਚੁਣੌਤੀ ਪੈਦਾ ਹੋਈ ਹੈ, ਉਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਸਰਕਾਰ ਲਈ ਵੀ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਭਾਵੇਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਉਹ ਇਤਰਾਜ਼ਯੋਗ ਵੀਡੀਓ, ਜਿਸ ਨੂੰ ਅਧਾਰ ਬਣਾ ਕੇ ਸਿੰਘ ਸਾਹਿਬਾਨ ਨੇ ਉਨ੍ਹਾਂ ਨੂੰ 'ਗੁਰੂ ਦੋਖੀ ਅਤੇ ਪੰਥ ਵਿਰੋਧੀ' ਕਿਹਾ ਹੈ, ਉਹ ਉਨ੍ਹਾਂ ਨਾਲ ਸੰਬੰਧਿਤ ਨਹੀਂ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਉਹ ਭਾਵੇਂ ਸ੍ਰੀ ਅਕਾਲ ਤਖਤ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਹਨ ਪਰ ਉਹ ਸੁਖਬੀਰ ਸਿੰਘ ਬਾਦਲ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਸਿੰਘ ਸਾਹਿਬਾਨ ਦੇ ਕਿਸੇ ਆਦੇਸ਼ ਦੀ ਪਾਲਣਾ ਨਹੀਂ ਕਰਨਗੇ। ਇਸ ਦੇ ਬਾਵਜੂਦ ਪੰਜਾਬ ਮੰਤਰੀ ਮੰਡਲ ਵਿਚ ਸ਼ਾਮਿਲ ਸਿੱਖ ਮੰਤਰੀਆਂ ਅਤੇ ਆਮ ਆਦਮੀ ਪਾਰਟੀ ਨਾਲ ਸੰਬੰਧਿਤ ਸਿੱਖ ਵਿਧਾਇਕਾਂ ਲਈ ਅਜੇ ਵੀ ਇਹ ਧਰਮ ਸੰਕਟ ਬਣਿਆ ਹੋਇਆ ਹੈ, ਕਿ ਉਹ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਾ ਕੇ ਆਪਣਾ ਸਪੱਸ਼ਟਕਰਨ ਦੇਣ ਜਾਂ ਨਾ ਦੇਣ? ਉਹ ਇਸ ਗੱਲ ਲਈ ਵੀ ਫ਼ਿਕਰਮੰਦ ਹਨ ਕਿ ਜੇਕਰ ਉਹ ਨਹੀਂ ਜਾਂਦੇ ਤਾਂ ਸਿੰਘ ਸਾਹਿਬਾਨ ਵਲੋਂ ਉਨ੍ਹਾਂ ਵਿਰੁੱਧ ਕੀ ਕਾਰਵਾਈ ਹੋਵੇਗੀ ਤੇ ਇਸ ਦਾ ਉਨ੍ਹਾਂ ਦੇ ਸਿਆਸੀ ਭਵਿੱਖ 'ਤੇ ਵੀ ਕੀ ਅਸਰ ਪਵੇਗਾ? ਦੂਜੇ ਪਾਸੇ ਸਿੱਖ ਪੰਥ ਦਾ ਇਕ ਵੱਡਾ ਹਿੱਸਾ ਇਹ ਵੀ ਮਹਿਸੂਸ ਕਰ ਰਿਹਾ ਹੈ ਕਿ ਅਕਾਲੀ ਦਲ (ਬ) ਦੀ ਲੀਡਰਸ਼ਿਪ ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਦੀ ਸੰਸਥਾ ਨੂੰ ਆਪਣੇ ਹਿੱਤਾਂ ਲਈ ਵਰਤ ਰਹੀ ਹੈ। ਇਸ ਨਾਲ ਸਿੱਖ ਪੰਥ ਦੀਆਂ ਇਨ੍ਹਾਂ ਸਿਰਮੌਰ ਸੰਸਥਾਵਾਂ ਦੇ ਪ੍ਰਭਾਵ 'ਤੇ ਵੀ ਨਾਂਹ-ਪੱਖੀ ਅਸਰ ਪੈ ਰਿਹਾ ਹੈ। ਸਾਰੀ ਚਰਚਾ ਦੇ ਸੰਦਰਭ ਵਿਚ ਸਾਡੀ ਇਹ ਸਪੱਸ਼ਟ ਰਾਇ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੰਘ ਸਾਹਿਬਾਨ ਵਰਗੀਆਂ ਸਿੱਖ ਪੰਥ ਦੀਆਂ ਸਿਰਮੌਰ ਸੰਸਥਾਵਾਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਆਪਣੀ ਮਰਯਾਦਾ ਅਤੇ ਆਪਣੇ ਅਧਿਕਾਰ ਖ਼ੇਤਰ ਵਿਚ ਹੀ ਰਹਿਣਾ ਚਾਹੀਦਾ ਹੈ। ਦੂਜੇ ਪਾਸੇ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਉਸ ਦੀ ਸਰਕਾਰ ਨੂੰ ਵੀ ਗ਼ੈਰ-ਜ਼ਰੂਰੀ ਤੌਰ 'ਤੇ ਆਪਣੇ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਕੇ ਵਾਰ-ਵਾਰ ਸਿਆਸੀ ਲਾਭ ਉਠਾਉਣ ਦੇ ਯਤਨ ਨਹੀਂ ਕਰਨੇ ਚਾਹੀਦੇ। ਅੱਜ ਕੋਈ ਇਕ ਪਾਰਟੀ ਸੱਤਾਧਾਰੀ ਹੋ ਸਕਦੀ ਹੈ, ਕੱਲ੍ਹ ਨੂੰ ਕੋਈ ਹੋਰ ਪਾਰਟੀ ਸੱਤਾ ਵਿਚ ਹੋਵੇਗੀ। ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਵਿਚਕਾਰ ਮਤਭੇਦ ਵੀ ਹੋ ਸਕਦੇ ਹਨ, ਪਰ ਉਨ੍ਹਾਂ ਮਤਭੇਦਾਂ ਨੂੰ ਕਦੇ ਵੀ ਦੁਸ਼ਮਣੀ ਦੀ ਹੱਦ ਤੱਕ ਲੈ ਕੇ ਨਹੀਂ ਜਾਣਾ ਚਾਹੀਦਾ।

ਪੰਥ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਸਾਰੀਆਂ ਧਾਰਮਿਕ ਅਤੇ ਸਿਆਸੀ ਜਥੇਬੰਦੀਆਂ ਤੋਂ ਇਹ ਮੰਗ ਕਰਦੇ ਹਨ ਕਿ ਉਹ ਵਿਕਾਸ ਦੀ ਰਾਜਨੀਤੀ ਕਰਨ ਅਤੇ ਪੰਜਾਬ ਅਤੇ ਪੰਥ ਨੂੰ ਦਰਪੇਸ਼ ਮੌਜੂਦਾ ਸਮੱਸਿਆਵਾਂ ਵਿਚੋਂ ਉਭਾਰਨ ਲਈ ਆਪਣੀ ਸਾਰੀ ਊਰਜਾ ਲਗਾਉਣ। ਇਸ ਨਾਲ ਹੀ ਉਨ੍ਹਾਂ ਦਾ ਅਤੇ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕਦਾ ਹੈ। ਪਰ ਜੇਕਰ ਰਾਜ ਦੇ ਧਾਰਮਿਕ ਅਤੇ ਸਿਆਸੀ ਸੰਗਠਨ ਆਪਸੀ ਟਕਰਾਅ ਦੀ ਨੀਤੀ 'ਤੇ ਤੁਰਦੇ ਰਹੇ ਤਾਂ ਰਾਜ ਅਤੇ ਰਾਜ ਦੇ ਲੋਕਾਂ ਨੂੰ ਆਉਣ ਵਾਲੇ ਸਮੇਂ ਵਿਚ ਹੋਰ ਵੀ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



ਬਿਕਰਮ ਸਿੰਘ ਮਜੀਠੀਆ · ਸੁਖਪਾਲ ਸਿੰਘ ਖਹਿਰਾ · ਚਰਨਜੀਤ ਸਿੰਘ ਚੰਨੀ · ਰਾਜ ਵੜਿੰਗ · ਕੇਵਲ ਢਿੱਲੋਂ · ਸੁਨੀਲ ਜਾਖੜ

# ਛੰਦ ਪਰਾਗੇ ਆਈਏ ਜਾਈਏ...



ਜੋਗਿੰਦਰ ਕੌਰ ਅਗਨੀਹੋਤਰੀ

ਸਮਾਜ ਇੱਕ ਅਜਿਹੀ ਸੰਸਥਾ ਹੈ, ਜਿਸ ਵਿੱਚ ਮਨੁੱਖ ਜ਼ਿੰਦਗੀ ਭਰ ਸਿੱਖਦਾ ਰਹਿੰਦਾ ਹੈ। ਮਨੁੱਖ ਦੇ ਚੰਗੇ ਅਤੇ ਮਾੜੇ ਆਚਰਣ ਦਾ ਜ਼ਿੰਮੇਵਾਰ ਵੀ ਸਮਾਜ ਹੀ ਹੈ। ਜੇਕਰ ਸਾਹਿਤ ਸਮਾਜ ਦਾ ਸ਼ੀਸ਼ਾ ਦਿਖਾਉਂਦਾ ਹੈ ਤਾਂ ਉਸ ਵਿੱਚ ਮਨੁੱਖ ਦੀ ਭਾਗੀਦਾਰੀ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ। ਸੱਭਿਆਚਾਰ ਤਾਂ ਹੀ ਪ੍ਰਫੁੱਲਤ ਹੋ ਸਕਦਾ ਹੈ, ਜੇਕਰ ਮਨੁੱਖ ਜਿਸ ਖਿੱਤੇ ਵਿੱਚ ਉਹ ਵਸਦਾ ਹੈ, ਉੱਥੇ ਉਸ ਦੀ ਆਪਣੀ ਪਛਾਣ ਹੋਵੇ, ਉਸ ਦੀ ਆਪਣੀ ਹੋਂਦ ਹੋਵੇ। ਇਹ ਰੂਪ ਤਾਂ ਹੀ ਦਿਖਾਈ ਦੇਵੇਗਾ, ਜੇਕਰ ਮਨੁੱਖ ਆਪਣੀ ਮਾਂ ਬੋਲੀ ਨੂੰ ਕਾਇਮ ਰੱਖੇਗਾ।

ਲਿਪੀ ਤੋਂ ਪਹਿਲਾਂ ਪੀੜ੍ਹੀ ਦਰ ਪੀੜ੍ਹੀ ਰਚਿਆ ਹੋਇਆ ਸਾਹਿਤ ਮੌਖਿਕ ਰੂਪ ਵਿੱਚ ਸਾਡੇ ਕੋਲ ਆ ਰਿਹਾ ਹੈ, ਇਹ ਇੱਕ ਅਜਿਹੀ ਧਰੋਹਰ ਹੈ ਜੋ ਸਾਡੇ ਜੀਵਨ ਵਿੱਚ ਨਵੇਂ ਤੋਂ ਨਵੇਂ ਰੰਗ ਭਰਨ ਵਿੱਚ ਕਾਮਯਾਬ ਰਹੀ ਹੈ। ਜੀਵਨ ਦੇ ਹਰ ਪੜਾਅ 'ਤੇ ਸਾਨੂੰ ਇਸ ਤੋਂ ਸੇਧ ਮਿਲਦੀ ਹੈ। ਦੁੱਖ ਦੇ ਸਮੇਂ ਪ੍ਰਚੱਲਤ ਕੀਰਨੇ ਵੀ ਇਸੇ ਦੀ ਹੀ ਦੇਣ ਹਨ। ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਲੋਰੀਆਂ ਵੀ ਸਾਨੂੰ ਆਪਣੇ ਵਡੇਰਿਆਂ ਤੋਂ ਹੀ ਪ੍ਰਾਪਤ ਹੋਈਆਂ ਹਨ। ਖੇਡਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ। ਆਪਣੇ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਲਈ ਇਹ ਲੋਕ ਗੀਤ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਵਿਆਹ ਸ਼ਾਦੀਆਂ ਵੇਲੇ ਸੁਹਾਗ ਦੇ ਗੀਤ ਗਾਏ ਜਾਂਦੇ ਹਨ। ਸਮਾਜਿਕ ਵਰਤਾਰੇ ਅਤੇ ਘਰੇਲੂ ਝੰਜਟਾਂ ਦੇ ਗੀਤ ਵੀ ਗਾਏ ਜਾਂਦੇ ਹਨ। ਇੱਕ-ਦੂਜੇ ਨੂੰ ਮਖੌਲ ਕਰਨ ਲਈ ਗਾਏ ਗੀਤ ਸਿੱਠਣੀਆਂ ਅਖਵਾਉਂਦੇ ਹਨ। ਸਿੱਠਣੀਆਂ ਦੇਣ ਵਿੱਚ ਅਤੇ ਗੀਤ ਗਾਉਣ ਵਿੱਚ ਔਰਤਾਂ ਹੀ ਮੋਹਰੀ ਹੁੰਦੀਆਂ ਹਨ। ਵਿਆਹ ਵਿੱਚ ਔਰਤਾਂ ਗੀਤ ਗਾ ਕੇ ਆਪਣੇ ਮਨਾਂ ਦੀਆਂ ਭੋਲਾਂ ਲਾਹ ਲੈਂਦੀਆਂ ਹਨ। ਨਾਨਕੀਆਂ ਬੰਬੀਹਾ ਬੋਲੇ ਵਿੱਚ ਸਾਰੇ ਪਿੰਡ ਨੂੰ, ਪਿੰਡ ਦੀਆਂ ਕੁੜੀਆਂ ਨੂੰ, ਨੰਬਰਦਾਰਾਂ ਨੂੰ, ਪੰਚਾਂ-ਸਰਪੰਚਾਂ ਨੂੰ, ਪਿੰਡ ਦੇ ਅਣਵਿਆਹੇ ਮੁੰਡਿਆਂ ਭਾਵ ਛੜਿਆਂ ਨੂੰ ਰੱਜ ਕੇ ਗੀਤ ਗਾਉਂਦੀਆਂ ਹਨ। ਉੱਧਰੋਂ ਦਾਦਕੀਆਂ ਵੀ ਨਾਨਕੀਆਂ ਦੀ ਰੜੇ ਭੰਬੀਰੀ ਬੁਲਾਉਂਦੀਆਂ ਹਨ। ਲਾਗੀਆਂ ਨੂੰ ਸਿੱਠਿਆ ਜਾਂਦਾ ਹੈ, ਵਿਚੋਲੇ ਨੂੰ ਖ਼ੂਬ ਸਿੱਠਿਆ ਜਾਂਦਾ ਹੈ। ਕੁੜੀ ਦੇ ਵਿਆਹ ਵਿੱਚ ਜਾਨੀਆਂ ਨੂੰ ਖ਼ੂਬ ਸਿੱਠਿਆ ਜਾਂਦਾ ਹੈ। ਲਾੜੇ ਦੀ ਭੈਣ, ਮਾਂ, ਭੂਆ ਤੇ ਪਿਤਾ ਨਾਲ ਤਾਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ ਭਾਵ ਇਹ ਸਾਰੇ ਅਧਿਕਾਰ ਸਮਾਜ ਨੇ ਔਰਤਾਂ ਨੂੰ ਹੀ ਦਿੱਤੇ ਹਨ।

ਫਿਰ ਵੀ ਇੱਕ ਅਧਿਕਾਰ ਲਾੜੇ ਨੂੰ ਵੀ ਦਿੱਤਾ ਗਿਆ ਹੈ। ਇਹ ਨਹੀਂ ਪਤਾ ਕਿ ਉਹ ਉਸ ਦਾ ਬੁੱਧੀ ਪ੍ਰੀਖਣ ਹੈ ਕਿ ਉਸ ਨੂੰ ਮਖੌਲ ਕਰਨ ਦਾ ਅਧਿਕਾਰ ਹੈ। ਲਾੜਾ ਆਪਣੇ ਇਸ ਅਧਿਕਾਰ ਦੀ ਵਰਤੋਂ ਕਰਨੀ ਵੀ ਜ਼ਰੂਰੀ ਸਮਝਦਾ ਹੈ ਕਿਉਂਕਿ ਉਸ ਦੇ ਵਿਆਹ ਵਿੱਚ ਉਸ ਦੀ ਮਾਂ, ਭੈਣ, ਭੂਆ, ਦਾਦੀ ਅਤੇ ਉਸ ਦੇ ਪਿਤਾ ਨੂੰ ਗੀਤਾਂ ਰਾਹੀਂ ਖ਼ੂਬ ਭੰਡਿਆ ਹੁੰਦਾ ਹੈ, ਸੋ ਉਹ ਵੀ ਇਸ ਮੌਕੇ ਭਾਜੀ ਮੋੜਨਾ ਚਾਹੁੰਦਾ ਹੈ। ਉਹ ਵੀ ਆਪਣੀ ਪੂਰੀ ਤਿਆਰੀ ਕਰ ਕੇ ਆਉਂਦਾ ਹੈ। ਲਾਵਾਂ ਤੋਂ ਬਾਅਦ ਲਾੜੇ ਨੂੰ ਅੰਦਰ ਲਿਜਾਣ ਵੇਲੇ ਵੀ ਉਸ ਦੀ ਮਦਦ ਸਰਵਾਲ੍ਹਾ ਕਰਦਾ ਹੈ। ਉਸ ਸਮੇਂ ਵਿਛਾਏ ਮੰਜੇ ਉੱਤੇ ਬੈਠਣ ਤੋਂ ਪਹਿਲਾਂ ਚੇਤਨ ਅਵਸਥਾ ਵਿੱਚ ਰਹਿਣਾ ਪੈਂਦਾ ਹੈ ਕਿਉਂਕਿ ਸਾਲੀਆਂ ਕਈ ਵਾਰ ਬਿਨਾਂ ਬੁਣੇ ਮੰਜੇ ਉੱਤੇ ਬਿਸਤਰਾ ਵਿਛਾ ਕੇ ਰੱਖ ਦਿੰਦੀਆਂ ਹਨ। ਕਈ ਸੁੱਘੜ ਸਰਵਾਲੇ ਪਹਿਲਾਂ ਹੀ ਮੰਜੇ ਉੱਤੇ ਵਿਛਾਏ ਬਿਸਤਰੇ ਨੂੰ ਚੁੱਕ ਕੇ ਦੇਖ ਲੈਂਦੇ ਹਨ। ਉਸ ਤੋਂ ਬਾਅਦ ਸਾਲੀਆਂ ਉਸ ਨੂੰ ਛੰਦ ਸੁਣਾਉਣ ਵਾਸਤੇ ਕਹਿੰਦੀਆਂ ਹਨ।

ਸਿਆਣੇ ਅਤੇ ਚੁਸਤ ਲਾੜੇ ਛੰਦ ਸੁਣਾਉਣ ਵੇਲੇ ਪਹਿਲਾ ਛੰਦ ਆਪਣੀ ਸੱਸ ਅਤੇ ਸਹੁਰੇ ਦੀ ਉਸਤਤੀ ਵਿੱਚ ਬੋਲਦੇ ਹਨ;

**ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਕੇਸਰ।**
**ਸੱਸ ਮੇਰੀ ਪਾਰਵਤੀ ਸਹੁਰਾ ਮੇਰਾ ਪਰਮੇਸ਼ਰ।**

ਉਸ ਤੋਂ ਬਾਅਦ ਫਿਰ ਸਾਲੀਆਂ ਨਾਲ ਮਖੌਲ ਦੀ ਘੜੀ ਆਰੰਭ ਹੋ ਜਾਂਦੀ ਹੈ। ਸਾਲੀਆਂ ਦੀ ਭਾਜੀ ਮੋੜਨ ਦਾ ਸਮਾਂ ਬੜੇ ਸਬੱਬ ਨਾਲ ਮਿਲਦਾ ਹੈ। ਇਸ ਸਮੇਂ ਲਾੜਾ ਪਹਿਲਾ ਛੰਦ ਇਸ ਤਰ੍ਹਾਂ ਬੋਲਦਾ ਹੈ ਜਾਂ ਸੁਣਾਉਂਦਾ ਹੈ;

**ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਤੁੰਮਾਂ।**
**ਸਭੇ ਸਾਲੀਆਂ ਸੋਹਣੀਆਂ ਮੈਂ ਕਿਹਦਾ ਮੂੰਹ ਚੁੰਮਾਂ।**

ਜੀਜੇ ਨਾਲ ਕੀਤੀਆਂ ਵਧੀਕੀਆਂ ਸਾਲੀਆਂ ਦੇ ਅੱਗੇ ਹੀ ਆਉਂਦੀਆਂ ਹਨ। ਪਹਿਲਾ ਛੰਦ ਸੁਣਦਿਆਂ ਹੀ ਸਾਰੀਆਂ ਕੱਚੀਆਂ ਜਿਹੀਆਂ ਹੋ ਜਾਂਦੀਆਂ ਹਨ, ਪਰ ਇਹ ਮੌਕਾ ਗੁੱਸਾ ਦਿਖਾਉਣ ਦਾ ਨਹੀਂ ਹੁੰਦਾ ਤੇ ਨਾ ਹੀ ਕਿਸੇ ਉਲਾਂਭੇ ਲਈ ਹੁੰਦਾ ਹੈ ਬਲਕਿ ਸਹਿਣਸ਼ੀਲਤਾ ਦਾ ਸਬੂਤ ਦੇਣਾ ਪੈਂਦਾ ਹੈ। ਸਾਲੀਆਂ ਵਾਸਤੇ ਨਵਾਂ ਛੰਦ ਇਸ ਤਰ੍ਹਾਂ ਪਰੋਸਿਆ ਜਾਂਦਾ ਹੈ;

**ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਡੋਈ।**
**ਸਭੇ ਸਾਲੀਆਂ ਕੋਲ ਬੈਠੀਆਂ ਬਹੂ ਕਿੱਥੇ ਲਕੋਈ।**

ਸਾਲੀਆਂ ਨਾਲ ਜੀਜੇ ਦਾ ਬਹੁਤ ਗੂੜ੍ਹਾ ਸਬੰਧ ਹੁੰਦਾ ਹੈ। ਸਾਲੀ ਨੂੰ ਅੱਧੀ ਘਰਵਾਲੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਸ਼ਬਦ ਵੀ ਸਮਾਜ ਦੀ ਦੇਣ ਹਨ। ਇਸ ਦਾ ਮਤਲਬ ਹੈ ਕਿ ਘਰਵਾਲੀ ਦੀ ਅਣਹੋਂਦ ਵਿੱਚ ਬੱਚਿਆਂ ਦੀ ਮਾਸੀ ਭਾਵ ਵਿਅਕਤੀ ਦੀ ਸਾਲੀ ਉੱਤੇ ਕਾਫ਼ੀ ਜ਼ਿੰਮੇਵਾਰੀ ਆ ਜਾਂਦੀ ਹੈ। ਕਈ ਵਾਰ ਤਾਂ ਮਜਬੂਰੀ ਵਿੱਚ ਸਾਲੀ ਨਾਲ ਦੂਜਾ ਵਿਆਹ ਵੀ ਹੋ ਜਾਂਦਾ ਹੈ। ਜੇਕਰ ਬੱਚਿਆਂ ਦੀ ਮਾਂ ਨਾ ਹੋਵੇ ਤਾਂ ਮਾਸੀ ਉਨ੍ਹਾਂ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਹੈ। ਉਹ ਆਪਣਾ ਘਰ ਸੰਭਾਲਦੀ ਹੋਈ ਵੀ ਆਪਣੇ ਭਾਣਜੇ-ਭਾਣਜੀਆਂ ਦੇ ਕਾਰਜ ਵੀ ਸੰਵਾਰਦੀ ਹੈ। ਤਾਂ ਹੀ ਕਿਹਾ ਗਿਆ ਹੈ ਕਿ ਮਰੇ ਮਾਂ ਜੀਵੇ ਮਾਸੀ। ਇਸੇ ਕਰਕੇ ਹੀ ਜੀਜੇ ਸਾਲੀ ਦੀ ਮਖੌਲ ਕਰਨ ਦੀ ਆਪਸੀ ਖੁੱਲ੍ਹ ਨੂੰ ਸਮਾਜ ਦੀ ਪ੍ਰਵਾਨਗੀ ਹੈ। ਦੋਵਾਂ ਦਾ ਆਪਸੀ ਮਖੌਲ ਕਰਨਾ ਕੋਈ ਅਲੋਕਾਰੀ ਗੱਲ ਨਹੀਂ। ਜੀਜਾ ਵੀ ਆਪਣੀ ਸਾਲੀ ਨੂੰ ਮਨ ਆਈ ਗੱਲ ਕਹਿ ਸਕਦਾ ਹੈ। ਅਜਿਹੀ ਸਥਿਤੀ ਛੰਦ ਵਿੱਚ ਦੇਖੀ ਜਾ ਸਕਦੀ ਹੈ;

**ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਪਲੀ।**
**ਪਰ੍ਹੇ ਹੋ ਕੇ ਪੂੰਝ ਸਾਲੀਏ ਨੱਕੋਂ ਡਿੱਗਦੀ ਨਲੀ।**

ਕਈ ਵਾਰ ਸਾਲੀਆਂ ਵਿੱਚ ਬੈਠਾ ਜੀਜਾ ਗੁਸਤਾਖ਼ੀ ਕਰਨ ਤੋਂ ਵੀ ਵਾਜ ਨਹੀਂ ਆਉਂਦਾ। ਉਸ ਦੇ ਅੰਦਰ ਬਦਲੇ ਦੀ ਭਾਵਨਾ ਵੀ ਹੁੰਦੀ ਹੈ ਅਤੇ ਉਹ ਸ਼ਰਾਰਤ ਕਰਦਾ ਹੈ;

**ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਕੱਖ।**
**ਅਗਲਾ ਛੰਦ ਮੈਂ ਫੇਰ ਸੁਣਾਊ ਜੇ ਸਾਲੀ ਮਾਰੇ ਅੱਖ।**

ਛੰਦ ਸੁਣਨਾ ਅਤੇ ਸੁਣਾਉਣਾ ਦੋਵੇਂ ਹੀ ਬਹੁਤ ਔਖੇ ਹਨ। ਸੁਣਨ ਵਾਲੇ ਨੂੰ ਇਹ ਨਹੀਂ ਪਤਾ ਹੁੰਦਾ ਕਿ ਛੰਦ ਸੁਣਾਉਣ ਵਾਲਾ ਪਤਾ ਨਹੀਂ ਕੀ ਬੋਲੇ। ਉਸ ਨੂੰ ਠਰ੍ਹੰਮਾ ਰੱਖਣਾ ਪੈਂਦਾ ਹੈ। ਛੰਦ ਸੁਣਾਉਣ ਵਾਲੇ ਨੂੰ ਵੀ ਸ਼ਬਦਾਂ ਦੀ ਚੋਣ ਸੋਚ ਸਮਝ ਕੇ ਕਰਨੀ ਪੈਂਦੀ ਹੈ ਤਾਂ ਕਿ ਉਸ ਨੂੰ ਨਮੋਸ਼ੀ ਨਾ ਝੱਲਣੀ ਪਵੇ। ਉਹ ਸਾਲੀਆਂ ਨਾਲ ਡਟ ਕੇ ਮੁਕਾਬਲਾ ਕਰਨ ਲਈ ਤਿਆਰ ਹੁੰਦਾ ਹੈ;

**ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਥਾਲੀ।**
**ਸਾਢੂ ਮੇਰਾ ਭੋਲਾ ਭਾਲਾ ਸਾਲੀ ਬਾਰਾਂ ਤਾਲੀ।**

ਸਾਲੀਆਂ ਨਾਲ ਨਜਿੱਠਣ ਲਈ ਲਾੜੇ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਸੱਸ ਅਤੇ ਸਹੁਰੇ ਨੂੰ ਵੀ ਛੰਦ ਦੇਣੇ ਹੁੰਦੇ ਹਨ। ਜਦੋਂ ਸਾਲੀਆਂ ਜੀਜੇ ਦੇ ਮਾਂ-ਪਿਓ, ਭੈਣ-ਭੂਆ ਆਦਿ ਨੂੰ ਸਿੱਠਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੀਆਂ, ਫਿਰ ਉਹ ਵੀ ਕਿਉਂ ਛੱਡੇ? ਜਦੋਂ ਕੁੜੀਆਂ ਬਦਲਵਾਂ ਛੰਦ ਸੁਣਾਉਣ ਲਈ ਕਹਿੰਦੀਆਂ ਹਨ ਤਾਂ ਉਹ ਝੱਟ ਨਵਾਂ ਛੰਦ ਸੁਣਾਉਣਾ ਸ਼ੁਰੂ ਕਰ ਦਿੰਦਾ ਹੈ;

**ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਡੌਰੂ।**
**ਸੱਸ ਮੇਰੀ ਗੁਹਾਰੇ ਚੜ੍ਹ ਗਈ ਸਹੁਰਾ ਪੱਟੇ ਖੌਰੂ।**

ਇਕੱਠੀਆਂ ਹੋਈਆਂ ਕੁੜੀਆਂ ਮਛਰੇਵੇਂ ਕਾਰਨ ਜੀਜੇ ਨੂੰ ਵੱਧ ਤੋਂ ਵੱਧ ਛੰਦ ਸੁਣਾਉਣ ਲਈ ਕਹਿੰਦੀਆਂ ਹਨ। ਕਈ ਵਾਰ ਤਾਂ ਛੰਦ ਸੁਣਾਉਣ ਵਾਲਾ ਉਨ੍ਹਾਂ ਦੀ ਆਰਥਿਕ ਤੰਗੀ ਵੱਲ ਵੀ ਸੰਕੇਤ ਕਰ ਦਿੰਦਾ ਹੈ;

**ਛੰਦ ਪਰਾਗੇ ਆਈਏ ਜਾਈਏ**
**ਛੰਦ ਪਰਾਗੇ ਦੁਆਨੀ।**
**ਤੁਹਾਡੇ ਵਰਗਿਆਂ ਦੇ**
**ਵਿਆਹੁਣ ਢੁੱਕੇ**
**ਭੁੱਖੇ ਮਰ ਗਏ ਜਾਨੀ।**

ਇਹੋ ਜਿਹੇ ਛੰਦ ਸੁਣਾਉਣ ਤੋਂ ਬਾਅਦ ਜੀਜਾ ਫਿਰ ਸਾਲੀਆਂ ਦੀ ਭਾਜੀ ਮੋੜਨ ਵੱਲ ਹੋ ਜਾਂਦਾ ਹੈ। ਉਹ ਨਵਾਂ ਛੰਦ ਸਾਲੀਆਂ ਨੂੰ ਇਸ ਤਰ੍ਹਾਂ ਸੁਣਾਉਂਦਾ ਹੈ;

**ਛੰਦ ਪਰਾਗੇ ਆਈਏ ਜਾਈਏ**
**ਛੰਦ ਪਰਾਗੇ ਪਾਨ।**
**ਨੱਕ 'ਤੇ ਮੱਖੀ ਬੈਠਣ ਨਾ**
**ਦੇਵੇ**
**ਸਾਲੀ ਬੜੀ ਸ਼ੈਤਾਨ।**

ਇਸ ਤਰ੍ਹਾਂ ਚੱਲਦੇ ਚੱਲਦੇ ਚੱਕੀ ਦੇ ਗੇੜ ਵਾਂਗ ਛੰਦ ਸੁਣਾਉਣ ਵਾਲਾ, ਫਿਰ ਸੱਸ ਸਹੁਰੇ ਨੂੰ ਸਿੱਠਦਾ ਹੈ ਭਾਵੇਂ ਸਾਲੀਆਂ ਦੀ ਮੰਗ ਵੀ ਹੋਵੇ, ਪਰ ਬਦਲਾਖੋਰੀ ਦੀ ਭਾਵਨਾ ਉਸ ਦੇ ਅੰਦਰ ਵੀ ਭਰੀ ਹੁੰਦੀ ਹੈ;

**ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਪੱਤੇ।**
**ਸਹੁਰਾ ਮੇਰਾ ਭੇਡਾਂ ਮੁੰਨੇ ਸੱਸ ਮੇਰੀ ਉੱਨ ਕੱਤੇ।**

ਲਾੜਾ ਵੀ ਆਪਣੀ ਹਾਰ ਮੰਨਣ ਵਾਲਾ ਨਹੀਂ ਹੁੰਦਾ, ਉਹ ਸਾਲੀਆਂ ਦੀ ਇੱਛਾ ਤੋਂ ਪਹਿਲਾਂ ਹੀ ਨਵਾਂ ਛੰਦ ਸੁਣਾਉਂਦਾ ਹੈ;

**ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਕਾਰ।**
**ਇੱਕ ਨੂੰ ਅਸੀਂ ਵਿਆਹ ਕੇ ਲੈ ਗਏ ਦੂਜੀ ਰੱਖਿਓ ਤਿਆਰ।**

ਅਜਿਹੇ ਮਾਹੌਲ ਵਿੱਚ ਸਭ ਦਾ ਕੰਨ ਰਸਦਾ ਹੈ, ਨਵੇਂ ਤੋਂ ਨਵੇਂ ਛੰਦ ਵੀ ਸੁਣਾਏ ਜਾਂਦੇ ਹਨ। ਛੰਦ ਸੁਣਾਉਣ ਵਾਲਾ ਵੀ ਕੋਈ ਮੌਕਾ ਹੱਥੋਂ ਖੁੰਝਣ ਨਹੀਂ ਦਿੰਦਾ ਅਤੇ ਤੁਰੰਤ ਨਵਾਂ ਛੰਦ ਸੁਣਾਉਂਦਾ ਹੈ;

**ਛੰਦ ਪਰਾਗੇ ਆਈਏ ਜਾਈਏ**
**ਛੰਦ ਪਰਾਗੇ ਝਾਵਾਂ।**
**ਜੇ ਤੁਹਾਡਾ ਕਿਤੇ ਵਿਆਹ ਨਹੀਂ ਹੁੰਦਾ**
**ਮੈਂ ਛੜਿਆਂ ਦੀ ਦੱਸ ਪਾਵਾਂ।**

ਸਾਲੀਆਂ ਨਾਲ ਉੱਨੀ-ਇੱਕੀ ਕਰਨ ਵਿੱਚ ਲਾੜਾ ਕੋਈ ਕਸਰ ਨਹੀਂ ਰਹਿਣ ਦੇਣਾ ਚਾਹੁੰਦਾ। ਉਹ ਉਨ੍ਹਾਂ ਨੂੰ ਖਿਝਾਉਣ ਲਈ ਇਹ ਵੀ ਕਹਿ ਦਿੰਦਾ ਹੈ;

**ਛੰਦ ਪਰਾਗੇ ਆਈਏ ਜਾਈਏ**
**ਛੰਦ ਪਰਾਗੇ ਖੰਡ।**
**ਛੱਪੜੀ ਦੇ ਵਿੱਚ ਸੁੱਟ ਕੇ ਆਵਾਂ**
**ਬੰਨ੍ਹ ਕੇ ਸੋਡੀ ਪੰਡ।**

ਕਈ ਵਾਰ ਆਰਥਿਕ ਮੰਦੀ ਕਾਰਨ ਲੋਕ ਕੁੜੀ ਦਾ ਵਿਆਹ ਕਰਨ ਲਈ ਉਸ ਦੇ ਸਹੁਰਿਆਂ ਕੋਲੋਂ ਪੈਸੇ ਵੀ ਲੈ ਲੈਂਦੇ ਸਨ। ਉਸ ਸਮੇਂ ਕਈ ਨਾਰਾਜ਼ ਲਾੜੇ ਆਪਣੀ ਨਾਰਾਜ਼ਗੀ ਦਾ ਪ੍ਰਗਟਾਵਾ ਵੀ ਕਰ ਦਿੰਦੇ ਹਨ। ਉਹ ਛੰਦ ਸੁਣਾਉਂਦੇ ਸਮੇਂ ਹੀ ਸ਼ਬਦਾਂ ਨੂੰ ਤੋੜ ਮਰੋੜ ਕੇ ਉਨ੍ਹਾਂ ਸਾਹਮਣੇ ਪੇਸ਼ ਕਰ ਦਿੰਦੇ ਸਨ;

**ਛੰਦ ਪਰਾਗੇ ਆਈਏ ਜਾਈਏ**
**ਛੰਦ ਪਰਾਗੇ ਗਰਨਾ।**
**ਪੈਸਾ ਟਕਾ ਵਿਆਹ 'ਤੇ ਲੱਗ ਗਿਆ**
**ਖੇਹ ਖਾ ਕੇ ਮਰਨਾ।**

ਆਖਰ ਵਿੱਚ ਜਦੋਂ ਵਿਦਾਈ ਦਾ ਸਮਾਂ ਆ ਜਾਂਦਾ ਹੈ ਤਾਂ ਲਾੜਾ ਇਹ ਛੰਦ ਸੁਣਾ ਕੇ ਛੰਦ ਸੁਣਾਉਣਾ ਬੰਦ ਕਰ ਦਿੰਦਾ ਹੈ ਕਿ ਹੁਣ ਸਮਾਂ ਬਹੁਤ ਹੋ ਗਿਆ ਹੈ ਤੇ ਇਸ ਕੰਮ ਨੂੰ ਸਮਾਪਤ ਕਰਨਾ ਬਣਦਾ ਹੈ ਤਾਂ ਉਹ ਆਖਰੀ ਛੰਦ ਇਸ ਤਰ੍ਹਾਂ ਸੁਣਾਉਂਦਾ ਹੈ;

**ਛੰਦ ਪਰਾਗੇ ਆਈਏ ਜਾਈਏ**
**ਛੰਦ ਪਰਾਗੇ ਗਹਿਣਾ।**
**ਛੇਤੀ ਛੇਤੀ ਤੋਰੋ ਕੁੜੀ ਨੂੰ**
**ਮੈਂ ਨਹੀਂ ਹੁਣ ਬਹਿਣਾ?**

ਇਸ ਤਰ੍ਹਾਂ ਛੰਦ ਵੀ ਸਿੱਠਣੀਆਂ ਦੀ ਹੀ ਇੱਕ ਸ਼ਾਖਾ ਹਨ, ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਇਸ ਨੂੰ ਲਾੜੇ ਵੱਲੋਂ ਬੋਲਿਆ ਜਾਂਦਾ ਹੈ ਅਤੇ ਸਿੱਠਣੀਆਂ ਸਾਲੀਆਂ ਕੁੜਮਣੀਆਂ ਆਦਿ ਵੱਲੋਂ ਦਿੱਤੀਆਂ ਜਾਂਦੀਆਂ ਹਨ। ਮਜ਼ਾਕ ਦੀ ਇਹ ਪਰੰਪਰਾ ਸਾਡੇ ਸੱਭਿਆਚਾਰ ਦੀ ਇੱਕ ਪੁਰਾਣੀ ਪਰੰਪਰਾ ਹੈ ਜੋ ਉਵੇਂ ਜਿਵੇਂ ਹੀ ਕਾਇਮ ਰਹਿਣੀ ਚਾਹੀਦੀ ਹੈ।







# ਸੋਨੇ ਬਾਰੇ ਆਰ ਬੀ ਆਈ ਦੀ ਦੁਬਿਧਾ



ਬਲੂਮਬਰਗ ਦੀ ਇੱਕ ਰਿਪੋਰਟ (2 ਜੂਨ) ਵਿੱਚ ਦਾਅਵਾ ਕੀਤਾ ਗਿਆ ਸੀ ਕਿ ਭਾਰਤੀ ਰਿਜ਼ਰਵ ਬੈਂਕ ਨੇ 22 ਮਈ ਤੱਕ ਦੇ ਦੋ ਹਫ਼ਤਿਆਂ ਦੌਰਾਨ ਆਪਣੇ ਸੋਨੇ ਦੇ ਭੰਡਾਰ ਵਿੱਚੋਂ ਲਗਪਗ 12 ਅਰਬ ਡਾਲਰ ਦਾ ਸੋਨਾ ਵੇਚ ਦਿੱਤਾ ਹੈ। ਅਗਲੇ ਹੀ ਦਿਨ ਆਰ ਬੀ ਆਈ ਨੇ ਇਸ ਦਾਅਵੇ ਦਾ ਖੰਡਨ ਕਰਦਿਆਂ ਸਪੱਸ਼ਟ ਕੀਤਾ ਕਿ ਉਸ ਦਾ ਸੋਨੇ ਦਾ ਸਟਾਕ 880.52 ਟਨ 'ਤੇ ਬਰਕਰਾਰ ਹੈ, ਜਿਸ ਵਿੱਚ ਕੋਈ ਬਦਲਾਅ ਨਹੀਂ ਹੋਇਆ। ਇਸ ਤੋਂ ਬਾਅਦ ਬਲੂਮਬਰਗ ਨੇ ਆਪਣੀ ਰਿਪੋਰਟ ਵਾਪਸ ਲੈ ਲਈ। ਜਿਵੇਂ ਹੀ ਬਲੂਮਬਰਗ ਨੇ ਇਹ ਦਾਅਵਾ ਕੀਤਾ, ਮੀਡੀਆ (ਖ਼ਾਸ ਕਰਕੇ ਸੋਸ਼ਲ ਮੀਡੀਆ) 'ਤੇ ਭਾਰਤੀ ਅਰਥਚਾਰੇ ਦੀ ਅਸਲ ਸਥਿਤੀ ਨੂੰ ਲੈ ਕੇ ਕਿਆਸਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ। ਕਈ ਮਾਹਿਰਾਂ ਨੇ ਦਲੀਲ ਦਿੱਤੀ ਕਿ ਇਹ ਘਟਨਾ ਰੁਪਏ ਅਤੇ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਦੀ ਨਾਜ਼ੁਕ ਸਥਿਤੀ ਨੂੰ ਦਰਸਾਉਂਦੀ ਹੈ। ਦੂਜੇ ਪਾਸੇ ਆਰ ਬੀ ਆਈ ਨੇ ਸੋਨਾ ਵੇਚਣ ਦੀ ਗੱਲ ਨਕਾਰਦਿਆਂ ਸਰਸਰੀ ਢੰਗ ਨਾਲ ਆਪਣੇ ਮਈ 2026 ਦੇ ਬੁਲੇਟਿਨ ਦਾ ਇੱਕ ਪੰਨਾ ਨੱਥੀ ਕਰ ਦਿੱਤਾ, ਜਿਸ ਵਿੱਚ ਮਈ ਦੀ ਬਜਾਏ ਅਪਰੈਲ ਦੇ ਹਫ਼ਤਾਵਾਰੀ ਸੋਨੇ ਦੇ ਸਟਾਕ ਦੇ ਅੰਕੜੇ ਸਨ। ਇਸ ਗ਼ਲਤੀ ਕਾਰਨ ਸੋਸ਼ਲ ਮੀਡੀਆ 'ਤੇ ਆਰ ਬੀ ਆਈ ਦੇ ਖੰਡਨ 'ਤੇ ਸਵਾਲ ਉੱਠਣ ਲੱਗੇ ਅਤੇ ਬੈਂਕ 'ਤੇ ਝੂਠ ਫੈਲਾਉਣ ਦੇ ਦੋਸ਼ ਲਗਾਏ ਗਏ। ਇਹ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਸਨ, ਕਿਉਂਕਿ ਆਰ ਬੀ ਆਈ ਵਰਗੀ ਸੰਸਥਾ ਕਦੇ ਵੀ ਕੋਈ ਗ਼ਲਤ ਤੱਥ ਪੇਸ਼ ਨਹੀਂ ਕਰ ਸਕਦੀ।

ਇਸ ਘਟਨਾ ਨੇ ਬਹੁਤ ਸਾਰੇ ਲੋਕਾਂ ਨੂੰ 1991 ਦਾ ਉਹ ਦੌਰ ਯਾਦ ਕਰਵਾ ਦਿੱਤਾ ਜਦੋਂ ਭਾਰਤ ਨੂੰ ਆਪਣੇ ਕਰਜ਼ੇ ਦੀ ਅਦਾਇਗੀ ਦੇ ਸੰਕਟ ਤੋਂ ਬਚਣ ਲਈ ਸੋਨਾ ਗਹਿਣੇ ਰੱਖਣਾ ਅਤੇ ਵੇਚਣਾ ਪਿਆ ਸੀ। ਭਾਵੇਂ ਇਹ ਵਿਵਾਦ ਹੁਣ ਸ਼ਾਂਤ ਹੋ ਗਿਆ ਹੈ ਪਰ ਸੋਨੇ ਦੀ ਵਿਕਰੀ ਨੂੰ ਲੈ ਕੇ ਭਾਰਤੀ ਲੋਕਾਂ ਦੀ ਸੰਵੇਦਨਸ਼ੀਲਤਾ ਬਾਰੇ ਇੱਕ ਵੱਡਾ ਸਵਾਲ ਅਜੇ ਵੀ ਬਰਕਰਾਰ ਹੈ। ਆਰ ਬੀ ਆਈ ਨੂੰ ਆਪਣੇ ਸੋਨੇ ਦੇ ਭੰਡਾਰ ਦਾ ਪ੍ਰਬੰਧਨ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ? ਕੀ ਇਸ ਨੂੰ ਹੋਰ ਸੋਨਾ ਖ਼ਰੀਦਣਾ ਚਾਹੀਦਾ ਹੈ, ਲੋੜ ਪੈਣ 'ਤੇ ਕੁਝ ਹਿੱਸਾ ਵੇਚਣਾ ਚਾਹੀਦਾ ਹੈ ਜਾਂ ਫਿਰ ਮੌਜੂਦਾ ਸਥਿਤੀ ਨੂੰ ਹੀ ਬਰਕਰਾਰ ਰੱਖਣਾ ਚਾਹੀਦਾ ਹੈ?

ਆਰ ਬੀ ਆਈ ਦੇ ਅੰਕੜਿਆਂ ਅਨੁਸਾਰ (ਬੈਂਕ ਨੇ 2020 ਤੋਂ ਸੋਨੇ ਬਾਰੇ ਅੰਕੜੇ ਜਨਤਕ ਕਰਨੇ ਸ਼ੁਰੂ ਕੀਤੇ ਸਨ), ਮਾਰਚ 2026 ਦੇ ਅੰਤ ਤੱਕ ਬੈਂਕ ਕੋਲ 880.34 ਟਨ ਸੋਨਾ ਸੀ। ਮਾਰਚ 2020 ਵਿੱਚ ਇਹ ਭੰਡਾਰ 653.01 ਟਨ ਸੀ। ਜੇ ਥੋੜ੍ਹਾ ਹੋਰ ਪਿੱਛੇ ਜਾਈਏ ਤਾਂ ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਅੰਕੜਿਆਂ ਮੁਤਾਬਿਕ ਮਾਰਚ 2018 ਦੇ ਅਖੀਰ ਵਿੱਚ ਆਰ ਬੀ ਆਈ ਕੋਲ 560.3 ਟਨ ਸੋਨਾ ਸੀ। ਆਰ ਬੀ ਆਈ ਨੇ 2018-19 ਵਿੱਚ ਬਾਜ਼ਾਰ ਵਿੱਚੋਂ ਸੋਨਾ ਖ਼ਰੀਦਣਾ ਸ਼ੁਰੂ ਕੀਤਾ ਸੀ (ਇਹ ਫ਼ੈਸਲਾ ਆਰ ਬੀ ਆਈ ਦੀ ਇੱਕ ਕਮੇਟੀ ਦੁਆਰਾ ਲਿਆ ਗਿਆ ਸੀ, ਜਿਸ ਵਿੱਚ ਮੈਂ ਆਰਥਿਕ ਮਾਮਲਿਆਂ ਦੇ ਸਕੱਤਰ ਵਜੋਂ ਸ਼ਾਮਲ ਸੀ)। ਇਸ ਪਿੱਛੇ ਮੁੱਖ ਸੋਚ ਇਹ ਸੀ ਕਿ ਬੈਂਕ ਨੂੰ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਸੋਨਾ ਖ਼ਰੀਦਣਾ ਚਾਹੀਦਾ ਹੈ, ਖ਼ਾਸ ਕਰਕੇ ਉਸ ਸਮੇਂ ਜਦੋਂ ਦੇਸ਼ ਵਿੱਚ ਵਿਦੇਸ਼ੀ ਮੁਦਰਾ ਦਾ ਪ੍ਰਵਾਹ ਬਹੁਤ ਜ਼ਿਆਦਾ ਹੋਵੇ। ਇਸ ਨਾਲ ਰੁਪਏ ਨੂੰ ਲੋੜ ਤੋਂ ਵੱਧ ਮਜ਼ਬੂਤ ਹੋਣ ਤੋਂ ਰੋਕਣ ਵਿੱਚ ਵੀ ਮਦਦ ਮਿਲਦੀ ਹੈ।

ਲਗਾਤਾਰ ਹੋਈ ਖ਼ਰੀਦ ਕਾਰਨ ਮਾਰਚ 2021 ਤੱਕ ਆਰ ਬੀ ਆਈ ਦਾ ਸੋਨੇ ਦਾ ਭੰਡਾਰ ਵਧ ਕੇ 693.45 ਟਨ ਹੋ ਗਿਆ। ਅਗਲੇ ਸਾਲ ਬੈਂਕ ਨੇ ਵੱਡੀ ਮਾਤਰਾ ਵਿੱਚ ਸੋਨਾ ਖ਼ਰੀਦਿਆ ਜਿਸ ਨਾਲ ਮਾਰਚ 2022 ਵਿੱਚ ਇਹ ਭੰਡਾਰ 760.43 ਟਨ ਤੱਕ ਪਹੁੰਚ ਗਿਆ। ਸਾਲ 2022-23 (794.63 ਟਨ) ਅਤੇ 2023-24 (822.09 ਟਨ) ਦਰਮਿਆਨ ਖ਼ਰੀਦ ਦੀ ਰਫ਼ਤਾਰ ਥੋੜ੍ਹੀ ਮੱਠੀ ਰਹੀ

**ਸੁਭਾਸ਼ ਚੰਦਰ ਗਾਰਗ**

ਪਰ 2024-25 ਵਿੱਚ ਆਰ ਬੀ ਆਈ ਨੇ ਦੁਬਾਰਾ ਵੱਡੇ ਪੱਧਰ 'ਤੇ ਸੋਨਾ ਖ਼ਰੀਦ ਕੇ ਆਪਣੇ ਭੰਡਾਰ ਨੂੰ 879.58 ਟਨ ਤੱਕ ਪਹੁੰਚਾ ਦਿੱਤਾ। ਸਾਲ 2025-26 ਦੌਰਾਨ ਨਾਮਾਤਰ ਖ਼ਰੀਦ ਹੋਈ ਅਤੇ ਸੋਨੇ ਦੇ ਭੰਡਾਰ ਵਿੱਚ ਸਿਰਫ਼ 0.76 ਟਨ ਦਾ ਵਾਧਾ ਹੋਇਆ। ਅਪਰੈਲ 2026 ਵਿੱਚ ਆਰ ਬੀ ਆਈ ਨੇ 0.18 ਟਨ ਸੋਨਾ ਹੋਰ ਖ਼ਰੀਦਿਆ ਅਤੇ ਮੌਜੂਦਾ ਸਮੇਂ ਬੈਂਕ ਦਾ ਕੁੱਲ ਸੋਨਾ ਭੰਡਾਰ ਇਸੇ ਪੱਧਰ 'ਤੇ ਮੌਜੂਦ ਹੈ।

ਪਿਛਲੇ ਅੱਠ ਸਾਲਾਂ ਵਿੱਚ ਆਰ ਬੀ ਆਈ ਨੇ ਕੁੱਲ 320 ਟਨ ਸੋਨਾ ਖ਼ਰੀਦਿਆ ਹੈ। ਭਾਵੇਂ ਇਸ ਵਾਧੇ ਨਾਲ ਭਾਰਤ ਵਿਸ਼ਵ ਪੱਧਰ 'ਤੇ ਅੱਠਵੇਂ ਸਥਾਨ 'ਤੇ ਪਹੁੰਚ ਗਿਆ ਹੈ ਪਰ ਆਰ ਬੀ ਆਈ ਦਾ ਸੋਨਾ ਭੰਡਾਰ ਅਮਰੀਕਾ (8,133 ਟਨ) ਦੇ ਮੁਕਾਬਲੇ ਮਹਿਜ਼ 10 ਫ਼ੀਸਦੀ ਦੇ ਆਸ-ਪਾਸ ਹੀ ਹੈ। ਜੇਕਰ ਚੀਨ ਦੀ ਗੱਲ ਕਰੀਏ ਤਾਂ ਉਸ ਕੋਲ 2,133 ਟਨ ਸੋਨਾ ਮੌਜੂਦ ਹੈ। ਭਾਰਤ ਦੀ ਸੋਨਾ ਭੰਡਾਰ ਵਧਾਉਣ ਦੀ ਰਣਨੀਤੀ ਦੀ ਇੱਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਆਰ ਬੀ ਆਈ ਸੋਨਾ ਖ਼ਰੀਦਣ ਲਈ ਆਪਣੇ ਵਿਦੇਸ਼ੀ ਮੁਦਰਾ ਭੰਡਾਰ (ਅਮਰੀਕੀ ਡਾਲਰ, ਯੂਰੋ ਆਦਿ) ਦੀ ਵਰਤੋਂ ਕਰਦਾ ਹੈ। ਭਾਰਤ ਕੋਲ ਕੋਈ ਚਾਲੂ ਖਾਤਾ ਸਰਪਲੱਸ ਨਹੀਂ ਹੈ ਕਿਉਂਕਿ ਸਾਡੀ ਦਰਾਮਦ ਹਮੇਸ਼ਾ ਬਰਾਮਦ ਨਾਲੋਂ ਵੱਧ ਰਹਿੰਦੀ ਹੈ। ਇਸ ਲਈ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਮੁੱਖ ਤੌਰ 'ਤੇ ਪੂੰਜੀ ਖਾਤੇ ਦੇ ਸਰਪਲੱਸ ਸਿਰ 'ਤੇ ਬਣਿਆ ਹੋਇਆ ਹੈ, ਜਿਸ ਵਿੱਚ ਜ਼ਿਆਦਾਤਰ ਹਿੱਸਾ ਅਸਥਿਰ ਵਿਦੇਸ਼ੀ ਪੋਰਟਫੋਲੀਓ ਨਿਵੇਸ਼ ਅਤੇ ਵਿਦੇਸ਼ੀ ਕਰਜ਼ੇ ਦਾ ਹੁੰਦਾ ਹੈ।

ਸੋਨੇ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਨੇ ਇਸ ਦੇ ਭੰਡਾਰ ਦੀ ਭੂਮਿਕਾ ਵਿੱਚ ਇੱਕ ਹੋਰ ਅਹਿਮ ਬਦਲਾਅ ਲਿਆਂਦਾ ਹੈ। ਪਿਛਲੇ ਦੋ ਸਾਲਾਂ ਤੋਂ ਸੋਨੇ ਦੀਆਂ ਕੀਮਤਾਂ ਵਿੱਚ ਆਈ ਤੇਜ਼ੀ ਕਾਰਨ ਆਰ ਬੀ ਆਈ ਦੇ ਸੋਨੇ ਦੇ ਭੰਡਾਰ ਦੀ ਡਾਲਰਾਂ ਵਿੱਚ ਕੀਮਤ ਬਹੁਤ ਉੱਪਰ ਚਲੀ ਗਈ ਹੈ। ਮਾਰਚ 2018 ਦੇ ਅੰਤ ਵਿੱਚ ਆਰ ਬੀ ਆਈ ਦੇ ਸੋਨਾ ਭੰਡਾਰ ਦੀ ਕੀਮਤ 21.61 ਅਰਬ ਡਾਲਰ ਸੀ, ਜੋ ਮਾਰਚ 2026 ਦੇ ਅੰਤ ਤੱਕ ਵਧ ਕੇ 120.742 ਅਰਬ ਡਾਲਰ ਹੋ ਗਈ। ਇਸ ਤਰ੍ਹਾਂ ਭਾਵੇਂ ਸੋਨੇ ਦੀ ਮਾਤਰਾ ਸਿਰਫ਼ 57 ਫ਼ੀਸਦੀ ਵਧੀ ਪਰ ਡਾਲਰ ਦੇ ਲਿਹਾਜ਼ ਨਾਲ ਇਸ ਦੀ ਕੀਮਤ ਵਿੱਚ 460 ਫ਼ੀਸਦੀ ਦਾ ਭਾਰੀ ਉਛਾਲ ਆਇਆ। ਰੁਪਏ ਦੇ ਰੂਪ ਵਿੱਚ ਤਾਂ ਇਹ ਮੁੱਲ ਹੋਰ ਵੀ ਜ਼ਿਆਦਾ ਵਧਿਆ ਹੈ। ਆਰ ਬੀ ਆਈ ਦੀ ਬੈਲੈਂਸ ਸ਼ੀਟ ਅਨੁਸਾਰ 30 ਜੂਨ 2018 ਨੂੰ ਇਸ ਸੋਨੇ ਦੀ ਕੀਮਤ 1.44 ਲੱਖ ਕਰੋੜ (1.44 ਟ੍ਰਿਲੀਅਨ) ਰੁਪਏ ਸੀ, ਜੋ 31 ਮਾਰਚ 2026 ਨੂੰ ਵਧ ਕੇ 10.94 ਲੱਖ ਕਰੋੜ ਰੁਪਏ ਹੋ ਗਈ, ਯਾਨੀ ਕਿ ਪੂਰੇ 660 ਫ਼ੀਸਦੀ ਦਾ ਵੱਡਾ ਵਾਧਾ। ਆਰ ਬੀ ਆਈ ਰੋਜ਼ਾਨਾ ਆਧਾਰ 'ਤੇ ਲੰਡਨ ਬੁਲੀਅਨ ਮਾਰਕੀਟ ਐਸੋਸੀਏਸ਼ਨ ਦੀ ਡਾਲਰ ਕੀਮਤ ਦੇ 90 ਫ਼ੀਸਦੀ ਅਤੇ ਮੌਜੂਦਾ ਰੁਪਏ-ਡਾਲਰ ਦੀ ਵਟਾਂਦਰਾ ਦਰ ਦੇ ਹਿਸਾਬ ਨਾਲ ਆਪਣੇ ਸੋਨੇ ਦਾ ਮੁੜ-ਮੁਲਾਂਕਣ ਕਰਦਾ ਹੈ।

ਬਲੂਮਬਰਗ ਦੀ ਰਿਪੋਰਟ ਨੇ ਭਾਰਤੀਆਂ ਦੀ ਉਸ ਦੁਖਦੀ ਰਗ 'ਤੇ ਹੱਥ ਰੱਖ ਦਿੱਤਾ ਜਿੱਥੇ ਆਰ ਬੀ ਆਈ ਵੱਲੋਂ ਸੋਨਾ ਵੇਚਣ ਦੀ ਕਿਸੇ ਵੀ ਗੱਲ ਨੂੰ ਦੇਸ਼ ਦੇ ਆਰਥਿਕ ਦੀਵਾਲੀਏਪਨ ਵਜੋਂ ਦੇਖਿਆ ਜਾਂਦਾ ਹੈ। ਅਸੀਂ ਸੋਨੇ ਨੂੰ ਲੈ ਕੇ ਇੰਨੇ ਸੰਵੇਦਨਸ਼ੀਲ ਕਿਉਂ ਹਾਂ? ਜੇਕਰ ਆਰ ਬੀ ਆਈ ਬਾਜ਼ਾਰ ਵਿੱਚੋਂ ਸੋਨਾ ਖ਼ਰੀਦ ਸਕਦਾ ਹੈ (ਜਿਵੇਂ ਪਿਛਲੇ ਅੱਠ ਸਾਲਾਂ ਵਿੱਚ 320 ਟਨ ਖ਼ਰੀਦਿਆ ਗਿਆ) ਤਾਂ ਲੋੜ ਪੈਣ 'ਤੇ ਉਹ ਇਸ ਨੂੰ ਵੇਚ ਕਿਉਂ ਨਹੀਂ ਸਕਦਾ? ਸਿਰਫ਼ 12 ਟਨ ਸੋਨਾ ਵੇਚੇ ਜਾਣ ਦੀ ਅਫ਼ਵਾਹ ਨੇ ਹੀ ਇੰਨੇ ਲੋਕਾਂ ਨੂੰ ਚਿੰਤਾ ਵਿੱਚ ਕਿਉਂ ਪਾ ਦਿੱਤਾ? ਜਿਸ ਫੁਰਤੀ ਨਾਲ ਆਰ ਬੀ ਆਈ ਨੂੰ ਸਪੱਸ਼ਟੀਕਰਨ ਦੇਣਾ ਪਿਆ ਅਤੇ ਇਹ ਭਰੋਸਾ ਦਿਵਾਉਣਾ ਪਿਆ ਕਿ ਸਾਰਾ ਸੋਨਾ ਸੁਰੱਖਿਅਤ ਹੈ, ਉਹ ਸੋਨਾ ਵੇਚਣ ਦੇ ਮਾਮਲੇ ਵਿੱਚ ਬੈਂਕ ਦੀ ਅੰਦਰੂਨੀ ਘਬਰਾਹਟ ਨੂੰ ਸਾਫ਼ ਜ਼ਾਹਿਰ ਕਰਦਾ ਹੈ।

ਕੀ ਅਸੀਂ ਸੋਨੇ ਦੀ ਵਿਕਰੀ ਨੂੰ ਲੈ ਕੇ ਇੰਨੇ ਭਾਵੁਕ ਹੋਣਾ ਬੰਦ ਨਹੀਂ ਕਰ ਸਕਦੇ? ਆਰ ਬੀ ਆਈ ਲਈ ਸੋਨਾ ਵੀ ਦੂਜੇ ਵਿਦੇਸ਼ੀ ਮੁਦਰਾ ਭੰਡਾਰਾਂ ਵਾਂਗ ਕੇਵਲ ਇੱਕ ਵਿੱਤੀ ਸੰਪਤੀ ਹੈ। ਜੇਕਰ ਵਿਦੇਸ਼ੀ ਮੁਦਰਾ ਭੰਡਾਰ ਦੀ ਵਰਤੋਂ ਜਾਂ ਵਿਕਰੀ ਕੀਤੀ ਜਾ ਸਕਦੀ ਹੈ ਤਾਂ ਸੋਨੇ ਵਿੱਚ ਅਜਿਹਾ ਕੀ ਖ਼ਾਸ ਹੈ ਕਿ ਇਸ ਨੂੰ ਵੇਚਿਆ ਹੀ ਨਹੀਂ ਜਾ ਸਕਦਾ?

ਅੱਜ ਆਰ ਬੀ ਆਈ ਇਸ ਸੋਨੇ ਬਾਰੇ ਤ੍ਰੈਪੱਖੀ ਦੁਬਿਧਾ 'ਤੇ ਖੜ੍ਹਾ ਹੈ। ਕੀ ਇਸ ਨੂੰ ਅਮਰੀਕਾ ਅਤੇ ਚੀਨ ਦੀ ਬਰਾਬਰੀ ਕਰਨ ਲਈ ਹੋਰ ਸੋਨਾ ਖ਼ਰੀਦਣਾ ਚਾਹੀਦਾ ਹੈ? ਕੀ ਇਸ ਨੂੰ ਡਾਲਰ ਦੀ ਮੰਗ ਅਤੇ ਸਪਲਾਈ ਦੇ ਪਾੜੇ ਨੂੰ ਪੂਰਨ ਲਈ ਲੋੜ ਪੈਣ 'ਤੇ ਸੋਨਾ ਵੇਚਣਾ ਚਾਹੀਦਾ ਹੈ? ਜਾਂ ਫਿਰ ਇਸ ਨੂੰ ਬਿਨਾਂ ਕੁਝ ਕੀਤੇ (ਨਾ ਖ਼ਰੀਦ ਅਤੇ ਨਾ ਵਿਕਰੀ) ਜਿਵੇਂ ਹੈ ਉਵੇਂ ਹੀ ਰਹਿਣ ਦੇਣਾ ਚਾਹੀਦਾ ਹੈ? ਮੌਜੂਦਾ ਸਮੇਂ ਬਾਜ਼ਾਰ ਵਿੱਚ ਇੱਕ ਵੱਡਾ ਪਾੜਾ ਹੈ, ਡਾਲਰ ਦੀ ਮੰਗ ਇਸ ਦੀ ਸਪਲਾਈ ਨਾਲੋਂ ਕਿਤੇ ਜ਼ਿਆਦਾ ਹੈ। ਆਰ ਬੀ ਆਈ ਆਪਣੇ ਵਿਦੇਸ਼ੀ ਮੁਦਰਾ ਭੰਡਾਰ (ਜਿਸ ਵਿੱਚ ਸੋਨਾ ਵੀ ਸ਼ਾਮਲ ਹੈ) ਦੀ ਵਰਤੋਂ ਕਰਕੇ ਇਸ ਪਾੜੇ ਨੂੰ ਆਸਾਨੀ ਨਾਲ ਖ਼ਤਮ ਕਰ ਸਕਦਾ ਹੈ। ਪਰ ਸੋਨੇ ਦੀ ਵਰਤੋਂ ਕਰਨ ਵਿੱਚ ਰਿਜ਼ਰਵ ਬੈਂਕ ਦੀ ਅਸਮਰੱਥਾ ਜਾਂ ਅਸਹਿਮਤੀ (ਜੋ ਕਿ ਕੁੱਲ ਵਿਦੇਸ਼ੀ ਮੁਦਰਾ ਭੰਡਾਰ ਦਾ ਲਗਪਗ 20 ਫ਼ੀਸਦੀ ਹੈ) ਸਰਕਾਰ ਅਤੇ ਆਰ ਬੀ ਆਈ ਨੂੰ ਡਾਲਰ ਦੀ ਸਪਲਾਈ ਵਧਾਉਣ ਲਈ ਹੋਰ ਜੋਖ਼ਮ ਭਰੇ ਕਦਮ ਚੁੱਕਣ ਲਈ ਮਜਬੂਰ ਕਰ ਰਹੀ ਹੈ। ਬੀਤੀ 5 ਜੂਨ ਨੂੰ ਆਰ ਬੀ ਆਈ ਨੇ ਕੁਝ ਅਸਾਧਾਰਨ ਅਤੇ ਜੋਖ਼ਮ ਭਰੇ ਕਦਮ ਚੁੱਕੇ, ਜਿਵੇਂ ਸਰਕਾਰੀ ਕੰਪਨੀਆਂ ਦੇ ਵਿਦੇਸ਼ੀ ਕਰਜ਼ਿਆਂ ਦੀ ਭਰਪਾਈ ਦਾ ਕੁਝ ਹਿੱਸਾ ਖ਼ੁਦ ਬਰਦਾਸ਼ਤ ਕਰਨਾ ਅਤੇ ਬੈਂਕਾਂ ਦੇ ਐੱਫ ਸੀ ਐੱਨ ਆਰ (ਬੀ) ਡਿਪਾਜ਼ਿਟਾਂ ਦੀ ਪੂਰੀ ਲਾਗਤ ਚੁੱਕਣਾ, ਤਾਂ ਜੋ ਉਨ੍ਹਾਂ ਨੂੰ ਵਿਦੇਸ਼ੀ ਕਰਜ਼ੇ ਅਤੇ ਜਮ੍ਹਾਂ ਪੂੰਜੀ ਵਧਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ।

ਆਰ ਬੀ ਆਈ ਅਤੇ ਸਰਕਾਰ ਨੂੰ ਕੁਝ ਸੋਨਾ ਵੇਚਣ ਦੇ ਵਿਕਲਪ 'ਤੇ ਨਿਰਪੱਖਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਇਸ ਲਈ ਬੈਂਕ ਨੂੰ ਆਪਣੀ ਅਤੇ ਆਮ ਲੋਕਾਂ ਦੀ ਇਸ ਮਾਨਸਿਕਤਾ ਨੂੰ ਬਦਲਣ ਦੀ ਲੋੜ ਪਵੇਗੀ ਕਿ ਸੋਨਾ ਵੀ ਬਾਕੀ ਵਿਦੇਸ਼ੀ ਮੁਦਰਾ ਸੰਪਤੀਆਂ ਵਰਗਾ ਹੀ ਹੈ ਅਤੇ ਲੋੜ ਪੈਣ 'ਤੇ ਇਸ ਦੀ ਵਿਕਰੀ ਨੂੰ ਕਿਸੇ ਬਦਨਾਮੀ ਜਾਂ ਨਮੋਸ਼ੀ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਇਹ ਧਾਰਨਾ ਬਿਲਕੁਲ ਗ਼ਲਤ ਹੈ ਕਿ ਸੋਨਾ ਵੇਚਣ ਦਾ ਮਤਲਬ ਦੇਸ਼ ਦਾ ਆਰਥਿਕ ਕੰਗਾਲੀ ਵੱਲ ਵਧਣਾ ਜਾਂ ਅਰਥਚਾਰੇ ਦਾ ਸੰਕਟ ਵਿੱਚ ਹੋਣਾ ਹੈ, ਇਸ ਭਰਮ ਨੂੰ ਹੁਣ ਹਮੇਸ਼ਾ ਲਈ ਖ਼ਤਮ ਕਰਨ ਦੀ ਲੋੜ ਹੈ। ਮੌਜੂਦਾ ਸਮੇਂ ਕੌਮਾਂਤਰੀ ਬਾਜ਼ਾਰ ਵਿੱਚ ਸੋਨੇ ਦੀਆਂ ਕੀਮਤਾਂ ਅਸਮਾਨੀਂ ਚੜ੍ਹੀਆਂ ਹੋਈਆਂ ਹਨ ਅਤੇ ਆਰ ਬੀ ਆਈ ਇਸ ਵੇਲੇ ਮੋਟੇ ਮੁਨਾਫ਼ੇ 'ਤੇ ਬੈਠਾ ਹੈ, ਕਿਉਂਕਿ ਉਸ ਨੇ ਪਿਛਲੇ ਅੱਠ ਸਾਲਾਂ ਵਿੱਚ ਬਹੁਤ ਘੱਟ ਕੀਮਤਾਂ 'ਤੇ ਸੋਨਾ ਖ਼ਰੀਦਿਆ ਸੀ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਕੁਝ ਮੁਨਾਫ਼ਾ ਵਸੂਲਿਆ ਜਾਵੇ ਅਤੇ ਵਰਤੋਂ ਵਿੱਚ ਆਉਣ ਵਾਲੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਮਜ਼ਬੂਤ ਕੀਤਾ ਜਾਵੇ। ਮੌਜੂਦਾ ਹਾਲਾਤ ਵਿੱਚ ਹੋਰ ਸੋਨਾ ਖ਼ਰੀਦਣ ਦਾ ਕੋਈ ਤਰਕ ਨਹੀਂ ਬਣਦਾ। ਰਹੀ ਗੱਲ ਬਿਨਾਂ ਕੁਝ ਕੀਤੇ ਚੁੱਪ-ਚਾਪ ਬੈਠੇ ਰਹਿਣ ਦੀ ਤਾਂ ਇਹ ਬਦਲ ਕਿਸੇ ਅਣਜਾਣੇ ਡਰ ਜਾਂ ਸਹਿਮ ਦੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਇਸ ਲਈ ਬਿਨਾਂ ਕਿਸੇ ਖ਼ੌਫ਼ ਦੇ ਕੁਝ ਸੋਨਾ ਵੇਚਣ ਦਾ ਫ਼ੈਸਲਾ ਲਿਆ ਜਾਣਾ ਚਾਹੀਦਾ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366



TRUCK INSURANCE
TRUCK TAX
IFTA



Amarjit S Bir
amarjit@uscipp.org
Lic#0I15593CA
Ph: (925)318-1247

## ਬੀਤੇ ਵੇਲੇ ਦੀਆਂ ਯਾਦਾਂ

ਇੱਕ ਦਿਨ ਮੈਂ ਤੇ ਬਾਪੂ ਮੇਰਾ
ਕਰਨ ਸੈਰ ਸੀ ਚੱਲੇ।
ਰਸਤੇ ਦੇ ਵਿੱਚ ਮੀਂਹ ਆ ਗਿਆ,
ਰੁਕੇ ਬ੍ਰਿਛ ਦੇ ਥੱਲੇ।

ਸਿਰ ਤੇ ਟੋਪੀ, ਹਰੇ ਰੰਗ ਦੀ
ਐਨਕ ਮੇਰੇ ਲਾਈ।
ਹਰ ਪਾਸੇ ਹਰੇ ਬਾਈ ਸੀ
ਦਿੰਦੀ ਮੈਨੂੰ ਦਿਖਾਈ।

ਨਿੱਕੀਆਂ ਨਿੱਕੀਆਂ ਗੱਲਾਂ ਬਾਪੂ
ਨਾਲ ਮੇਰੇ ਸੀ ਕਰਦਾ।
ਬੜੀ ਦਿਲਚਸਪੀ ਦੇ ਨਾਲ,
ਮੈਂ ਸੀ ਹੁੰਗਾਰੇ ਭਰਦਾ।

ਉੱਪਰੋਂ ਡਿੱਗੀ ਜਾਣ ਸਾਡੇ 'ਤੇ
ਟਾਹਣੀਆਂ ਨਾਲੇ ਪੱਤੇ।
ਦਰੱਖਤ ਦੇ ਉੱਤੇ ਸੀ ਬਾਂਦਰ ਬੈਠਾ
ਇੱਧਰ ਉੱਧਰ ਨੱਸੇ।

ਉੱਪਰ ਨੂੰ ਬਾਪੂ ਨੇ ਨਿਗ੍ਹਾ ਸੀ ਮਾਰੀ
ਆਖੇ ਇੱਥੋਂ ਤੁਰ ਚੱਲੀਏ।
ਬੇਟਾ ਇੱਥੇ ਖ਼ਤਰਾ ਜਾਪੇ ਰਸਤਾ
ਆਪਣਾ ਮੱਲੀਏ।

ਇੰਨੇ ਚਿਰ ਨੂੰ ਬਾਂਦਰ ਨੇ
ਝਪਟ ਇੱਕ ਸੀ ਮਾਰੀ।
ਐਨਕ ਟੋਪੀ ਲਾਹ ਕੇ ਲੈ ਗਿਆ
ਮਾਰ ਚਪੇੜ ਕਰਾਰੀ।

ਉੱਪਰ ਥੱਲੇ ਝਾਕੀਏ ਦੋਵੇਂ,
ਭਾਣਾ ਇਹ ਕੀ ਹੋਇਆ।
ਸੈਰ ਛੂਰ ਤਾਂ ਕਿਧਰੇ ਭੁੱਲੀ ?
ਕਰਤਾ ਸੀ ਅੱਧ ਮੋਇਆ।
ਝੱਗੇ ਝਾੜ ਕੇ ਮੈਂ ਤੇ ਬਾਪੂ
ਤੁਰ ਪਏ ਘਰ ਦੇ ਵੱਲੇ।
'ਪੱਤੋ' ਨੇ ਉਹ ਗੱਲਾਂ ਅੱਜ ਵੀ,
ਬੰਨ ਰੱਖੀਆਂ ਵਿੱਚ ਪੱਲੇ।

**ਹਰਪ੍ਰੀਤ ਪੱਤੋ**
94658-21417

## ਤੂੰ ਸੋਚ

ਰਾਤ ਨੂੰ ਪੜ੍ਹਨ ਤੋਂ ਬਾਅਦ
ਪਹਿਲਾਂ ਵਾਂਗ ਹੀ ਸੌਂਦਾ ਹਾਂ
ਪਰ ਬਹੁਤਾ ਚਿਰ ਨਹੀਂ
ਤੇਰੀ ਯਾਦ ਸਿਰਹਾਣੇ ਆ ਬੈਠ ਜਾਂਦੀ ਹੈ
ਫਿਰ ਸਾਰੀ ਰਾਤ
ਯਾਦ ਤੇਰੀ ਨਾਲ ਗੱਲਾਂ ਦਾ
ਕਰਦਿਆਂ ਲੰਘਦੀ ਹੈ

ਤੇਰੇ 'ਗੁੱਡ ਨਾਈਟ' ਕਹਿਣ ਤੇ
ਮੈਂ ਟੋਕਦਾ ਸਾਂ
'ਮੈਨੂੰ ਵਿੱਛੜਨ ਤੋਂ ਡਰ ਲੱਗਦਾ ਹੈ'
ਪਰ ਹੁਣ ਤਾਂ ਤੇਰੇ ਬਿਨ
ਦਿਨ ਵੀ ਗੁਜ਼ਰ ਜਾਂਦਾ ਹੈ
ਤੇ ਰਾਤ ਵੀ
ਉਦਾਸੀ ਨਾਲ ਠਰੀ ਹੋਈ

ਜਦੋਂ ਮਿਲਦੇ ਸਾਂ
ਤਦ ਸਾਡੇ ਕੋਲ
ਬਹੁਤੇ ਹੁੰਦੇ ਸੀ ਰੋਸੇ ਤੇ ਸ਼ਿਕਵੇ
ਹੁਣ ਵਿੱਛੜ ਗਏ ਤਾਂ
ਦਿਲ ਵਿੱਚ ਬੇਸ਼ੁਮਾਰ ਮੁਹੱਬਤ ਹੈ
ਪਰ ਮੁਲਾਕਾਤ ਨਹੀਂ

ਤੂੰ ਕਹਿੰਦੀ ਸੀ
'ਗੱਲਾਂ ਕਰਦੇ ਰਿਹਾ ਕਰੋ'
ਖੌਰੇ ਤੈਨੂੰ ਮੇਰੀਆਂ ਗੱਲਾਂ ਚੰਗੀਆਂ ਲੱਗਦੀਆਂ ਸਨ
ਮੈਂ ਤੇਰੇ ਲਈ 'ਬਿਜੀ ਬੰਦਾ' ਹੀ ਬਣਿਆ ਰਿਹਾ
ਹੁਣ ਜਦ ਫ਼ੁਰਸਤ ਮਿਲੀ
ਗੱਲ ਸੁਣਨ ਵਾਲਾ ਕੋਈ ਨਹੀਂ
ਸਾਨੂੰ ਇਤਰਾਜ਼ ਸੀ
ਇੱਕ ਦੂਜੇ ਦੇ ਹੱਸਣ ਬੋਲਣ ਤੇ
ਕਿਸੇ ਕੋਲ ਖੜ੍ਹਨ ਬੈਠਣ ਤੇ
ਹੁਣ ਦੋਵੇਂ ਕਿਸੇ ਹੋਰ ਦੇ ਹੋ
ਕੇ ਰਹਿ ਜਾਵਾਂਗੇ
ਤਾਂ ਦੱਸ ਕਿਵੇਂ ਸਹਾਰਾਂਗੇ ?

**ਜਗਤਾਰ ਸਿੰਘ ਹਿੱਸੋਵਾਲ**

## ਤਾਨਾਸ਼ਾਹੀ ਹਨੇਰੀਆਂ...

ਤਾਨਾਸ਼ਾਹੀ ਹਨੇਰੀਆਂ ਸਦਾ ਵਿਛਾਈ ਜਾਂਨੈ ਏਂ।
ਫਿਰ ਓਦਾਂ 'ਸੁਹਣਾ ਜ਼ਿੰਮੇਵਾਰ' ਕਹਾਈ ਜਾਂਨੈ ਏਂ ।

ਦੱਸ ਨਹੀਂ ਰਿਹੈ ਇਕਸਾਰ ਕੋਡ ਕੀ ਹੈ ਲੋਕਾਂ ਨੂੰ,
ਪਰ ਉਹਦੇ ਹੱਕ 'ਚ, ਬੜਾ ਰੌਲਾ ਪਾਈ ਜਾਨੈ ਏਂ।

ਬਦੇਸ਼ 'ਚ ਜਾ ਕੇ ਤੇਰੀ ਜੀਭ ਨੂੰ ਦੰਦਲ ਪੈ ਜਾਂਦੀ,
ਥਥਲ ਥਥਲ ਕੇ ਮਾਲਾ ਮਣਕੇ ਘੁੰਮਾਈ ਜਾਨੈ ਏਂ ।

ਚੀਨ ਨੇ ਦੇਸ਼ ਦੀ ਧਰਤੀ ਤੇ ਕਬਜ਼ਾ ਕਰ ਲਿਆ,
ਕੁੱਝ ਨਹੀਂ ਹੋਇਆ ਦੀ ਹਰ ਰਟ ਲਾਈ ਜਾਨੈਂ ਏਂ।

ਕਰੰਸੀ ਬਦਲਣਾ ਕਿਓਂ ਅਜੀਬ ਸ਼ੋਰ ਚੱਲ ਰਿਹਾ,
ਕਦੇ ਆਪ, ਕਦੇ ਏਜੰਸੀ ਤੋਂ ਬਦਲਾਈ ਜਾਨੈ ਏਂ।

ਡਰੂ ਸਾਵਰਕਰ ਤਾਈਂ ਝੂਠੀ ਹੱਲਾਸ਼ੇਰੀ ਹੋ ਰਹੀ,
ਭਗਤ ਸਿੰਘ ਨੂੰ ਸਗੋਂ ਮਨਫ਼ੀ ਕਰਾਈ ਜਾਨੈ ਏਂ।

ਸਮਝਾਂ ਸੋਚਾਂ ਸੂਰਜਾਂ ਤੇਰਾ ਕਦੇ ਕੀ ਚੁੱਕਿਆ ਹੈ,
ਉਨ੍ਹਾਂ ਨੂੰ ਜ਼ਾਲਮ ਜੰਜੀਰਾਂ ਵੱਲੋ ਲਿਜਾਈ ਜਾਨੈ ਏਂ।

ਪੱਥਰ ਯੁੱਗ ਵੱਲ ਲੋਕਾਂ ਨੂੰ ਬੁਰੀ ਤਰਾਂ ਧੱਕ ਰਿਹੈ,
ਮਨੂੰ ਸਿਮਰਤੀ ਦਾ ਕੌੜਾ ਰਾਗ ਗਾਈ ਜਾਂਦੇ ਏਂ।

ਈ ਡੀ ਰਾਖੇਲ ਬਣਾ ਕੇ ਰੱਖ ਲਈ ਆਪਣੇ ਕੋਲ,
ਉਹਦੇ ਪੌੜ ਵਿਰੋਧੀਆਂ ਵੱਲ ਵਧਾਈ ਜਾਂਦੇ ਏਂ।

ਇੱਕ ਬੋਲੀ ਇੱਕ ਭੇਸ ਅਸਾਡੀ ਲੋੜ ਬਣੀ ਨਹੀਂ,
ਮੁਲਕ ਵਿੱਚ ਦੰਗਿਆਂ ਦੀ ਰੁੱਤ ਬਣਾਈ ਜਾਨੈ ਏਂ।

ਲੋਕ ਪੁੱਛ ਰਹੇ ਨੇ ਕਦੋਂ ਤੂੰ ਕਿੱਥੇ ਦਾ ਪਾੜ੍ਹਾ ਰਿਹੈ,
ਜਾਹਲੀ ਡਿਗਰੀਆਂ ਆਪੇ ਛਪਵਾਈ ਜਾਨੈ ਏਂ।

ਸਮਾਜਿਕ ਸਿਆਸਤ ਸਦਾ ਦਮ ਸੱਚਾ ਚਾਹਵੇ,
ਸਿਰਫਿਰੇ ਸਾਧ ਸਾਡੇ ਮੂਹਰੇ ਬਿਠਾਈ ਜਾਨੈ ਏਂ।

ਲੱਖਾਂ ਲੋਕਾਂ ਦਾ ਆ ਸ਼ਰੇ ਰੋਜ਼ਗਾਰ ਖੋਹ ਲਿਆ,
'ਜਗਤ ਗੁਰੂ' ਰੁਤਬਾ ਆਪੇ ਕਹਾਈ ਜਾਨੈ ਏਂ।

ਤੇਰੇ ਹੱਥੋਂ ਲੋਕ ਹਿੱਤਾਂ ਲਈ ਚੰਗਾ ਨਹੀਂ ਹੋਣਾ ਹੈ,
ਪਰ ਅਡਾਨੀ ਅੰਬਾਨੀਏਂ ਜਿਹੇ ਰਜਾਈ ਜਾਂਨੈ ਏਂ।

ਆਖਰ ਅੰਤ ਹੁੰਦਾ ਹੈ ਭਿਆਨਕ ਪੜ੍ਹਕੇ ਦੇਖ ਲੈ,
ਜਿਹੜੇ ਬੰਨੇ ਤੂੰ ਖੁਦ ਬਿਨ ਸਮਝੇ ਜਾਈ ਜਾਨੈ ਏਂ!

**ਸੁਖਦੇਵ ਸਿੱਧੂ**

## ਨਜ਼ਮ

ਘੁੱਟ ਸਬਰ ਦਾ ਭਰੀ 'ਜੋ ਬੈਠਾ ਚੁੱਪ ਵੱਟੀ
ਕਿਤਨਾ ਬੇ-ਕਸੂਰ ਹੋਊ, ਕੋਈ ਕੀ ਜਾਣੇ

ਹਰ ਪਲ ਪੀਵੇ ਜ਼ਹਿਰਾਂ ਇੱਛਕ ਅੰਮ੍ਰਿਤ ਦਾ
ਕਿੰਨਾ ਕੁ ਮਜਬੂਰ ਹੋਊ , ਕੋਈ ਕੀ ਜਾਣੇ

ਹੱਸਕੇ ਦੁੱਖੜੇ ਸਹਿ ਲਏ 'ਸੀ' ਕੀਤੀ ਨਹੀਂ
ਕਿੰਨਾ 'ਮਨ ਮੰਨਸੂਰ ਹੋਊ, ਕੋਈ ਕੀ ਜਾਣੇ

ਏਕੋ-ਏਕੋ ਕਰੇ ਜੋ ਵਿੱਚ ਅਨੇਕਾਂ ਦੇ
ਨਾਮ ਨਸ਼ੇ ਮੇਂ ਚੂਰ ਹੋਊ, ਕੋਈ ਕੀ ਜਾਣੇ

ਪੜ੍ਹਕੇ ਧਰਮ ਕਿਤਾਬਾਂ ਜੋ ਨਾ ਪਿਘਲਿਆ
ਕਿੰਨਾ ਸ਼ਖਸ ਕਰੂਰ ਹੋਊ, ਕੋਈ ਕੀ ਜਾਣੇ

ਝੂਠ ਦੀ ਚਾਰ ਦੀਵਾਰੀ ਦੇ ਵਿੱਚ ਰਹਿੰਦਾ ਜੋ
ਸੱਚ ਤੋਂ ਕਿੰਨਾ ਦੂਰ ਹੋਊ, ਕੋਈ ਕੀ ਜਾਣੇ

ਚੰਨ ਚਾਨਣੀ ਰਾਤ ਵੀ ਜੀਹਨੂੰ ਭਾਉਂਦੀ ਨਾ
ਕਿੰਨਾ ਓ' ਬੇ-ਨੂਰ ਹੋਊ, ਕੋਈ ਕੀ ਜਾਣੇ

ਜਿਸ ਤਨ ਲਾਗੇ, ਸੋ ਤਨ ਜਾਣੇ ,ਬਾਤ ਸਹੀ
ਕਿੰਨਾ ਕੋਈ ਰੰਜੂਰ ਹੋਊ, ਕੋਈ ਕੀ ਜਾਣੇ

ਖਿੜ-ਖਿੜ ਕਰਕੇ ਹੱਸਦੇ ਕਿਸੇ ਦੀਵਾਨੇ ਦੇ
ਅੰਦਰ ਪੈਂਦੀ ਭੂਰ ਹੋਊ, ਕੋਈ 'ਕੀ ਜਾਣੇ

ਜਿੰਮੀ ਦੇ ਹਰ ਸ਼ੇਅਰ 'ਤੇ ਅੱਜ ਤਾਂ ਲਾਲੀ ਏ
ਕਿੰਨਾ ਵਿਹਾ ਲਹੂਰ ਹੋਊ, ਕੋਈ ਕੀ ਜਾਣੇ

**ਜਿੰਮੀ ਅਹਿਮਦਗੜ੍ਹ**

## ਸਤਰੰਗੀ ਪੀਂਘ

ਨੀਲਾ ਪੀਲਾ ਲਾਲ ਜਾਮਨੀ,
ਪੰਜਵਾਂ ਰੰਗ ਅਸਮਾਨੀ।
ਛੇਵਾਂ ਹਰਾ ਸੰਤਰੀ ਸੱਤਵਾਂ
ਗੱਲ ਤੂੰ ਪੱਕੀ ਜਾਣੀ।
ਮਿਲ ਕੇ ਸੱਤ ਸਫ਼ੈਦ ਬਣ ਗਿਆ,
ਲਗਦੀ ਏ ਬਹੁਰੰਗੀ ਪੀਂਘ
ਔਹ ਦੇਖੋ ਸਤਰੰਗੀ ਪੀਂਘ।

ਮੀਂਹ ਪਿੱਛੋਂ ਪਾਣੀ ਦੀਆਂ ਬੂੰਦਾਂ
ਹਵਾ ਵਿੱਚ ਜਦ ਲਟਕਣ।
ਸੂਰਜ ਦੀ ਲਿਸ਼ਕੋਰ ਨਾਲ ਫੇਰ
ਵਿੱਚ ਅਕਾਸ਼ ਦੇ ਲਿਸ਼ਕਣ।
ਕੋਈ ਇੰਦਰ ਧਨੁਸ਼ ਆਖਦਾ,
ਕੋਈ ਬੁੜੀ ਦੀ ਟੰਗੀ ਪੀਂਘ।
ਔਹ ਦੇਖੋ...

ਸਾਇੰਸ ਰੂਮ ਵਿੱਚ ਪ੍ਰਿਜ਼ਮ ਨਾਲ ਮੈਂ,
ਦੇਖੇ ਵੱਖ ਵੱਖ ਰੰਗ।
ਸਭ ਰੰਗਾਂ ਨੂੰ ਦੇਖਣ ਦੇ ਲਈ,
ਹੋਰ ਵੀ ਦੱਸੋ ਸਾਨੂੰ ਢੰਗ।
ਸ਼ੀਸ਼ਿਆਂ ਦੇ ਟੁਕੜਿਆਂ ਨਾਲ ਦਿਖਦੀ
ਪਾਣੀ ਵਿਚ ਬਹੁਰੰਗੀ ਪੀਂਘ।
ਔਹ ਦੇਖੋ...

ਧਰਮ ਮਜ਼ਹਬ ਦੇ ਠੇਕੇਦਾਰਾਂ
ਰੰਗ ਵੀ ਸਾਡੇ ਵੰਡੇ।
ਮਾਨਵਤਾ ਦੇ ਰਸਤੇ ਦੇ ਵਿੱਚ,
ਇੰਝ ਨਾ ਬੀਜੋ ਕੰਡੇ।
ਰੰਗਾਂ ਖਾਤਰ ਕਤਲ ਜੇ ਹੋਗੇ,
ਬਣ ਜਾਣੀ ਬਦਰੰਗੀ ਪੀਂਘ।
ਔਹ ਦੇਖੋ...

ਗੋਰੇ ਕਾਲੇ ਰੰਗ ਦੇਖ ਨਾ
ਗੁਣਾਂ ਦੇ ਰੰਗ ਪਛਾਣ।
ਗੁਣਾਂ ਨਾਲ ਵਡਿਆਈ ਮਿਲਣੀ,
ਇਹੋ ਦੇਣ ਸਨਮਾਨ।
ਇਕ ਦੂਜੇ ਲਈ ਬਣੋ ਸਹਾਰਾ,
ਮਾਨਵਤਾ ਦੀ ਟੰਗੀ ਪੀਂਘ।
ਔਹ ਦੇਖੋ...

ਰੰਗ ਨਾ ਹੁੰਦੇ ਦੁਨੀਆਂ ਸਾਰੀ,
ਫਿੱਕੀ ਫਿੱਕੀ ਲਗਦੀ।
ਰੰਗਾਂ ਨਾਲ ਰੰਗੀਨ ਜ਼ਿੰਦਗੀ,
ਫੁੱਲਾਂ ਵਾਂਗ ਟਹਿਕਦੀ।
ਕੁਦਰਤ ਤੋਂ ਰੰਗ ਲੈ ਉਧਾਰੇ,
ਪ੍ਰੇਮ ਪਿਆਰ ਵਿੱਚ ਰੰਗੀ ਪੀਂਘ।
ਔਹ ਦੇਖੋ...

**ਮਾਸਟਰ ਪ੍ਰੇਮ ਸਰੂਪ ਛਾਜਲੀ**
9417134982

## ਰੁੱਖ ਦੀ ਦਰਦ ਭਰੀ ਪੁਕਾਰ

ਢੱਕ ਲੈਂਦਾ ਸੀ ਮੀਂਹ ਹਨੇਰੀਆਂ ਤੋਂ ਪੰਛੀਓ ਓਏ,
ਆਪਣੇ ਕੋਮਲ ਪੱਤਿਆਂ ਦੀ ਚਾਦਰ ਔੜ ਕੇ ਮੈਂ,
ਪਰ ਮੇਰਾ ਹੀ ਦੁਸ਼ਮਣ ਇਨਸਾਨ ਬਣ ਗਿਆ ?

ਚੁੱਕ ਤਿੱਖਾ ਕੁਹਾੜਾ ਓ ਸਿੱਧਾ ਆਇਆ ਕੋਲ ਮੇਰੇ,
ਸਮਾਂ ਲਾਇਆ ਨਾ, ਵੱਢਕੇ ਛੱਡ ਗਿਆ, ਰੋਂਦਿਆਂ ਨੂੰ,
ਮਾਣੋਂ ਮੰਨਿਆ ਆਪ ਨੂੰ, ਕਿ ਬਲਵਾਨ ਬਣ ਗਿਆ!

ਇੱਕ ਨਾ ਇੱਕ ਦਿਨ, ਉਹ ਸੋਚੇਗਾ ਜ਼ਰੂਰ ਆਖਰ,
ਕਰ ਬੈਠਾ ਕੀ, ਆਪਣੀ ਅਕਲ ਤੇ, ਪਾ ਪਰਦਾ,
ਰੁੱਖ ਵੱਢਣਾ ਮੇਰੇ ਲਈ, ਮੇਰਾ ਨੁਕਸਾਨ ਬਣਗੇ

ਪਰ ਉਦੋਂ ਤਾਂ, ਹੋ ਚੁੱਕੀ ਹੋਵੇਗੀ, ਦੇਰ ਬਹੁਤ ਜਿਆਦਾ,
ਗੰਦਗੀ ਭਰੀ ਫ਼ਿਜ਼ਾ ਵਿੱਚ, ਵਿਚਰਦਿਆਂ ਐ ਬੰਦੇ,
ਕਰ ਸਕੇਂਗਾ, ਨਾ ਕੁਝ ਵੀ, ਤੂੰ ਆਪਣੇ ਲਈ ਉਦੋਂ

ਆਉਣ ਵਾਲੀਆਂ, ਨਸਲਾਂ ਨੇ, ਕਰਨਾ ਨਾ ਮਾਫ਼ ਤੈਨੂੰ,
ਉਨ੍ਹਾਂ ਕੋਸਣਾ ਹੈ 'ਬੁਜਰਕ' ਏਹ ਕਹਿੰਦਿਆਂ ਨੇ,
ਵੱਢ ਰੁੱਖਾਂ ਨੂੰ ਸਾਡੇ ਲਈ ਬੇ-ਈਮਾਨ ਬਣ ਗਿਆ!!!

**ਹਰਮੇਲ ਸਿੰਘ ਧੀਮਾਨ**

## ਗ਼ਜ਼ਲ

ਕਾਸ਼! ਕਿਤੇ ਮਿਲ ਜਾਵੇ ਰੁਸਿਆ,
ਮੇਰੀ ਰੂਹ ਦਾ ਗੀਤ ਉਹੋ
ਜੋਬਨ ਦੀ ਰੁੱਤ ਵਰਗਾ ਤੁਰਿਆ,
ਜੋ ਮਰਜਾਣਾ ਮੀਤ ਓਹੋ
ਕਾਸ਼ ! ਕਿਤੇ ਮਿਲ ਜਾਵੇ...

ਰਾਂਝਣ ਬਾਝੋਂ ਕੀ ਏ ਜੀਣਾ,
ਬਸ ਹਿਜਰਾਂ ਅੰਦਰ ਸੜਨਾ
ਏ ਤਾਂ ਰੂਹ ਦੀ ਰੂਹ ਹੀ ਜਾਣੇ,
ਹੈ ਕੀ ਰਮਜ਼ ਪਰੀਤ ਉਹੋ
ਕਾਸ਼ ! ਕਿਤੇ ਮਿਲ ਜਾਵੇ...

ਝਲਕ ਦਿਖਾਕੇ ਸੀਰਤ ਦੀ ਓਹ,
ਬਸ ਪਲਕ ਝੁਪਾ ਤੁਰ ਜਾਵੇ
ਵਿਲਕ ਵਿਲਕ ਮਰਜਾਂ ਜਦ ਆਵੇ,
ਸੁਪਨੇ ਵਿੱਚ ਅਤੀਤ ਉਹੋ
ਕਾਸ਼ ! ਕਿਤੇ ਮਰ ਜਾਵੇ...

ਰੂਪ ਸੁਨਿਹਰੀ ਚੰਨੋ ਸੋਹਣਾ,
ਹੈ ਸੂਰਜ ਕੀ ਉਸ ਸਾਹਵੇਂ
ਉਸ ਵਰਗਾ ਕੋਈ ਹੋਰ ਨਹੀਂ,
ਹੈ ਸ਼ੀਤਲ ਤੋਂ ਸ਼ੀਤ ਉਹੋ
ਕਾਸ਼! ਕਿਤੇ ਮਿਲ ਜਾਵੇ...

ਗੋਪਾਲ ਸੁਆਮੀ ਕਾਨ੍ਹਾ ਓਹੀ,
ਓਹੀ ਦਿਲ ਦਾ ਮਹਿਰਮ
ਇਸ਼ਕ ਨਿਆਰਾ ਸਾਹਵਾਂ ਵਰਗਾ,
ਪਾਕਿ-ਅੱਲਾਹ ਪ੍ਰਤੀਤ ਉਹੋ
ਕਾਸ਼! ਕਿਤੇ ਮਿਲ ਜਾਵੇ...

ਕਲ-ਕਲ ਕਰਦੇ ਚਸ਼ਮੇ ਵਰਗਾ,
ਹੈ ਜਿਉਂ ਸ਼ਬਨਮ ਦਾ ਮੋਤੀ
ਉਹ ਪਾਣੀ ਮੈਂ ਮਛਲੀ ਵਰਗਾ,
ਤੜਫ ਤੜੇ ਹੈ ਨੀਤ ਉਹੋ
ਕਾਸ਼ ! ਕਿਤੇ ਮਿਲ ਜਾਵੇ...

ਕਾਫ਼ਰ ਕਹਿ ਜਾਂ ਮੋਮਨ 'ਬਾਲੀ',
ਜਾਂ ਪਾਗ਼ਲ ਆਖ ਸ਼ੁਦਾਈ
ਉਸ ਦੇ ਬਾਝੋਂ ਖ਼ਾਕ ਜਿਹਾ ਹਾਂ,
ਮੱਕਾ, ਹੱਜ, ਮਸੀਤ ਉਹੋ
ਕਾਸ਼!! ਕਿਤੇ ਮਿਲ ਜਾਵੇ

**ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'**

## ਇਕ ਤਸਵੀਰ

ਕੱਲ੍ਹ ਮੇਰੇ ਵੀਰ ਨੇ ਆਪਣੇ ਫੋਨ 'ਚੋਂ
ਇੱਕ ਕੁੜੀ ਦੀ ਤਸਵੀਰ ਵਿਖਾਈ
ਤੇ ਪੁੱਛਿਆ,
ਕਿਹੋ ਜਿਹੀ ਲੱਗੀ ?

ਤਸਵੀਰ ਵੇਖ ਮੈਨੂੰ ਵੀ
ਕਿਤਾਬਾਂ ਵਾਲੀ ਅਲਮਾਰੀ 'ਚ ਪਈ
ਉਸ ਮੋਟੀ ਕਿਤਾਬ ਦੇ
ਪੰਨਾ ਨੰਬਰ 210-211
ਦੀ ਯਾਦ ਆਈ

ਜਿਸ ਵਿਚ ਪਈ ਸੀ
'ਉਹਦੀ ਤਸਵੀਰ'

ਜਿਸ ਨੂੰ ਮੈਂ ਅਕਸਰ ਹੀ
ਘੰਟਿਆਂ ਬੱਧੀ ਵੇਖ
ਗੱਲਾਂ ਕਰਦੀ ਰਹਿੰਦੀ ਹਾਂ

ਮੇਰਾ ਵੀ ਜੀਅ ਕੀਤਾ
ਕਿ ਵਿਖਾ ਦੇਵਾਂ
ਆਪਣੇ ਵੀਰ ਨੂੰ ਇੱਕ ਤਸਵੀਰ!

ਹਾਲੇ ਉਹਦੇ ਨਾਮ ਦਾ
ਪਹਿਲਾ ਅੱਖਰ ਹੀ ਸੀ
ਮੇਰੇ ਬੁੱਲ੍ਹਾਂ ਉੱਤੇ ਆਇਆ

ਕਿ ਸੱਤ ਪੀੜ੍ਹੀਆਂ ਦੀਆਂ ਪੱਗਾਂ ਨੇ
ਆ ਮੇਰੇ ਦੁਆਲੇ ਘੇਰਾ ਪਾਇਆ

ਕੁਝ ਲਿਪਟ ਗਈਆਂ
ਮੇਰੇ ਗਲ਼ ਨਾਲ
ਤੇ ਕੁਝ ਪੈ ਗਈਆਂ ਮੇਰੇ ਪੈਰੀਂ

ਮੈਂ ਡਰਦੀ ਨੇ
ਸੋਚਾਂ 'ਚ ਹੀ
ਪਹਿਲਾਂ ਕਿਤਾਬ
ਫ਼ੇਰ ਅਲਮਾਰੀ ਬੰਦ ਕਰ ਦਿੱਤੀ!

**ਵਿਰਕ ਪੁਸ਼ਪਿੰਦਰ**

# ਔਰਤ: ਸ਼ਖਸੀਅਤ ਜਾਂ ਬਾਜ਼ਾਰ ਦੀ ਵਸਤੂ ?

ਮਨੁੱਖੀ ਸਭਿਆਚਾਰ ਦੇ ਵਿਕਾਸ ਵਿੱਚ ਔਰਤ ਦੀ ਭੂਮਿਕਾ ਹਮੇਸ਼ਾ ਕੇਂਦਰੀ ਰਹੀ ਹੈ। ਉਸ ਨੇ ਸਿਰਫ਼ ਪਰਿਵਾਰ ਦੀ ਨੀਂਹ ਹੀ ਨਹੀਂ ਰੱਖੀ, ਸਗੋਂ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਵੀ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਕਿਸੇ ਵੀ ਸਮਾਜ ਦੀ ਤਰੱਕੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉੱਥੇ ਔਰਤਾਂ ਨੂੰ ਕਿੰਨਾ ਸਨਮਾਨ, ਸੁਰੱਖਿਆ ਅਤੇ ਬਰਾਬਰੀ ਦਾ ਦਰਜਾ ਮਿਲਦਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਆਧੁਨਿਕ ਬਾਜ਼ਾਰਵਾਦੀ ਯੁੱਗ ਵਿੱਚ, ਜਿੱਥੇ ਹਰ ਚੀਜ਼ ਨੂੰ ਲਾਭ ਅਤੇ ਖਪਤ ਦੇ ਪੈਮਾਨੇ ਨਾਲ ਤੋਲਿਆ ਜਾ ਰਿਹਾ ਹੈ, ਉੱਥੇ ਔਰਤ ਦਾ ਸਨਮਾਨ ਵੀ ਵਪਾਰਕ ਹਿਤਾਂ ਦੀ ਭੇਟ ਚੜ੍ਹਦਾ ਨਜ਼ਰ ਆ ਰਿਹਾ ਹੈ।



ਬਾਜ਼ਾਰਵਾਦ ਨੇ ਮਨੁੱਖੀ ਜੀਵਨ ਨੂੰ ਕਈ ਸੁਵਿਧਾਵਾਂ ਦਿੱਤੀਆਂ ਹਨ, ਪਰ ਇਸ ਨੇ ਮਨੁੱਖੀ ਰਿਸ਼ਤਿਆਂ ਅਤੇ ਨੈਤਿਕ ਮੁੱਲਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਅੱਜ ਔਰਤ ਨੂੰ ਇੱਕ ਸੰਪੂਰਨ ਵਿਅਕਤੀ ਦੀ ਥਾਂ ਅਕਸਰ ਇੱਕ ਉਪਭੋਗੀ ਵਸਤੂ, ਆਕਰਸ਼ਣ ਦਾ ਕੇਂਦਰ ਜਾਂ ਵਿਕਰੀ ਵਧਾਉਣ ਦੇ ਸਾਧਨ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਹ ਰੁਝਾਨ ਸਿਰਫ਼ ਔਰਤ ਦੀ ਮਰਿਆਦਾ ਲਈ ਹੀ ਨਹੀਂ, ਸਗੋਂ ਪੂਰੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ।

**ਬਾਜ਼ਾਰਵਾਦ ਕੀ ਹੈ ?**

ਬਾਜ਼ਾਰਵਾਦ ਉਹ ਸੋਚ ਹੈ ਜਿਸ ਵਿੱਚ ਜੀਵਨ ਦੇ ਹਰ ਖੇਤਰ ਨੂੰ ਵਪਾਰ ਅਤੇ ਲਾਭ ਦੇ ਨਜ਼ਰੀਏ ਨਾਲ ਦੇਖਿਆ ਜਾਂਦਾ ਹੈ। ਇਸ ਵਿਚ ਮਨੁੱਖੀ ਮੁੱਲਾਂ, ਸੱਭਿਆਚਾਰਕ ਪਰੰਪਰਾਵਾਂ ਅਤੇ ਨੈਤਿਕ ਮਾਪਦੰਡਾਂ ਨਾਲੋਂ ਵੱਧ ਮਹੱਤਵ ਵਿਕਰੀ, ਮੰਗ ਅਤੇ ਮੁਨਾਫ਼ੇ ਨੂੰ ਦਿੱਤਾ ਜਾਂਦਾ ਹੈ।

ਵਿਸ਼ਵੀਕਰਨ ਅਤੇ ਤਕਨਾਲੋਜੀ ਦੇ ਵਿਕਾਸ ਨਾਲ ਬਾਜ਼ਾਰਵਾਦ ਦਾ ਪ੍ਰਭਾਵ ਬੇਹੱਦ ਵਧਿਆ ਹੈ। ਟੈਲੀਵਿਜ਼ਨ, ਫ਼ਿਲਮਾਂ, ਇੰਟਰਨੈੱਟ, ਸੋਸ਼ਲ ਮੀਡੀਆ ਅਤੇ ਡਿਜ਼ੀਟਲ ਪਲੇਟਫਾਰਮਾਂ ਨੇ ਉਪਭੋਗਤਾਵਾਦ ਨੂੰ ਜੀਵਨ ਦਾ ਅਹਿਮ ਹਿੱਸਾ ਬਣਾ ਦਿੱਤਾ ਹੈ। ਇਸ ਦੌਰ ਵਿੱਚ ਔਰਤ ਦੀ ਤਸਵੀਰ ਵੀ ਬਾਜ਼ਾਰ ਦੀਆਂ ਲੋੜਾਂ ਅਨੁਸਾਰ ਗੜੀ ਜਾਣ ਲੱਗੀ ਹੈ।

**ਇਸ਼ਤਿਹਾਰਾਂ ਵਿੱਚ ਔਰਤ ਦਾ ਵਪਾਰੀਕਰਨ**

ਅੱਜ ਕਿਸੇ ਵੀ ਟੀਵੀ ਚੈਨਲ, ਅਖ਼ਬਾਰ, ਮੈਗਜ਼ੀਨ ਜਾਂ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਦੇਖ ਲਵੋ, ਹਰ ਜਗ੍ਹਾ ਉਤਪਾਦਾਂ ਦੀ ਵਿਕਰੀ ਲਈ ਔਰਤ ਦੀ ਤਸਵੀਰ ਦਾ ਇਸਤੇਮਾਲ ਹੁੰਦਾ ਨਜ਼ਰ ਆਉਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕਈ ਵਾਰ ਉਹਨਾਂ ਉਤਪਾਦਾਂ ਨਾਲ ਔਰਤ ਦਾ ਕੋਈ ਸਿੱਧਾ ਸੰਬੰਧ ਵੀ ਨਹੀਂ ਹੁੰਦਾ।

ਕਾਰਾਂ ਤੋਂ ਲੈ ਕੇ ਮੋਬਾਈਲ ਫੋਨਾਂ ਤੱਕ, ਕੱਪੜਿਆਂ ਤੋਂ ਲੈ ਕੇ ਰੀਅਲ ਅਸਟੇਟ ਤੱਕ, ਹਰ ਖੇਤਰ ਵਿੱਚ ਔਰਤ ਦੀ ਖੂਬਸੂਰਤੀ ਅਤੇ ਸਰੀਰਕ ਆਕਰਸ਼ਣ ਨੂੰ ਵਿਕਰੀ ਵਧਾਉਣ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਔਰਤ ਦੀ ਪਹਿਚਾਣ ਉਸ ਦੀ ਸੋਚ, ਕਾਬਲੀਅਤ ਜਾਂ ਪ੍ਰਾਪਤੀਆਂ ਨਾਲ ਨਹੀਂ, ਸਗੋਂ ਉਸ ਦੀ ਦਿੱਖ ਨਾਲ ਜੋੜ ਦਿੱਤੀ ਜਾਂਦੀ ਹੈ।

ਇਸ ਪ੍ਰਵਿਰਤੀ ਨਾਲ ਸਮਾਜ ਵਿੱਚ ਇੱਕ ਗਲਤ ਸੰਦੇਸ਼ ਜਾਂਦਾ ਹੈ ਕਿ ਔਰਤ ਦੀ ਅਸਲ ਕੀਮਤ ਉਸ ਦੇ ਰੂਪ ਵਿੱਚ ਹੈ। ਇਹ ਸੋਚ ਨਾ ਸਿਰਫ਼ ਔਰਤਾਂ ਦੀ ਮਰਿਆਦਾ ਨੂੰ ਠੇਸ ਪਹੁੰਚਾਉਂਦੀ ਹੈ, ਸਗੋਂ ਪੁਰਸ਼ਾਂ ਦੇ ਨਜ਼ਰੀਏ ਨੂੰ ਵੀ ਪ੍ਰਭਾਵਿਤ ਕਰਦੀ ਹੈ।

**ਮਨੋਰੰਜਨ ਉਦਯੋਗ ਅਤੇ ਔਰਤ ਦੀ ਛਵੀ**

ਫ਼ਿਲਮਾਂ, ਟੀਵੀ ਸੀਰੀਅਲਾਂ, ਵੈੱਬ ਸੀਰੀਜ਼ ਅਤੇ ਸੰਗੀਤ ਵੀਡੀਓਜ਼ ਵਿੱਚ ਵੀ ਕਈ ਵਾਰ ਔਰਤ ਨੂੰ ਇੱਕ ਅਜਿਹੇ ਪਾਤਰ ਵਜੋਂ ਪੇਸ਼ ਕੀਤਾ ਜਾਂਦਾ ਹੈ ਜਿਸ ਦੀ ਭੂਮਿਕਾ ਸਿਰਫ਼ ਆਕਰਸ਼ਣ ਪੈਦਾ ਕਰਨਾ ਹੁੰਦੀ ਹੈ। ਹਾਲਾਂਕਿ ਅੱਜ ਬਹੁਤ ਸਾਰੀਆਂ ਫ਼ਿਲਮਾਂ ਔਰਤਾਂ ਦੀ ਤਾਕਤ ਅਤੇ ਯੋਗਤਾ ਨੂੰ ਵੀ ਦਰਸਾਉਂਦੀਆਂ ਹਨ, ਪਰ ਵਪਾਰਕ ਸਫ਼ਲਤਾ ਦੀ ਦੌੜ ਵਿੱਚ ਅਜੇ ਵੀ ਕਈ ਥਾਵਾਂ ਤੇ ਔਰਤ ਦੇ ਸਰੀਰ ਨੂੰ ਵਸਤੂ ਵਾਂਗ ਵਰਤਿਆ ਜਾਂਦਾ ਹੈ।



**ਵਿਜੈ ਗਰਗ ਸਾਬਕਾ**
**ਪੀ.ਈ..ਐਸ. - 1**
**ਸੇਵਾਮੁਕਤ ਪ੍ਰਿੰਸਪਲ**

ਇਹ ਪ੍ਰਵਿਰਤੀ ਨੌਜਵਾਨਾਂ ਦੇ ਮਨਾਂ ਵਿੱਚ ਔਰਤ ਬਾਰੇ ਗਲਤ ਧਾਰਨਾਵਾਂ ਪੈਦਾ ਕਰਦੀ ਹੈ। ਜਦੋਂ ਵਾਰ-ਵਾਰ ਇੱਕੋ ਜਿਹੀ ਛਵੀ ਦਿਖਾਈ ਜਾਂਦੀ ਹੈ, ਤਾਂ ਸਮਾਜ ਇਸ ਨੂੰ ਆਮ ਗੱਲ ਸਮਝਣ ਲੱਗਦਾ ਹੈ।

**ਸੋਸ਼ਲ ਮੀਡੀਆ ਅਤੇ ਡਿਜ਼ੀਟਲ ਯੁੱਗ ਦੀ ਚੁਣੌਤੀ**

ਸੋਸ਼ਲ ਮੀਡੀਆ ਨੇ ਇੱਕ ਪਾਸੇ ਔਰਤਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨ ਦਾ ਮੰਚ ਦਿੱਤਾ ਹੈ, ਪਰ ਦੂਜੇ ਪਾਸੇ ਨਵੀਆਂ ਸਮੱਸਿਆਵਾਂ ਵੀ ਪੈਦਾ ਕੀਤੀਆਂ ਹਨ। ਅੱਜ 'ਲਾਈਕ', 'ਸ਼ੇਅਰ' ਅਤੇ 'ਫਾਲੋਅਰ' ਦੀ ਦੌੜ ਨੇ ਇੱਕ ਨਵੀਂ ਪ੍ਰਤੀਯੋਗਤਾ ਖੜ੍ਹੀ ਕਰ ਦਿੱਤੀ ਹੈ।

ਸੁੰਦਰਤਾ ਦੇ ਅਵਾਸਤਵਿਕ ਮਾਪਦੰਡਾਂ ਨੇ ਕਈ ਕੁੜੀਆਂ ਵਿੱਚ ਹੀਣ ਭਾਵਨਾ ਪੈਦਾ ਕੀਤੀ ਹੈ। ਫਿਲਟਰਾਂ ਅਤੇ ਸੰਪਾਦਿਤ ਤਸਵੀਰਾਂ ਦੇ ਯੁੱਗ ਵਿੱਚ ਬਹੁਤ ਸਾਰੀਆਂ ਨੌਜਵਾਨ ਕੁੜੀਆਂ ਆਪਣੀ ਕੁਦਰਤੀ ਦਿੱਖ ਨਾਲ ਅਸੰਤੁਸ਼ਟ ਰਹਿਣ ਲੱਗੀਆਂ ਹਨ। ਇਸ ਨਾਲ ਮਾਨਸਿਕ ਤਣਾਅ, ਚਿੰਤਾ ਅਤੇ ਆਤਮ-ਵਿਸ਼ਵਾਸ ਦੀ ਕਮੀ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ।

ਇਸ ਤੋਂ ਇਲਾਵਾ, ਔਨਲਾਈਨ ਟਰੋਲਿੰਗ, ਸਾਇਬਰ ਬੁਲਿੰਗ ਅਤੇ ਡਿਜ਼ੀਟਲ ਸ਼ੋਸ਼ਣ ਵੀ ਔਰਤਾਂ ਲਈ ਗੰਭੀਰ ਚੁਣੌਤੀਆਂ ਬਣ ਚੁੱਕੀਆਂ ਹਨ।

**ਸੁੰਦਰਤਾ ਦਾ ਵਪਾਰ**

ਅਰਬਾਂ ਰੁਪਏ ਦਾ ਸੁੰਦਰਤਾ ਉਦਯੋਗ ਔਰਤਾਂ ਦੀਆਂ ਅਸੁਰੱਖਿਆਵਾਂ 'ਤੇ ਖੜ੍ਹਾ ਹੈ। ਗੋਰਾ ਰੰਗ, ਪਤਲਾ ਸਰੀਰ, ਖਾਸ ਤਰ੍ਹਾਂ ਦੀ ਦਿੱਖ ਅਤੇ ਜਵਾਨੀ ਨੂੰ ਸਫ਼ਲਤਾ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ।

ਇਸ ਨਾਲ ਇਹ ਸੰਦੇਸ਼ ਮਿਲਦਾ ਹੈ ਕਿ ਇੱਕ ਔਰਤ ਦੀ ਸਫ਼ਲਤਾ ਅਤੇ ਸਵੀਕਾਰਤਾ ਉਸ ਦੇ ਰੂਪ 'ਤੇ ਨਿਰਭਰ ਕਰਦੀ ਹੈ। ਇਹ ਸੋਚ ਸਮਾਜ ਵਿੱਚ ਅਸਮਾਨਤਾ ਅਤੇ ਮਨੋਵਿਗਿਆਨਕ ਦਬਾਅ ਨੂੰ ਵਧਾਉਂਦੀ ਹੈ। ਹਕੀਕਤ ਇਹ ਹੈ ਕਿ ਮਨੁੱਖ ਦੀ ਕੀਮਤ ਉਸ ਦੇ ਚਰਿੱਤਰ, ਗਿਆਨ, ਕਾਬਲੀਅਤ ਅਤੇ ਮਨੁੱਖਤਾ ਵਿੱਚ ਹੁੰਦੀ ਹੈ, ਨਾ ਕਿ ਸਿਰਫ਼ ਬਾਹਰੀ ਦਿੱਖ ਵਿੱਚ।

**ਆਰਥਿਕ ਸਸ਼ਕਤੀਕਰਨ ਅਤੇ ਇਸ ਦੀਆਂ ਸੀਮਾਵਾਂ**

ਬਾਜ਼ਾਰਵਾਦ ਦੇ ਕੁਝ ਸਕਾਰਾਤਮਕ ਪੱਖ ਵੀ ਹਨ। ਅੱਜ ਔਰਤਾਂ ਨੂੰ ਰੁਜ਼ਗਾਰ, ਉਦਯੋਗਪਤੀਤਾ ਅਤੇ ਆਰਥਿਕ ਸੁਤੰਤਰਤਾ ਦੇ ਵੱਧ ਮੌਕੇ ਮਿਲ ਰਹੇ ਹਨ। ਉਹ ਵਪਾਰ, ਸਿੱਖਿਆ, ਵਿਗਿਆਨ, ਰਾਜਨੀਤੀ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਮਹੱਤਵਪੂਰਨ ਸਥਾਨ ਹਾਸਲ ਕਰ ਰਹੀਆਂ ਹਨ।

ਪਰ ਜਦੋਂ ਆਰਥਿਕ ਮੌਕਿਆਂ ਦੇ ਨਾਲ-ਨਾਲ ਔਰਤ ਨੂੰ ਸਿਰਫ਼ ਇੱਕ ਬ੍ਰਾਂਡ ਜਾਂ ਵਿਕਰੀ ਦੇ ਸਾਧਨ ਵਜੋਂ ਪੇਸ਼ ਕੀਤਾ ਜਾਂਦਾ ਹੈ, ਤਾਂ ਇਹ ਸਸ਼ਕਤੀਕਰਨ ਦੀ ਭਾਵਨਾ ਨੂੰ ਕਮਜ਼ੋਰ ਕਰ ਦਿੰਦਾ ਹੈ। ਅਸਲ ਸਸ਼ਕਤੀਕਰਨ ਉਹ ਹੈ ਜਿਸ ਵਿੱਚ ਔਰਤ ਨੂੰ ਉਸ ਦੀ ਯੋਗਤਾ, ਨੇਤ੍ਰਿਤਵ ਅਤੇ ਪ੍ਰਤਿਭਾ ਦੇ ਆਧਾਰ 'ਤੇ ਮਾਨਤਾ ਮਿਲੇ।

**ਸਮਾਜ 'ਤੇ ਪ੍ਰਭਾਵ**

ਔਰਤ ਦੇ ਵਪਾਰੀਕਰਨ ਦਾ ਪ੍ਰਭਾਵ ਸਿਰਫ਼ ਔਰਤਾਂ ਤੱਕ ਸੀਮਿਤ ਨਹੀਂ ਰਹਿੰਦਾ। ਇਹ ਪੂਰੇ ਸਮਾਜ ਦੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਔਰਤ ਨੂੰ ਇੱਕ ਵਸਤੂ ਵਜੋਂ ਪੇਸ਼ ਕੀਤਾ ਜਾਂਦਾ ਹੈ, ਤਾਂ ਲਿੰਗ ਸਮਾਨਤਾ ਦੇ ਯਤਨਾਂ ਨੂੰ ਨੁਕਸਾਨ ਪਹੁੰਚਦਾ ਹੈ।

ਇਸ ਨਾਲ ਲਿੰਗ ਭੇਦਭਾਵ, ਛੇੜਛਾੜ ਅਤੇ ਔਰਤਾਂ ਵਿਰੁੱਧ ਹਿੰਸਾ ਵਰਗੀਆਂ ਸਮੱਸਿਆਵਾਂ ਨੂੰ ਅਪਰੋਕਸ਼ ਤੌਰ 'ਤੇ ਬਲ ਮਿਲ ਸਕਦਾ ਹੈ। ਸਮਾਜ ਵਿੱਚ ਸਨਮਾਨ ਅਤੇ ਬਰਾਬਰੀ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਔਰਤ ਦੀ ਇੱਜ਼ਤ ਨੂੰ ਹਰ ਹਾਲਤ ਵਿੱਚ ਪਹਿਲ ਦੇਣੀ ਲਾਜ਼ਮੀ ਹੈ।

**ਸਿੱਖਿਆ ਅਤੇ ਜਾਗਰੂਕਤਾ ਦੀ ਭੂਮਿਕਾ**

ਇਸ ਸਮੱਸਿਆ ਦਾ ਸਭ ਤੋਂ ਪ੍ਰਭਾਵਸ਼ਾਲੀ ਹੱਲ ਸਿੱਖਿਆ ਹੈ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਲਿੰਗ ਸਮਾਨਤਾ, ਮਨੁੱਖੀ ਅਧਿਕਾਰਾਂ ਅਤੇ ਆਪਸੀ ਸਨਮਾਨ ਦੇ ਮੁੱਲ ਸਿਖਾਏ ਜਾਣੇ ਚਾਹੀਦੇ ਹਨ।

ਮੀਡੀਆ ਸਾਖਰਤਾ ਵੀ ਬਹੁਤ ਜ਼ਰੂਰੀ ਹੈ, ਤਾਂ ਜੋ ਲੋਕ ਇਸ਼ਤਿਹਾਰਾਂ ਅਤੇ ਡਿਜ਼ੀਟਲ ਸਮੱਗਰੀ ਵਿੱਚ ਲੁਕੇ ਸੰਦੇਸ਼ਾਂ ਨੂੰ ਸਮਝ ਸਕਣ। ਜਾਗਰੂਕ ਨਾਗਰਿਕ ਹੀ ਬਾਜ਼ਾਰਵਾਦ ਦੇ ਨਕਾਰਾਤਮਕ ਪ੍ਰਭਾਵਾਂ ਦਾ ਮੁਕਾਬਲਾ ਕਰ ਸਕਦੇ ਹਨ।

**ਮੀਡੀਆ ਦੀ ਸਮਾਜਿਕ ਜ਼ਿੰਮੇਵਾਰੀ**

ਮੀਡੀਆ ਸਿਰਫ਼ ਜਾਣਕਾਰੀ ਦਾ ਸਾਧਨ ਨਹੀਂ, ਸਗੋਂ ਸਮਾਜ ਦੀ ਸੋਚ ਬਣਾਉਣ ਵਾਲੀ ਇੱਕ ਵੱਡੀ ਤਾਕਤ ਹੈ। ਇਸ ਲਈ ਮੀਡੀਆ ਸੰਸਥਾਵਾਂ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ।

ਉਨ੍ਹਾਂ ਨੂੰ ਅਜਿਹੀ ਸਮੱਗਰੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਜੋ ਔਰਤਾਂ ਦੀਆਂ ਪ੍ਰਾਪਤੀਆਂ, ਯੋਗਤਾਵਾਂ ਅਤੇ ਨੇਤ੍ਰਿਤਵ ਨੂੰ ਉਜਾਗਰ ਕਰੇ। ਇੱਕ ਸਨਮਾਨਯੋਗ ਅਤੇ ਹਕੀਕਤੀ ਪੇਸ਼ਕਾਰੀ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆ ਸਕਦੀ ਹੈ।

**ਕਾਨੂੰਨ ਅਤੇ ਨੀਤੀਆਂ ਦੀ ਲੋੜ**

ਸਰਕਾਰਾਂ ਨੂੰ ਵੀ ਅਜਿਹੇ ਕਾਨੂੰਨ ਅਤੇ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਜੋ ਇਸ਼ਤਿਹਾਰਾਂ ਅਤੇ ਮੀਡੀਆ ਵਿੱਚ ਔਰਤਾਂ ਦੀ ਅਪਮਾਨਜਨਕ ਪੇਸ਼ਕਾਰੀ ਨੂੰ ਰੋਕਣ। ਨਾਲ ਹੀ, ਡਿਜ਼ੀਟਲ ਪਲੇਟਫਾਰਮਾਂ 'ਤੇ ਸਾਇਬਰ ਸ਼ੋਸ਼ਣ ਅਤੇ ਔਨਲਾਈਨ ਹਿੰਸਾ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਕਾਨੂੰਨ ਸਮੱਸਿਆ ਦਾ ਪੂਰਾ ਹੱਲ ਨਹੀਂ ਹਨ, ਪਰ ਉਹ ਇੱਕ ਸੁਰੱਖਿਅਤ ਅਤੇ ਸਨਮਾਨਜਨਕ ਮਾਹੌਲ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ

ਬਾਜ਼ਾਰਵਾਦ ਨੇ ਮਨੁੱਖੀ ਜੀਵਨ ਵਿੱਚ ਬਹੁਤ ਸਾਰੇ ਬਦਲਾਅ ਲਿਆਂਦੇ ਹਨ, ਪਰ ਜਦੋਂ ਲਾਭ ਦੀ ਭੁੱਖ ਮਨੁੱਖੀ ਮਰਿਆਦਾ ਤੋਂ ਉੱਪਰ ਹੋ ਜਾਂਦੀ ਹੈ, ਤਾਂ ਸਮਾਜਿਕ ਮੁੱਲਾਂ ਨੂੰ ਨੁਕਸਾਨ ਪਹੁੰਚਦਾ ਹੈ। ਔਰਤ ਕੋਈ ਵਸਤੂ ਨਹੀਂ, ਸਗੋਂ ਇੱਕ ਸੰਪੂਰਨ ਮਨੁੱਖ ਹੈ ਜਿਸ ਦੀ ਆਪਣੀ ਪਹਿਚਾਣ, ਸੋਚ, ਯੋਗਤਾ ਅਤੇ ਸਨਮਾਨ ਹੈ।

ਕਿਸੇ ਵੀ ਵਿਕਸਿਤ ਅਤੇ ਸਭਿਆਚਾਰਕ ਸਮਾਜ ਦੀ ਪਹਿਚਾਣ ਉਸ ਦੀ ਆਰਥਿਕ ਤਾਕਤ ਨਾਲ ਨਹੀਂ, ਸਗੋਂ ਇਸ ਗੱਲ ਨਾਲ ਹੁੰਦੀ ਹੈ ਕਿ ਉਹ ਆਪਣੀਆਂ ਔਰਤਾਂ ਨੂੰ ਕਿੰਨਾ ਸਨਮਾਨ ਦਿੰਦਾ ਹੈ। ਇਸ ਲਈ ਲੋੜ ਹੈ ਕਿ ਅਸੀਂ ਬਾਜ਼ਾਰ ਦੀ ਚਮਕ-ਧਮਕ ਤੋਂ ਉੱਪਰ ਉੱਠ ਕੇ ਮਨੁੱਖੀ ਮੁੱਲਾਂ ਨੂੰ ਤਰਜੀਹ ਦਈਏ ਅਤੇ ਅਜਿਹਾ ਸਮਾਜ ਸਿਰਜੀਏ ਜਿੱਥੇ ਔਰਤ ਦਾ ਸਨਮਾਨ ਕਿਸੇ ਵੀ ਕੀਮਤ 'ਤੇ ਬਾਜ਼ਾਰਵਾਦ ਦੀ ਭੇਟ ਨਾ ਚੜ੍ਹੇ।

# ਜਾਅਲੀ ਵਕੀਲਾਂ 'ਤੇ ਸਖ਼ਤੀ

ਕਾਨੂੰਨੀ ਪੇਸ਼ੇ ਲਈ ਇੱਕ 'ਨੈਸ਼ਨਲ ਡਿਜੀਟਲ ਰਜਿਸਟਰੀ' ਕਾਇਮ ਕਰਨ ਦੀ ਤਜਵੀਜ਼ ਜਾਅਲੀ ਡਿਗਰੀਆਂ ਵਾਲੇ ਵਕੀਲਾਂ ਨੂੰ ਬਾਹਰ ਦਾ ਰਾਹ ਦਿਖਾਉਣ ਵੱਲ ਇੱਕ ਵੱਡਾ ਤੇ ਸਾਰਥਿਕ ਕਦਮ ਹੈ। ਸੁਪਰੀਮ ਕੋਰਟ ਨੇ ਵੀ ਇਸ ਨੂੰ ਇੱਕ 'ਨਿਵੇਕਲਾ ਵਿਚਾਰ' ਦੱਸਦਿਆਂ ਹਰੀ ਝੰਡੀ ਦਿੱਤੀ ਹੈ। ਇਹ ਸੁਝਾਅ ਉਨ੍ਹਾਂ ਚਿੰਤਾਜਨਕ ਦਾਅਵਿਆਂ ਤੋਂ ਬਾਅਦ ਸਾਹਮਣੇ ਆਇਆ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਭਾਰਤ ਵਿੱਚ ਲਗਪਗ 35 ਤੋਂ 40 ਫ਼ੀਸਦੀ ਵਕੀਲਾਂ ਕੋਲ ਫ਼ਰਜ਼ੀ ਜਾਂ ਕਾਨੂੰਨ ਦੀਆਂ ਗੈਰ-ਪ੍ਰਮਾਣਿਤ ਡਿਗਰੀਆਂ ਹੋ ਸਕਦੀਆਂ ਹਨ। ਇਹ ਸਥਿਤੀ ਕਾਨੂੰਨੀ ਪੇਸ਼ੇ ਅੰਦਰ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਸਖ਼ਤ ਲੋੜ ਵੱਲ ਇਸ਼ਾਰਾ ਕਰਦੀ ਹੈ। ਤਜਵੀਜ਼ਸ਼ੁਦਾ ਰਜਿਸਟਰੀ ਦਾ ਮੁੱਖ ਮਕਸਦ ਇੱਕ ਅਜਿਹਾ ਸਾਂਝਾ ਡਿਜੀਟਲ ਡੇਟਾਬੇਸ ਤਿਆਰ ਕਰਨਾ ਹੈ, ਜਿਸ ਵਿੱਚ ਹਰ ਵਕੀਲ ਦੀਆਂ ਪ੍ਰਮਾਣਿਤ ਯੋਗਤਾਵਾਂ, ਨਾਮਜ਼ਦਗੀ ਦੀ ਸਥਿਤੀ, ਅਨੁਸ਼ਾਸਨੀ ਰਿਕਾਰਡਾਂ ਅਤੇ ਇੱਕ ਵਿਲੱਖਣ ਪਛਾਣ ਨੰਬਰ ਸ਼ਾਮਲ ਹੋਵੇ। ਭਾਰਤ ਵਰਗੇ ਵੱਡੇ ਦੇਸ਼ ਵਿੱਚ ਲਗਪਗ 18 ਲੱਖ ਵਕੀਲ ਰਜਿਸਟਰਡ ਹਨ ਅਤੇ ਉਨ੍ਹਾਂ ਦਾ ਰਿਕਾਰਡ 23 ਸੂਬਾਈ ਬਾਰ ਕੌਂਸਲਾਂ ਵਿੱਚ ਖਿੰਡਿਆ ਹੋਇਆ ਹੈ। ਅਜਿਹੇ ਵਿੱਚ ਇੱਕ ਕੇਂਦਰੀ ਪੜਤਾਲ ਪ੍ਰਣਾਲੀ ਨਾ ਹੋਣ ਕਾਰਨ ਜਾਅਲੀ ਵਕੀਲ ਬਿਨਾਂ ਕਿਸੇ ਡਰ ਤੋਂ ਆਪਣਾ ਧੰਦਾ ਚਲਾ ਰਹੇ ਹਨ।

ਜੇਕਰ ਵਕੀਲਾਂ ਦੇ ਰਿਕਾਰਡ ਨੂੰ ਯੂਨੀਵਰਸਿਟੀਆਂ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਬਾਰ ਕੌਂਸਲਾਂ ਨਾਲ ਇੱਕ ਕਿਊ ਆਰ ਕੋਡ ਆਧਾਰਿਤ ਪਲੇਟਫਾਰਮ ਰਾਹੀਂ ਜੋੜ ਦਿੱਤਾ ਜਾਵੇ ਤਾਂ ਇਨਸਾਫ਼ ਦੀ ਆਸ ਵਿੱਚ ਆਉਣ ਵਾਲੇ ਆਮ ਲੋਕ ਤੁਰੰਤ ਇਹ ਪਤਾ ਲਗਾ ਸਕਣਗੇ ਕਿ ਉਨ੍ਹਾਂ ਦਾ ਵਕੀਲ ਅਸਲ ਵਿੱਚ ਯੋਗ ਹੈ ਜਾਂ ਨਹੀਂ। ਅਜਿਹਾ ਪ੍ਰਬੰਧ ਨਾਗਰਿਕਾਂ ਨੂੰ ਕਾਨੂੰਨੀ ਧੋਖਾਧੜੀ ਤੋਂ ਬਚਾ ਸਕਦਾ ਹੈ। ਪਰ ਸਿਰਫ਼ ਤਕਨਾਲੋਜੀ ਦੇ ਭਰੋਸੇ ਹੀ ਇਸ ਸਮੱਸਿਆ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਇਸ ਰਜਿਸਟਰੀ ਦੀ ਸਫਲਤਾ ਪੂਰੀ ਤਰ੍ਹਾਂ ਯੂਨੀਵਰਸਿਟੀਆਂ, ਬਾਰ ਕੌਂਸਲ ਆਫ਼ ਇੰਡੀਆ ਅਤੇ ਸਰਕਾਰ ਦਰਮਿਆਨ ਆਪਸੀ ਤਾਲਮੇਲ 'ਤੇ ਨਿਰਭਰ ਕਰੇਗੀ। ਇਸ ਮੁਹਿੰਮ ਦੇ ਨਾਲ-ਨਾਲ ਰਿਕਾਰਡਾਂ ਦੀ ਲਗਾਤਾਰ ਪੜਤਾਲ (ਆਡਿਟ), ਸਖ਼ਤ ਜਾਂਚ ਪ੍ਰਕਿਰਿਆ ਅਤੇ ਦੋਸ਼ੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਵੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਕਾਨੂੰਨੀ ਪੇਸ਼ਾ ਸਾਡੇ ਸੰਵਿਧਾਨਕ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਹੈ। ਫ਼ਰਜ਼ੀ ਵਕੀਲਾਂ ਦੀ ਵਧ ਰਹੀ ਗਿਣਤੀ ਨਿਆਂ ਪ੍ਰਣਾਲੀ ਵਿੱਚ ਆਮ ਲੋਕਾਂ ਦੇ ਭਰੋਸੇ ਨੂੰ ਢਾਹ ਲਾਉਂਦੀ ਹੈ। ਜੇਕਰ ਸਾਰੇ ਸਬੰਧਿਤ ਪੱਖ ਇਸ ਡਿਜੀਟਲ ਰਜਿਸਟਰੀ ਨੂੰ ਪੂਰੇ ਮਨ ਨਾਲ ਅਪਣਾਉਣ ਤਾਂ ਇਹ ਨਾ ਸਿਰਫ਼ ਸਹੀ ਰਿਕਾਰਡ ਰੱਖਣ ਦਾ ਜ਼ਰੀਆ ਬਣੇਗੀ ਸਗੋਂ ਭਾਰਤ ਦੀਆਂ ਕਾਨੂੰਨੀ ਸੰਸਥਾਵਾਂ ਦੀ ਸਾਖ, ਇਮਾਨਦਾਰੀ, ਪੇਸ਼ੇਵਰ ਮਰਯਾਦਾ ਅਤੇ ਲੋਕਾਂ ਦੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਨ ਦਾ ਸੁਨਹਿਰੀ ਮੌਕਾ ਸਾਬਤ ਹੋਵੇਗੀ।



# Dosanjh Family AUTO GROUP

Cadillac | CHEVROLET | INFINITI | KIA | NISSAN | BUICK

GMC | LIVERMORE TOYOTA | HYUNDAI Fremont Hyundai | TOYOTA | Ford | ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD